# ਪਰਬਤੁ ਮੇਰਾਣੁ

## ਜੀਵਨੀ ਗੁਰੂ ਅਮਰਦਾਸ ਜੀ

ਲੇਖਕ
ਸਤਬੀਰ ਸਿੰਘ

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ-144 008

PARBAT MAIRAN (Biography of Guru Amar Dass Ji)
*by* SATBIR SINGH

Published by :
Mehtab Singh, Proprietor, New Book Co., Mai Hiran Gate, Jalandhar.
Ph : 0181-2280045, 2284325, 3293190

© ਲੇਖਕ

ISBN : 81-87476-33-8

ਪਹਿਲੀ ਵਾਰ : 1978, ਦੂਜੀ ਵਾਰ : 1979, ਤੀਜੀ ਵਾਰ : 1983, ਚੌਥੀ ਵਾਰ : 1990,
ਪੰਜਵੀਂ ਵਾਰ : 1997, ਛੇਵੀਂ ਵਾਰ : 2003, ਸਤਵੀਂ ਵਾਰ : 2007

ਮੁੱਲ : **85** ਰੁਪਏ

ਸਰਵਰਕ : ਸੁਖਵੰਤ

ਪ੍ਰਕਾਸ਼ਕ : ਮਹਿਤਾਬ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
Ph : 2280045, 3293190, 2284325
Fax : 0181-2234081
E-mail : contact@newbookcompany.com
Website : www.newbookcompany.com

ਛਾਪਕ : ਸਰਤਾਜ ਪ੍ਰਿੰਟਰਜ਼, ਜੋਸ਼ੀ ਅਸਟੇਟ, ਸੋਢਲ ਰੋਡ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।

## ਸਮਰਪਣ

*ਭਾਈ ਪਾਰੋ ਪਰਮ ਹੰਸ*

ਨੂੰ

ਜਿਨ੍ਹਾਂ ਸ਼ਰਧਾ ਦੀ ਹੱਦ

'ਮੋਕੋ ਗੁਰਸਿੱਖੀ ਮਨ ਭਾਵੈ'

ਕਹਿ ਕੇ

ਦਰਸਾਈ

# ਸਮਰਥ ਗੁਰੂ ਸਿਰਿ ਹਥੁ ਧਰਿਅਉ

ਗੁਰਿ ਕੀਨੀ ਕਿਰਪਾ ਅਤੇ 'ਪਰਬਤੁ ਮੇਰਾਣੁ' ਵੀ ਛਪ ਕੇ ਪਾਠਕਾਂ ਹੱਥ ਪੁੱਜੀ। ਮੇਹਰ ਦਾ ਹੱਥ ਇਸੇ ਤਰ੍ਹਾਂ ਰਿਹਾ ਤਾਂ 'ਅਸ਼ਟਮ ਬਲਬੀਰਾ' (ਗੁਰੂ ਹਰਿਕ੍ਰਿਸ਼ਨ ਜੀ) ਅਤੇ ਕੁਦਰਤੀ ਨੂਰ (ਜੀਵਨੀ ਗੁਰੂ ਅੰਗਦ ਦੇਵ ਜੀ) ਅਗਲੇ ਸਾਲ ਦੇ ਮੱਧ ਵਿਚ ਛੱਪ ਕੇ ਪਾਠਕਾਂ ਹੱਥ ਦੇ ਕੇ ਅਸੀਸਾਂ ਲਵਾਂਗਾ। ੧੯੮੦ ਤੱਕ ਨਿਰਭਉ-ਨਿਰਵੈਰ (ਗੁਰੂ ਹਰਿ ਰਾਇ ਜੀ) ਅਤੇ 'ਪੂਰੀ ਹੋਈ ਕਰਾਮਾਤਿ' (ਗੁਰੂ ਅਮਰਦਾਸ ਜੀ) ਵੀ ਛੱਪ ਕੇ ਤਿਆਰ ਹੋ ਜਾਣਗੀਆਂ। ਇਸ ਤਰ੍ਹਾਂ ਜੋ ਸੰਕਲਪ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪਾਉਂਟਾ ਸਾਹਿਬ ਕੈਂਪ ਵਿਖੇ ੧੯੫੦ ਨੂੰ ਲਿਆ ਸੀ, ਗੁਰੂ ਮੇਹਰ ਸਦਕਾ ਸਾਕਾਰ ਹੋ ਜਾਵੇਗਾ। ਸਰਦਾਰ ਸਰੂਪ ਸਿੰਘ ਜੀ ਨੇ ਕਲਮ ਹੱਥ ਪਕੜਾ ਕੇ ਜੋ ਜ਼ਿਮੇਂਵਾਰੀ ਸੌਂਪੀ ਸੀ, ਉਸ ਨੂੰ ਨਿਭਾ ਕੇ ਜਿਥੇ ਥੋੜ੍ਹਾ ਜਿਹਾ ਸੁਰਖਰੂ ਹੋ ਰਿਹਾ ਹਾਂ ਉਥੇ ਮੈਂ ਉਨ੍ਹਾਂ ਦਾ ਸਦਾ ਰਿਣੀ ਹਾਂ ਜਿਨ੍ਹਾਂ ਇਸ ਪੰਧ 'ਤੇ ਪਾਇਆ ਜਿਸ 'ਤੇ ਜੁਲੰਦੜਿਆਂ ਠੰਡਕ ਹੀ ਠੰਡਕ ਹੈ।

ਇਹ ਲਿਖਣ ਤੇ ਕਹਿਣ ਵਿਚ ਮੈਨੂੰ ਰਤਾ ਵੀ ਸੰਕੋਚ ਨਹੀਂ ਕਿ ਸਰਦਾਰ ਇੰਦਰਜੀਤ ਸਿੰਘ, ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ ਦਾ ਮੈਨੂੰ ਸਨੇਹ ਪਹਿਲੀ ਵਾਰੀ ਗਵਾਲੀਅਰ ਵਿਖੇ ਮਿਲਿਆ ਸੀ ਅਤੇ ਸਮੇਂ ਨਾਲ ਉਹ ਨਿਤ-ਨਿਤ ਸਵਾਇਆ ਹੀ ਹੁੰਦਾ ਰਿਹਾ। ਉਨ੍ਹਾਂ ਮੈਨੂੰ ਕਦੇ ਪਿੱਛੇ ਨਹੀਂ ਦੇਖਣ ਦਿੱਤਾ। ਦਸ ਜਿਲਦਾਂ ਵਿਚ ਦਸ ਪਾਤਸ਼ਾਹੀਆਂ ਦਾ ਇਤਿਹਾਸ ਤਕਰੀਬਨ ਢਾਈ ਹਜ਼ਾਰ ਸਫ਼ਿਆਂ ਵਿਚ ਮੁਕੰਮਲ ਹੋਣ 'ਤੇ ਉਨ੍ਹਾਂ ਪ੍ਰੇਰਨਾ ਦਿੱਤੀ ਹੈ ਕਿ ਹੁਣ ਪੰਜ ਜਿਲਦਾਂ, ਢਾਈ ਹਜ਼ਾਰ ਸਫ਼ੇ ਵਿਚ ਹੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ, ਇਤਿਹਾਸਕ, ਪਰਮਾਰਥਕ, ਸੰਗੀਤਕ, ਸੰਕੇਤਾਮਕ ਗੌਰਵ ਲਿਖ ਉਘਾੜ ਪੰਥ ਤੱਕ ਪਹੁੰਚਾਇਆ ਜਾਏ। ਇਹ ਕਾਰਜ ਵੀ ਆਰੰਭ ਦਿੱਤਾ ਹੈ ਅਤੇ ਪਹਿਲੀ ਜਿਲਦ 'ਸੰਗੀਤਕ ਅਤੇ ਸੰਕੇਤਾਮਿਕ' ਪੱਖ ਛੇਤੀ ਹੀ ਛਾਪ ਪਾਠਕਾਂ ਦੇ ਹੱਥ ਦੇ ਰਿਹਾ ਹਾਂ।

'ਪਰਬਤੁ ਮੇਰਾਣੁ', ਜੀਵਨੀ ਦੇ ਦ੍ਰਿਸ਼ਟੀਕੋਣ ਤੋਂ ਨਵਾਂ ਨਵੇਕਲਾ ਤਜਰਬਾ ਹੀ ਹੈ। ਸਭ ਪੁਰਾਤਨ ਲੱਭਤਾਂ, ਲਿਖਤਾਂ ਨੂੰ ਪੁਣ-ਛਾਣ ਕੇ ਉਹ ਵੀ ਪਾਠਕਾਂ ਸਾਹਮਣੇ ਲਿਆਂਦੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਗੁਰੂ ਅਮਰਦਾਸ ਜੀ ਦੀ ਮਹਾਨ ਸ਼ਖ਼ਸੀਅਤ ਅਤੇ ਦੇਣ ਅੱਗੇ ਸਿਰ ਝੁੱਕੇ। ਕੋਈ ਖਾਇਕ ਉਨ੍ਹਾਂ ਦੀ ਬਖ਼ਸ਼ਿਸ਼ਾਂ ਦਾ ਵਰਨਣ ਨਹੀਂ ਕਰ ਸਕਦਾ। ਇਹ ਤਾਂ ਸਾਗਰ ਕੰਢੇ ਖਲੋ ਨਜ਼ਾਰਾ ਦੇਖਣ ਤੁਲ ਹੈ। ਇਸ ਪੁਸਤਕ ਵਿਚ ਨਿਰੋਲ ਨਜ਼ਾਰੇ ਦਾ ਹੀ ਝਲਕਾਰਾ ਹੈ। ਗੁਰੂ ਅਮਰਦਾਸ ਜੀ ਦੇ ਪੰਜ ਸੌ ਵਰ੍ਹੇ ਗੰਢ 'ਤੇ ਇਹ ਇਕ ਨਿਮਾਣਾ ਜਿਹਾ ਢੋਆ ਹੈ। ਯਾਦ ਰਵ੍ਹੇ ਕਿ ੧੯੭੯ ਵਾਲਾ ਸਾਲ ਗੁਰੂ ਅਮਰਦਾਸ ਜੀ ਦਾ ਪੰਜ ਸੌਵਾਂ ਪ੍ਰਕਾਸ਼ ਵਰ੍ਹਾ ਹੈ।

'ਪਰਬਤੁ ਮੇਰਾਣੁ' ਲਿਖਦੇ ਇਹ ਸੰਭਾਲ ਰੱਖੀ ਹੈ ਕਿ ਇਤਿਹਾਸਕ ਪੱਖ ਓਹਲੇ ਨਾਂਹ ਹੋਵੇ। 'ਟਹਲ ਤੋਂ ਮਹਲ' ਵਾਲੇ ਅਧਿਆਇ ਵਿਚ ਬਾਰਾਂ ਸਾਲਾਂ ਦੀ ਕਠਿਨ ਘਾਲ ਉਲੀਕੀ ਹੈ। ਬਾਈ ਮੰਜੀਆਂ ਦੇ

ਜ਼ਿਮੇਂਵਾਰਾਂ ਦਾ ਥਹੁ ਪਤਾ ਤੇ ਕਰਤੱਵ ਦੇਣ ਦਾ ਯਤਨ ਕੀਤਾ ਹੈ। ਉਨ੍ਹਾਂ ੭੨ ਸਿੱਖਾਂ, ਜਿਨ੍ਹਾਂ ਗੁਰੂ ਪਾਤਸ਼ਾਹ ਦੀ ਛਹੁ ਪ੍ਰਾਪਤ ਕਰ ਕਾਰਨਾਮੇ ਕੀਤੇ, ਦੀ ਕਰਣੀ ਵਿਸ਼ੇਸ਼ ਕਰ ਦਿੱਤੀ ਹੈ। ਮੇਰਾ ਵਿਸ਼ਵਾਸ ਅਡੋਲ ਹੈ ਕਿ ਇਸ ਪੁਸਤਕ ਦਾ ਆਦਰ ਵੀ ਪਾਠਕ ਪਹਿਲੇ ਵਾਂਗ ਹੀ ਕਰ ਕੇ ਧੰਨਵਾਦੀ ਬਣਾਉਣਗੇ।

ਇਸ ਜੀਵਨੀ ਨੂੰ ਵੀ ਆਖਰੀ ਸ਼ਕਲ ਮੈਂ ਪਹਿਲਗਾਮ ਹੀ ਦਿੱਤੀ ਹੈ। ਉਥੇ ਜੋ ਸਨੇਲ ਅਤੇ ਸਤਿਕਾਰ ਵੀਰ ਨਰਿੰਦਰ ਸਿੰਘ ਜੀ, ਅੰਮੀ ਜੀ, ਸਰਦਾਰ ਜਗਤ ਸਿੰਘ, ਮਨਦੀਪ ਜੀ ਤੇ ਹੋਰ ਸਭ ਦੇਂਦੇ ਹਨ, ਉਹ ਛੋਹੇ ਹੋਏ ਕਾਰਜਾਂ ਨੂੰ ਛੇਤੀ ਪੂਰਿਆਂ ਕਰ ਦੇਂਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਪਹਿਲਗਾਮ ਦਾ ਸਮੁੱਚਾ ਵਾਤਾਵਰਨ ਹੀ ਉਤਸ਼ਾਹ ਦਾ ਸੋਮਾ ਹੈ।

ਜਸਪਾਲ ਜੀ ਨੇ ਘਰ ਨੂੰ ਪੂਰਨ ਤੌਰ 'ਤੇ ਸੰਭਾਲ ਰੱਖਿਆ ਹੈ। ਮੈਨੂੰ ਕਦੇ ਉਹ ਖੇਚਲ ਨਹੀਂ ਵਿਆਪੀ ਜੋ ਆਮ ਗ੍ਰਿਹਸਤੀਆਂ ਨੂੰ ਗ੍ਰਸਦੀ ਹੈ। ਸ਼ੁਕਰ ਹੈ ਪ੍ਰਭੂ ਦਾ।

'ਪਰਬਤੁ ਮੇਰਾਣੁ' ਦੀ ਛਪਵਾਈ ਵੀ ਪੂਰੀ ਲਗਨ ਤੇ ਸੰਭਾਲ ਨਾਲ ਸਰਦਾਰ ਮਹਿਤਾਬ ਸਿੰਘ ਜੀ ਨੇ ਕਰਕੇ ਧੰਨਵਾਦੀ ਬਣਾਇਆ।

ਪੁਸਤਕ ਦਾ ਟਾਈਟਲ ਸ੍ਰੀ ਬੋਧ ਰਾਜ ਨੇ ਸਵਾਰ ਸਜਾਇਆ ਹੈ। ਪਰਬਤੁ ਵਿਚੋਂ ਗੁਰੂ ਅਮਰਦਾਸ ਜੀ ਦਾ ਮੁੱਖੜਾ ਜਿਵੇਂ ਤਰਾਸ਼ ਕੇ ਉਘਾੜਿਆ ਹੈ, ਉਹ ਉਨ੍ਹਾਂ ਦੇ ਸਫਲ ਕਲਾਕਾਰ ਹੋਣ ਦੀ ਇਕ ਉਦਾਹਰਣ ਹੈ। ਵਾਹਿਗੁਰੂ ਹੋਰ ਬਲਬੋਧ ਕਲਮ ਨੂੰ ਬਖ਼ਸ਼ੇ।

ਇਹ ਪੁਸਤਕ ਮੈਂ ਭਾਈ ਪਾਰੋ ਪਰਮ ਹੰਸ ਜੀ ਦੀ ਮਹਾਨ ਕਰਣੀ ਨੂੰ ਭੇਟ ਕੀਤੀ ਹੈ। ਝੜ ਹੋਵੇ, ਝੱਖੜ ਝੁਲੇ, ਤੂਫ਼ਾਨ ਆਏ, ਬਾਰਸ਼ ਪਵੇ, ਉਹ ਨਿਤ ਗੋਇੰਦਵਾਲ ਦਰਸ਼ਨਾਂ ਨੂੰ ਆਂਦੇ। ਜਦ ਇਕ ਵਾਰੀ ਗੁਰੂ ਅਮਰਦਾਸ ਜੀ ਨੇ ਪ੍ਰਸੰਨ ਹੋ ਗੁਰਗੱਦੀ ਦੇਣੀ ਚਾਹੀ ਤਾਂ ਆਪ ਜੀ ਨੇ 'ਮੋਕੋ ਗੁਰਸਿੱਖੀ ਮਨ ਭਾਵੈ' ਕ਼ਹਿ ਕੇ ਸਿੱਖੀ ਦੀ ਮਹਾਨਤਾ ਦ੍ਰਿੜ੍ਹਾਈ।

ਨਿਮ੍ਰਤਾ ਸਹਿਤ ਪੁਸਤਕ ਪਾਠਕਾਂ ਹੱਥ ਅਰਪਨ ਕਰਦੇ ਹੋਏ।

੯ ਨਵੰਬਰ ੧੯੭੮,
ਯਮਨਾ ਨਗਰ

• *ਸਤਿਬੀਰ ਸਿੰਘ*

# ਵਿਸ਼ਾ-ਸੂਚੀ

1. ਬਾਸਰਕੇ — 9-16

ਅੰਸ-ਬੰਸ—9 ; ਬਾਸਰਕੇ—11 ; ਪ੍ਰਕਾਸ਼—11 ; ਨੁਹਾਰ—12 ; ਰੁਚੀ—੧3 ; ਵਿਆਹ—13 ; ਤੀਰਥਾਂ ਦੀ ਯਾਤਰਾ ਦਾ ਸੰਕਲ—16।

2. ਤੜਪ — 17-25

ਵੈਸਾਖ ਤੇ ਕਤਕ ਗੰਗਾ ; ਬਾਬਾ ਤੇਜ ਭਾਨ ਜੀ ਦਾ ਅਕਾਲ ਚਲਾਣਾ ਅਤੇ ਇਕ ਉਦਾਸੀ ਦਾ ਮੇਲ—17 ; ਵੀਹਵੀਂ ਵਾਰ—18 ; ਬੋਲੀ ਦੀ ਸੱਟ—19 : ਸ਼ਬਦ ਦੀ ਚੋਟ—20 ; ਗੁਰਦਰਸ਼ਨ—22।

3. ਟਹਿਲੋਂ ਮਹਲ — 26-51

ਘਾਲ—26 ; ਗੁਰੂ ਘਰ ਦਾ ਤਪ ਸੇਵਾ—28 ; ਨਿਤ ਦੀ ਕਾਰ—31 ; ਸਾਲ ਪਹਿਲਾ—32 ; ਦੂਜਾ ਸਾਲ—33 ; ਚੌਥਾ ਸਾਲ—33 ; ਪੰਜਵੇਂ ਸਾਲ—34 ; ਕਰਾਮਾਤ ਦੀ ਸ਼ਕਤੀ ਭਈ ਤ੍ਰਬ—35 ; ਤਪੇ ਦਾ ਬਿਖਾਂਦ—36 ; ਹੋਰ ਤਾੜਨਾ—39 ; ਗਿਆਰ੍ਹਵੇਂ ਸਾਲ—40 ; ਪੁੱਤਰਾਂ ਦਾ ਰੋਸ ਤੇ ਦਾਸੂ ਜੀ ਦਾ ਹਮਲਾ—42 ; ਵਸਣਾ ਗੋਇੰਦਵਾਲ ਦਾ—43 ; ਗੋਇੰਦਵਾਲ ਵਸਿਆ—44 ; ਨਿੰਮ੍ਰਤਾ ਦੀ ਇਕ ਹੋਰ ਝਾਕੀ—45 ; ਸਤਿਗੁਰ ਤੇ ਸਤਿਗੁਰ ਸਦਾਇਆ—46 ; ਅੰਤਮ ਬਚਨ—49 ; ਜੋਤੀ ਜੋਤ ਸਮਾਏ—50।

4. ਘੋੜਾ ਕੀਤੋ ਸਹਜ ਦਾ — 52-77

ਸਰੂਪ ਅਤੇ ਸੁਭਾ—52 ; ਮੰਜੀ ਦਾਸ ਬਹਾਲਿਆ—54 ; ਨਿਤ ਕਰਮ—55 ; ਪਹਿਲਾ ਉਪਦੇਸ਼—58 ; ਹੋਰ ਹਵੇਲੀਆਂ ਉਸਾਰੀਆਂ—59 ; ਹਰੀਪੁਰ ਦਾ ਮਹਾਰਾਜਾ ਸਿੱਖ ਹੋਇਆ—60 ; ਰਾਜਾ ਹਰੀ ਚੰਦ ਦਰਸ਼ਨਾਂ ਨੂੰ—60 ; ਸਾਵਨ ਮੱਲ ਨੂੰ ਸੋਝੀ—61 ; ਸੱਚ ਨਿਸਚ—62 ; ਅਤਿ ਸੁੰਦਰ ਨਗਰੀ ਵਸੀ—63 ; ਸ਼ਰਧਾ ਦੀ ਇਕ ਅਦੁੱਤੀ ਉਦਾਹਰਣ—63 ; ਪ੍ਰਥਮ ਦੇਗ਼ ਮਹਿ ਜਾਇ ਕੇ ਭੋਜਨ ਕੋ ਖਾਵੈ—65 ; ਤਪੇ ਦਾ ਪਾਜ ਉਘੇੜਿਆ—66 ; ਖੋਜਿਆਂ ਦਾ ਖੋਰੂ—68 ; ਜਾਤ ਕਾ ਗਰਬ ਨ ਕਰਿ ਮੂਰਖ ਗਵਾਰਾ—70 ; ਦਾਤੂ ਸਿਧਾਸਣੁ ਸਿੱਖ ਆਇਆ—72 ; ਬੀਬੀ ਭਾਨੀ ਦਾ ਵਿਆਹ—75।

5. ''ਸਭ ਲੋਕ ਉਧਰਣ ਅਰਥਾ'' — 78-89

ਪੂਰਬ ਅਭੀਚੁ—78 ; ਇਕ ਹੋਰ ਅਕੱਟ ਗਵਾਹੀ—81 ; ਮਾਰਗਿ ਪੰਥਿ ਚਲੇ ਗੁਰ ਸਤਿਗਰ ਸੰਗਿ ਸਿੱਖਾ—82 ; ਭਗਤਿ ਨਿਰਾਲੀ—84 ; ਜਮਨਾ ਕੋ ਮਗ੍ਰ ਲੀਨ—86 ; ਕਉਤਿਕ—86 ; ਦੋਨਹੁ ਨਿਰਮਲ ਪੰਥ ਚਲਾਇ—89।

6. ਬਾਉਲੀ ਤੇ ਬਰਕਤਾਂ 90-100

ਬਾਉਲੀ ਦੀ ਨੀਂਹ—90 ; ਟੱਕ—91 ; ਸੇਵਾ ਹੀ ਤੱਪ ਹੈ—92 ; ਬਾਉਲੀ ਸੰਪੂਰਣ—94 ; ਇਕ ਇਤਿਹਾਸਕ ਭੁੱਲ—95 ; ਭਾਈ ਸੰਤ ਸਾਧਾਰਣ—96 ; ਭਾਈ ਮਹੇਸ਼ਾ—97 ; ਮਾਪਿਆਂ ਅੱਗੇ ਪੁੱਤ ਨ ਮਰਸੀ—98 ; ਵੈਸਾਖੀ ਕੇ ਦਿਨ ਆਵੈ ਸਭ ਕੋਈ—99।

7. ਗੁਰਬਚਨ ਨਾਵ ਚੜ੍ਹ ਸਿੱਖ ਹੋਇ ਪਾਰੇ 101-120

ਗੁਰ ਕੇ ਬਚਨ ਨਾਵ ਨਿਆਈਂ—101 ; ਡਲੇ ਦੀ ਸੰਗਤ—102 ; ਜਾਤਿ ਪਾਤ ਗੁਰ ਕੀ ਨਾਹ ਕੋਇ—102 ; ਤਿਆਗ ਹੰਕਾਰ, ਸੰਤਨ ਸੇਵਹੁ—103 ; ਅੰਮ੍ਰਿਤਾ ਵੇਲਾ ਕਰਿਹੁ ਇਸ਼ਨਾਨ—103 ; ਹਉਮੈ ਕਰਿ ਬੰਧਨ ਕੋ ਲਹਯੋ—105 ; ਵੰਡ ਖਾਹੁ, ਧਰਿ ਭਾਉ ਪ੍ਰਬੀਨ—105 ; ਗ੍ਰਹਿਸਤ ਬਿਖੇ ਸੁਖ ਲਹੋ ਸੁਖਾਰੇ—106 ; ਸਿਖਨ ਸੇਵਾ ਕਰਹੁ ਵਿਸ਼ੇਸ਼—107 ; ਪੋਥੀ ਲਿਖੋ ਸਫਲ ਗੁਰਬਾਨੀ—108 ; ਹਰਿ ਰੰਗਨ ਲਾਲੂ ਰੰਗਿਆ—108 ; ਭੇਟ ਭਾਈ ਬਿਖਾ ਜੀ—109 ; ਪ੍ਰੇਮਾ ਭਗਤੀ ਦੇ ਰੰਗ—111 ; ਹਰਿ ਕਾ ਨਾਮ ਅਤਿ ਮੀਠਾ—112 ; ਅਨਿੰਨ ਭਗਤ ਕਲਜੁਗ ਕਾ ਧਰਮ—113 ; ਧਰਮ ਸਾਲ ਕਰ ਥਾਪੋ—115 ; ਸੰਤ ਰਹਿਤ—116 ; ਇਨਸਾਨੀ ਜੀਵਨ ਦੀ ਕਦਰ—117 ; ਭਰਮਾਂ ਵਹਿਮਾਂ ਤੇ ਸੱਟਾਂ—118 ; ਕਸੂਰ ਦੀ ਫੇਰੀ—119 ; ਬਚਨਾਂ ਦਾ ਸਾਰੰਸ਼—120।

8. ਬਖ਼ਸ਼ਿਸ਼ਾਂ ਅਤੇ ਮਰਜਾਦਾ ਬੰਨ੍ਹਣੀ 121-143

ਰਹਮਤਾਂ—121 ; ਸਤੀ ਦੀ ਕੁਕ੍ਰਿਯਾ ਵਿਰੁੱਧ ਹੁਕਮ—122 ; ਵਿਧਵਾ ਵਿਆਹ—124 ; "ਜੋ ਉਦਾਸੀ ਕਰੈਗਾ, ਤਿਸ ਕਾ ਬੁਰਾ ਹੋਵੈਗਾ"—125 ; ਪਰਦੇ ਦੀ ਗੁਲਾਮੀ ਤੋਂ ਛੁਟਕਾਰਾ—127 ; ਵਰਣ-ਭੇਦ, ਜਾਤ-ਪਾਤ ਦੇ ਵਿਰੁੱਧ ਸਖ਼ਤ ਤਾੜਨਾ—128 ; ਗੁਰਬਾਣੀ ਸੰਗ੍ਰਹਿ—129 ; ਨਿਧਿਰਆਂ ਦੀ ਧਿਰ—133 ; ਨਿਆਸਰਿਆਂ ਦਾ ਆਸਰਾ—134 ; ਨਿਓਟਿਆਂ ਦੀ ਓਟ—135 ; ਬਮਰਯਾਦਾ ਬੰਨ੍ਹਣੀ—137 ; ਜੁਗਤ ਗੁਰਸਿੱਖ—138 ; ਅਨੰਦ ਵਿਆਹ—141 ; ਅੰਤਮ ਸੰਸਕਾਰ—142।

9. ਸ਼ਿਕਾਇਤਾਂ ਤੇ ਅਰਜ਼ੀਆਂ ਰਾਜ ਦਰਬਾਰ, ਆਮਦ ਅਕਬਰ ਗੁਰ ਦਰਸ਼ਨਾਂ 144-154

'ਸਤਿਗੁਰ ਦੀ ਵਡਿਆਈ ਵੇਖਿ ਨ ਸਕਨ'—144 ; ਪਹਿਲਾ ਜਤਨ—185 ; ਦੂਜੀ ਕੋਸ਼ਿਸ਼—145 ; ਬ੍ਰਾਹਮਣੀ ਤੇ ਸਨਾਤਨੀ ਹਿੰਦੂਆਂ ਦੀ ਪੁਕਾਰ—148 ; ਗੁਰੂ-ਸਿੱਖ ਭੇਦ ਨਾਹੀ—150 ; ਆਮਦ ਅਕਬਰ ਗੋਇੰਦਵਾਲ—151 ; ਪਗ ਪਿਆਦਾ ਚਲ ਆਇਆ ਗੁਰ ਪਾਸ—152।

10. ਥਾਪਣਾ ਮੰਜੀਆਂ ਦੀ ਅਤੇ ਕੁਝ ਹੋਰ ਪ੍ਰਸਿੱਧ ਸਿੱਖ 155-161

ਮੰਜੀਆਂ ਦੀ ਥਾਪਣਾ—155 ; ਭਾਈ ਦਰਬਾਰੀ ਜੀ—160 ; ਭਾਈ ਬੂਆ—161 ; ਭਾਈ ਰਾਜਾ ਰਾਮ ਜੀ—161 ; ਭਾਈ ਰੰਗ ਸ਼ਾਹ ਜੀ—161 ; ਭਾਈ ਕੇਦਾਰੀ ਜੀ—161।

11. ਜਿਸ ਦੀ ਵਸਤੁ ਤਿਸੈ ਘਰਿ ਆਵੈ 162-169

ਇਕ ਜ਼ਰੂਰੀ ਵਿਚਾਰ—162 ; ਬਾਬਾ ਮੋਹਨ ਜੀ—163 ; ਬਾਬਾ ਮੋਹਰੀ ਜੀ—164 ; ਭਾਈ ਰਾਮਾ ਜੀ—165 ; ਇਤਿਹਾਸਕ ਉਕਾਈਆਂ—166।

12. ਜੋਤੀ-ਜੋਤ ਜਗਾਇ ਜੁਹਾਰਾ 170-175

ਅੰਮ੍ਰਿਤਸਰ ਸਿਫ਼ਤੀ ਦਾ ਘਰੁ—170 ; ਗੁਰਮੁਖਿ ਸਭੁ ਪਵਿਤ ਹੈ ਧੰਨ ਸੰਪੈ ਮਾਇਆ—171 ; ਆਪਣੀ ਉਮਰ ਦੀਨੀ—172 ; ਜੋਤੀ ਜੋਤ ਜਗਾਇ ਜੁਹਾਰਾ—172 ; ਮੋਹਰੀ ਪੁਤੁ ਸਨਮੁਖ ਹੋਇਆ—173 ; ਅੰਤੇ ਸਤਿਗੁਰ ਬੋਲਿਆ—174 ; ਜੋਤੀ ਜੋਤ ਸਮਾਉਣਾ—175।

13. ਤੇਰੀ ਉਪਮਾ ਤੋਹਿ ਬਨਿ ਆਵੈ 176-184

ਸਮੁੱਚੇ ਜੀਵਨ ਤੇ ਇਕ ਝਾਤ—176-184।

## ੧

# ਬਾਸਰਕੇ

ਅੰਸ-ਬੰਸ—ਭੱਟ ਸਲ੍ਯ ਨੇ ਗੁਰੂ ਅਮਰ ਦਾਸ ਜੀ ਦੀ ਅੰਸ ਬੰਸ ਬਾਰੇ ਆਪਣੇ ਇਕੋ-ਇਕ ਸਵੱਈਏ ਵਿਚ ਵਰਣਨ ਕਰਦੇ ਲਿਖਿਆ ਹੈ ਕਿ 'ਤੁਸੀਂ, ਭਲਿਆਂ ਦੀ ਕੁਲ ਵਿਚ ਵੀ ਸ਼ਰੋਮਣੀ ਹੋ ਅਤੇ ਬਾਬਾ ਤੇਜ ਭਾਨ ਜੀ ਦੇ ਸਪੁੱਤਰ ਹੋ' ਪਰ ਕੋਈ ਭੁਲੇਖਾ ਨਾ ਰਹੇ, ਇਸ ਲਈ ਨਾਲ ਹੀ ਲਿਖ ਦਿੱਤਾ ਕਿ ਗੁਰੂ ਨਾਨਕ ਦੀ ਕਿਰਪਾ ਸਦਕਾ ਤੁਸੀਂ ਰਾਜਿਆਂ ਦੇ ਰਾਜੇ ਹੋਏ ਹੋ ਅਤੇ ਸ੍ਰਿਸ਼ਟੀ ਦੇ ਮਾਲਕ ਬਣੇ ਹੋ :

*ਭਲਉ ਭੂਹਾਲੁ, ਤੇਜੋ ਤਨਾ,*
*ਨ੍ਰਿਪਤਿਨਾਥੁ ਨਾਨਕ ਬਰਿ।*

(ਗੁਰੂ ਗ੍ਰੰਥ ਸਾਹਿਬ, ਪੰਨਾ ੧੩੯੬)

ਭੱਟ ਕਲਸਹਾਰ ਨੇ ਵੀ 'ਭਲਉ ਪ੍ਰਸਿਧ ਤੇਜੋ ਤਨੋ' ਲਿਖਿਆ ਹੈ। ਸਾਰੇ ਹੀ ਰੱਬੀ ਭੱਟਾਂ ਨੇ ਗੁਰ ਮਹਿਮਾ ਕਰਦੇ ਇਹ ਸੰਭਾਲ ਰੱਖੀ ਹੈ ਕਿ ਜਨਮ ਤਾਂ ਭਲਿਆਂ ਦੇ ਘਰ ਲਿਖਿਆ ਹੈ ਪਰ ਜਦ ਗੁਰੂ ਪਦਵੀ ਦੀ ਵਡਿਆਈ ਦਰਸਾਈ ਹੈ ਤਾਂ ਕੁਲ ਨਾਨਕ ਦੀ ਲਿਖੀ ਹੈ। ਉਦਾਹਰਨ ਵਜੋਂ—ਭੱਟ ਕੀਰਤ ਨੇ ਗੁਰੂ ਅਮਰ ਦਾਸ ਜੀ ਦਾ ਗੁਰੂ ਨਾਨਕ ਦੇਵ ਦੀ ਕੁਲ ਵਿਚ ਨਿਰਮਲ ਅਵਤਾਰ ਹੋਇਆ ਕਿਹਾ ਹੈ ਅਤੇ ਬਖ਼ਸ਼ਿਸ਼ ਗੁਰੂ ਅੰਗਦ ਦੇਵ ਜੀ ਦੇ ਮਿਲਾਪ ਨਾਲ ਹੀ ਝੋਲੀ ਪਈ :

*ਨਾਨਕ ਕੁਲਿ ਨਿੰਮਲੁ ਅਵਤਰ੍ਹਿਉ,*
*ਅੰਗਦ ਲਹਣੇ ਸੰਗਿ ਹੁਅ।*

'ਪਿਉ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ', ਸੱਤੇ ਤੇ ਬਲਵੰਡ ਜੀ ਨੇ ਆਖ ਸੁਣਾਇਆ ਸੀ।

ਕਹਿੰਦੇ ਹਨ ਕਿ ਰਾਮ ਦੇ ਭਰਾਤਾ ਭਰਤ ਦੀ ਅੰਸ ਹੀ ਭਲਾ ਬੰਸ ਅਖਵਾਈ।

*ਰਾਮ ਚੰਦਰ ਕਾ ਭਰਥ ਭਰਾਤਾ।*
*ਤ੍ਰਈ ਲੋਕ ਮੈ ਸੋ ਬਖਿਯਾਤਾ।*
*ਤਾਸ ਅੰਸ ਹੈ ਭਲੇ ਬੰਸ।*
*ਭਟਿਨੇਰ ਨਗਰ ਤਿਸ ਰਾਖੀ ਅੰਸ।*[1]

---

1. ਮਹਿਮਾ ਪ੍ਰਕਾਸ਼, ਸ੍ਰੀ ਗੁਰੂ ਅਮਰ ਦਾਸ

ਕਵੀ ਗੁਲਾਬ ਸਿੰਘ ਨੇ ਵੀ ਗਵਾਹੀ ਭਰੀ ਹੈ :

*'ਗੁਰੂ ਅਮਰ ਦਾਸ 'ਜਾਯੇ ਬਾਸਰਕੇ',*
*ਰਾਮ ਅਵਤਾਰ ਭਰਾਤਾ।*
*ਭਰਤ ਹੂੰ, ਤਾਕੀ ਕੁਲ ਮਹਿ ਭਲੇ ਨਿਹਾਰੀਏ।'*

ਗੁਰਪ੍ਣਾਲੀ ਵਿਚ ਵੀ ਲਿਖਿਆ ਹੈ :

*ਰਾਮ ਜੁ ਭਰਾਤਾ ਭਏ,*
*ਭਰਤ ਭਗਤ ਭਾਗੀ।*
*ਤਾਕੀ ਕੁਲ ਮਹਿ ਨਾਮ ਤੇਜ ਭਾਨ ਜੂ।*

ਇਸੇ ਖ਼ਾਨਦਾਨ ਦੇ ਰਾਮ ਨਾਰਾਇਣ ਨਾਂ ਦੇ ਇਕ ਵਿਅਕਤੀ ਨੇ ਆਪਣਾ ਡੇਰਾ ਪਿੰਡ ਬਾਸਰਕੇ ਆ ਕੀਤਾ। ਉਨ੍ਹਾਂ ਦੀ ਪੀੜ੍ਹੀ ਵਿਚੋਂ ਹੀ ਭਾਈ ਬਿਸ਼ਨ ਦਾਸ ਜੀ ਹੋਏ, ਜੋ ਬਾਸਰਕੇ ਹੱਟੀ ਕਰਦੇ ਸਨ। ਉਹ ਇਕੱਲੇ ਸਨ। 'ਹੱਟੀ ਬੈਠੇ ਇਕ ਇਕੱਲਾ' ਦਾ ਜ਼ਿਕਰ ਬੰਸਾਵਲੀ ਨਾਮੇ ਨੇ ਕੀਤਾ ਹੈ। ਭਾਈ ਬਿਸ਼ਨ ਦਾਸ ਜੀ ਮਿੱਠੇ ਸੁਭਾਅ ਦੇ ਅਤੇ ਸਦਾ ਭਗਤੀ ਰੰਗ ਵਿਚ ਰੰਗੇ ਰਹਿੰਦੇ ਸਨ। ਪੰਥ ਪ੍ਰਕਾਸ਼[1] ਨੇ 'ਭਗਤ ਬਿਸ਼ਨ ਕਾ ਜਗਤ ਅਚਲਾ' ਕਹਿ ਕੇ ਸਤਿਕਾਰਿਆ ਹੈ।

ਉਨ੍ਹਾਂ ਦੇ ਘਰ ਇਕ ਸਪੁੱਤਰ ਹੋਇਆ ਜਿਨ੍ਹਾਂ ਦਾ ਨਾਮ ਹਰਿ ਜੀ ਰੱਖਿਆ ਗਿਆ। ਭਾਈ ਹਰਿ ਜੀ ਦੀ ਜਦ ਸ਼ਾਦੀ ਹੋਈ ਤਾਂ ਸਹੁਰੇ ਉਨ੍ਹਾਂ ਨੂੰ ਲਾਹੌਰ ਲਾਗੇ ਗਿਲਵਾਲੀ ਲੈ ਆਏ। ਉਥੇ ਹਰਿ ਜੀ ਨੇ ਅਨਾਜ ਦਾ ਵਪਾਰ ਆਰੰਭ ਕਰ ਦਿੱਤਾ। ਬਹੁਤ ਧਨ ਕਮਾਇਆ। ਹਰਿ ਜੀ ਦੀ ਉਪਮਾ ਸਾਡੇ ਇਤਿਹਾਸ ਵਿਚ *'ਵੱਡੇ ਸੁਹਿਰਦ'* ਕਰਕੇ ਲਿਖੀ ਹੈ। ਉਨ੍ਹਾਂ ਦੀ ਘਰਵਾਲੀ, ਜਿਨ੍ਹਾਂ ਦਾ ਨਾਂ ਮਿਲਾਵੀ ਸੀ, ਵੱਡੀ ਸੂਝ-ਬੂਝ ਵਾਲੀ ਔਰਤ ਸੀ।

*ਹਰਿ ਜੀ ਭਏ ਵੱਡੇ ਸੁਹਿਰਦ।*
*ਤਿਹ ਗ੍ਰਿਹਿ ਮਹਲ ਮਿਲਾਵੀ ਸੁਬੁਧ।*[2]

ਹਰਿ ਜੀ ਦੇ ਘਰ ਇਕ ਸਪੁੱਤਰ ਹੋਇਆ ਜਿਸ ਦਾ ਨਾਮ ਤੇਜ ਭਾਨ ਰੱਖਿਆ ਗਿਆ। ਬੇਟੇ ਦੀ ਸ਼ਾਦੀ ਛੋਟੀ ਉਮਰੇ ਹੀ ਬੜੀ ਧੂਮਧਾਮ ਨਾਲ ਕਰ ਦਿੱਤੀ ਗਈ। ਭਾਈ ਹਰਿ ਦਾਸ ਜੀ ਨੂੰ ਵਪਾਰ ਕਰਦੇ ਜਦ ਚੋਖਾ ਸਮਾਂ ਹੋ ਗਿਆ ਤਾਂ ਪਿੱਛੇ ਦਾ ਖ਼ਿਆਲ ਆਇਆ। ਵਪਾਰ ਚਲਦਾ ਛੱਡ ਕੇ ਬਾਸਰਕੇ ਆ ਗਏ। ਇਥੇ ਪਹਿਲੇ ਵਾਲਾ ਹੀ ਵਪਾਰ ਕੀਤਾ। ਸਾਖ ਚੰਗੀ ਸੀ, ਇਸ ਕਾਰਨ ਬਾਸਰਕੇ ਵੀ ਵਪਾਰ ਖ਼ੂਬ ਚਮਕਿਆ। ਨੇੜੇ ਤੇੜੇ ਦੋਹੀ ਬਹੁਤ ਹੀ ਫੈਲੀ।

*"ਲਗੇ ਕਰਨ ਬਹੁਤ ਵਣਜ ਵਾਪਾਰ।*
*ਲੈਣ ਦੇਣ ਵਿਚ ਹੋਏ ਖਬਰਦਾਰਿ।" ੧੧।*

---

1 ਗਿਆਨੀ ਗਿਆਨ ਸਿੰਘ, ਪੰਨਾ ੫੮੬

2 ਬੰਸਾਵਲੀ ਨਾਮਾ, ਚਰਣ ਤੀਜਾ

ਭਾਈ ਬਿਸ਼ਨ ਦਾਸ ਜੀ ਦੀ ਉਮਰ ਵਡੇਰੀ ਹੋ ਗਈ ਸੀ। ਉਨ੍ਹਾਂ ਦਾ ਅਕਾਲ ਚਲਾਣਾ ਹੋ ਗਿਆ। ਬਿਸ਼ਨ ਦਾਸ ਜੀ ਦੇ ਫੁੱਲ ਲੈ ਕੇ ਹਰਿ ਜੀ ਹਰਿਦੁਆਰ ਪਰਵਾਹ ਕਰਨ ਗਏ ਤਾਂ ਉਹ ਵੀ ਉਥੇ ਹੀ ਚੜ੍ਹਾਈ ਕਰ ਗਏ। ਘਰ ਦੀ ਸਾਰੀ ਜ਼ਿੰਮੇਵਾਰੀ ਤੇਜ ਭਾਨ ਜੀ 'ਤੇ ਆ ਪਈ। ਵਪਾਰ ਵੱਡਾ ਸੀ, ਸੰਭਾਲ ਨਾ ਸਕੇ। ਸੁਭਾਅ ਧੀਰਜੀ ਸੀ ਤੇ ਭਗਤੀ ਭਾਵ ਵਿਚ ਰਹਿੰਦੇ ਸਨ। ਬੇਸ਼ੱਕ ਵਪਾਰ ਘਟਦਾ-ਘਟਦਾ ਉਸੇ ਇਕ ਹੱਟੀ 'ਤੇ ਆ ਗਿਆ ਪਰ ਹੌਸਲਾ ਨਾ ਛੱਡਿਆ। ਘਰਵਾਲੀ ਲੱਖੋ ਜਾਂ ਲਖਮੀ ਦੇਵੀ ਵੀ ਗੁਣਾਂ ਦਾ ਭੰਡਾਰ ਸੀ। ਮਹਿਮਾ ਪ੍ਰਕਾਸ਼ ਨੇ ਦੋਨਾਂ ਦੀ ਉਪਮਾ :

*'ਧੀਰਜ ਧਰਮ ਭਗਤ ਕੇ ਹੇਤੂ,*
*ਤਿਸ ਗ੍ਰਿਹਿ ਮਹਲ ਲਖੋ ਗੁਣ ਸੇਤੂ,*

ਲਿਖ ਕੇ ਕੀਤੀ ਹੈ।

ਟੱਬਰ ਵੱਡਾ ਹੋ ਗਿਆ ਸੀ ਤੇ ਗੁਜ਼ਾਰਾ ਮੁਸ਼ਕਿਲ ਹੋਣ ਕਾਰਨ ਹੱਟੀ ਦੇ ਨਾਲ-ਨਾਲ ਫੇਰੀ ਲਗਾ ਕੇ ਵੀ ਮਾਲ ਵੇਚਦੇ। ਘਰ ਫਿਰ ਸੌਖਾ ਹੋ ਗਿਆ। ਇੱਜ਼ਤ ਅਤੇ ਆਬਰੂ ਪਹਿਲੇ ਵਾਂਗ ਹੀ, ਬਾਬਾ ਤੇਜ ਭਾਨ ਨੇ ਬਣਾ ਲਈ।

**ਬਾਸਰਕੇ**—ਬਾਸਰਕੇ ਦਾ ਪਿੰਡ, ਸ੍ਰੀ ਅੰਮ੍ਰਿਤਸਰ ਤੋਂ ਕੋਈ ਬਹੁਤਾ ਦੂਰ ਨਹੀਂ। ਛਿਹਰਟੇ ਤੋਂ ਦੱਖਣ-ਪੱਛਮ ਵੱਲ ਸੜਕੋਂ ੮ ਕੁ ਮੀਲ ਪੈਂਦਾ ਹੈ। ਅਸਲ ਪਿੰਡ ਸਮੇਂ ਦੇ ਥਪੇੜਿਆਂ ਨੇ ਉਜਾੜ ਸੁੱਟਿਆ ਲੱਗਦਾ ਹੈ। ਹੁਣ ਦੇ ਪਿੰਡ ਬਾਸਰਕੀ-ਗਿਲਾਂ ਦੇ ਲਾਗੇ ਜੋ ਥੇਹ ਹੈ, ਅਸਲ ਬਾਸਰਕੇ ਉਹ ਹੀ ਸੀ। ਜੋ ਲਾਗੇ ਦੇ ਦੋ ਹੋਰ ਪਿੰਡ ਕੋਟਲੀ ਮੀਏਂ ਖ਼ਾਨ ਅਤੇ ਕੋਟਲੀ ਨਸੀਬ ਖ਼ਾਨ ਦੇ ਹਨ, ਉਹ ਇਹ ਗਵਾਹੀ ਭਰਦੇ ਹਨ ਕਿ ਕਦੇ ਬਾਸਰਕੇ ਵੱਡਾ ਪਿੰਡ ਸੀ। ਪਿੰਡ ਲਾਗੇ ਹੀ ਇਕ ਵੱਡੇ ਤਾਲ ਦਾ ਹੋਣਾ ਵੀ ਦਰਸਾਉਂਦਾ ਹੈ ਕਿ ਪਿੰਡ ਦੀਆਂ ਲੋੜਾਂ ਇਹ ਤਾਲ ਪੂਰਦਾ ਸੀ। ਤਾਲ ਲਾਗੇ ਹੀ ਬੀਬੀ ਅਮਰੋ ਜੀ ਦੀ ਸਮਾਧੀ ਦਾ ਬਣਿਆ ਹੋਣਾ ਇਹ ਪ੍ਰਗਟਾਉਂਦਾ ਹੈ ਕਿ ਇਹ ਤਾਲ ਪਿੰਡ ਦਾ ਹੀ ਹਿੱਸਾ ਸੀ। ਸੰਨ੍ਹ ਸਾਹਿਬ, ਜਿਥੇ ਗੁਰੂ ਜੀ ਕੁਝ ਦਿਨਾਂ ਲਈ ਆ ਟਿਕੇ ਸਨ, ਦੇ ਨਾਲ ਲੱਗਦਾ ਗੁਰੂ ਅਮਰ ਦਾਸ ਜੀ ਦੇ ਖੂਹ ਦਾ ਹੋਣਾ ਵੀ ਇਸੇ ਗੱਲ ਦਾ ਸੂਚਕ ਹੈ ਕਿ ਇਹ ਸਾਰਾ ਇਲਾਕਾ ਬਾਸਰਕੇ ਦੀ ਜੂਹ ਵਿਚ ਸੀ। ਇਹ ਖੂਹ ਗੁਰੂ ਅਮਰ ਦਾਸ ਜੀ ਨੇ ਹੀ ਲੋਕ-ਭਲਾਈ ਲਈ ਗੁਰੂ ਜ਼ਿੰਮੇਵਾਰੀ ਸੰਭਾਲਣ ਤੋਂ ਬਹੁਤ ਪਹਿਲਾਂ ਲਗਵਾਇਆ ਸੀ। ਇਹ ਸਭ ਥਾਵਾਂ ਅਤੇ ਥੇਹ ਪ੍ਰਗਟਾਉਂਦੇ ਹਨ ਕਿ ਸਾਰੀ ਧਰਤੀ ਗੁਰੂ ਚਰਨਾਂ ਦੀ ਛੁਹ ਪ੍ਰਾਪਤ ਕਰ ਚੁੱਕੀ ਸੀ।

**ਪ੍ਰਕਾਸ਼**—ਗੁਰੂ ਅਮਰ ਦਾਸ ਜੀ ਦਾ ਜਨਮ ਇਸੇ ਬਾਸਰਕੇ ਪਿੰਡ, ਮਈ ਦੀ ਪੰਜ ਸੰਨ ੧੪੭੯ ਨੂੰ ਮਾਤਾ ਲੱਖੋ ਜੀ ਦੀ ਕੁੱਖੋਂ, ਬਾਬਾ ਤੇਜ ਭਾਨ ਜੀ ਦੇ ਘਰ ਹੋਇਆ ਸੀ। ਬੰਸਾਵਲੀ ਨਾਮੇ ਦੇ ਸ਼ਬਦਾਂ ਵਿਚ :

*ਮਾਤਾਲਖੋ ਦੇ ਉਦਰੋਂ ਚਾਨਣ ਪੱਖ।*
*ਜਨਮੇ ਸ੍ਰੀ ਅਮਰ ਦਾਸ ਪੂਰਨ ਪਰਤੱਖ।*

ਸੰਮਤ ਦੇ ਹਿਸਾਬ ਨਾਲ ੧੫੩੬ ਤੇ ਜੇਠ ਦੀ ਅੱਠ ਸੀ ਅਤੇ ਚੰਦਰਮਾ ਦੀਆਂ ਤਰੀਕਾਂ ਮੁਤਾਬਿਕ ਉਸ ਦਿਨ ਵੈਸਾਖ ਸੁਦੀ ੧੪ ਸੀ। ਦੂਜੇ ਅਰਥਾਂ ਵਿਚ ਮੱਸਿਆ ਤੋਂ ਪਿੱਛੋਂ ੧੪ਵਾਂ ਦਿਨ ਸੀ।

ਗੁਰੂ ਅਮਰ ਦਾਸ ਜੀ ਸਭ ਤੋਂ ਵੱਡੇ ਸਨ। ਤਿੰਨ ਛੋਟੇ ਭਰਾ ਹੋਰ ਸਨ। ਮਹਿਮਾ ਪ੍ਰਕਾਸ਼ ਨੇ ਬਾਬਾ ਤੇਜ ਭਾਨ ਦੇ ਚਾਰ ਪੁੱਤਰਾਂ ਅਤੇ ਚਾਰਾਂ ਦਾ ਹੀ ਆਗਿਆਕਾਰੀ ਹੋਣ ਦਾ ਜ਼ਿਕਰ ਕੀਤਾ ਹੈ : *"ਆਗਿਆਕਾਰੀ ਤਿਨ ਸੁਤ ਚਾਰ।"*

ਦੂਜੇ ਭਾਈ ਈਸ਼ਰਦਾਸ ਜੀ ਸਨ ਜਿਨ੍ਹਾਂ ਦੇ ਸਪੁੱਤਰ ਭਾਈ ਗੁਰਦਾਸ ਜੀ ਹੋਏ। ਸਿੱਖ ਸਿਧਾਂਤ, ਸਿਖਿਆ ਤੇ ਸਾਖੀ ਨੂੰ ਦਰਸਾਉਣ ਦਾ ਕੰਮ ਜਿਸ ਨਵੀਨ ਢੰਗ ਨਾਲ ਭਾਈ ਗੁਰਦਾਸ ਜੀ ਨੇ ਕੀਤਾ ਸੀ, ਉਸੇ ਕਾਰਨ ਉਨ੍ਹਾਂ ਦੀ ਰਚਨਾ ਨੂੰ 'ਗੁਰੂ ਗ੍ਰੰਥ ਸਾਹਿਬ ਦੀ ਚਾਬੀ' ਦਾ ਸਨਮਾਨ ਪੰਜਵੇਂ ਪਾਤਸ਼ਾਹ ਨੇ ਦਿੱਤਾ ਸੀ।

ਤੀਜੇ, ਬਾਬਾ ਖੇਮ ਰਾਇ ਜੀ ਹੋਏ ਜਿਨ੍ਹਾਂ ਦੇ ਸਪੁੱਤਰ ਬਾਬਾ ਸਾਵਨ ਮੱਲ ਜੀ ਸਨ। ਬਾਬਾ ਸਾਵਨ ਮੱਲ ਜੀ ਨੂੰ ਹੀ ਬਖ਼ਸ਼ਿਸ਼ਾਂ ਦੇ ਕੇ ਗੁਰੂ ਅਮਰ ਦਾਸ ਜੀ ਨੇ ਹਰੀਪੁਰ ਰਿਆਸਤ ਗੋਇੰਦਵਾਲ ਦੀ ਹੁੰਦੀ ਉਸਾਰੀ ਵੇਲੇ ਇਮਾਰਤੀ ਲੱਕੜ ਲੈਣ ਭੇਜਿਆ ਸੀ।

ਚੌਥੇ, ਭਾਈ ਮਾਣਕ ਚੰਦ ਜੀ ਸਨ ਜਿਨ੍ਹਾਂ ਦੇ ਸਪੁੱਤਰ, ਬਾਬਾ ਜਸੂ ਜੀ ਨਾਲ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਦਾ ਵਿਆਹ ਹੋਇਆ ਸੀ। ਇਸ ਹੋਏ ਰਿਸ਼ਤੇ ਤੋਂ ਇਹ ਸਪੱਸ਼ਟ ਪ੍ਰਗਟ ਹੁੰਦਾ ਹੈ ਕਿ ਬਾਬਾ ਤੇਜ ਭਾਨ ਜੀ ਦੀ ਉਪਮਾ ਤੇ ਸੋਭਾ ਸਮੁੱਚੇ ਸਮਾਜ ਵਿਚ ਸੀ। ਗੁਰੂ ਅੰਗਦ ਦੇਵ ਜੀ ਦਾ ਇਨ੍ਹਾਂ ਦੇ ਘਰ ਲੜਕੀ ਦੇਣਾ ਕੋਈ ਨਿੱਕੀ ਗੱਲ ਨਹੀਂ ਸੀ। ਸੋ ਟਰੰਪ ਅਤੇ ਲਤੀਫ਼ ਦਾ ਇਹ ਲਿਖਣਾ ਕਿ ਉਨ੍ਹਾਂ ਪਾਸ ਕੇਵਲ ਇਕ ਲਦੂ ਘੋੜਾ ਸੀ ਜਿਸ 'ਤੇ ਉਹ ਪਿੰਡ-ਪਿੰਡ ਫਿਰ ਕੇ ਰੋਜ਼ੀ ਕਮਾਂਦੇ ਸਨ, ਮੂਲੋਂ ਠੀਕ ਨਹੀਂ।

**ਨੁਹਾਰ**—ਭੱਟ ਕਲਸਹਾਰ ਨੇ (ਗੁਰੂ) ਅਮਰ ਦਾਸ ਜੀ ਦੀ ਨੁਹਾਰ ਬਾਰੇ ਬਹੁਤ ਖ਼ੂਬ ਲਿਖਿਆ ਹੈ ਕਿ ਆਪ ਜੀ ਦੇ ਸੱਜੇ ਹੱਥ ਵਿਚ ਪਦਮ ਹੈ, ਸਿੱਧੀ ਉਨ੍ਹਾਂ ਦੇ ਮੂੰਹ ਨੂੰ ਸਾਹਮਣੇ ਹੋ ਕੇ ਦੇਖ ਰਹੀ ਹੈ ਭਾਵ ਮੁੱਖ ਸੁਹਾਵਾ ਹੈ ਅਤੇ ਖੱਬੇ ਪਾਸੇ ਰਿਧੀਆਂ ਵਸਦੀਆਂ ਹਨ।

*"ਬਾਰਿਜੁ ਕਰਿ ਦਾਹਿਣੈ, ਸਿਧਿ ਸਨਮੁਖ ਮੁਖੁ ਜੋਵੈ।"*
*ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ।*

(ਗੁਰੂ ਗ੍ਰੰਥ ਸਾਹਿਬ, ਪੰਨਾ ੧੩੯੪)

ਖੱਬੇ ਪੈਰ ਵਿਚ ਪਦਮ ਦਾ ਹੋਣਾ, ਰੇਖਾਵਾਂ ਦੇ ਪੰਡਤ ਦੁਰਗਾ ਨੇ ਵੀ ਡਿੱਠਾ ਸੀ। ਮੱਥੇ ਉੱਤੇ ਪ੍ਰਮਾਤਮਾ ਦੀ ਸੱਚੀ ਬਖ਼ਸ਼ਿਸ਼ ਰੂਪੀ ਨਿਸ਼ਾਨ ਦਾ ਜ਼ਿਕਰ ਵੀ ਰੱਬੀ ਭੱਟ ਨੇ ਕੀਤਾ ਹੈ : 'ਮਸਤਕਿ ਨੀਸਾਣੁ ਸਚਉ ਕਰਮੁ।'

ਸੂਰਜ ਪ੍ਰਕਾਸ਼ ਨੇ *ਸੰਖ ਵਰਗੀ ਗਿਚੀ, ਅੱਖੀਆਂ ਦੇ ਕੋਨੇ ਟੇਢੇ ਤਿੱਖੇ, ਹੋਠ ਮੂੰਗੇ ਵਾਂਗੂ ਲਾਲ. ਖ਼ੂਬਸੂਰਤ ਕੇਸ ਅਤੇ ਬਾਹਾਂ ਲੰਮੀਆਂ ਗੋਡਿਆਂ ਤਕ ਦਾ ਉਚੇਚਾ ਜ਼ਿਕਰ*

*ਕਰ ਕੇ, 'ਸੂਰਜ ਸਮਾਨ ਕੋਟ ਪ੍ਰਭਾ' ਲਿਖਿਆ ਹੈ।*[1] ਕੱਦ ਮਧਰਾ ਪਰ ਸਰੀਰ ਗੱਠਵਾਂ ਸੀ। ਛਾਤੀ ਚੌੜੀ ਤੇ ਕਮਰ ਸ਼ੇਰ ਵਰਗੀ ਸੀ। ਇਹ ਸਾਰੀ ਨੁਹਾਰ ਦਰਸਾਉਂਦੀ ਹੈ ਕਿ ਉਹ ਅਵਤਾਰੀ ਪੁਰਸ਼ ਸਨ ਅਤੇ ਸਰੀਰ ਨਰੋਆ ਸੀ। ਇਤਨਾ ਗੱਠਵਾਂ ਸਰੀਰ ਸੀ ਤਾਂ ਹੀ ਇੱਕੀ ਵਾਰ ਪੈਦਲ ਗੰਗਾ ਜਾ ਸਕੇ ਤੇ ਫਿਰ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਆਉਣ ਪਿੱਛੋਂ ਲਗਾਤਾਰ ਅਟੁੱਟ ਬਾਰਾਂ ਸਾਲ ਕਠਨ ਘਾਲ ਘਾਲਦੇ ਰਹੇ।

**ਰੁਚੀ**—ਘਰ ਵਿਚ ਵੱਡੇ ਹੋਣ ਕਾਰਨ ਛੇਤੀ ਹੀ ਹੱਟੀ 'ਤੇ ਬੈਠਣ ਲੱਗ ਪਏ। ਵਿੱਦਿਆ ਘਰੋਂ ਹੀ ਪ੍ਰਾਪਤ ਕੀਤੀ। ਬੱਚਿਆਂ ਨਾਲ ਜੇ ਖੇਡਣ ਵੀ ਜਾਂਦੇ ਤਾਂ ਉਨ੍ਹਾਂ ਨੂੰ ਕਰਮ ਧਰਮ ਹੀ ਦ੍ਰਿੜਾਂਦੇ। ਗਿਆਨੀ ਗਿਆਨ ਸਿੰਘ ਨੇ ਟੂਕ ਵੀ ਦਿੱਤੀ ਹੈ ਕਿ :

*'ਬਾਲ ਉਮਰ ਮੈ ਐਸੇ ਕਾਮਾ।*
*ਕੀਨੇ ਸਮ ਅਵਤਾਰਨ ਆਮਾ।'*

ਜਿਵੇਂ ਕਿਸੇ ਭੁੱਖੇ ਨੰਗੇ ਨੂੰ ਦੇਖਣਾ ਤਾਂ ਘਰ ਬੁਲਾ ਲਿਆਉਣਾ ਤੇ ਪ੍ਰਸ਼ਾਦ ਛਕਾ ਕੇ ਬਸਤਰ ਦੇ ਕੇ ਟੋਰਨਾ। ਗਵਾਹੀ ਹੈ :

*'ਜੋ ਗ਼ਰੀਬ ਕੋ ਸਨਮੁਖ ਆਵੈ।*
*ਖਾਨ ਪਾਨ ਪਹਿਰਾਨ ਦਿਲਾਵੈ।'*

ਰੁਚੀ ਉਪਰਾਮ ਸੀ ਅਤੇ ਲਗਨ ਸੇਵਾ ਦੀ ਸੀ। ਕਈ ਵਾਰੀ ਰਾਤ ਭਰ ਭਜਨ ਕਰਦੇ ਰਹਿੰਦੇ। ਮਹਿਮਾ ਪ੍ਰਕਾਸ਼ ਨੇ 'ਹਰਿ ਭਗਤ ਜਨ ਸੇਵਾ ਬਸੈ' ਦਾ ਜ਼ਿਕਰ ਕੀਤਾ ਹੈ। ਜਿਥੇ ਕਿਤੇ ਸੰਤ ਮੰਡਲੀ ਦਾ ਆਉਣਾ ਸੁਣਦੇ ਤਾਂ ਪਿੰਡੋਂ ਸਤਿਸੰਗੀ ਇਕੱਠੇ ਕਰ ਕੇ ਉਥੇ ਪੁੱਜ ਜਾਂਦੇ।

*ਆਯੋ ਸਾਧ ਸੰਤ ਜਹਿ ਸੁਨੇ।*
*ਕਰੇ ਸੇਵ ਸਤਿ ਸੰਗਤਿ ਪੁਨੇ।*[2]

ਫਿਰ ਆਪਣੇ ਪਿੰਡ ਹੀ ਭਜਨ ਮੰਡਲੀ ਲੈ ਆਂਦੇ ਤੇ ਕਈ ਦਿਨ ਟਿਕਾਈ ਰੱਖਦੇ। ਬੰਸਾਵਲੀ ਨਾਮੇ ਨੇ ਲਿਖਿਆ ਹੈ ਕਿ ਕਰਮ ਧਰਮ ਦਾ ਬਹੁਤ ਖ਼ਿਆਲ ਰੱਖਦੇ ਸਨ। ਇਸੇ ਕਾਰਨ ਲੋਕੀਂ ਭਗਤ ਕਰਕੇ ਪੁਕਾਰਨ ਲੱਗ ਪਏ ਸਨ।

*'ਜੁਗਤਿ ਸ਼ਾਸਤਰ ਵਿਚ ਨਿਤ ਰਹਨਿ।'*

**ਵਿਆਹ**—ਉਪਰਾਮ ਰੁਚੀ ਹੋਣ ਕਾਰਨ ਜਦ ਵੀ ਵਿਆਹ ਕਰਾਉਣ ਲਈ ਮਾਤਾ ਪਿਤਾ ਨੇ (ਗੁਰੂ) ਅਮਰ ਦਾਸ ਜੀ ਨੂੰ ਕਿਹਾ, ਉਹ ਟਾਲਦੇ ਹੀ ਰਹੇ। ਇਸੇ ਕਾਰਨ ਤਿੰਨਾਂ ਭਰਾਵਾਂ ਦਾ ਵਿਆਹ ਪਹਿਲਾਂ ਹੋ ਗਿਆ। ਤੇਜ ਭਾਨ ਜੀ ਨੇ ਗ੍ਰਹਿਸਤ ਧਰਮ ਦੀ ਮਹਿਮਾ ਦ੍ਰਿੜਾ ਕੇ, ਘਰ ਗ੍ਰਹਿਸਤੀ ਹੋਣਾ, ਧਰਮ ਲਈ ਜ਼ਰੂਰੀ ਦੱਸਿਆ ਤਾਂ ਕਿਧਰੇ ਜਾ ਕੇ ਆਪ ਜੀ ਰਾਜ਼ੀ ਹੋਏ। ਆਪ ਜੀ ਦੀ ਸ਼ਾਦੀ ਸਿਆਲਕੋਟ ਤੋਂ ਵੀਹ ਮੀਲ ਦੱਖਣ ਪਾਸੇ, ਪਸਰੂਰ ਨਗਰ ਤੋਂ ਚੜ੍ਹਦੇ ਵੱਲ ਦਸ ਕੁ ਮੀਲ, ਪਿੰਡ ਸਨਖਤਰਾ, ਬਹਲ ਘਰਾਣੇ ਦੇ ਦੇਵੀ ਚੰਦ

---

1. ਰਾਸਿ ਪਹਿਲੀ, ਅੰਸ਼ ੫੩
2. ਪੰਥ ਪ੍ਰਕਾਸ਼, ਪੰਨਾ ੫੮੭

ਜੀ ਦੀ ਲੜਕੀ, ਮਨਸਾ ਦੇਵੀ ਨਾਲ ਹੋਈ। ਬਾਬਾ ਅਮਰ ਦਾਸ ਜੀ ਦੀ ਆਯੂ ਉਸ ਵੇਲੇ ੨੮ ਕੁ ਸਾਲ ਦੀ ਸੀ। ਸੰਮਤ ੧੫੫੯ ਅਤੇ ਮਾਘ ਦੀ ੧੧, (੨੭ ਨਵੰਬਰ ੧੫੦੨) ਸੀ। ਸਨਖਤਰਾ ਜਾਣਾ ਹੋਵੇ ਤਾਂ ਲਾਹੌਰ ਤੋਂ ਹੋ ਕੇ ਜਾਈਦਾ ਸੀ ਜਾਂ ਰਾਮਦਾਸ ਤੋਂ ਰਾਵੀ ਦਾ ਪਤਨ ਟੱਪ ਕੇ ਪੁੱਜੀਦਾ ਸੀ। ਮਨਸਾ ਦੇਵੀ ਨੂੰ ਆਪ ਜੀ ਮਾਲੀ ਜਾਂ ਰਾਮ ਕੀ ਕਰਕੇ ਬੁਲਾਂਦੇ ਸਨ। ਇਸ ਲਈ ਇਤਿਹਾਸਕਾਰਾਂ ਦੋਵੇਂ ਨਾਮ ਮਾਲੀ ਤੇ ਰਾਮੋ ਲਿਖੇ ਹਨ। ਮਨਸਾ ਦੇਵੀ ਜੀ ਵੱਡੇ ਜਿਗਰੇ ਵਾਲੇ ਤੇ ਸੇਵਾ ਦੇ ਪੁੰਜ ਸਨ। ਜਿਵੇਂ ਉਨ੍ਹਾਂ ਪਤੀ ਦੇ ਵਾਂਢੇ ਹੁੰਦਿਆਂ ਪਹਿਲਾਂ ਹਰਿਦੁਆਰ ਜਾਣ ਵੇਲੇ ਤੇ ਫਿਰ ਲਗਾਤਾਰ ਗੁਰੂ ਅੰਗਦ ਦੇਵ ਜੀ ਪਾਸ ਸੇਵਾ ਕਮਾਉਣ ਵੇਲੇ ਬਾਸਰਕੇ ਦਿਨ ਕੱਟੇ, ਉਹ ਉਨ੍ਹਾਂ ਦੀ ਜੁਗਤ ਤੇ ਭੁਗਤ ਦਾ ਨਮੂਨਾ ਹੀ ਹਨ। ਕਦੇ ਮੱਥੇ ਵੱਟ ਨਾ ਪਾਉਣਾ ਤੇ ਕਿਸੇ ਪ੍ਰਕਾਰ ਦੀ ਗਿਲਾ-ਗੁਜ਼ਾਰੀ ਨਾ ਕਰਨੀ ਉਨ੍ਹਾਂ ਦੀ ਵਡਿਆਈ ਦਰਸਾਉਣ ਲਈ ਕਾਫ਼ੀ ਹੈ। ਇਸੇ ਲਈ ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਪਰਤੱਖ ਲਖਮੀ ਕਰਕੇ ਵਡਿਆਇਆ ਹੈ।

*"ਆਈ ਮਨਸਾ ਦੇਈ ਸੁਆਣੀ।*
*ਜੋ ਪਰਤੱਖ ਲਖਮੀ ਜਾਣੀ।"*[1]

**ਵਿਹਾਰ**—ਖੇਤੀ ਦੇ ਕੰਮ ਕਾਜ ਨੂੰ ਨਿੱਕੇ ਸਪੁੱਤਰਾਂ ਈਸ਼ਰ ਦਾਸ ਜੀ ਅਤੇ ਖੇਮ ਰਾਇ ਜੀ ਨੇ ਸੰਭਾਲ ਲਿਆ ਸੀ ਅਤੇ ਤੇਜ ਭਾਨ ਜੀ ਇਕ ਪ੍ਰਕਾਰ ਦਾ ਛੱਡ-ਛਡਾ ਕੇ ਭਜਨ ਕੀਰਤਨ ਵਿਚ ਹੀ ਜੁੜੇ ਰਹਿੰਦੇ ਸਨ। 'ਖੇਤੀ ਕ੍ਰਿਤਿ ਕੋ ਸੁਤ ਕਰਹਿ, ਤੇਜੋ ਸੁਖ ਪਾਵਹਿ।' ਹੱਟੀ ਤੇ ਹੋਰ ਵਪਾਰ ਵੱਲ (ਗੁਰੂ) ਅਮਰ ਦਾਸ ਧਿਆਨ ਦੇਂਦੇ ਸਨ। ਜਦ ਉਹ ਫਿਰ ਕੇ ਜਾਂ ਮੰਡੀ ਵਿਚੋਂ ਮਾਲ ਲੈਣ ਜਾਂਦੇ ਦੁਕਾਨ ਦੀ ਸੰਭਾਲ ਮਾਣਕ ਚੰਦ ਜੀ ਕਰਦੇ ਸਨ। ਕਿਰਤ ਇਤਨੀ ਸੁੱਚੀ ਸੀ ਕਿ ਹਰ ਕੋਈ ਪ੍ਰਭਾਵਿਤ ਹੋ ਕੇ ਜਾਂਦਾ।

*"ਕਰਤਿ ਬਨਜ ਫੇਰੋ ਫਿਰਹਿ,*
*ਧਰਮ ਸਹਿਤ ਕ੍ਰਿਤਿ ਠਾਨਿ।"*

ਮਹਿਮਾ ਪ੍ਰਕਾਸ਼ ਦੇ ਲਿਖਣ ਅਨੁਸਾਰ ਬਾਬਾ ਅਮਰ ਦਾਸ ਜੀ ਵਪਾਰ ਦਰਿਆਈ ਰੇਸ਼ਮ ਦਾ ਕਰਦੇ ਸਨ। ਲਾਹੌਰ ਰੇਸ਼ਮ ਦੇ ਕਾਰਖ਼ਾਨਿਆਂ ਦਾ ਘਰ ਸੀ। ਕਸ਼ਮੀਰ ਨਾਲੋਂ ਕਿਤੇ ਵੱਧ ਕਾਰਖ਼ਾਨੇ ਲਾਹੌਰ ਸਨ। ਮਾਲ ਖਰੀਦਣ ਲਈ ਉਹ ਲਾਹੌਰ ਆਉਂਦੇ। ਲਾਹੌਰ ਫ਼ਕੀਰਾਂ ਕਰਕੇ ਵੀ ਪ੍ਰਸਿੱਧ ਸੀ। ਇਹ ਅਖਾਣ ਪ੍ਰਚਲਤ ਸੀ ਕਿ ਲਾਹੌਰ ਰੋਜ਼ ਹੀ ਕੋਈ-ਨਾ-ਕੋਈ ਮੇਲਾ ਲੱਗਾ ਰਹਿੰਦਾ ਹੈ :

*ਸਜਨੋਂ ਇਹ ਲਾਹੌਰ ਹੈ।*
*ਸਤ ਦਿਨ ਤੇ ਅੱਠ ਮੇਲੇ।*
*ਘਰ ਜਾਵਾਂ ਕਿਹੜੇ ਵੇਲੇ।*

ਸੋ ਲਾਹੌਰ ਕਈ ਫ਼ਕੀਰਾਂ ਤੇ ਸਾਧਾਂ ਦੇ ਸੰਪਰਕ ਵਿਚ ਵੀ ਆਏ। ਜਦ ਗੁਰੂ ਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਕਿਤਨੇ ਹੀ ਫ਼ਕੀਰ ਦਰਸ਼ਨਾਂ ਨੂੰ ਆਏ ਅਤੇ ਪਿੱਛੋਂ ਵੀ ਮੇਲ-

---

੧ ਪਰਬਾਰਧ ਬਿਸਾਮ ੧੫

ਜੋਲ ਬਣਿਆ ਰਿਹਾ। ਸਿੱਖ ਇਤਿਹਾਸ ਨੇ ਸ਼ਾਹ ਬਿਲਾਵਲ, ਸ਼ੇਖ਼ ਮੁਹੰਮਦ ਤਾਹਰੀ, ਮੁਹੰਮਦ ਮੁਕੀਮ ਸ਼ਾਹ, ਖ਼ੁਆਜਾ ਬਿਹਾਰੀ [1] ਅਤੇ ਜਮਾਲ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਹੈ।

ਸ਼ਾਹ ਬਿਲਾਵਲ ਬੜੇ ਪ੍ਰਹੇਜ਼ਗਾਰ ਸਨ। ਉਨ੍ਹਾਂ ਦੇ ਤੱਕੀਏ ਹਰ ਵਕਤ ਲੰਗਰ ਲੱਗਾ ਰਹਿੰਦਾ ਸੀ। ਉਹ ਜੁਐਨ ਤੇ ਸਾਗ ਤੋਂ ਸਿਵਾ ਕੁਝ ਵੀ ਮੂੰਹ ਵਿਚ ਨਹੀਂ ਸਨ ਪਾਂਦੇ। ਜਦ ਕਦੀ ਕਿਸੇ ਨੂੰ ਕੁਝ ਲਿਖਦੇ ਜਾਂ ਸਿਫ਼ਾਰਸ਼ ਕਰਦੇ ਤਾਂ ਕੇਵਲ ਇਤਨਾ ਹੀ ਲਿਖਦੇ : 'ਅੱਲਾਹ ਬਸ, ਬਾਕੀ ਹਵਸ'। ਇਕ ਵਾਰੀ ਜਦ ਲੰਗਰ ਲਈ ਬਾਦਸ਼ਾਹ ਨੇ ਮਾਲ ਧਨ ਦਿੱਤਾ ਤਾਂ ਉਨ੍ਹਾਂ ਲੈ ਲਿਆ। ਕਈਆਂ ਦੀਆਂ ਅੱਖਾਂ ਝਪਕੀਆਂ ਤਾਂ ਮੀਆਂ ਮੀਰ ਜੀ ਨੇ ਕਿਹਾ ਸੀ ਬਿਲਾਵਲ ਦਰਿਆ ਵਾਂਗ ਹੈ, ਇਸ ਵਿਚ ਪਾਈ ਹੋਈ ਕਿਸੇ ਚੀਜ਼ ਨਾਲ ਉਹ ਪਲੀਤ ਨਹੀਂ ਹੁੰਦੇ।

ਜਮਾਲ ਜੀ ਬੜੇ ਵਿਦਵਾਨ ਸਨ। ਵਖਿਆਨ ਬਹੁਤ ਸੁਹਣਾ ਕਰਦੇ ਅਤੇ ਔਖੀ ਤੋਂ ਔਖੀ ਗੱਲ ਨੂੰ ਇਤਨੇ ਸਹਿਲੇ ਢੰਗ ਨਾਲ ਸਮਝਾਂਦੇ ਕਿ ਹਰ ਇਕ ਦੇ ਪੱਲੇ ਪੈ ਜਾਂਦੀ।

ਮਾਲ ਵੇਚਣ ਲਈ ਗੁਰੂ ਅਮਰ ਦਾਸ ਜੀ ਦੁਆਬੇ ਤਕ ਵੀ ਚਲੇ ਜਾਂਦੇ। ਫੇਰੀ ਲਗਾਉਂਦੇ ਫਿਰਦੇ ਉੱਚੀ-ਉੱਚੀ ਪ੍ਰਭੂ ਦੇ ਗੀਤ ਗਾਂਦੇ ਜਾਂਦੇ। ਜਿਥੇ ਰਾਤ ਕੱਟਦੇ ਉਥੇ ਸਤਿਸੰਗ ਲਗਾਂਦੇ। ਘਰ ਵਿਚ ਵੀ ਇਕ ਉਚੇਚਾ ਵੱਖਰਾ ਚੁਬਾਰਾ ਬਣਾ ਲਿਆ ਸੀ ਜਿਥੇ ਕਈ ਵਾਰ ਰਾਤ ਭਰ ਭਗਤੀ ਕਰਦੇ।

ਸੰਤਾਨ—ਚਾਲੀ ਸਾਲ ਦੀ ਉਮਰ ਤਕ ਆਪ ਜੀ ਦੇ ਘਰ ਕੋਈ ਸੰਤਾਨ ਨਾ ਹੋਈ। ਲੋਕ-ਭਲਾਈ ਤੇ ਸੇਵਾ ਦੇ ਕੰਮਾਂ ਵਿਚ ਹੀ ਜੁਟੇ ਰਹਿੰਦੇ ਸਨ। ਜਦ ਇਕ ਖੂਹ ਦੀ ਉਸਾਰੀ ਕੀਤੀ ਤਾਂ ਉਸੇ ਸਾਲ ਬੀਬੀ ਦਾਨੀ ਜੀ, ਜਿਨ੍ਹਾਂ ਨੂੰ ਨਿਧਾਨੀ ਵੀ ਕਿਹਾ ਜਾਂਦਾ ਹੈ, ਦਾ ਜਨਮ ਹੋਇਆ। ਫਿਰ ਇਕ ਤਾਲਾਬ ਪਿੰਡ ਦੇ ਸੁਖ ਲਈ ਬਣਾਉਣਾ ਸ਼ੁਰੂ ਕੀਤਾ। ਇਹ ਵੱਡਾ ਕਾਰਜ ਸੀ। ਇਹ ਵੀ ਲਿਖਿਆ ਮਿਲਦਾ ਹੈ ਕਿ ਹਰ ਸਮੇਂ ਦੋ ਮਜ਼ਦੂਰ ਲੱਗੇ ਰਹਿੰਦੇ। ਜਦ ਆਪ ਉਥੇ ਹੁੰਦੇ ਤਾਂ ਵੱਧ ਵੀ ਲਗਾ ਦੇਂਦੇ ਤੇ ਪਿੰਡ ਦੇ ਲੋਕੀਂ ਵੀ ਹੱਥ ਵਟਾਂਦੇ।

*ਅਮਰ ਦਾਸ ਤਹਿ ਤਾਲ ਲਗਾਵਹਿ,*
*ਲੋਗ ਘਨੇ ਤਹਿ ਸੇਵ ਕਮਾਵਹਿ।੧।*

ਇਸੇ ਦੌਰਾਨ ਬਾਬਾ ਮੋਹਣ ਜੀ ਤੇ ਬਾਬਾ ਮੋਹਰੀ ਜੀ ਦਾ ਜਨਮ ਹੋਇਆ। ਬੀਬੀ ਭਾਨੀ ਜੀ, ਜਿਨ੍ਹਾਂ ਨੂੰ ਸਾਡੇ ਇਤਿਹਾਸ ਵਿਚ ਲਾਡਲੀ, ਮੋਹਨੀ ਕਰਕੇ ਵੀ ਲਿਖਿਆ ਹੈ, ਦਾ ਜਨਮ ੧੫੩੪ ਈ: (ਮੱਘਰ ੨੧, ੧੫੯੧) ਨੂੰ ਹੋਇਆ ਸੀ। ਇਹ ਵੀ ਚੇਤੇ ਰਹੇ ਕਿ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਦਾ ਜਨਮ ਵੀ ਇਸੇ ਸਾਲ *ਸਤੰਬਰ ਦੀ ੨੪* ਨੂੰ ਚੂਨੇ ਮੰਡੀ ਲਾਹੌਰ ਵਿਖੇ ਭਾਈ ਹਰਿਦਾਸ ਜੀ ਦੇ ਘਰ ਹੋਇਆ ਸੀ। ਉਨ੍ਹਾਂ ਦੇ ਨਾਨਕੇ ਬਾਸਰਕੇ ਹੀ ਸਨ। ਜਦ ਮਾਤਾ ਪਿਤਾ ਛੋਟੀ ਉਮਰੇ ਹੀ ਗੁਜ਼ਰ

1. ਤਵਾਰੀਖ਼ ਗੁਰੂ ਖ਼ਾਲਸਾ, ਹਿੱਸਾ ਪਹਿਲਾ, ਪੰਨਾ ੩੩੦

ਗਏ[1] ਤਾਂ ਨਾਨੀ ਆਪਣੇ ਪਿੰਡ ਬਾਸਰਕੇ ਲੈ ਆਈ ਸੀ। ਇਥੇ ਹੀ, ਜਿਥੇ ਤਾਲਾਬ ਦੀ ਉਸਾਰੀ ਹੋ ਰਹੀ ਸੀ, ਭਾਈ ਜੇਠਾ ਜੀ ਘੁੰਙਨੀਆਂ ਦਾ ਥਾਲ ਵੇਚਣ ਆਇਆ ਕਰਦੇ ਸਨ[2] ਅਤੇ ਇਕ ਵਾਰੀ ਗੁਰੂ ਅਮਰ ਦਾਸ ਜੀ ਨੇ ਡਿੱਠਾ ਸੀ ਕਿ ਸਾਰਾ ਥਾਲ ਵੇਚਣ ਦੀ ਥਾਵੇਂ ਤਾਲਾਬ ਵਿਚੋਂ ਨਹਾ ਕੇ ਨਿਕਲੇ ਸਾਧੂਆਂ ਨੂੰ ਖਵਾ ਦਿੱਤਾ ਸੀ। ਸੋ ਇਹ ਸਾਂਝਾਂ ਪੁਰਾਣੀਆਂ ਸਨ ਪਰ ਉਘੜੀਆਂ ਗੋਇੰਦਵਾਲ ਆ ਕੇ। ਗੋਇੰਦਵਾਲ ਦੀ ਉਸਾਰੀ ਵੇਲੇ ਭਾਈ ਜੇਠਾ ਜੀ ਸੰਗਤ ਨਾਲ ਪਿੰਡ ਹੀ ਆ ਟਿਕੇ ਸਨ।

**ਤੀਰਥਾਂ ਦੀ ਯਾਤਰਾ ਦਾ ਸੰਕਲਪ**—ਜਦ ਇਸ ਤਰ੍ਹਾਂ ਜੀਵਨ ਨਿਰਬਾਹ ਕਰਦੇ ਪੰਜਾਹ ਕੁ ਸਾਲ ਗੁਜ਼ਰ ਗਏ ਤਾਂ ਇਕ ਦਿਨ ਖ਼ਿਆਲ ਉਪਜਿਆ ਕਿ ਜੀਵਨ ਅਜਾਈਂ ਜਾ ਰਿਹਾ ਹੈ। ਮੌਤ ਸਿਰ 'ਤੇ ਗੱਜਣ ਵਾਲੀ ਹੈ। ਦੁਨਿਆਵੀ ਧੰਦਿਆਂ ਵਿਚ ਪਏ ਰਹਿਣਾ ਕਿਥੋਂ ਦੀ ਸਿਆਣਪ ਹੈ ? ਪਰਲੋਕ ਵੀ ਸੁਆਰਨਾ ਲੋੜੀਂਦਾ ਹੈ। ਇਹਨਾਂ ਹੀ ਸੋਚਾਂ ਵਿਚ ਮਨ ਪੱਕਾ ਕੀਤਾ ਕਿ ਹੁਣ ਤੀਰਥਾਂ 'ਤੇ ਜਾ ਕੇ ਤੱਪ ਕਰਨ ਦਾ ਸਮਾਂ ਹੈ। 'ਤੀਰਥਾਂ ਕੀ ਤਪਸਾਂ ਕਰਹਿ ਅਬ ਸਮੋ ਹਮਾਰਾ।' ਇਹ ਪ੍ਰਣ ਧਾਰਿਆ ਕਿ 'ਹਰ ਛੇ ਮਹੀਨੇ ਬਾਅਦ ਪੈਦਲ ਗੰਗਾ ਇਸ਼ਨਾਨ ਕਰਨ ਹਰਿਦੁਆਰ ਜਾਵਾਂਗਾ।' ਕਿਸੇ ਸੰਸਾਰਕ ਇੱਛਾ ਲਈ ਨਹੀਂ ਕੇਵਲ ਪ੍ਰਭੂ ਦਰਸ਼ਨ ਦੀ ਲੋਚਾ ਲਈ।

*"ਗੰਗਾ ਸੇਵਨ ਬ੍ਰਤ ਮਨ ਕਰਾ।*
*ਬਰਖ ਮਾਹ ਜਾਤਰਾ ਦੁਇ ਧਰਾ।"*[3]

ਇਹ ਹੀ ਠੀਕ ਜੱਚਦਾ ਹੈ ਕਿ ਹਰ ਸਾਲ ਦੋ ਵਾਰੀ ਹਰਿਦੁਆਰ ਜਾਂਦੇ ਸਨ ਕਿਉਂਕਿ ੬੨ ਸਾਲ ਦੀ ਉਮਰੇ ਤਾਂ ਗੁਰੂ ਅੰਗਦ ਦੇਵ ਜੀ ਕੋਲ ਆ ਗਏ ਸਨ ਅਤੇ ੪੦ ਸਾਲ ਭਰ ਜਵਾਨੀ ਦੀ ਉਮਰ ਇਹ ਸੋਚ ਫੁਰਨੀ ਕਿ ਪਰਲੋਕ ਸਵਾਰੀਏ ਠੀਕ ਨਹੀਂ ਲੱਗਦਾ। ਫਿਰ ਨਿਸ਼ਕਾਮ[4] ਤੇ ਪੈਦਲ ਜਾਣ ਦਾ ਇਸ਼ਾਰਾ ਵੀ ਮਹਿਮਾ ਪ੍ਰਕਾਸ਼ ਨੇ ਕੀਤਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਦੁਨਿਆਵੀ ਤੌਰ 'ਤੇ ਉਹ ਸੰਤੁਸ਼ਟ ਸਨ, ਸੌਖੇ ਸਨ। ਤਾਲਾਬ ਦੀ ਖੁਦਵਾਈ ਉਨ੍ਹਾਂ ਤੀਰਥਾਂ 'ਤੇ ਜਾਣ ਤੋਂ ਬਾਅਦ ਹੀ ਆਰੰਭ ਕੀਤੀ ਸੀ।

● ● ●

---

1. ਦੋ ਸਾਲ ਦੇ ਸਨ ਤਾਂ ਮਾਤਾ ਜੀ ਗੁਜ਼ਰ ਗਏ ਅਤੇ ਸੱਤ ਸਾਲ ਦੇ ਹੋਏ ਸਨ ਕਿ ਪਿਤਾ ਜੀ ਚੜ੍ਹਾਈ ਕਰ ਗਏ।
2. ਰਾਮਦਾਸ ਤਿਹ ਜਾਇ ਹਮੇਸੈਂ।
   ਘੁੰਗਨੀ ਚਨੇ ਪਕੌੜੇ ਬੇਸੈਂ।
   (ਪੰਥ ਪ੍ਰਕਾਸ਼, ਪੰਨਾ ੬੧੩)
3. ਮਹਿਮਾ ਪ੍ਰਕਾਸ਼
4. ਨਿਹਕਾਮ ਚਰਨ ਚਲ ਗੰਗਾ ਜਾਵੈਂ।

## ੨

# ਤੜਪ

**ਵੈਸਾਖ ਤੇ ਕਤਕ ਗੰਗਾ**—ਹਰ ਛੇਵੇਂ ਮਹੀਨੇ ਗੰਗਾ ਜਾਣ ਦਾ ਪ੍ਰਣ ਧਾਰਨ ਕਰ ਕੇ (ਗੁਰੂ) ਅਮਰ ਦਾਸ ਜੀ ਨੇ ਯਾਤਰਾ ਆਰੰਭ ਦਿੱਤੀ। ਚੇਤ ਨੂੰ ਟੁਰਦੇ ਤੇ ਵਿਸਾਖੀ ਵਾਲੇ ਦਿਨ ਇਸ਼ਨਾਨ ਕਰ ਕੇ ਵਾਪਸ ਮੁੜਦੇ। ਫਿਰ ਅੱਸੂ ਨੂੰ ਟੁਰ ਕੇ ਕੱਤਕ ਦੀ ਪੂਰਨਮਾਸ਼ੀ ਨੂੰ ਵਾਪਸ ਮੁੜਦੇ। ਟਿਕਾਣਾ ਰਿਸ਼ੀਕੇਸ਼ ਰੱਖਦੇ। ਇਸ਼ਨਾਨ ਕਰਦੇ ਤੇ ਕਈ ਵਾਰੀ ਦੋ-ਦੋ ਸੌ ਪ੍ਰਾਣੀਆਂ ਨੂੰ ਉਥੇ ਭੋਜਨ ਕਰਾਂਦੇ। ਲੋੜਵੰਦਾਂ ਨੂੰ ਬਸਤਰ ਵੰਡਦੇ। ਇਕ ਵਾਰ ਤਾਂ ਦਸ ਗਊਆਂ ਵੀ ਦਾਨ ਕੀਤੀਆਂ। ਉਥੇ ਹਰਿਦੁਆਰ ਵੀ ਇਕਾਂਤ ਵਿਚ ਬੈਠੇ ਜਾਪ ਕਰਦੇ ਰਹਿੰਦੇ। 'ਗੰਗਾ ਤਪ ਤਾਪੇ।' ਇਹ ਸਭ ਦਰਸਾਂਦਾ ਹੈ ਕਿ ਜੋ ਕਮਾਂਦੇ, ਉਹ ਲੋੜਵੰਦਾਂ ਨੂੰ ਵੰਡ ਦੇਂਦੇ ਤੇ ਸੁਭਾਅ ਇਤਨਾ ਖੁਲ੍ਹ-ਦਿਲਾ ਸੀ ਕਿ ਕਿਸੇ ਚੀਜ਼ ਦੀ ਪਕੜ ਨਹੀਂ ਸੀ।

**ਬਾਬਾ ਤੇਜ ਭਾਨ ਜੀ ਦਾ ਅਕਾਲ ਚਲਾਣਾ ਅਤੇ ਇਕ ਉਦਾਸੀ ਦਾ ਮੇਲ**—ਬਾਬਾ ਤੇਜ ਭਾਨ ਜੀ ਅਕਤੂਬਰ, ਸੰਨ ੧੫੩੩ [1] ਨੂੰ ਅਕਾਲ ਚਲਾਣਾ ਕਰ ਗਏ। ਅਸਥੀਆਂ ਲੈ ਕੇ ਬਾਬਾ ਅਮਰ ਦਾਸ ਜੀ ਆਪੂੰ ਹਰਿਦੁਆਰ ਨੂੰ ਗਏ। ਭਾਵੇਂ ਹਰ•ਸਾਲ ਦੋ ਵਾਰੀ ਗੰਗਾ ਜਾਂਦੇ ਸਨ ਪਰ ਤੜਪ ਉਸੇ ਤਰ੍ਹਾਂ ਬਣੀ ਹੋਈ ਸੀ। ਜੁਗਤ ਜ਼ਰੂਰ ਸ਼ਾਸਤ੍ਰਾਂ ਦੀ ਕਰਦੇ ਸਨ ਪਰ 'ਜਗਿਆਸਾ ਸਾਈਂ ਦੀ' ਸਗੋਂ ਹੋਰ ਵਧ ਰਹੀ ਸੀ।

ਅਸਥੀਆਂ ਪ੍ਰਵਾਹ ਕੇ ਮੁੜਦੇ ਪਏ ਸਨ ਕਿ ਰਾਹ ਵਿਚ ਇਕ ਸਾਧੂ ਫ਼ਕੀਰ ਮਿਲਿਆ ਜਿਸ ਦਾ ਨਾਮ ਬੰਸਾਵਲੀਨਾਮੇ ਨੇ ਹਰੀ ਲਿਖਿਆ ਹੈ ਜੋ ਬਾਬਾ ਸ੍ਰੀ ਚੰਦ ਜੀ ਨੂੰ ਆਪਣਾ ਪੀਰ ਗੁਰੂ ਕਹਿੰਦਾ ਸੀ। ਹਰੀ ਜੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਦਾ ਪੜ੍ਹਦੇ ਰਹਿੰਦੇ ਸਨ। ਦ੍ਰਵੇ ਹੋਏ ਮਨ ਨੇ ਜਦ ਬਾਣੀ ਸੁਣੀ ਤਾਂ ਅਮਰ ਦਾਸ ਜੀ ਦੀ ਸੁੱਧ ਬੁੱਧ ਭੁੱਲ ਗਈ। ਉਸ ਵੇਲੇ ਮਨ ਚਾਹ ਉੱਠੀ ਕਿ ਜਿਸ ਦੀ ਬਾਣੀ ਹੈ, ਉਸ ਦੇ ਦਰਸ਼ਨ ਜਾ ਕੇ ਕਰੀਏ। ਉਸ ਸਮੇਂ ਗੁਰੂ ਨਾਨਕ ਦੇਵ ਜੀ ਦਾ ਪਹਿਰਾ ਸੀ। ਪਰ ਜਦ ਘਰ ਪੁੱਜੇ ਤਾਂ ਇੰਜ ਹੋਇਆ ਕਿ ਪਿਤਾ ਜੀ ਦੇ ਅਕਾਲ ਚਲਾਣੇ ਕਰਕੇ ਵੰਡ-ਵੰਡਾ ਕਰਨਾ ਪਿਆ।

---

1. ਮਹੀਨਾ ਕੱਤਕ ਦਾ ਜਬ ਆਇਆ,
   ਬਾਬਾ ਤੇਜੋ ਤਬੇ ਸਵਰਗ ਸਿਧਾਇਆ।

ਐਸੇ ਗ੍ਰਿਹਿਸਤ ਵਿਚ ਖੁੱਭੇ ਕਿ ਕਰਤਾਰਪੁਰ ਨਾ ਜਾਣ ਹੋਇਆ ਤੇ ਫਿਰ ਉਹ ਹੀ ਗੰਗਾ ਇਸ਼ਨਾਨ ਦਾ ਚੱਕਰ ਕਾਇਮ ਰੱਖਿਆ। ਬੰਸਾਵਲੀਨਾਮੇ ਦੇ ਸ਼ਬਦ ਹਨ :

*ਮਾਰਗ ਵਿਚਿ ਇਕ ਮਿਲਿਆ ਫਕੀਰ।*
*ਹਰੀ ਨਾਮ ਜਿਸ ਦਾ ਸ੍ਰੀ ਚੰਦ ਸਾਹਿਬ ਗੁਰ ਪੀਰ।*
*ਸੋ ਬਾਬੇ ਨਾਨਕ ਜੀ ਦੀ ਪੜ੍ਹੇ ਬਾਣੀ।*
*ਅਮਰ ਦਾਸ ਜੀ ਦੀ ਸੁਣ ਕੇ ਬੁਧਿ ਵਿਕਾਣੀ। ੧੪।*
*ਉਠੀ ਚਾਹ ਜੋ ਕਰੀਏ ਉਸ ਪੁਰਸ਼ ਦਾ ਦਿਦਾਰ।*
*ਜਿਸ ਕੀਤਾ ਹੈ ਇਸ ਬਾਣੀ ਦਾ ਉਚਾਰ।*
*ਡੇਰੇ ਵਿਚ ਆਏ ਪਰ ਗ੍ਰਸਤ ਵਿਚ ਗਲਤਾਨ।*
*ਗ੍ਰਸਤ ਵਿਚਿ ਨਿਕਲਣਾ ਅਉਖਾ ਜਾਨ॥ ੧੫॥*[1]

ਅੱਡ ਰਹਿਣ ਤੇ ਘਰ ਵੱਖ ਹੋਣ ਦਾ ਸੰਕੇਤ ਵੀ ਬੰਸਾਵਲੀਨਾਮੇ ਵਾਲੇ ਹੀ ਦਿੱਤਾ ਹੈ। ਜਦ ਪਿੱਛੋਂ ਬ੍ਰਹਮਚਾਰੀ ਨੇ ਬੋਲ ਦੀ ਸੱਟ ਮਾਰੀ ਕਿ 'ਜਨਮ ਗਿਆ ਨਿਗੁਰੇ ਕਾ ਸਾਥ ਕੀਆ' ਤਾਂ ਸਾਰੀ ਰਾਤ ਤੜਪਦੇ ਗੁਜ਼ਾਰੀ ਸੀ। ਪ੍ਰਭਾਤ ਵੇਲੇ ਜਦ ਬੀਬੀ ਅਮਰੋ ਜੀ ਦੇ ਬਾਣੀ ਪੜ੍ਹਨ ਦੀ ਆਵਾਜ਼ ਕੰਨੀਂ ਪਈ ਤਾਂ ਦੀਵਾਰ ਲਾਗੇ ਆ ਕੇ ਸੁਣਦੇ ਰਹੇ। ਇਹ ਕਈ ਦਿਨ ਹੁੰਦਾ ਰਿਹਾ। ਬੀਬੀ ਅਮਰੋ ਜੀ ਖਡੂਰ ਸਾਹਿਬ ਨੂੰ ਟੁਰ ਗਏ। ਪਿੱਛੋਂ ਪਿੰਡ ਦੇ ਲੋਕੀਂ ਗੱਲਾਂ ਕਰਨ ਲੱਗੇ ਕਿ ਇਹ 'ਅਮਰੂ ਬੀਬੀ ਅਮਰੋ ਦੇ ਘਰ ਦੀ ਦੀਵਾਰ ਨਾਲ ਪ੍ਰਭਾਤ ਵੇਲੇ ਛੁੱਪ-ਛੁੱਪ ਕੇ ਕੀ ਕਰਦਾ ਹੈ ?' ਪਿੰਡ ਵਿਚ ਗੱਲ ਚਲਦੀ-ਚਲਦੀ ਭਾਬੀ ਭਾਗੋ ਤਕ ਪੁੱਜੀ ਤਾਂ ਉਨ੍ਹਾਂ ਵੀ ਕਿਹਾ ਸੀ :

*'ਅਮਰਾ ਅਸਾਡੇ ਘਰ ਦੇ ਕੋਣੇ ਹੈ ਲਗਦਾ ਫਿਰਦਾ।*
*ਸਹੀ ਨਹੀਂ ਹੁੰਦਾ ਉਸ ਦਾ ਕੀ ਪ੍ਰੋਜਨ ਹੈ ਜਿਗਰ ਦਾ।'*

ਇਹ ਸੁਣ ਕੇ (ਗੁਰੂ) ਅਮਰ ਦਾਸ ਜੀ ਆਪੂੰ ਭਾਬੀ ਪਾਸ ਗਏ ਤੇ ਕਿਹਾ ਕਿ ਬੀਬੀ ਜੋ ਪ੍ਰਭਾਤੇ ਪੜ੍ਹਦੇ ਹਨ :

*ਮੈਨੂੰ ਉਹ ਬਚਨ ਸੁਣਨ ਦੀ ਹੈ ਚਾਹ।*
*ਮੈਂ ਦੂਰਿ ਦੂਰਿ ਸੁਣਦਾ ਹਾਂ ਵਾਹ।*

ਘਰ ਭਾਵੇਂ ਅੱਡ-ਅੱਡ ਹੋ ਗਏ ਸਨ ਪਰ ਖੇਤੀ ਤੇ ਵਣਜ ਅਜੇ ਸਾਂਝੇ ਸਨ।

**ਵੀਹਵੀਂ ਵਾਰ**—ਵੀਹਵੀਂ ਵਾਰ, ਸੰਨ ੧੫੪੧ ਦੇ ਲਗਪਗ ਜਦ ਗੰਗਾ ਇਸ਼ਨਾਨ ਕਰ ਕੇ (ਗੁਰੂ) ਅਮਰ ਦਾਸ ਜੀ ਮੁੜ ਰਹੇ ਸਨ ਤਾਂ ਆਪ ਜੀ ਨੇ ਰਾਤ ਦਾ ਟਿਕਾਣਾ ਮੇਹੜੇ ਪਿੰਡ ਕੀਤਾ ਜੋ ਖਡੂਰ ਸਾਹਿਬ ਤੋਂ ਚਾਰ ਜੋਜਨ (੧੬ ਕੁ ਮੀਲ) ਤੇ ਬਾਸਰਕੇ ਤੋਂ ਚਾਲ੍ਹੀ ਕੁ ਮੀਲ ਸੀ। ਉਸ ਟਿਕਾਣੇ ਦੀ ਦੇਖ ਰੇਖ ਇਕ ਦੁਰਗਾ ਨਾਮ ਦਾ ਪੰਡਤ ਕਰਦਾ ਸੀ ਜੋ ਹਸਤ ਤੇ ਚਰਨ ਰੇਖਾਵਾਂ ਦਾ ਚੰਗਾ ਜਾਣੂ ਸੀ। ਦੁਪਹਿਰ ਦਾ ਆਰਾਮ ਆਪ ਜੀ ਨੇ ਉਥੇ ਹੀ ਕੀਤਾ। ਆਰਾਮ ਪਏ ਕਰਦੇ ਸਨ ਕਿ ਪੰਡਤ ਦੀ ਨਜ਼ਰ ਮਹਾਰਾਜ

---

1. ਚਰਣ ਤੀਜਾ, ਬ੍ਰਿਤਾਂਤ ਗੁਰੂ ਅਮਰ ਦਾਸ ਜੀ

ਦੇ ਪੈਰਾਂ 'ਤੇ ਪਈ ਅਤੇ ਸੱਜੇ ਪੈਰ ਨੂੰ ਗਹੁ ਨਾਲ ਦੇਖਿਆ ਤਾਂ ਪਦਮ ਰੇਖਾ ਨਜ਼ਰ ਆਈ। "ਸੁੰਦਰ ਪਦ ਅਰਬਿੰਦ ਨਿਹਾਰਾ।" ਸੱਜੇ ਹੱਥ ਵਿਚ ਹੋਰ ਪਦਮ ਦਾ ਇਸ਼ਾਰਾ ਭੱਟ ਸਲ੍ਹ ਜੀ ਨੇ ਕੀਤਾ ਹੈ। ਪੰਡਤ ਜਾਣ ਗਿਆ ਕਿ ਇਹ ਕੋਈ ਚਕ੍ਰਵਰਤੀ ਰਾਜਾ ਜਾਂ ਰੱਬੀ ਅਵਤਾਰ ਹੈ। ਜਦ ਆਰਾਮ ਕਰ ਕੇ ਘਰ ਵਲ ਮੁੜਨ ਲੱਗੇ ਤਾਂ ਮਹਾਰਾਜ ਨੇ ਕੁਝ ਰਕਮ ਦੇਣੀ ਚਾਹੀ ਤਾਂ ਪੰਡਤ ਨੇ ਕਿਹਾ :—

*ਅਬ ਨਹੀਂ ਕਛੁ ਲੇਹੁ, ਬਚਨ ਮੁਹਿ ਦੇਵੋ।*
*ਜਦ ਬਿਭੋ[1] ਹੋਇ, ਮਾਂਗ ਸੋ ਲੇਵੋ।*

(ਮਹਿਮਾ ਪ੍ਰਕਾਸ਼)

ਬਾਬਾ ਅਮਰ ਦਾਸ ਨੇ ਕੇਵਲ ਮੁਸਕਰਾ ਦਿੱਤਾ। ਜਿਸ ਦਾ ਭਾਵ ਸੀ : 'ਜਿਵੇਂ ਉਸ ਦੀ ਇੱਛਾ'।

**ਬੋਲੀ ਦੀ ਸੱਟ**—ਇਸ ਵੀਹਵੀਂ ਵਾਰੀ ਹਰਿਦੁਆਰ ਤੋਂ ਮੁੜਦੇ ਹੋਏ ਇਕ ਬ੍ਰਹਮਚਾਰੀ ਸੰਗੀ ਬਣ ਗਿਆ। ਉਹ ਆਪ ਜੀ ਦੇ ਸ਼ਾਂਤ ਚਿਤ ਧੀਰਜੀ ਸੁਭਾਅ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਨਾਲ ਹੀ ਹੋ ਟੁਰਿਆ। ਹਰੀ ਚਰਚਾ ਸਾਰੇ ਰਾਹ ਹੁੰਦੀ ਰਹੀ। ਆਪਣੇ ਨਾਲ ਹੀ ਘਰ ਬ੍ਰਹਮਚਾਰੀ ਨੂੰ ਬਾਬਾ ਅਮਰ ਦਾਸ ਜੀ ਲੈ ਆਏ :

*'ਘਰ ਆਪਨੇ ਸ੍ਰੀ ਅਮਰ ਜੁ ਆਨਯੋ ਬ੍ਰਹਮਚਾਰੀ।'*

ਆਪਣੇ ਬਣੇ ਸੁਭਾਅ ਅਨੁਸਾਰ ਬ੍ਰਹਮਚਾਰੀ ਦੀ ਖ਼ੂਬ ਸੇਵਾ ਕੀਤੀ। ਉਸ ਨੂੰ ਉਸ ਨਿਵੇਕਲੇ ਕਮਰੇ ਵਿਚ ਠਹਿਰਾਇਆ ਜਿਥੇ ਜਪ ਤਪ ਕਰਦੇ ਸਨ। ਬ੍ਰਹਮਚਾਰੀ ਇਨ੍ਹਾਂ ਦੀ ਰਹਿਣੀ-ਬਹਿਣੀ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਪੁੱਛ ਬੈਠਾ ਕਿ ਆਪ ਜੀ ਦਾ ਗੁਰੂ ਕੌਣ ਹੈ, ਤੁਸੀਂ ਕਿਸ ਦੇ ਚੇਲੇ ਹੋ? ਬਾਬਾ ਅਮਰ ਦਾਸ ਜੀ ਨੇ ਕਿਹਾ :

*'ਮੈਂ ਅਬ ਲਗ ਗੁਰ ਖੋਜਤ ਰਹਾ।'*[2]

ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ ਇਹ ਬਚਨ ਕਹੇ :

*ਖੋਜ ਰਹਯੋ ਅਭਿਲਾਖ ਮੋ ਕੋ ਦ੍ਰਿਸ਼ਟ ਨ ਆਯੋ।*

ਫਿਰ ਠਰ੍ਹੰਮੇ ਨਾਲ ਕਿਹਾ ਕਿ ਸੂਰਜ ਦੇ ਉਦੈ ਹੋਣ ਤੋਂ ਬਿਨਾਂ ਕਿਸ ਤਰ੍ਹਾਂ ਕੰਵਲ ਖਿੜ ਸਕਦਾ ਹੈ। ਉਹ ਮਨ ਦਸ਼ਾ ਪਏ ਦੱਸਦੇ ਸਨ ਕਿ ਬ੍ਰਹਮਚਾਰੀ ਉੱਚੀ-ਉੱਚੀ 'ਨਿਗੁਰੇ ਕਾ ਸੰਗ, ਜਨਮ ਗਿਆ ਤੇਰਾ, ਕਿਸ ਕਾ ਸੰਗ ਕੀਆ ਰੇ ਮਨ ਮੂਰਖ' ਬੋਲਦਾ ਹੇਠਾਂ ਉੱਤਰ ਆਇਆ। ਬਾਬਾ ਅਮਰ ਦਾਸ ਜੀ ਬੁਲਾਂਦੇ ਹੀ ਰਹੇ। ਉਹ ਇਹ ਹੀ ਕਹੀ ਜਾਵੇ :

"ਮਮ ਤੀਰਥ ਬ੍ਰਤ ਬ੍ਰਿਥਾ ਭਏ ਕੀਓ ਜੁ ਤੁਮ ਸੋ ਖਾਨ।' ਬ੍ਰਹਮਚਾਰੀ ਤਾਂ ਇਹ ਕਹਿ ਕੇ ਟੁਰ ਗਿਆ ਕਿ 'ਤੁਮ ਬਿਨ-ਗੁਰ ਬ੍ਰਿਥਾ ਸੰਗ ਤੁਮ ਕੀਆ' ਪਰ ਇਧਰ 'ਸਾਹਿਬ ਮਨ ਚਿੰਤਾ ਭਈ। ਤਨ ਮਨ ਕੀ ਕੁਛ ਸੁਧ ਨਹੀਂ ਰਹੀ।' ਇਸੇ ਸੋਚ ਵਿਚ ਦਿਨ ਰਾਤ ਗੁਜ਼ਰਨ ਲੱਗੇ ਕਿ ਗੁਰੂ ਬਿਨਾਂ ਕੀ ਮੁਕਤੀ ਨਹੀਂ ਹੋ ਸਕਦੀ ? ਜੇ ਗੁਰੂ ਦੀ ਇਤਨੀ

---

1. ਜਦੋਂ ਦਿਲ ਹੋਇਆ
2. ਮਹਿਮਾ ਪ੍ਰਕਾਸ਼, ਸਾਖੀ ੬, (ਪਾਤਸ਼ਾਹੀ ੨)

ਲੋੜ ਹੈ ਤਾਂ ਉਹ ਐਸਾ ਗੁਰੂ ਕਿਹੜਾ ਹੈ ਜਿਸ ਦੇ ਮਿਲਦਿਆਂ ਹੀ ਹਿਰਦਾ ਸ਼ਾਂਤ ਹੋ ਜਾਵੇ। ਤਨ ਮਨ ਦੀ ਤ੍ਰਿਖਾ ਮਿਟ ਜਾਵੇ। ਕੀ ਗੰਗਾ ਇਸ਼ਨਾਨ ਬਰਤ, ਪੂਜਾ, ਨੇਮ, ਸੇਵਾ, ਦਾਨ ਸਭ ਵਿਅਰਥ ਕੀਤੇ। ਫਿਰ ਅਰਦਾਸ ਵਿਚ ਜੁੜ ਜਾਂਦੇ ਕਿ ਸਹਾਇਤਾ ਕਰੋ ਤੇ ਉਹ ਗੁਰੂ ਮਿਲਾਓ ਜਿਸ ਨਾਲ ਮਨ ਠਹਿਰੇ। ਇੰਜ ਪ੍ਰਤੀਤ ਹੁੰਦਾ ਹੈ ਕਿ ਬ੍ਰਹਮਚਾਰੀ ਬੋਲੀ ਬਹੁਤ ਸਖ਼ਤ ਮਾਰ ਗਿਆ ਸੀ।

**ਸ਼ਬਦ ਦੀ ਚੋਟ**—ਬੋਲੀ ਦੀ ਸੱਟ ਕਰਾਰੀ ਸੀ ਪਰ ਸ਼ਬਦ ਦੀ ਚੋਟ ਹੁਣ ਪੈਣ ਵਾਲੀ ਸੀ। ਇਨ੍ਹਾਂ ਸੋਚਾਂ ਵਿਚ ਹੀ ਕਈ ਰਾਤਾਂ ਗੁਜ਼ਰ ਗਈਆਂ। ਪ੍ਰਭਾਤ ਵੇਲੇ ਜਦ ਭਰਾ ਮਾਣਕ ਚੰਦ ਦੇ ਘਰੋਂ ਮਿੱਠੀ-ਮਿੱਠੀ ਬਾਣੀ ਦੀ ਆਵਾਜ਼ ਪੈਂਦੀ ਤਾਂ ਉੱਠ ਖਲੋਂਦੇ ਤੇ ਦੀਵਾਰ ਨਾਲ ਲੱਗ ਕੇ ਦਿਨ ਚੜ੍ਹਦੇ ਤਕ ਸੁਣਦੇ ਰਹਿੰਦੇ। ਬੰਸਾਵਲੀਨਾਮੇ ਦੇ ਕਹਿਣ ਅਨੁਸਾਰ :

*ਏਹ ਚਰਚਾ ਬਹੁਤ ਨਗਰ ਵਿਚਿ ਹੋਈ।*
*ਚੰਗੀ ਮੰਦੀ ਆਖੇ ਸੁਣੇ ਜੋ ਕੋਈ।*

ਇਕ ਦਿਨ ਜਦ ਬਾਣੀ ਸੁਣਨ ਆਏ ਤਾਂ ਸੁਵੇਲੇ ਹੀ ਬੀਬੀ ਅਮਰੋ ਜੀ ਪੇਕੇ ਚਲੇ ਗਏ ਸਨ। ਬਾਣੀ ਦੀ ਖਿੱਚ ਇਤਨੀ ਅੰਦਰ ਸੀ ਕਿ ਘਰ ਜਾ ਕੇ ਭਾਬੀ ਭਾਗੋ ਨੂੰ ਕਹਿਣ ਲੱਗੇ ਕਿ ਅੱਜ ਉਹ ਬਾਣੀ ਨਹੀਂ ਸੁਣੀ :

*ਮੈਨੂੰ ਉਹ ਬਚਨ ਦੀ ਸੁਣਨ ਦੀ ਹੈ ਚਾਹ।*
*ਮੈਂ ਦੂਰਿ ਦੂਰਿ ਸੁਣਦਾ ਹਾਂ ਵਾਹ।*

ਭਾਬੀ ਭਾਗੋ ਜੀ ਨੇ ਕਿਹਾ ਬੀਬੀ ਅਮਰੋ ਤਾਂ ਪੇਕੇ ਆਪਣੇ ਪਿਤਾ ਕੋਲ ਗਈ ਹੈ ਅਤੇ ਤੈਨੂੰ ਉਹ ਬਾਣੀ ਸੁਣਨ ਦੀ ਖ਼ਾਹਿਸ਼ ਹੈ :

*ਤਾਂ ਇਸ ਦੇ ਪਿਤ. ਪਾਸ ਤੂੰ ਜਾਹ।*
*ਉਥੇ ਸੁਣ, ਭਾਵੇਂ ਸਿਖ, ਜੇ ਤੈਨੂੰ ਹੈ ਚਾਹ।*

(ਗੁਰੂ) ਅਮਰ ਦਾਸ ਜੀ ਨੇ ਕਿਹਾ ਕਿ ਜਦ ਨੂੰਹ ਆਵੇ ਤਾਂ ਉਨ੍ਹਾਂ ਨੂੰ ਕਹਿਣਾ ਕਿ ਮੈਨੂੰ ਉਥੇ ਲੈ ਜਾਣ, ਇਹ ਮੇਰੇ 'ਤੇ ਬਹੁਤ ਬੜਾ ਅਹਿਸਾਨ ਹੋਵੇਗਾ :

*ਏਹੁ ਮੇਰੇ ਨਾਲ ਤੁਸੀਂ ਕਰੋ ਇਹਸਾਨ।*
*ਜਦ ਪੇਕੇ ਨੂੰ ਸਿੱਧ ਕਰਨ ਤਾਂ ਮੈਨੂੰ ਸੰਗ ਲੈ ਜਾਨ। ੬।*

ਭਾਬੀ ਨੇ ਕਿਹਾ ਕਿ ਨੂੰਹ ਹੁਣੇ ਹੀ ਪੇਕੇ ਗਈ ਹੈ ਜਦ ਫਿਰ ਗਈ ਤਾਂ ਨਾਲ ਲੈ ਜਾਣ ਲਈ ਆਖਾਂਗੀ :

*"ਭਾਗੋ ਕਹਿਆ, ਹੁਣ ਤਾਂ ਉਹ ਪੇਕੇ ਹੈ ਗਈ।*
*ਫੇਰ ਜਾਇ ਤਾਂ ਤੈਨੂੰ ਸੰਗ ਜਾਸੀ ਲਈ।"*[1]

ਕੁਝ ਦਿਨਾਂ ਬਾਅਦ ਬੀਬੀ ਅਮਰੋ ਜੀ ਖਡੂਰ ਸਾਹਿਬ ਤੋਂ ਮੁੜ ਆਏ। ਅੰਮ੍ਰਿਤ ਵੇਲੇ ਜਦ ਫਿਰ ਉਨ੍ਹਾਂ ਬਾਣੀ ਪੜ੍ਹੀ ਤਾਂ ਬਾਬਾ ਅਮਰ ਦਾਸ ਜੀ ਅਭੜਵਾਹੇ ਉਠ ਕੇ ਉਥੇ ਹੀ ਆ ਪੁੱਜੇ ਜਿਥੇ ਬੀਬੀ ਜੀ ਦਹੀਂ ਪਏ ਰਿੜਕਦੇ ਸਨ। ਸਿੱਖ ਇਤਿਹਾਸ ਦਾ ਕਹਿਣਾ

1. ਬੰਸਾਵਲੀਨਾਮਾ, ਚਰਣ ਦੂਜਾ

ਹੈ ਕਿ ਉਸ ਦਿਨ ਬੀਬੀ ਅਮਰੋ ਜੀ ਮਾਰੂ ਮਹਲਾ ਪਹਲਾ ਦਾ, 'ਕਰਣੀ ਕਾਗਦ ਮਨ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ', ਵਾਲਾ ਸ਼ਬਦ ਪੜ੍ਹ ਰਹੇ ਸਨ। ਉਸ ਸ਼ਬਦ ਵਿਚ ਜੋ ਮਨ ਦੀ ਦਸ਼ਾ ਦਰਸਾਈ ਗਈ ਸੀ ਉਹ ਇਨ ਬਿਨ ਬਾਬਾ ਅਮਰ ਦਾਸ ਜੀ ਦੀ ਸੀ। ਸ਼ਬਦ ਦਾ ਭਾਵ ਹੈ : 'ਦਿਨ ਤੇ ਰਾਤ ਜਾਲ ਹਨ। ਉਡਾਰੂ ਮਨੁੱਖ! ਜਿੰਨੀਆਂ ਘੜੀਆਂ ਲੰਘ ਰਹੀਆਂ ਹਨ, ਇਹ ਤੂੰ ਵਿਅਰਥ ਗਵਾ ਰਹਿਆ ਹੈਂ। ਕਦੇ ਸੋਚਿਆ ਹਈ ਕਿ ਇਨ੍ਹਾਂ ਕਰੜੇ ਜਾਲਾਂ ਵਿਚੋਂ ਨਿਕਲੇਗਾ ਕਿਵੇਂ? ਸਾਡੇ ਅਮਲਾਂ ਦੇ ਕਾਗ਼ਜ਼ ਤੇ ਦੋ ਤਰ੍ਹਾਂ ਦੇ ਲੇਖ ਹਨ, ਭਲੇ ਅਤੇ ਬੁਰੇ। ਜਿਹੜੇ ਲੇਖ ਬਹੁਤ ਹੁੰਦੇ ਹਨ, ਮਨੁੱਖ ਉਸੇ ਪਾਸੇ ਵੱਲ ਟੁਰਿਆ ਜਾ ਰਿਹਾ ਹੈ। ਓ ਮਨ! ਤੂੰ ਸੰਸਾਰ 'ਤੇ ਆਇਆ ਤਾਂ ਇਸ ਲਈ ਹੈਂ ਕਿ ਉਸ ਮਾਲਕ ਨੂੰ ਯਾਦ ਕਰੇਂ ਪਰ ਤੂੰ ਉਸ ਦੀਨ ਦੁਨੀ ਦੇ ਮਾਲਕ ਨੂੰ ਵਿਸਾਰ ਬੈਠਾ ਹੈਂ। ਜੀਵਨ ਤਦ ਹੀ ਸਫ਼ਲ ਹੋਵੇਗਾ ਜੇ ਤੂੰ ਉਸ ਨੂੰ ਯਾਦ ਕਰੇਂਗਾ।'

"ਸਰੀਰ ਦੀ ਭੱਠੀ ਵਿਚ ਮਨ ਲੋਹੇ ਨੂੰ, ਸਾੜਨ ਲਈ ਪਾਪਾਂ ਦੇ ਕੋਲਿਆਂ ਦਾ ਢੇਰ ਲੱਗਾ ਹੋਇਆ ਹੈ, ਕਾਮ ਕ੍ਰੋਧ ਤੇ ਲਾਲਚ ਦੀਆਂ ਲਾਟਾਂ ਨਿਕਲ ਰਹੀਆਂ ਹਨ। ਮਨ ਹੁਣ ਸੜ ਚੁੱਕਾ ਹੈ, ਜੀਵ ਚਿੰਤਾ ਦੀ ਸੰਨ੍ਹੀ ਨਾਲ ਮਨ ਨੂੰ ਚੁੱਕ-ਚੁੱਕ ਕੇ ਪਰੇਸ਼ਾਨ ਹੋ ਰਿਹਾ ਹੈ, ਭਾਵੇਂ ਮਨੁੱਖ ਮਨੂਰ ਵੀ ਹੋ ਗਿਆ ਹੋਵੇ ਪਰ ਜੇ ਗੁਰੂ ਪਾਰਸ ਮਿਲ ਜਾਏ, ਜੀਵ ਫਿਰ ਸੋਨਾ ਹੋ ਸਕਦਾ ਹੈ, ਨਾਮ ਦੀ ਬੂਟੀ ਵਿਚ ਬਹੁਤ ਤਾਕਤ ਹੈ।"

ਪੂਰਾ ਸ਼ਬਦ ਇਸ ਪ੍ਰਕਾਰ ਹੈ :

*ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ।*
*ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ, ਤਉ ਗੁਣ ਨਾਹੀ ਅੰਤੁ ਹਰੇ। ੧।*
*ਚਿਤ ਚੇਤਸਿ ਕੀ ਨਹੀਂ ਬਾਵਰਿਆ।*
*ਹਰਿ ਬਿਸਰਤ ਤੇਰੇ ਗੁਣ ਗਲਿਆ। ੧। ਰਹਾਉ।*
*ਜਾਲੀ ਰੈਨਿ ਜਾਲੁ ਦਿਨੁ ਹੂਆ, ਜੇਤੀ ਘੜੀ ਫਾਹੀ ਤੇਤੀ।*
*ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ, ਛੂਟਸਿ ਮੂੜੇ ਕਵਨ ਗੁਣੀ। ੨।*
*ਕਾਇਆ ਆਰਣੁ ਮਨੁ ਵਿਚਿ ਲੋਹਾ, ਪੰਚ ਅਗਨਿ ਤਿਤੁ ਲਾਗਿ ਰਹੀ।*
*ਕੋਇਲੇ ਪਾਪ ਪੜੇ ਤਿਸੁ ਊਪਰਿ, ਮਨੁ ਜਲਿਆ ਸੰਨੀ ਚਿੰਤ ਭਈ। ੩।*
*ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ।*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ, ਤਉ ਨਾਨਕ ਤ੍ਰਿਸਟਸਿ ਦੇਹਾ।*

(ਮਾਰੂ ਮਹਲਾ ੧, ਘਰੁ ੧)

ਇਹ ਸ਼ਬਦ ਕੀ ਸੀ, ਜਿਵੇਂ ਚਾਤ੍ਰਿਕ ਨੂੰ ਸੁਆਂਤ ਬੂੰਦ ਮਿਲੀ ਹੋਵੇ। ਜਿਵੇਂ ਮੂਰਛਤ ਲਛਮਣ ਨੂੰ ਹਨੂਮਾਨ ਦੀ ਲਿਆਂਦੀ ਸੰਜੀਵਨੀ ਬੂਟੀ ਮਿਲ ਗਈ ਹੋਵੇ। ਓਹਲੇ ਹੋ ਕੇ ਹੀ ਬਾਬਾ ਜੀ ਨੇ ਸਾਰਾ ਸ਼ਬਦ ਸੁਣਿਆ। ਹਿਰਦਾ ਵਹਿ ਤੁਰਿਆ। ਬੀਬੀ ਅਮਰੋ ਜੀ ਬਾਰੇ ਸਾਡੇ ਇਤਿਹਾਸ ਨੇ ਲਿਖਿਆ ਹੈ : 'ਜਿਵੇਂ ਭਗਤੀ ਆਪਣਾ ਸਰੀਰ ਧਾਰ ਕੇ[1]

1. ਭਗਤਿ ਧਾਰ ਬਪੁ ਆਪਨੋ, ਉਪਜੀ ਸਤਿਗੁਰ ਧਾਮ। ੧੨।

(ਰਾਸ ੧, ਅੰਸ ੧੫, ਸੂਰਜ ਪ੍ਰਕਾਸ਼)

ਗੁਰੂ ਅੰਗਦ ਦੇਵ ਜੀ ਘਰ ਜਨਮੀ ਹੋਵੇ'। ਇਕ ਗੁਰ ਪੁੱਤਰੀ, ਦੂਜੇ ਅੰਮ੍ਰਿਤ ਵੇਲਾ, ਤੀਜੇ ਗੁਰੂ ਬਾਣੀ, ਚੌਥੇ ਸ਼ਰਧਾ ਅਤੇ ਪੰਜਵੇਂ ਮਧੁਰ ਕੰਠ ਤੋਂ ਨਿਕਲੀ ਹਿਰਦਾ ਵਿੰਨ੍ਹਦੀ ਹੀ ਗਈ। (ਗੁਰੂ) ਅਮਰ ਦਾਸ ਜੀ ਨੇ ਉਸੇ ਉਹਲੇ ਤੋਂ ਆਵਾਜ਼ ਦੇ ਕੇ ਕਿਹਾ : ਮੈਂ ਮੋਇਆ ਹੋਇਆ ਸਾਂ, ਇਹ ਅੰਮ੍ਰਿਤ ਬਾਣੀ ਮੁੱਖ ਪੈਣ ਨਾਲ ਜੀ ਉਠਿਆ ਹਾਂ। ਮੇਰੀ ਹਾਲਤ, ਬੇਟੀ ਉਹ ਹੀ ਹੈ ਜੋ ਸ਼ਬਦ ਵਿਚ ਦੱਸੀ ਹੈ। ਹੁਣ ਮੈਨੂੰ ਉਨ੍ਹਾਂ ਪਾਸ ਹੀ ਲੈ ਚਲ ਜਿਥੋਂ ਇਹ ਬਾਣੀ ਆਈ ਹੈ। ਇਕ ਵਾਰੀ ਫੇਰ ਉਹ ਸ਼ਬਦ ਸੁਣਾ।

ਗਿਆਨੀ ਗਿਆਨ ਸਿੰਘ ਜੀ ਨੇ 'ਤਵਾਰੀਖ਼ ਗੁਰ ਖਾਲਸਾ' ਵਿਚ ਲਿਖਿਆ ਹੈ ਕਿ ਬੀਬੀ ਜੀ, ਸਹੁਰਾ ਜੀ ਦੀ ਥਾਂ ਜਾਣ ਸੰਕੋਚ ਵਿਚ ਆ ਗਏ। ਇਤਨੇ ਨੂੰ ਸੱਸ ਵੀ ਆ ਗਈ। ਉਹ ਆਪਣੇ ਦਿਉਰ ਅਮਰ ਦਾਸ ਜੀ ਦੀ ਦਸ਼ਾ ਜਾਣ ਚੁੱਕੀ ਸੀ ਤੇ ਕਹਿਣ ਲੱਗੀ : ਬੱਚੀਏ! ਪੜ੍ਹਨ ਦੀ ਸ਼ਰਮ ਨਹੀਂ ਕਰੀਦੀ। ਇਹ ਸੁਣਾਉਣਾ ਤਾਂ ਸਗੋਂ ਪੁੰਨ ਹੁੰਦਾ ਹੈ। ਸਹੁਰਾ ਤੇ ਬਾਪ ਇਕੋ ਜਿਹੇ ਹੁੰਦੇ ਹਨ। ਸ਼ਬਦ ਬੋਲਦਿਆਂ ਕਹੀ ਸ਼ਰਮ।[1]

ਸੱਸ ਭਾਗੋ ਨੇ ਖਡੂਰ ਜਾਣ ਦੀ ਆਗਿਆ ਦਿੱਤੀ ਪਰ ਬੀਬੀ ਜੀ ਨੇ ਕਿਹਾ ਕਿ ਹੁਣੇ ਹੀ ਪੇਕੇ ਤੋਂ ਆਈ ਹਾਂ ਤੇ ਗੁਰ ਪਿਤਾ ਦਾ ਹੀ ਹੁਕਮ ਹੈ ਕਿ ਬਗ਼ੈਰ ਬੁਲਾਏ ਆਉਣਾ ਨਹੀਂ, ਮਤਾਂ ਕੁਝ ਕਹਿਣ। ਭਾਈ ਅਮਰ ਦਾਸ ਜੀ ਨੇ ਕਿਹਾ : ਜਦ ਉਹ ਆਪੂੰ ਨਾਲ ਜਾ ਰਹੇ ਹਨ ਤਾਂ ਗੁਰ ਪਿਤਾ ਕੁਝ ਨਹੀਂ ਕਹਿਣ ਲੱਗੇ। ਹੁਣ ਢਿੱਲ ਨਾ ਕਰੋ। ਕਈ ਦਿਨ ਉਡੀਕਦਿਆਂ ਹੋ ਗਏ ਹਨ।

**ਗੁਰ-ਦਰਸ਼ਨ**—ਬੀਬੀ ਅਮਰੋ ਜੀ ਨਾਲ ਬਾਬਾ ਅਮਰ ਦਾਸ ਜੀ ਖਡੂਰ ਸਾਹਿਬ ਪੁੱਜ ਗਏ। ਬੀਬੀ ਜੀ ਉਨ੍ਹਾਂ ਨੂੰ ਬਾਹਰ ਹੀ ਰੁਕਣ ਲਈ ਆਖ, ਪਹਿਲਾਂ ਆਪ ਗੁਰ ਦਰਬਾਰ ਗਏ ਤਾਂ ਅੰਤਰਜਾਮੀ ਗੁਰੂ ਪਾਤਸ਼ਾਹ ਨੇ ਬੇਟੀ ਦੇਖਦੇ ਸਾਰ ਹੀ ਫ਼ਰਮਾਇਆ : 'ਕੋਈ ਗੱਲ ਨਹੀਂ ਜੇ ਬਿਨ ਬੁਲਾਏ ਆਏ ਹੋ ਪਰ ਜਿਸ ਸੰਗ ਆਏ ਹੋ ਉਸ ਨੂੰ ਨਾਲ ਕਿਉਂ ਨਹੀਂ ਲਿਆਏ?' ਬੀਬੀ ਜੀ ਆਦਰ ਸਹਿਤ ਬਾਬਾ ਅਮਰ ਦਾਸ ਜੀ ਨੂੰ ਅੰਦਰ ਲੈ ਆਏ। ਕੁੜਮ ਵਾਲੇ ਸੰਸਾਰੀ ਰਿਸ਼ਤੇ ਅਨੁਸਾਰ ਗੁਰੂ ਜੀ ਨੇ ਅਮਰ ਦਾਸ ਜੀ ਨੂੰ ਗਲੇ ਮਿਲਣਾ ਚਾਹਿਆ ਤੇ ਆਦਰ ਦਿੱਤਾ ਤਾਂ ਗਲਵਕੜੀ ਲੱਗਣ ਦੀ ਥਾਵੇਂ ਅਮਰ ਦਾਸ ਜੀ ਨੇ ਸਿਰ ਚਰਨਾਂ ਤੇ ਰੱਖ ਦਿੱਤਾ[2] ਅਤੇ ਕਿਹਾ : ਮੈਨੂੰ ਦਾਸ ਹੀ ਸਮਝੋ।' ਤਵਾਰੀਖ਼ ਖ਼ਾਲਸਾ ਨੇ ਵਾਰਤਾਲਾਪ ਦਾ ਵਿਸਥਾਰ ਵੀ ਦਿੱਤਾ ਹੈ। ਅਮਰ ਦਾਸ ਜੀ ਨੇ ਕਿਹਾ ਕਿ ਗੰਗਾ ਇਸ਼ਨਾਨ ਦਾ ਫਲ ਅੱਜ ਮੈਨੂੰ ਮਿਲਿਆ ਹੈ ਤਾਂ ਗੁਰ ਪਾਤਸ਼ਾਹ ਨੇ ਕਿਹਾ : "ਅਮਰ ਦਾਸ ਜੀ! ਆਪਣੀ ਭਾਵਨਾ ਹੀ ਫਲਦੀ ਹੈ। ਹੋਰ ਪੱਥਰ, ਪਾਣੀ, ਕਾਠ, ਮਿੱਟੀ ਦੀ ਮੂਰਤ ਨਹੀਂ ਫਲਦੀ। ਆਪਣਾ ਮਨ ਹੀ ਦੇਵਤਾ ਹੈ।" ਗੁਰੂ ਅੰਗਦ ਦੇਵ ਜੀ ਨੇ

---

1. ਤਵਾਰੀਖ਼ ਗੁਰੂ ਖ਼ਾਲਸਾ—ਪੰਨਾ ੩੧੩.
2. ਸਤਿਗੁਰ ਗਲ ਮਿਲਨੇ ਕੋ ਕਰਾ।
   ਸਾਹਿਬ ਸਿਰ ਚਰਨਨ ਪਰ ਧਰਾ।
   (ਮਹਿਮਾ ਪ੍ਰਕਾਸ਼)

ਅੱਗੋਂ ਵਧ ਕੇ ਸੀਸ ਉਠਾ ਲਿਆ ਤੇ ਨਿਕਟ ਬਿਠਾ ਕੇ ਕੁਸਲ ਪੁੱਛੀ।

ਦੁਪਹਿਰ ਦੇ ਲੰਗਰ ਦਾ ਸਮਾਂ ਹੋ ਚੁੱਕਾ ਸੀ। ਗੁਰੂ ਜੀ ਲੰਗਰ ਵਿਚ ਸੰਗਤਾਂ ਸਮੇਤ ਬੈਠ ਗਏ। ਭਾਈ ਅਮਰ ਦਾਸ ਜੀ ਨੂੰ ਨਾਲ ਹੀ ਬਿਠਾ ਲਿਆ। ਮਹਿਮਾ ਪ੍ਰਕਾਸ਼,[1] ਸੂਰਜ ਪ੍ਰਕਾਸ਼[2] ਤੇ ਹੋਰ ਗ੍ਰੰਥਾਂ[3] ਨੇ ਲਿਖਿਆ ਹੈ ਕਿ ਲੰਗਰ ਵਿਚ ਮਾਸ ਵਰਤਾਇਆ ਜਾ ਰਿਹਾ ਸੀ, ਭਾਵੇਂ ਦਾਲ ਭਾਤ ਤੇ ਹੋਰ ਸਬਜ਼ੀਆਂ ਵੀ ਬਣੀਆਂ ਹੋਈਆਂ ਸਨ :

*'ਅਜਾ ਮਾਸ ਭਇਓ ਸਿਧ ਰਸੋਈ।*
*ਅਵਰ ਦਾਲ ਭਾਤ ਭੀ ਹੋਈ।'*[4]

ਜਦ ਭਾਈ ਅਮਰ ਦਾਸ ਨੇ ਮਾਸ ਦਾ ਵਰਤਾਵ ਦੇਖਿਆ ਤਾਂ ਹਿਰਦੇ ਵਿਚ ਸੰਕੋਚ ਹੋਇਆ ਕਿ ਸਾਰੀ ਉਮਰ ਖਾਧਾ ਨਹੀਂ, ਇਥੇ ਇਸ ਦਾ ਵਰਤਾਰਾ ਹੈ। ਫਿਰ ਆਪੇ ਹੀ ਸੋਚਣੀ ਰੁਕ ਗਈ ਕਿ ਜਾਣੀ ਜਾਨ ਹਨ, ਆਪੇ ਵਰਜ ਦੇਣਗੇ। ਅਜਿਹਾ ਹੀ ਹੋਇਆ :

*'ਗੁਰ ਅੰਤਰਿਜਾਮੀ ਦਿਆਲ ਬੂਝੀ,*
*ਬਿਰਤ ਮਨ ਕੀ ਕਹਿਓ।*
*ਇਸ ਪੁਰਖ ਪਰੋਸੋ ਦਾਲ,*
*ਮਾਸ ਭੋਜਣ ਦੇਣਾ ਨਹੀਂ।'*[5]

ਰਸੋਈਏ ਨੂੰ ਕੋਲ ਬੁਲਾ ਕੇ ਕਿਹਾ ਕਿ ਲੰਗਰ ਪੰਗਤ ਵਿਚ ਜੋ ਨਵਾਂ ਪ੍ਰਾਹੁਣਾ ਆਇਆ ਹੈ, ਉਸ ਨੂੰ ਮਾਸ ਨਹੀਂ ਪਰੋਸਨਾ, ਉਸ ਨੇ ਮਾਸ ਨਾ ਖਾਣਾ ਧਰਮ ਸਮਝ ਰੱਖਿਆ ਹੈ। ਆਦਰ ਜ਼ਰੂਰੀ ਸੀ :

*'ਪੰਕਤ ਮਹਿ ਜੋ ਨਵੋ ਨਰ ਤਿਸ ਦੇਹੁ ਆਹਾਰਾ,*
*ਆਮਿਖ ਨਾਹਿ ਪਰੋਸੀਏ ਤਿਨ ਧਰਮ ਬਿਚਾਰਾ।'*

ਸਭ ਨੂੰ ਮਾਸ ਵਰਤਾਇਆ ਗਿਆ। ਇਥੋਂ ਤਕ ਕਿ ਗੁਰੂ ਜੀ ਦੇ ਥਾਲ ਵਿਚ ਵੀ ਮਾਸ ਪਰੋਸਿਆਂ ਗਿਆ। ਇਹ ਦੇਖ ਕੇ ਫਿਰ ਬਾਬਾ ਅਮਰ ਦਾਸ ਜੀ ਨੂੰ ਖ਼ਿਆਲ ਉਪਜਿਆ ਕਿ ਇਹ ਤਾਂ ਉਨ੍ਹਾਂ ਚੰਗਾ ਨਹੀਂ ਕੀਤਾ। ਆਏ ਗੁਰਸ਼ਰਨ ਲੈਣ ਹਨ ਪਰ ਪਹਿਲਾਂ ਹੀ ਸ਼ੰਕਾ ਕਰ ਲਿਆ ?

*'ਸਤਿਗੁਰ ਦਿਆਲ ਜੋ ਭੋਜਨ ਕਰੇ,*
*ਹਮ ਤਾਂਤੇ ਮਨ ਸ਼ੰਕਾ ਕਰੇ।'*

---

1. ਸਾਖੀਆਂ ਪਾਤਸ਼ਾਹੀ ੨, ਸਾਖੀ ੮.
2. ਰਾਸ ਪਹਿਲੀ, ਅੰਸ ੧੫, ੧੩੧੬, ਜਿਲਦ ੫.
3. ਮੈਕਾਲਫ਼, ਪੰਥ ਪ੍ਰਕਾਸ਼ ਆਦਿ
4. ਸਾਖੀ ਨੌਂ, ਮਹਿਮਾ ਪ੍ਰਕਾਸ਼, ਸਾਖੀਆਂ ਪਾਤਸ਼ਾਹੀ ੨.
5. ਮਹਿਮਾ ਪ੍ਰਕਾਸ਼

ਇਹ ਸ਼ੰਕਾ ਹੀ ਵਿੱਥ ਦਾ ਕਾਰਨ ਹੈ। ਪਹਿਲਾਂ ਹੀ ਵਿੱਥ ਪੈ ਗਈ, ਗੁਰੂ ਮਿਲਾਪ ਕਿਵੇਂ ਹੋਵੇਗਾ?

*'ਜਬ ਸਿਖ ਸਤਿਗੁਰ ਸੋ ਅੰਤਰ ਕਰੇ,*
*ਤਾਂ ਕੀ ਕਾਜ ਨ ਕਬਹੂੰ ਸਰੇ।'*

ਸੋਚ ਉਪਜੀ, ਕਿ 'ਘਟ ਘਟ ਦੀ ਜਾਣਨ ਹਾਰ ਹਨ ਮੇਰੀ ਵਿਥ ਤੇ ਸ਼ੰਕਾ ਮੁਕਾਉਣ ਲਈ ਆਪਣੇ ਥਾਲ ਵਿਚੋਂ ਹੀ ਪਰਸਾਦ ਦੇਣ।' ਪਹਿਲੀ ਘਾਟੀ ਬਾਬਾ ਅਮਰ ਦਾਸ ਜੀ ਨੇ ਪਾਰ ਕਰ ਲਈ। ਸਾਲਾਂ ਦਾ ਸੁਭਾਅ ਇਕ ਮਿਲਣੀ ਵਿਚ ਵਟਾ ਲਿਆ।

ਗੁਰੂ ਅੰਗਦ ਦੇਵ ਜੀ ਨੇ ਪਰਸ਼ਾਦ ਕੀ, ਸਾਰਾ ਥਾਲ ਹੀ ਅਮਰ ਦਾਸ ਜੀ ਨੂੰ ਦੇ ਦਿੱਤਾ। ਅਜੇ ਗੁਰੂ ਜੀ ਨੇ ਥਾਲ ਵਿਚੋਂ ਕੇਵਲ ਦੋ ਹੀ ਗ੍ਰਾਹੀਆਂ ਲਈਆਂ ਸਨ। ਆਪਣੀ ਹੱਥੀਂ ਥਾਲ ਅੱਗੇ ਰੱਖ ਕੇ ਇਹ ਕਿਹਾ : ਮਹਾਂ ਪੁਰਸ਼ ਜੀ ਭੋਜਨ ਕਰੋ।[1]

*ਸਤਿਗੁਰ ਦੀਨ ਦਿਆਲ,*
*ਦੁਇ ਗਿਰਾਸ ਭੋਜਨ ਕੀਓ।*
*ਧਰ ਦੀਨੋ ਆਗੇ ਥਾਲ,*
*ਲਿਓ ਮਹਾਂਪੁਰਖੁ ਭੋਜਨੁ ਕਰੋ॥ ੬੧॥*

ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ : ਹਿਰਦੇ ਵਿਚ ਇਹ ਬੇਨਤੀ ਕੀਤੀ ਕਿ ਹੁਣ ਕ੍ਰਿਪਾ ਧਾਰ ਕੇ ਆਪਣੀ ਹੱਥੀਂ ਆਪਣੇ ਹੀ ਥਾਲ ਦਾ ਪਰਸਾਦ ਦੇਣ ਤਾਂ ਹਿਰਦਾ ਸ਼ੁੱਧ ਹੁੰਦਾ ਹੈ। 'ਕ੍ਰਿਪਾ ਧਾਰਿ ਸੋ ਅਬਿ, ਉਰ ਮਮ ਸੁਧ ਹੋਈ।' ਖਾਂਦਿਆਂ ਐਸੀ ਤ੍ਰਿਪਤੀ ਹੋਈ ਕਿ ਸਾਲਾਂ ਦੀ ਭਟਕਣਾ ਮੁੱਕੀ, ਦੁਬਿਧਾ ਨੱਸ ਗਈ ਤੇ ਜੋ ਮਨ ਟਿਕਦਾ ਨਹੀਂ ਸੀ, ਹੁਣ ਟਿਕਿਆ ਟਿਕਿਆ ਲੱਗਣ ਲੱਗਾ।

'ਭਈ ਸ਼ਾਂਤ, ਦੁਬਿਧਾ ਨਸੀ, ਮਨ ਤਹਾਂ ਟਿਕਾਣਾ।[2] ਮੈਕਾਲਫ਼ ਦਾ ਕਹਿਣਾ ਹੈ ਕਿ ਉਸ ਦਿਨ ਸੰਗਤ ਨੂੰ ਵੀ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਖਾਣ ਦਾ ਭਰਮ ਨਹੀਂ ਕਰਨਾ। ਜਿਨ੍ਹਾਂ ਮਾਸਾਂ ਨੂੰ ਸਾਨੂੰ ਛੱਡਣਾ ਚਾਹੀਦਾ ਹੈ, ਉਹ ਹਨ : ਪਰ ਧਨ, ਪਰ-ਇਸਤ੍ਰੀ, ਪਰ-ਨਿੰਦਾ, ਈਰਖਾ ਤੇ ਅਹੰਕਾਰ। ਫਿਰ ਸਾਰੀ ਸੰਗਤ ਨੂੰ ਗੁਰੂ ਨਾਨਕ ਜੀ ਦੇ ਉਚਾਰੇ, ਵਾਰ ਮਲਾਰ ਦੇ ਸਲੋਕ, 'ਪਹਿਲਾ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸ' ਦੀ ਵਿਆਖਿਆ ਕੀਤੀ। ਆਖ਼ਿਰ ਵਿਚ ਫ਼ਰਮਾਇਆ : ਜੋ ਛਕੋ ਵਾਹਿਗੁਰੂ ਨੂੰ ਯਾਦ ਕਰ ਕੇ ਖਾਯੋ। ਬੁਰਾ ਹੈ, ਕਿਸੀ ਦੀ ਆਸ ਤੋੜਨੀ, ਤੁਹਮਤ ਲਗਾਉਣੀ, ਪਰਾਇਆ ਮਾਲ ਹੜੱਪ ਕਰਨਾ। ਮਾਸ ਮਾਸ ਕਰ ਮੂਰਖ ਹੀ ਝਗੜਦੇ ਹਨ।

ਇਹ ਇਤਿਹਾਸਕ ਤੁਕਾਂ ਤੇ ਟੂਕਾਂ ਇਸ ਲਈ ਦਿੱਤੀਆਂ ਹਨ ਕਿ ਇਹ ਪ੍ਰਗਟ ਹੋ ਜਾਏ ਕਿ ਸਿੱਖ ਲਹਿਰ ਕਿਤਨੀ ਨਵੇਕਲੀ, ਨਰੋਈ ਤੇ ਵੱਖਰੀ ਸੀ। ਕਿਸੇ ਦਾ ਇਹ

---

1. ਮਹਿਮਾ ਪ੍ਰਕਾਸ਼, ਸਾਖੀ ੬, ਪਾਤਸ਼ਾਹੀ ੨
2. ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥਾਵਲੀ, ਪੰਨਾ ੧੩੭੬

ਕਹਿਣਾ ਕਿ ਭਾਈ ਸੰਤੋਖ ਸਿੰਘ ਜੀ ਆਪੂੰ ਮਾਸ ਖਾਂਦੇ ਹੋਣਗੇ ਇਸ ਲਈ ਲਿਖ ਦਿੱਤਾ, ਮਹਿਮਾ ਪ੍ਰਕਾਸ਼ ਦੀਆਂ ਸਾਖੀਆਂ ਦੀ ਹੋਂਦ ਵਿਚ, ਜੋ ਸੂਰਜ ਪ੍ਰਕਾਸ਼ ਤੋਂ ਸੌ ਵਰ੍ਹੇ ਪਹਿਲਾਂ ਲਿਖੀਆਂ ਗਈਆਂ, ਨਿਰਮੂਲ ਹੈ। ਫਿਰ ਮਹਿਮਾ ਪ੍ਰਕਾਸ਼ ਤਾਂ ਲਿਖਿਆ ਹੀ ਗੁਰੂ ਅਮਰ ਦਾਸ ਜੀ ਦੇ ਪੋਤਰਿਓਂ ਪੜਪੋਤਰੇ ਬਾਬਾ ਸਰੂਪ ਚੰਦ ਜੀ ਭਲਾ ਨੇ ਸੀ।

ਬੀਬੀ ਅਮਰੋ ਜੀ ਤਾਂ ਆਗਿਆ ਪਾ ਕੇ ਬਾਸਰਕੇ ਆ ਗਏ ਪਰ ਬਾਬਾ ਅਮਰ ਦਾਸ ਜੀ ਉਥੇ ਹੀ ਟਿਕ ਗਏ। ਇੰਜ ਜਾਣੋ ਜਿਵੇਂ ਕਿਸੇ ਮੁਗਧ ਕਰ ਦਿੱਤਾ ਹੋਵੇ। ਗੁਰ ਪ੍ਰਤਾਪ ਅਤੇ ਸ਼ਕਤੀ ਦੇਖ ਉਥੋਂ ਦੇ ਹੀ ਹੋ ਰਹੇ ਜਿਵੇਂ ਮੋਰ ਮੇਘ ਦੇਖ ਕੀਲਿਆ ਜਾਂਦਾ ਹੈ ਜਾਂ ਜਿਵੇਂ ਚਕਵੀ ਸੂਰਜ ਵਲ ਖਿੱਚੀ ਆਉਂਦੀ ਹੈ ਜਾਂ ਚਕੋਰ ਚੰਦ ਨਾਲ ਪ੍ਰੀਤੀ ਨਿਭਾਂਦਾ ਹੈ। ਗੁਰ ਬਚਨਾਂ ਤੋਂ ਉਹਨਾਂ ਸਭ ਕੁਝ ਵਾਰਨ ਦਾ ਮਨ ਬਣਾ ਲਿਆ।

● ● ●

ੳ

# ਟਹਿਲੋਂ ਮਹਲ

ਘਾਲ—ਘਾਲ ਦੇ ਮਾਰਗ ਨੂੰ ਆਪੂੰ ਹੀ ਗੁਰੂ ਅਮਰ ਦਾਸ ਜੀ ਨੇ ਪਿੱਛੋਂ 'ਖੰਨਿਅਹੁ ਤਿਖੀ ਵਾਲਹੁ ਨਿਕੀ' ਲਿਖਿਆ। ਜਿਸ ਰਾਹ 'ਤੇ ਬਾਬਾ ਅਮਰ ਦਾਸ ਜੀ ਟੁਰਨ ਲੱਗੇ ਸਨ, ਉਹ ਸੱਚਮੁੱਚ ਖੰਡੇ ਦੀ ਧਾਰ ਨਾਲੋਂ ਤਿੱਖਾ ਅਤੇ ਵਾਲ ਨਾਲੋਂ ਵੀ ਨਿੱਕਾ ਸੀ। ਕਦਮ ਕਦਮ 'ਤੇ ਠੇਡੇ, ਰੁਕਾਵਟਾਂ, ਰੋੜੇ, ਟੋਏ ਅਤੇ ਖਾਈਆਂ ਸਨ। ਮਜ਼ਾਕ, ਠੱਠੇ, ਹਾਸੇ, ਤਾਹਨੇ ਸਹਾਰਨੇ ਪੈਣੇ ਸਨ। ਫਿਰ ਖ਼ੁਸ਼ੀਆਂ, ਰਿਧੀਆਂ-ਸਿੱਧੀਆਂ, ਕਰਾਮਾਤਾਂ ਸਨ ਪਰ ਉਹ ਵੀ ਰੁਕਾਵਟਾਂ ਸਮਾਨ ਸਨ। ਸ਼ਕਤੀ ਪਾ ਕੇ ਜਰਨਾ ਸੀ ਤਾਂ ਹੀ ਅਜਰ ਵਸਤੂ ਮਿਲਣੀ ਸੀ। ਇਹ ਸਭ ਘਾਟੀਆਂ ਕੇਵਲ ਨਿਮ੍ਰਤਾ, ਸੇਵਾ, ਘਾਲ, ਕਮਾਈ, ਸ਼ਬਦ ਅਤੇ ਸਬਰ ਨਾਲ ਹੀ ਪਾਰ ਕੀਤੀਆਂ ਜਾ ਸਕਦੀਆਂ ਸਨ।

ਗੁਰੂ ਅੰਗਦ ਦੇਵ ਜੀ ਨੇ ਇਕ ਵਾਰੀ ਭਾਈ ਅਮਰ ਦਾਸ ਨੂੰ ਕਿਹਾ ਵੀ ਸੀ : 'ਤੁਹਾਡੇ ਵਿਚ ਮੇਰੀ ਜੋਤ ਦਾ ਨਿਵਾਸ ਹੋਣਾ ਹੈ, ਸੰਕਲਪ ਵੀ ਧਿਆਨ ਨਾਲ ਕਰਨਾ।' ਕਿਉਂ ਜੋ ਇਕ ਵਾਰੀ ਭਾਈ ਖੀਵਾ ਜੀ ਦੇ ਗ੍ਰਹਿ ਵਿਖੇ ਪ੍ਰਸ਼ਾਦ ਪਾਉਂਦਿਆਂ, ਉਨ੍ਹਾਂ ਦੇ ਘਰ ਸੰਤਾਨ ਨਾ ਦੇਖ ਕੇ ਇਹ ਸੰਕਲਪ ਕੀਤਾ ਸੀ : 'ਇਸ ਘਰ ਸੰਤਾਨ ਹੋਵੇ।' ਅੰਤਰਜਾਮੀ ਗੁਰੂ ਅੰਗਦ ਜੀ ਨੇ ਤਾੜਨਾ ਕੀਤੀ ਸੀ ਕਿ ਉਨ੍ਹਾਂ ਨਾਲੋਂ ਕੀ ਉਹ ਬਹੁਤਾ ਜਾਣਨ ਲੱਗ ਪਏ ਹਨ। ਇਸ ਤੋਂ ਪਹਿਲਾਂ ਜਦ ਸੰਕਲਪ ਕਰਕੇ ਹੀ ਬਾਬਾ ਅਮਰ ਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦਾ ਚਿਰਾਂ ਤੋਂ ਰਿਸਦੇ ਅੰਗੂਠੇ ਦਾ ਜ਼ਖ਼ਮ ਠੀਕ ਕਰ ਦਿੱਤਾ ਸੀ ਤਾਂ ਵੀ ਦੂਜੇ ਪਾਤਸ਼ਾਹ ਨੇ ਕਿਹਾ ਸੀ :

*"ਸੁਨਿ ਪੁਰਖਾ ਤੈਂ ਕਯਾ ਇਹੁ ਕੀਨਸਿ*
*ਜਰਾ ਸ਼ਕਤਿ ਭੀ ਜਰੀ ਨਾ ਜਾਇ।"*

ਜਦ ਖਡੂਰ ਦੇ ਈਰਖਾਲੂ ਤਪੇ ਨੂੰ ਬਾਬਾ ਅਮਰ ਦਾਸ ਜੀ ਨੇ ਪਿੰਡ ਵਾਸੀਆਂ ਕੋਲੋਂ ਹੀ ਸਜ਼ਾ ਦਿਲਵਾ ਦਿੱਤੀ ਸੀ ਤਾਂ ਉਨ੍ਹਾਂ ਨੂੰ ਖ਼ਾਨ ਰਜ਼ਾਦੇ ਪਿੰਡ ਆਉਂਦਿਆਂ ਦੇਖ ਗੁਰੂ ਜੀ ਨੇ ਪਿੱਠ ਕਰ ਲਈ ਸੀ ਅਤੇ ਖਿਮਾ ਮੰਗਣ 'ਤੇ ਗੁਰੂ ਪਾਤਸ਼ਾਹ ਨੇ ਫ਼ਰਮਾਇਆ ਸੀ :

*'ਸਤਿਗੁਰ ਕੋ ਘਰ ਹੈ ਨਿਤ ਨੀਵਾਂ।*

*ਹੋਨਿ ਹੰਕਾਰ ਥਾਂਵ ਨਹੀਂ ਥੀਵਾਂ।*
*ਮਾਨ ਹੋਂਦੇ ਨਿਮਾਣਾ ਹੋਣਾ ਹੈ।'*

ਇਹ ਸਭ ਅਟਕਾਂ ਸਨ। ਕੀ ਗੁਰੂ ਅੰਗਦ ਦੇਵ ਜੀ ਆਪ ਅੰਗੂਠਾ ਠੀਕ ਨਹੀਂ ਸਨ ਕਰ ਸਕਦੇ ਜਾਂ ਮੀਂਹ ਨਹੀਂ ਸਨ ਵਰ੍ਹਾ ਸਕਦੇ? ਇਹ ਸਾਰੇ ਆਸਾਨ ਰਾਹ ਹਨ। ਸੇਵਾ ਕਠਨ ਹੈ। ਅਹੰਕਾਰ ਨੂੰ ਮਾਰਨਾ ਹੋਰ ਮੁਸ਼ਕਿਲ ਹੈ। ਸ਼ਕਤੀਆਂ ਅਤੇ ਕਰਾਮਾਤਾਂ ਦਿਖਲਾ ਕੇ ਕੀ ਮਿਲਦਾ ਹੈ, ਕੇਵਲ ਅਹੰਕਾਰ। ਅਹੰਕਾਰ ਮਿਲਣ 'ਤੇ ਮਿਕਿਉਨਿ ਵਿਚ ਰੁਕਾਵਟ ਹੈ। ਜਦ ਹਉ ਹੈ ਉਹ ਨਹੀਂ ਹੈ ਅਤੇ ਜਿਥੇ ਉਹ ਆ ਜਾਏ, ਉਥੇ 'ਹਉ' ਨੂੰ ਕੋਈ ਥਾਂ ਨਹੀਂ। ਸੇਵਾ 'ਹਉ' ਨੂੰ ਮਿਟਾਉਣ ਲਈ ਹੈ। ਸਿੱਖ ਘਰ ਸੇਵਾ ਹੀ ਤਪ ਹੈ।

ਪੂਰੇ ੧੨ ਸਾਲ ਬਾਅਦ ਅਮਰ ਦਾਸ ਜੀ ਸੇਵਾ ਵਿਚ ਹੀ ਜੁੱਟੇ ਰਹੇ। ਉਪਰੰਤ ਬਖ਼ਸ਼ਿਸ਼ਾਂ ਹੋਈਆਂ। ਦਾਤਿ ਇਲਾਹੀ ਮਿਲੀ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਗੁਰਮੁਖ ਗੁਰੂ ਅੰਗਦ ਦੇਵ ਜੀ ਨੇ ਦਾਤਿ ਇਲਾਹੀ ਨਾਲ (ਗੁਰੂ) ਅਮਰ ਦਾਸ ਜੀ ਦਾ ਘਰ ਭਰ ਦਿੱਤਾ।

*'ਗੁਰਮੁਖਿ ਪਾਈ ਦਾਤਿ ਇਲਾਹੀ।'*

ਇਕ ਸਵਾਲ ਸੁਭਾਵਕ ਉੱਠਦਾ ਹੈ ਕਿ ਇਹ ਦਾਤ ਹੈ ਫਿਰ ਘਾਲ, ਸੇਵਾ ਕਮਾਈ ਦੀ ਕੀ ਲੋੜ ਸੀ? *ਇਕ ਤਾਂ ਇਹ* ਪਰਖ ਪਰੀਖਿਆ ਦੂਜਿਆਂ ਲਈ ਸੀ ਜੋ ਆਪਣਾ ਹੱਕ ਦਰਸਾਂਦੇ ਸਨ ਜਾਂ ਪੁੱਤਰਪੁਣੇ ਦੇ ਮਾਣ ਵਿਚ ਫਿਰਦੇ ਸਨ। ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਇਕ ਵਾਰੀ ਕਿਹਾ ਵੀ ਸੀ ਕਿ ਗੁਰ ਪਦਵੀ ਨਿਮ੍ਰਤਾ, ਪ੍ਰੇਮ ਤੇ ਸੇਵਾ ਦਾ ਹੀ ਫਲ ਹੈ। ਤੁਸੀਂ ਪੁੱਤਰਪੁਣੇ ਦੇ ਮਾਣ ਵਿਚ ਹੀ ਰਹੇ।

ਦੂਜੇ, ਇਹ ਪ੍ਰਗਟਾਉਣਾ ਸੀ ਕਿ ਨਿਰੀ ਘਾਲ ਨਹੀਂ, ਗੁਰ ਪਦਵੀ ਬਖ਼ਸ਼ਿਸ਼ ਨਾਲ ਹੀ ਮਿਲਦੀ ਹੈ। ਘਾਲ ਤਾਂ ਉਹ ਵੀਹ ਵਾਰ ਗੰਗਾ ਇਸ਼ਨਾਨ ਕਰਕੇ ਵੀ ਕਰ ਆਏ ਸਨ। ਭਟਕਣਾ ਉਸੇ ਤਰ੍ਹਾਂ ਕਾਇਮ ਰਹੀ। ਲੋਕ-ਭਲਾਈ ਦੇ ਕਾਰਜ ਤਾਂ ਉਹ ਪਿੰਡ ਵਿਚ ਹੀ ਕਰ ਰਹੇ ਸਨ। ਜਦ ਥੱਕ ਹਾਰ ਹੁਟੇ, ਰਾਤਾਂ ਭਰ ਜਾਗਦੇ ਰਹੇ। ਇਕ ਸ਼ਬਦ ਦੀ ਚੋਟ ਨੇ ਹੀ ਦਰ ਦੀ ਸੋਝੀ ਦਿਲਵਾ ਦਿੱਤੀ।

*ਤੀਜੇ,* ਸਾਲਾਂ ਬੱਧੇ ਸੁਭਾਅ ਨੂੰ ਬਦਲਾਉਣਾ ਜ਼ਰੂਰੀ ਸੀ। ਇਹ ਸੇਵਾ ਦੇ ਤੱਪ ਨਾਲ ਹੀ ਹਟਿਆ। ਜੋ ਮਨ ਕਰਮ-ਬਧ ਸੀ, ਹੁਣ ਸੇਵਾ ਨਾਲ ਕਰਮਾਂ ਦੇ ਬੰਧਨਾਂ ਵਿਚੋਂ ਨਿਕਲਿਆ। ਭਾਈ ਵੀਰ ਸਿੰਘ ਜੀ ਨੇ ਸੁਹਣਾ ਲਿਖਿਆ ਹੈ ਕਿ 'ਕੇਵਲ ਸੇਵਾ ਕਰਕੇ ਗੁਰੂ ਗੱਦੀ ਦੀ ਜ਼ਿੰਮੇਵਾਰੀ ਦਾ ਮਿਲਣਾ ਸਮਝਣਾ ਭੁੱਲ ਹੈ। ਵੱਡਾ ਕਾਰਨ ਧੁਰੋਂ ਦਾਤ ਲੈ ਕੇ ਆਉਣਾ ਹੈ ਜਿਸ ਦਾ ਸਬੂਤ ਹੱਥਾਂ ਤੇ ਪੈਰਾਂ ਵਿਚ ਪਦਮ ਸੀ। ਫਿਰ ਘਾਲ ਅਤੇ ਪ੍ਰੇਮ, ਜੋ ਅੰਤਰ ਆਤਮੇ ਸਤਿਗੁਰ ਨਾਲ ਸੀ। ਨਾਮ ਸਿਮਰਨ ਤੇ ਗੁਰੂ ਅੰਗਦ ਦੇਵ ਜੀ ਦੀ ਅਗੰਮੀ ਮਿਹਰ। ਸੇਵਾ ਤੇ ਪਰਖ ਤਾਂ ਨਿਸਚੇ ਕਰਾਉਣ ਲਈ ਵੀ ਹੁੰਦੀ ਸੀ।' ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਪਹਿਲੀ ਮਿਲਣੀ ਵੇਲੇ ਹੀ ਕਹਿ ਦਿੱਤਾ ਸੀ ਕਿ ਤੂੰ ਲਹਿਣਾ ਤੇ ਅਸੀਂ ਦੇਣਾ। ਜਦ ਭਾਈ ਲਹਿਣਾ ਜੀ ਦੇ ਘੋੜੇ ਦੀ ਲਗਾਮ ਪਕੜ ਕੇ ਗੁਰੂ ਨਾਨਕ ਜੀ ਆਪਣੇ ਗ੍ਰਿਹ ਵਿਖੇ ਲਿਆਏ ਸਨ ਅਤੇ ਪਛਾਣਨ

'ਤੇ ਬੜੇ ਨਿਮੋਝੂਣੇ ਹੋਏ ਤਾਂ ਐਸੀ ਅਵਸਥਾ ਦੇਖ ਕੇ ਗੁਰੂ ਨਾਨਕ ਜੀ ਨੇ ਪੁੱਛਿਆ ਸੀ :

*ਪੁਰਖਾ ਨਾਉਂ ਕੀ ਹੈ ਤੇਰਾ ?*

'ਲਹਿਣਾ' ਜਦ ਉਨ੍ਹਾਂ ਕਿਹਾ ਤਾਂ ਗੁਰੂ ਨਾਨਕ ਜੀ ਮੁਸਕਰਾ ਦਿੱਤੇ ਸਨ ਤੇ ਬਚਨ ਕੀਤੇ ਸਨ ਕਿ : 'ਪੁਰਖਾ ਲਹਿਣੇਦਾਰ ਸਦਾ ਘੋੜਿਆਂ 'ਤੇ ਚੜ੍ਹ ਕੇ ਹੀ ਆਉਂਦੇ ਹਨ।' ਬਾਕੀ ਘਾਲ ਤਾਂ ਦਰ ਕਬੂਲ ਲਈ ਹੀ ਸੀ, ਜਾਂ ਸੰਗਤਾਂ ਨੂੰ ਨਿਸਚੇ ਕਰਾਉਣ ਲਈ।

ਗੁਰੂ ਘਰ ਦਾ ਤਪ ਸੇਵਾ—ਕੁਝ ਦਿਨ ਤਾਂ ਬਾਬਾ ਅਮਰ ਦਾਸ ਜੀ ਇਕਾਂਤ ਸ਼ਾਂਤ ਨਵੇਕਲੇ ਬੈਠੇ ਰਹੇ। ਲੰਗਰ ਵੇਲੇ ਪ੍ਰਸ਼ਾਦ ਪਾਉਣ ਆ ਜਾਂਦੇ। ਲੋਕੀਂ ਕਹਿੰਦੇ ਸਨ ਕਿ ਰੋਟੀ ਵੇਲੇ ਪੰਗਤ ਵਿਚ ਆ ਜਾਂਦਾ ਹੈ। ਹੋਰ ਕਿਧਰੇ ਸ਼ਰਮ ਦਾ ਮਾਰਿਆ ਜਾਂਦਾ ਨਹੀਂ।

*ਕਹਿ ਸੰਗਤਿ ਮਹਿ ਮਹਾਂ ਲਜਾਵਹਿ।*
*ਮਿਲ ਕਰ ਤਹਿ ਅਹਾਰ ਕੋ ਪਾਵਹਿ।*[1]

ਇਹ ਵੀ ਲਿਖਿਆ ਮਿਲਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਫਿਰ ਕਦੇ ਬੁਲਾਇਆ ਤੱਕ ਨਹੀਂ ਸੀ ਅਤੇ ਕੋਈ ਬਚਨ ਤੱਕ ਨਹੀਂ ਕੀਤਾ। 'ਸ੍ਰੀ ਅੰਗਦ ਪੁਨ ਨਹੀਂ ਬੁਲਾਯੋ', ਸੂਰਜ ਪ੍ਰਕਾਸ਼ ਨੇ ਲਿਖਿਆ ਹੈ ਅਤੇ ਮਹਿਮਾ ਪ੍ਰਕਾਸ਼ ਨੇ ਵੀ ਅੰਕਤ ਕੀਤਾ ਹੈ ਕਿ ਪਹਿਲੀ ਲੰਗਰ ਵਾਲੀ ਘਟਨਾ ਹੋਣ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੇ ਬਿਲਕੁਲ ਹੀ ਨਾ ਪੁੱਛਿਆ। "ਸਤਿਗੁਰੂ ਬਹੁਰ ਨ ਪੂਛੈ ਕਹੈ।" ਬਾਬਾ ਜੀ ਇਕਾਂਤ ਵਿਚ ਦਿਨ ਭਰ ਬੈਠੇ ਰਹਿੰਦੇ। ਲੰਗਰ ਵੇਲੇ ਪ੍ਰਸ਼ਾਦ ਛਕ ਜਾਂਦੇ। ਕੁਝ ਦਿਨਾਂ ਬਾਅਦ ਇਹ ਅਨੁਭਵ ਕੀਤਾ ਕਿ ਜੋ ਕੋਈ ਵੀ ਆਉਂਦਾ ਹੈ, ਸੇਵਾ ਵਿਚ ਹੀ ਜੁੱਟ ਜਾਂਦਾ ਹੈ। ਲੰਗਰ ਦੇ ਜੂਠੇ ਬਰਤਨ ਸਾਫ ਕਰਨੇ, ਇੱਟਾਂ-ਢੋਣੀਆਂ, ਗਾਰਾ ਬਣਾਉਣਾ, ਚੱਕੀ ਪੀਸਣੀ, ਪੱਖਾ ਫੇਰਨਾ, ਜਲ ਢੋਣਾ, ਲੱਕੜਾਂ ਲਿਆਉਣੀਆਂ, ਮੁੱਠੀ ਚਾਪੀ ਕਰਨੀ, ਇਸ਼ਨਾਨ ਕਰਾਉਣੇ, ਉਥੋਂ ਦੇ ਸੇਵਾ ਦੇ ਅੰਗ ਹਨ। ਗੁਰੂ ਬੇ-ਪ੍ਰਵਾਹ ਹੈ ਤੇ ਬੇ-ਪ੍ਰਵਾਹ ਨੂੰ ਰੀਝਾਉਣ ਦਾ ਰਾਹ ਸੇਵਾ ਹੈ।

*ਜਦਪਿ ਸਤਿਗੁਰ ਹੈ ਬੇਪ੍ਰਵਾਹੁ।*
*ਤੱਦਪ ਸਿੱਖ ਰਹੋਂ ਸੇਵਾ ਭਾਉ। ੬੫॥*[2]

ਪਰਮਾਰਥ ਪਾਉਣ ਦਾ ਪੱਥ ਸੇਵਾ ਹੀ ਗੁਰੂ ਘਰ ਵਿਚ ਹੈ। ਸੇਵਾ ਕਰਦਿਆਂ ਹੀ ਸੇਵਕ ਨੂੰ ਸੁਆਮੀ ਮਿਲ ਸਕਦਾ ਹੈ ਤੇ ਮੁਕਤੀ ਦਾ ਇਹ ਹੀ ਰਾਹ ਹੈ।

*ਪ੍ਰਮਾਰਥ ਗੁਰ ਸੇਵ ਹੈ ਜਾ ਕੋ ਪ੍ਰਾਪਤ ਹੋਇ।*
*ਸੇਵ ਸੇਵਕ ਸੁਆਮੀ ਮਿਲੇ, ਮੁਕਤ ਪਰਮ ਪਦ ਸੋਇ।*

ਭਾਈ ਜੋਧ ਰਸੋਈਏ ਨੂੰ ਬਾਬਾ ਜੀ ਨੇ ਕਿਹਾ ਕਿ ਪਾਣੀ ਦੀ ਸੇਵਾ ਉਨ੍ਹਾਂ ਨੂੰ ਬਖ਼ਸ਼ੋ। ਜੋਧ ਜੀ ਨੇ ਜਦ ਬਿਰਧ ਸਰੀਰ ਦੀ ਗੱਲ ਕਹੀ ਤਾਂ ਅਮਰ ਦਾਸ ਜੀ ਨੇ ਆਖਿਆ :

---

1. ਰਾਸ ਪਹਿਲੀ, ਅੰਸ ੧੫,
2. ਸਾਖੀ ਪਾਤਸ਼ਾਹ ੨, ਸਾਖੀ ੯

'ਸਰੀਰ ਨੂੰ ਲੇਖੇ ਲਗਾਉਣ ਲਈ ਹੀ ਤਾਂ ਆਇਆ ਹਾਂ।'

ਖਡੂਰ ਵਿਖੇ ਬਾਬਾ ਅਮਰ ਦਾਸ ਜੀ ਦੇਖ ਰਹੇ ਸਨ ਕਿ ਗੁਰੂ ਅੰਗਦ ਦੇਵ ਜੀ ਆਪੂੰ ਵਾਣ ਵੱਟ ਕਿਰਤ ਕਰ ਜੋ ਮਿਲਦਾ ਸੀ, ਉਹ ਹੀ ਨਿਜ ਲਈ ਵਰਤਦੇ ਸਨ।[1] ਪੁੱਤਰਾਂ ਨੂੰ ਵੀ ਵਰਜਦੇ ਰਹਿੰਦੇ ਸਨ। ਗਵਾਹੀ ਹੈ : ਉਨ੍ਹਾਂ ਨੇ ਆਪਣੇ ਬੇਟੋਂ ਕੋ ਹੁਕਮ ਦੇ ਰਖਾ ਥਾ ਕਿ ਤੁਮ ਆਪਣੀ ਮੁਆਸ਼ ਦੁਕਾਨਦਾਰੀ ਯਾ ਕਾਸ਼ਤਕਾਰੀ ਸੇ ਹਾਸਲ ਕਰੋ। ਯਹ ਪੂਜਾ ਕਾ ਮਾਲ ਤੁਮ੍ਹਾਰੇ ਲੀਏ ਜ਼ਹਿਰੇ-ਕਾਤਲ ਹੈ। ਕਨ੍ਹਈਆ ਲਾਲ ਨੇ ਵੀ ਲਿਖਿਆ ਹੈ ਕਿ ਗੁਰੂ ਅੰਗਦ ਦੇਵ ਜੀ ਦਾ ਲੰਗਰ ਸਵੇਰੇ ਸ਼ਾਮ ਰਹਿੰਦਾ ਸੀ। ਫ਼ਕੀਰਾਂ ਤੇ ਗ਼ਰੀਬਾਂ ਨੂੰ ਬਿਨਾਂ ਵਿਤਕਰੇ ਲੰਗਰ ਮਿਲਦਾ ਸੀ। ਗੁਰੂ ਜੀ ਆਪ ਆਪਣੇ ਹੱਥਾਂ ਨਾਲ ਮਿਹਨਤ ਕਰਦੇ ਅਤੇ ਆਈ ਆਮਦਨ ਨਾਲ ਗੁਜ਼ਾਰਾ ਕਰਦੇ। ਬੰਸਾਵਲੀ ਨਾਮੇ[2] ਦੀ ਗਵਾਹੀ ਵੀ ਇਸੇ ਪਾਸੇ ਦੀ ਹੈ :

*ਵਾਣ ਵਟ ਕਰਨ ਗੁਜ਼ਾਰਨ।*
*ਬਿਨਾ ਆਪਨੀ ਕਿਰਤ ਧਾਨ ਨ ਖਾਣ। ੩੬।*

*ਭਾਈ ਜੋਧ* ਰਸੋਈਏ ਦੀ ਕਰੜੀ ਘਾਲ ਤਾਂ ਉਨ੍ਹਾਂ ਅੱਖੀਂ ਦੇਖੀ ਸੀ। ਜੋਧ ਜੀ ਹਮੇਸ਼ਾ ਜੂਠੇ ਥਾਲਾਂ ਤੋਂ ਚੋਗ ਭਰ ਖਾਣਾ ਚੁੱਕ ਕੇ ਖਾ ਲੈਂਦੇ। ਮਾਤਾ ਖੀਵੀ ਜੀ ਨੇ ਜਦ ਡਿੱਠਾ ਕਿ ਬ੍ਰਾਹਮਣ ਵਾਲਾ ਚਿਰਾਂ ਦਾ ਵਰਣ ਵਿਤਕਰੇ ਵਾਲਾ ਸੁਭਾਅ ਜੋਧ ਜੀ ਦਾ ਮੁੱਕ ਗਿਆ ਹੈ ਤਾਂ ਉਨ੍ਹਾਂ ਆਪਣੇ ਨਾਲ ਬੈਠ ਪ੍ਰਸ਼ਾਦ ਛਕਾਇਆ। ਫਿਰ ਲੰਗਰ ਵਿਚੋਂ ਹੀ ਛਕਣ ਲੱਗ ਪਏ ਸਨ। ਕਿਸੇ ਕਿਹਾ ਵੀ ਕਿ ਭਾਈ ਜੀ! ਹੁਣ ਤਾਂ ਸੁੱਚਾ ਭੋਜਨ ਖਾਂਦੇ ਹੋ, ਤਾਂ ਉਨ੍ਹਾਂ ਬੜੀ ਨਿਮ੍ਰਤਾ ਨਾਲ ਕਹਿਆ : ਹਾਂ ਭਾਈ, ਹੁਣ ਅੰਦਰ ਸੱਚ ਜੋ ਆ ਵਸਿਆ ਹੈ, ਸੋ ਸੁੱਚਾ ਹੀ ਫੱਬਦਾ ਹੈ। ਪਹਿਲਾਂ ਅੰਦਰ ਵਰਣਾਂ ਦੀ ਜੂਠ ਸੀ, ਸੋ ਜੂਠਾ ਖਾਂਦਾ ਸਾਂ।

ਭਾਈ ਅਮਰ ਦਾਸ ਜੀ ਇਹ ਵੀ ਦੇਖ ਰਹੇ ਸਨ ਕਿ ਗੁਰੂ ਜੀ ਅਨੇਕਾਂ ਨੂੰ ਜੀਅ ਦਾਨ ਕਿਵੇਂ ਪ੍ਰਦਾਨ ਕਰ ਰਹੇ ਸਨ। ਭਾਈ ਜੀਵਾ ਜੀ ਨੂੰ ਭਾਣੇ ਵਿਚ ਰਹਿਣ ਦਾ ਉਪਦੇਸ਼ ਦੇ ਕੇ ਜੀਵਨ ਹੀ ਬਦਲ ਦਿੱਤਾ ਸੀ। ਭਾਈ ਗੁੱਜਰ ਲੁਹਾਰ ਨੂੰ ਉਸੇ ਲੋਹਾਰੇ ਦੀ ਕਿਰਤ ਕਰਦਿਆਂ ਪ੍ਰਭੂ ਮਿਲਾਪ ਦਾ ਵੱਲ ਦਰਸਾ ਦਿੱਤਾ ਸੀ। ਭਾਈ ਧਿੰਙ ਨਾਈ ਨੂੰ 'ਮੁਰਦਾ ਹੋਇ ਮੁਰੀਦ' ਬਣਨ ਦੀ ਜਾਚ ਸਿਖਦੇ ਉਨ੍ਹਾਂ ਅੱਖੀਂ ਡਿੱਠਾ ਸੀ। ਗੁਰੂ ਪਾਤਸ਼ਾਹ ਨੇ ਕਿਹਾ ਸੀ : 'ਗੁਰ ਗੋਰ ਹੈ ਅਤੇ ਮੁਰੀਦ ਮੁਰਦਾ। ਗੋਰ (ਕਬਰ) ਵਿਚ ਤਾਂ ਹੀ ਸਮਾ ਸਕੀਦਾ ਹੈ ਜੇ ਕੋਈ ਅੰਗ ਮ੍ਰਿਤਕ ਦਾ ਹਿਲਦਾ ਜੁਲਦਾ ਨਾ ਹੋਵੇ। ਗੁਰੂ ਵਿਚ ਵੀ ਤਾਂ ਹੀ ਸਮਾ ਸਕੀਦਾ ਹੈ ਜੇ ਮਨ ਵਿਚੋਂ ਹੰਕਾਰ ਦੂਰ ਕਰੇ। ਗੁਰੂ ਦੇ ਗਿਆਨ ਵਿਚ ਹੰਕਾਰੀ ਨੂੰ ਕੋਈ ਥਾਂ ਨਹੀਂ।' ਫਿਰ ਉਹ ਸੁਣ ਚੁਕੇ ਸਨ ਕਿ ਬੇਪ੍ਰਵਾਹ ਗੁਰੂ ਨੇ ਨੱਸਦੇ ਹਿਮਾਯੂੰ ਨੂੰ ਕਿਵੇਂ ਤਾੜਨਾ ਕੀਤੀ ਸੀ। ਗੁਰੂ ਬੇਖ਼ੌਫ ਤੇ ਨਿਡਰ ਹੈ।

ਰਬਾਬੀ ਸ਼ਬਦ ਦਾ ਕੀਰਤਨ ਕਰ ਸੁਰਤਾਂ ਉੱਚੀਆਂ ਕਰਦੇ। ਆਪ ਗੁਰੂ ਜੀ ਬਾਲਕਾਂ

---

1. ਚਰਣ ਦੂਜਾ ਬੰਸਾਵਲੀਨਾਮਾ
2. ਤਵਾਰੀਖ਼ ਗੁਰੂ ਖ਼ਾਲਸਾ

ਨਾਲ ਬਹੁਤ ਪਿਆਰ ਕਰਦੇ। ਛੋਟੇ-ਛੋਟੇ ਕਾਇਦੇ ਆਪਣੀ ਹੱਥੀਂ ਲਿਖ ਕੇ ਬਾਲਕਾਂ ਨੂੰ ਦੇਂਦੇ ਅਤੇ ਕਈ ਵਾਰੀ ਪੜ੍ਹਾਉਂਦੇ ਵੀ। ਸਿੱਖ ਇਤਿਹਾਸ ਨੂੰ ਸਾਖੀ ਰੂਪ ਕਰਨ ਦਾ ਬਾਨ੍ਹਣੂ ਵੀ ਉਹ ਬੰਨ੍ਹ ਰਹੇ ਸਨ। ਗੁਰੂ ਅੰਗਦ ਦੇਵ ਜੀ ਤਾਂ ਗੁਰੂ ਨਾਨਕ ਜੀ ਦੀ ਸਾਖੀ ਸੁਣਦੇ ਸੁਣਦੇ ਸਮਾਧੀ ਵਿਚ ਚਲੇ ਜਾਂਦੇ ਸਨ।

ਸਭ ਤੋਂ ਕਠਨ ਘਾਲ ਮਾਤਾ ਖੀਵੀ ਜੀ ਦੀ ਸੀ। ਉਨ੍ਹਾਂ ਦੀ ਸਿਫ਼ਤ ਹਰ ਜ਼ਬਾਨ 'ਤੇ ਸੀ। ਮਾਤਾ ਖੀਵੀ ਦਾ ਸਿਦਕ ਉਸ ਵੇਲੇ ਦੇਖਣ ਵਾਲਾ ਸੀ ਜਦ ਲੋਕਾਂ ਕਿਹਾ ਕਿ ਤੇਰਾ ਪਤੀ ਹੁਣ ਨਾਨਕ ਤਪੇ ਪਾਸ ਰਹਿ ਪਿਆ ਈ। ਸੰਗ ਨੂੰ ਜਵਾਬ ਦੇ ਦਿੱਤਾ ਸੂ। ਤਪੇ ਪਾਸ ਹੀ ਧੂਣੀ ਰਮਾ ਲਈ ਸੂ। ਬੀਬੀ ਖੀਵੀ ਜੀ ਦਾ ਉੱਤਰ ਸੀ : 'ਜੇ ਉਹ ਗੋਦੜੀ ਪਾਏਗਾ ਤਾਂ ਲੀਰਾਂ ਹੰਡਾਸਾਂ, ਜਿਸ ਹਾਲ ਰਖੇਗਾ ਉਸ ਹਾਲ ਹੀ ਰਵ੍ਹਾਂਗੀ।'

ਜਦ ਗੁਰੂ ਪਦ ਦੀ ਬਖ਼ਸ਼ਿਸ਼ ਲੈ ਖਡੂਰ ਵਿਖੇ ਜੋਤ ਜਗਾਉਣ ਲਈ ਪੁੱਜੇ ਸਨ ਤਾਂ ਮਾਤਾ ਖੀਵੀ ਜੀ ਨੇ ਆਪਣੇ ਲਈ ਆਗਿਆ ਮੰਗੀ ਸੀ। ਦਾਤੇ ਗੁਰੂ ਨੇ ਫ਼ਰਮਾਇਆ ਸੀ : ਜਦੋਂ ਮੇਰੇ ਦਾਤਾ ਦਾਤਾਰ ਨੇ ਸ਼ਬਦ-ਦਉਲਤ ਵੰਡਣ ਦੀ ਆਗਿਆ ਕੀਤੀ ਸੀ ਤਾਂ ਮੇਰੇ ਹਿੱਸੇ ਅੰਨ-ਦੇਗ ਦਾ ਕੜਛਾ ਆਇਆ ਸੀ, ਵਰਤਾ।' ਗਿਆਨੀ ਗਿਆਨ ਸਿੰਘ ਜੀ [1] ਨੇ ਖ਼ੂਬ ਲਿਖਿਆ ਹੈ : "ਹਰ ਵੇਲੇ ਗੁਰੂ ਅੰਗਦ ਦੇਵ ਜੀ ਦੇ ਪਾਸ *ਸਤਿ ਸੰਗ ਦਾ ਪਰਚਾ, ਲੰਗਰ ਦਾ ਖ਼ਰਚਾ, ਹਰੀ ਦੀ ਚਰਚਾ* ਬਣਿਆ ਰਹਿੰਦਾ।" ਸਤਿਸੰਗ ਦਾ ਚਰਚਾ ਗੁਰੂ ਅੰਗਦ ਦੇਵ ਜੀ ਕਰਦੇ ਤੇ ਲੰਗਰ ਦੀ ਸੰਭਾਲ ਖੀਵੀ ਜੀ ਕਰਦੇ। ਆਪੂੰ ਮਾਤਾ ਖੀਵੀ ਜੀ ਲੰਗਰ ਵਰਤਾਂਦੇ। ਰੀਝ ਨਾਲ ਸੇਵਾ ਕਰਦੇ। ਭਾਈ ਜੋਧ ਤੇ ਭਾਈ ਕਿਦਾਰਾ ਦੋਵਾਂ ਨੇ ਵੀ ਐਸੀ ਸਿੱਖਿਆ ਮਾਤਾ ਜੀ ਤੋਂ ਪਾਈ ਕਿ ਸਾਫ਼ ਨੀਅਤੀ ਤੇ ਉਦਾਰਤਾ ਨਾਲ ਪ੍ਰਸ਼ਾਦ ਵਰਤਾਉਂਦੇ ਅਤੇ ਕਦੇ ਕੋਈ ਚੀਜ਼ ਨਹੀਂ ਸੀ ਥੁੜਦੀ।

ਮਾਤਾ ਖੀਵੀ ਜੀ ਇੱਕੋ ਇਕ ਗੁਰ-ਪਤਨੀ ਹਨ ਜਿਨ੍ਹਾਂ ਦੀ ਉਪਮਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਬਲਵੰਡ ਜੀ ਨੇ ਖ਼ੂਬ ਆਖਿਆ ਹੈ : ਖਸਮ (ਗੁਰੂ ਅੰਗਦ ਦੇਵ ਜੀ) ਦੇ ਦਰ ਉਹ ਤਾਂ ਹੀ ਕਬੂਲ ਹੋਏ, ਜਦ ਉਨ੍ਹਾਂ ਇਸਤਰੀ ਹੋ ਕੇ ਮਰਦਾਂ ਵਾਲੀ ਘਾਲ ਘਾਲੀ। ਉਨ੍ਹਾਂ ਦੇ ਪਤੀ ਨੇ ਸ੍ਰਿਸ਼ਟੀ ਦਾ ਭਾਰ ਉਠਾਇਆ ਹੋਇਆ ਸੀ ਤੇ ਉਨ੍ਹਾਂ ਘਰ ਦਾ ਭਾਰ ਚੁੱਕ ਲਿਆ :

*ਪਏ ਕਬੂਲੁ ਖਸੰਮ ਨਾਲਿ, ਜਾਂ ਘਾਲ ਮਰਦੀ ਘਾਲੀ।*
*ਮਾਤਾ ਖੀਵੀ ਸਹੁ ਸੋਇ, ਜਿਨਿ ਗੋਇ ਉਠਾਲੀ। ੩।*

ਫਿਰ ਹੋਰ ਉਪਮਾ ਕਰਦੇ ਕਿਹਾ : 'ਮਾਤਾ ਖੀਵੀ ਜੀ, ਆਪਣੇ ਪਤੀ, ਗੁਰੂ ਅੰਗਦ ਦੇਵ ਜੀ ਵਾਂਗ ਹੀ ਬਹੁਤ ਭਲੇ ਹਨ, ਨੇਕ ਹਨ। ਮਾਤਾ ਜੀ ਦੀ ਛਾਂ ਬਹੁਤ ਪਤਰਾਂ ਵਾਲੀ ਹੈ, ਸੰਘਣੀ ਹੈ। ਜਿਵੇਂ ਮਾਂ ਦੀ ਠੰਢੀ ਛਾਂ ਹੁੰਦੀ ਹੈ, ਇਸੇ ਤਰ੍ਹਾਂ ਉਨ੍ਹਾਂ ਪਾਸ ਬੈਠਿਆਂ ਹਿਰਦੇ ਵਿਚ ਸ਼ਾਂਤੀ ਤੇ ਤਨ ਮਨ ਠਰ ਜਾਂਦਾ ਹੈ। ਜਿਵੇਂ ਗੁਰੂ ਅੰਗਦ ਦੇਵ ਜੀ ਸਤਿਸੰਗ ਰੂਪੀ ਲੰਗਰ ਵਿਚ ਨਾਮ ਦੀ ਦਉਲਤ ਖੁਲ੍ਹੇ ਹੱਥੀਂ ਵੰਡੀ ਜਾ ਰਹੇ ਹਨ,

---

1. ਤਵਾਰੀਖ਼ ਗੁਰੂ ਖ਼ਾਲਸਾ, ਹਿੱਸਾ ਪਹਿਲਾ, ਜਿਲਦ ਦੂਜੀ, ਪੰਨਾ ੫੬੫-੬੬

ਆਤਮਕ ਜੀਵਨ ਦੇਣ ਵਾਲਾ ਨਾਮ ਰਸ ਤਰੌਂਕ ਰਹੇ ਹਨ, ਤਿਵੇਂ ਮਾਤਾ ਖੀਵੀ ਜੀ ਦੀ ਸੇਵਾ ਸਦਕਾ ਸਾਰਿਆਂ ਨੂੰ ਘਿਉ ਵਾਲੀ ਰਸ-ਭਰੀ ਖੀਰ ਮਿਲ ਰਹੀ ਹੈ। ਜੋ ਵੀ ਮਾਤਾ ਜੀ ਦੇ ਨੇੜੇ ਆਉਂਦੇ ਹਨ ਉਨ੍ਹਾਂ ਗੁਰਸਿੱਖਾਂ ਦੇ ਮੱਥੇ ਖਿੜ ਜਾਂਦੇ ਹਨ ਤੇ ਈਰਖਾਲੂਆਂ ਬੇਮੁਖਾਂ ਦੇ ਮੂੰਹ ਪੀਲੇ ਪੈ ਰਹੇ ਹਨ।

*"ਬਲਵੰਡ ਖੀਵੀ ਨੇਕ ਜਨ,*
*ਜਿਸੁ ਬਹੁਤੀ ਛਾਉ ਪਤ੍ਰਾਲੀ।*
*ਲੰਗਰ ਦਉਲਤਿ ਵੰਡੀਐ,*
*ਰਸੁ ਅੰਮ੍ਰਿਤੁ ਖੀਰਿ ਘਿਆਲੀ।*
*ਗੁਰ ਸਿਖਾਂ ਕੇ ਮੁਖ ਉਜਲੇ,*
*ਮਨਮੁਖ ਥੀਏ ਪਰਾਲੀ।*

ਭਾਈ ਅਮਰ ਦਾਸ ਜੀ ਚੰਗੀ ਤਰ੍ਹਾਂ ਜਾਣ ਗਏ ਕਿ ਗੁਰੂ ਘਰ ਦਾ ਤਪ ਸੇਵਾ ਹੈ, ਇਕਾਂਤ ਬੈਠੇ ਰਹਿਣਾ ਨਹੀਂ। ਭਾਈ ਜੋਧ ਕੋਲੋਂ ਘੜਾ ਲੈ ਕੇ ਸੰਗਤ ਨੂੰ ਗੁਰੂ ਕੇ ਖੂਹ ਵਿਚੋਂ ਪਾਣੀ ਕੱਢ ਪਿਲਾਂਦੇ ਰਹਿੰਦੇ।

ਜਲ ਦੀ ਸੇਵਾ ਕਰਦਿਆਂ ਹੀ ਖ਼ਿਆਲ ਆਇਆ ਕਿ ਗੁਰੂ ਜੀ ਪਹਿਰ ਰਾਤ ਰਹਿੰਦੀ ਉੱਠਦੇ ਹਨ, ਕਿਉਂ ਨਾ ਉਹ ਉਨ੍ਹਾਂ ਨੂੰ ਸੱਜਰੇ ਬਿਆਸਾ ਦੇ ਜਲ ਨਾਲ ਇਸ਼ਨਾਨ ਕਰਾਉਣ। 'ਦਰਿਆਵਾਂ ਸਿਉਂ ਦੋਸਤੀ' ਗੁਰੂ ਅੰਗਦ ਦੇਵ ਜੀ ਦਾ ਹੀ ਫ਼ਰਮਾਨ ਸੀ।

**ਨਿਤ ਦੀ ਕਾਰ**—ਬੱਸ ਹੁਣ ਇਹ ਨਿਤ ਦੀ ਕਾਰ ਹੀ ਬਣਾ ਲਈ ਕਿ ਅੰਮ੍ਰਿਤ ਵੇਲੇ ਉਠਣਾ। ਗਾਗਰ ਲੈ ਨਿਤ ਬਿਆਸ ਜਾਣਾ। ਜਲ ਭਰ ਲਿਆਉਣਾ। ਗੁਰੂ ਜੀ ਨੂੰ ਇਸ਼ਨਾਨ ਕਰਾਉਣਾ। ਫਿਰ ਗੁਰੂ ਜੀ ਦੇ ਬਸਤਰ ਸਾਫ਼ ਕਰਨੇ, ਸੁਕਾਣੇ।[1] ਸੰਗਤ ਵਿਚ ਜੁੜ ਕੀਰਤਨ ਸੁਣਨਾ। ਫਿਰ ਲੰਗਰ ਲਈ ਲੱਕੜਾਂ ਜੰਗਲ ਵਿਚੋਂ ਲੈਣ ਚਲੇ ਜਾਣਾ।[2] ਫਿਰ ਆ ਕੇ ਲੰਗਰ ਛਕਦੇ। ਫਿਰ ਆਰਾਮ ਪਏ ਕਰਦੇ ਸਿੱਖਾਂ ਨੂੰ ਪੱਖਾ ਝੁਲਾਂਦੇ ਜਾਂ ਮੁੱਠੀ ਚਾਪੀ ਕਰਦੇ। ਸਿਮਰਨ ਹਰ ਸਮੇਂ ਜਾਰੀ ਰਹਿੰਦਾ। ਸਰੀਰ ਜ਼ਰੂਰ ਬਿਰਧ ਸੀ, ਕੱਦ ਵੀ ਮਧਰਾ ਸੀ, ਪਰ ਕਦੇ ਉਤਸ਼ਾਹ ਨਾ ਟੁੱਟਾ। ਰਾਤ ਨੂੰ ਸੋਹਿਲਾ ਦਾ ਪਾਠ ਤੇ ਪ੍ਰਸ਼ਾਦ ਛਕਣ ਉਪਰੰਤ ਗੁਰੂ ਅੰਗਦ ਦੇਵ ਜੀ ਨੂੰ ਬਿਸਰਾਮ ਕਰਾ ਕੇ ਹੀ ਰਾਤ ਨੂੰ ਰਤਾ ਕੁ ਅੱਖ ਲਗਾਂਦੇ। ਸਭ ਤੋਂ ਅਸਚਰਜ ਇਹ ਕਿ ਕਦੇ ਗੁਰੂ ਅੰਗਦ ਦੇਵ ਜੀ ਨੇ ਨਾ ਹੀ ਕੋਈ ਬਚਨ ਕੀਤਾ ਤੇ ਨਾ ਹੀ ਕਦੇ ਹੌਸਲਾ ਵਧਾਇਆ।

---

1. ਪ੍ਰਥਮ ਸ਼ਨਾਨਹਿ, ਬਸਤਰ ਪਖਾਲਹਿ,
ਪੁਨ ਸ਼ੁਸ਼ਕ ਕਰਿਬੇ ਹਿਤ ਨਾਲ।
(ਰਾਸ ਪਹਿਲੀ, ਅੰਸ਼ ੫)

2. ਜਲ ਢੋਵਣ ਅਰ ਲਕਰੀ ਲਿਆਵਨ,
ਕਰਨ ਬੀਜਨੋ (ਪਖਾ ਫੇਰਦੇ), ਪ੍ਰਭ ਸਿਮ੍ਰਤ। ੩।
(ਰਾਸ ਪਹਿਲੀ, ਅੰਸ ੧੯) ਸੂਰਜ ਪ੍ਰਕਾਸ਼

*"ਸਤਿਗੁਰ ਬਹੁਣ ਨ ਪੁੱਛੀ ਬਾਤ।*
*ਅਚਰਜ ਗਤ ਕੁਛ ਲਖੀ ਨ ਜਾਤ।*[1] *੬੨।*

ਆਪ ਜੀ ਨੇ ਬਾਰਾਂ ਸਾਲ ਨਿਰੰਤਰ ਇਕ-ਟਕ ਸੇਵਾ ਕੀਤੀ। ਸਾਡੀ ਖ਼ੁਸ਼ਕਿਸਮਤੀ ਨੂੰ ਸਿੱਖ ਇਤਿਹਾਸ ਨੇ ਲਗਪਗ ਹਰ ਸਾਲ ਦਾ ਵੇਰਵਾ ਦਿੱਤਾ ਹੈ ਕਿ ਭਾਈ ਅਮਰ ਦਾਸ ਜੀ ਸੇਵਾ ਵਿਚ ਲੱਗ ਗੁਰ ਮੂਰਤ ਨੂੰ ਹਿਰਦੇ ਕਿਵੇਂ ਉਤਾਰ ਰਹੇ ਸਨ।

ਸਾਲ ਪਹਿਲਾ—ਆਪ ਦੀ ਉਮਰ ਬਾਹਠ ਸਾਲ ਦੀ ਸੀ ਪਰ ਆਲਸ ਨਾਂ ਦੀ ਚੀਜ਼ ਉਨ੍ਹਾਂ ਦੇ ਨੇੜੇ ਨਹੀਂ ਸੀ। ਦੂਜੇ ਪਾਸੇ ਗੁਰੂ ਅੰਗਦ ਦੇਵ ਜੀ ਪੁੱਛਦੇ ਤਕ ਨਹੀਂ ਸਨ ਪਰ ਸੇਵਾ ਦਾ ਉਤਸ਼ਾਹ ਕਦੇ ਨਾ ਟੁੱਟਿਆ। ਇੰਜ ਪ੍ਰਤੀਤ ਹੁੰਦਾ ਹੈ ਕਿ ਸੰਗਤਾਂ ਦੇ ਆਉਣ ਤੋਂ ਪਹਿਲਾਂ ਹੀ ਸੇਵਾ ਦੇ ਸਾਰੇ ਕਾਰਜ ਮੁਕਾ ਲੈਂਦੇ ਹਨ ਅਤੇ ਲੋਕੀਂ ਕੇਵਲ ਲੰਗਰ ਵਿਚ ਪ੍ਰਸ਼ਾਦ ਛਕਦੇ ਦੇਖਦੇ ਤਾਂ ਕਈ ਮਜ਼ਾਕ ਕਰ ਜਾਂਦੇ। ਕੋਈ ਕਹਿੰਦਾ ਕਿ ਬੁੱਢੇ ਦੀ ਚਾਲ ਢਾਲ ਤਾਂ ਦੇਖੋ ਕੁੜਮਾਂ ਦੇ ਦਰ ਆ ਬੈਠਾ ਹੈ :

*'ਨਰਿ ਉਪਹਾਸ ਕਰਨਿ ਸਭ ਲਾਗੈ।*
*ਬਿਰਧ ਹੋਇ ਕਿਆ ਕੀਨੀ ਢਾਲ।'*

ਇਹ ਸਭ ਕੁਝ ਸੁਣ ਕੇ ਵੀ ਆਪ ਜੀ ਮਨ ਨੀਵਾਂ ਹੀ ਰੱਖਦੇ। ਆਦਰ ਨਾਲ ਹੀ ਬੋਲਦੇ। ਕਦੇ ਕੌੜਾ ਕਿਸੇ ਨੂੰ ਨਾ ਕਹਿੰਦੇ। ਨਾ ਹੀ ਕਦੇ ਚਿਤ ਵਿਚ ਵੀ ਕੁਝ ਲਿਆਂਦੇ।

*ਮਨ ਨੀਵੋਂ ਕਰਿ ਸਾਦਰ ਬੋਲਹਿ,*
*ਨਹਿ ਡੋਲੈਂ ਬੁਧਿ ਕੋ ਦ੍ਰਿੜ੍ਹ ਠਾਨ।*

ਉਧਰ ਜਦ ਬਾਸਰਕੇ ਇਹ ਖ਼ਬਰਾਂ ਪੁੱਜੀਆਂ ਕਿ ਬਾਬਾ ਅਮਰ ਦਾਸ ਜੀ ਹੁਣ ਖਡੂਰ ਸਾਹਿਬ ਦੇ ਹੀ ਹੋ ਗਏ ਹਨ ਤੇ ਘਰ ਆਉਣ ਦਾ ਨਾਂ ਨਹੀਂ ਲੈਂਦੇ ਤਾਂ ਛੋਟੇ ਭਾਈ, ਪਤਨੀ ਤੇ ਹੋਰ ਬਰਾਦਰੀ ਦੇ ਕੁਝ ਸੱਜਣ ਵੀ ਆਏ। ਉਨ੍ਹਾਂ ਘਰ ਦੀ ਹਾਲਤ ਦੱਸੀ। ਵਪਾਰ ਵਿਗੜਦਾ ਦੱਸਿਆ ਅਤੇ ਘਰ ਮੁੜਨ ਲਈ ਤਰਲੇ ਲਏ ਅਤੇ ਕਿਹਾ ਕਿ ਘਰ ਪਰਵਾਰ ਦੁੱਖਾਂ ਨਾਲ ਘਿਰ ਗਿਆ ਹੈ। ਸਭ ਸੁਣ ਆਪ ਜੀ ਦਾ ਉੱਤਰ ਸੀ : 'ਮੇਰਾ ਹੁਣ ਕੋਈ ਹੋਰ ਘਰ ਨਹੀਂ। ਇਹ ਸਾਕ ਸਬੰਧੀ ਦਰਿਆ ਵਿਚ ਤੀਲਿਆਂ ਦੇ ਮੇਲ਼ ਸੰਗ ਸਮਾਨ ਹਨ। ਬੇੜੀ ਦੇ ਪੂਰ ਵੇਲੇ ਸਭ ਇਕੱਠੇ ਹੁੰਦੇ ਹਨ ਫਿਰ ਆਪੋ ਆਪਣੇ ਰਾਹ ਪੈ ਜਾਂਦੇ ਹਨ। ਅੰਤ ਨੂੰ ਜਦ ਇਕੱਲਿਆਂ ਟੁਰੇ, ਇਨ੍ਹਾਂ ਵਿਚੋਂ ਕਿਸੇ ਸਹਾਇਕ ਨਹੀਂ ਹੋਣਾ :

*"ਅਬ ਮੇਰੇ ਸਤਿਗੁਰ ਹੈ ਸਭ ਕਿਛ,*
*ਸਦਨ, ਕੁਟੰਬ, ਪਿਤਾ ਅਰ ਮਾਤ।*
*ਇਹੀ ਸਹਾਇਕ ਹੋਹਿ ਅੰਤ ਕੋ,*
*ਰਹਿ ਏ ਕਲ ਜਹਿ ਕੋ ਇਨ ਜਾਤ।"*

ਬਿਰਾਦਰੀ ਗੁਰੂ ਅੰਗਦ ਦੇਵ ਜੀ ਪਾਸ ਵੀ ਗਈ ਕਿ ਉਹ ਜਾਣ ਬੁਝ ਕੇ ਆਪੂੰ ਹੇਠੀ ਕਰ ਰਹੇ ਹਨ। ਇਸ ਨੂੰ ਹੋੜਦੇ ਕਿਉਂ ਨਹੀਂ ?ਅਜੇ ਬਿਰਾਦਰੀ ਉੱਚਾ ਨੀਂਵਾਂ ਬੋਲ

---

1. ਮਹਿਮਾ ਪ੍ਰਕਾਸ਼ ਪਾਤਸ਼ਾਹੀ ੨, ਸਾਖੀ ੯

ਹੀ ਰਹੀ ਸੀ ਕਿ ਭਾਈ ਅਮਰ ਦਾਸ ਜੀ ਨੇ ਗੁਰੂ ਜੀ ਦੇ ਚਰਨ ਪਕੜ ਲਏ ਤੇ ਬੇਨਤੀ ਕੀਤੀ : 'ਇਹ ਲੋਕ ਕੁਝ ਨਹੀਂ ਜਾਣਦੇ। ਇਨ੍ਹਾਂ ਦੀਆਂ ਬਾਤਾਂ ਵੱਲ ਧਿਆਨ ਨਾ ਦੇਣਾ। ਚਰਨਾਂ ਨਾਲੋਂ ਨਾ ਵਿਛੋੜਨਾ।' ਸਮਾਜ ਦੀ ਸ਼ਰਮ ਦੀ ਖਾਈ ਉਹ ਟੱਪ ਗਏ।

ਬਿਰਾਦਰੀ ਇਹ ਹੀ ਸਮਝੀ ਕਿ ਘਰੋਂ ਲੜ ਕੇ ਆਏ ਹਨ ਪਰ ਉਹ ਕੀ ਜਾਣਦੇ ਸਨ ਕਿਹੜੀ ਵੇਦਨਾ ਨੇ ਅਮਰ ਦਾਸ ਜੀ ਨੂੰ ਗ੍ਰਸਿਆ ਹੋਇਆ ਹੈ। ਰੋਜ਼ ਨਵਾਂ ਚਾਅ ਚੜ੍ਹਿਆ ਰਹਿੰਦਾ, ਚਿਤ ਵਿਚ ਕਦੇ ਉਪਰਾਮਤਾ ਨਾ ਹੁੰਦੀ। ਕਦੇ ਨਾ ਖਿਝਦੇ। ਨਿਤ ਨਵੇਂ ਹੀ ਦਿੱਸਦੇ।

*'ਦਿਨ ਪ੍ਰਤਿ ਅਧਿਕ ਅਧਿਕ ਹੀ ਸੇਵਹਿ,*
*ਕਰਤਿ ਚੌਂਪ ਅਤਿ ਉਪਜਤਿ ਚੀਤ।'*

ਸੰਗਤਾਂ ਨੂੰ ਉਸ ਵੇਲੇ ਹੀ ਪਤਾ ਲੱਗਾ ਜਦ ਸਾਲ ਪਿੱਛੋਂ ਭਰੇ ਦੀਵਾਨ ਵਿਚ ਗੁਰੂ ਜੀ ਨੇ ਡੇਢ ਗਜ਼ ਪਟਕੇ ਦਾ ਸਿਰੋਪਾ ਦਿੱਤਾ। ਬਾਬਾ ਜੀ ਨੇ ਆਦਰ ਨਾਲ ਉਹ ਸਿਰੋਪਾ ਸਿਰ ਬੱਧਾ ਅਤੇ ਸਤਿਕਾਰ ਸਹਿਤ ਪਾਸ ਹੀ ਰੱਖਿਆ।

**ਦੂਜਾ ਸਾਲ**—ਦੂਜੇ ਸਾਲ ਸੇਵਾ ਕਰਦਿਆਂ ਬਾਬਾ ਅਮਰ ਦਾਸ ਜੀ ਇੰਜ ਮਹਿਸੂਸ ਕਰਨ ਲੱਗੇ ਕਿ 'ਭਾਉ ਭਗਤੀ' ਅੰਦਰ ਜਾਗ ਰਹੀ ਹੈ। ਇਹ 'ਭਾਉ ਭਗਤੀ' ਦਾ ਸਦਕਾ ਹੀ ਸੀ ਕਿ ਜਗਤ ਵਲੋਂ ਉਪਰਾਮ ਹੋ, ਵਿਚਰ ਰਹੇ ਸਨ। ਜੰਜਾਲਾਂ ਦਾ ਜਾਲ ਟੁੱਟ ਰਿਹਾ ਸੀ। ਬੰਧਨਾਂ ਦੇ ਬੰਧਨ ਖੁੱਲ੍ਹ ਰਹੇ ਸਨ। ਹੌਲਾ-ਹੌਲਾ ਅਨੁਭਵ ਕਰਨ ਲੱਗ ਪਏ।

*''ਭਾਉ ਭਗਤਿ ਮਹਿ ਜਾਗਹਿ,*
*ਨਿਤਿ ਪ੍ਰਤਿ ਸੋਯੇ ਜੇ ਜਗ ਕੇ ਜੰਜਾਲਿ।''*[1]

ਸਰੀਰ ਦੀ ਸੁੱਧ ਬੁੱਧ ਹੀ ਨਾ ਰਹੀ। ਕੱਪੜੇ ਬੇਸ਼ੱਕ ਫਟ ਗਏ ਸਨ ਪਰ ਗੁਰ ਪ੍ਰੇਮ ਕਾਰਨ ਲਾਲੀ ਚਿਹਰੇ 'ਤੇ ਆ ਗਈ। ਚਮਕਦਾ ਚਿਹਰਾ ਹੋ ਗਿਆ।

***ਬਸਤ੍ਰ ਫਟਤਿ ਤਨ ਦੁਰਬਲ ਹੋਯਹੁ,***
***ਗੁਰ ਅਨੁਰਾਗ ਧਰੇ ਰੰਗ ਲਾਲ।***

ਦੂਜੇ ਸਾਲ ਦੀ ਸਮਾਪਤੀ ਉਪ੍ਰੰਤ ਵੀ ਗੁਰੂ ਅੰਗਦ ਦੇਵ ਜੀ ਨੇ ਇਕ ਸਿਰੋਪਾ ਦਿੱਤਾ। ਗੁਰੂ ਜੀ ਨੇ ਆਪਣੀ ਹੱਥੀਂ ਸਿਰ 'ਤੇ ਬੰਨ੍ਹਿਆ। ਪਹਿਲਾਂ ਵੀ ਬਾਬਾ ਜੀ ਨੇ ਸੰਭਾਲਿਆ ਹੋਇਆ ਸੀ, ਇਸ ਨੂੰ ਵੀ ਸੰਭਾਲ ਲਿਆ।

**ਤੀਜੇ ਸਾਲ**—ਸੂਰਜ ਪ੍ਰਕਾਸ਼ ਨੇ ਤੀਜੇ ਸਾਲ ਦੀ ਹੋਈ ਤਬਦੀਲੀ ਤੇ ਅਵਿਸਥਾ ਦਾ ਜ਼ਿਕਰ ਵੀ ਵਿਸਥਾਰ ਨਾਲ ਕੀਤਾ ਹੈ। ਗੁਰੂ ਜੀ ਨੇ ਅਜੇ ਤਕ ਕੋਈ ਬਚਨ ਭਾਈ ਅਮਰ ਦਾਸ ਜੀ ਨਾਲ ਨਹੀਂ ਕੀਤਾ ਸੀ। ਸੇਵਾ ਕਰਦਿਆਂ, ਪਾਣੀ ਢੋਂਦਿਆਂ ਹੱਥ ਛੁੱਟ ਗਏ ਸਨ। ਆਪ ਜੀ ਧੀਰਜ ਦੀ ਮੂਰਤੀ ਬਣ ਗਏ ਸਨ। ਨਿੱਤ ਦੀ ਕਾਰ ਉਹ ਹੀ ਸੀ। ਅੰਮ੍ਰਿਤ ਵੇਲੇ ਗਾਗਰ ਭਰ ਕੇ ਬਿਆਸਾ ਤੋਂ ਲਿਆਉਣੀ, ਇਸ਼ਨਾਨ ਕਰਾਉਣਾ, ਫਿਰ ਲੱਕੜਾਂ ਲੈਣ ਜੰਗਲ ਚਲੇ ਜਾਣਾ। ਪਰ ਹੁਣ ਸੇਵਾ ਵਿਚ ਇਕ ਹੋਰ ਵਾਧਾ ਕਰ

1. ਰਾਸ ੧, ਅੰਸ ੧੬, ਸੂਰਜ ਪ੍ਰਕਾਸ਼ ੫, ਪੰਨਾ ੩੧੦

ਲਿਆ ਸੀ, ਉਹ ਸੀ ਲੰਗਰ ਦੇ ਜੂਠੇ ਭਾਂਡੇ ਮਾਂਜਣੇ। *'ਪਾਤ੍ਰ ਸੁਧਾਰਹਿ'*।ਉਹ ਦੇਖ ਹੈਰਾਨ ਹੋ ਰਹੇ ਸਨ ਕਿ ਗੁਰੂ ਜੀ ਦੀ ਅਗੰਮੀ ਦ੍ਰਿਸ਼ਟੀ ਜਿਸ 'ਤੇ ਵੀ ਪੈਂਦੀ ਹੈ, ਉਸ ਦਾ ਰੋਗ ਨਸ਼ਟ ਹੋ ਜਾਂਦਾ ਹੈ, ਦਲਿੱਦਰ ਦੂਰ ਹੋ ਜਾਂਦੇ ਹਨ, ਖ਼ਾਲੀ ਭਰ ਜਾਂਦੇ ਹਨ, ਕੰਗਾਲ ਮਾਲੋ-ਮਾਲ ਹੋ ਜਾਂਦੇ ਹਨ ਪਰ ਆਪਣੇ ਅੰਗੂਠੇ ਦੇ ਜ਼ਖ਼ਮ ਨੂੰ ਉਹ ਨਹੀਂ ਭਰਦੇ, ਰਾਜ਼ੀ ਕਰਨਾ ਤਾਂ ਇਕ ਪਾਸੇ। ਇਹ ਅਜਰ ਜਰਨਾ ਗੁਰੂ ਦੀ ਵੱਡੀ ਵਡਿਆਈ ਸੀ। ਭਾਈ ਅਮਰ ਦਾਸ ਜੀ ਰਾਤ ਨੂੰ ਮੂੰਹ ਦੀ ਹਵਾੜ ਨਾਲ ਜ਼ਖ਼ਮ ਨੂੰ ਸਹਿਲਾਂਦੇ ਅਤੇ ਕਈ ਵਾਰੀ ਮੂੰਹ ਵਿਚ ਪਾਕ ਚੂਸ ਕੇ ਬਾਹਰ ਕੱਢਦੇ।

**ਚੌਥਾ ਸਾਲ**—ਧੀਰਜ ਦੀ ਅਮਰ ਦਾਸ ਜੀ ਮੂਰਤ ਸਨ। ਹੁਣ ਇਸ ਸਾਲ ਅਦਬ ਦੀ ਇੰਤਹਾ ਦੱਸੀ। ਇਕ ਦਿਨ ਜਲ ਭਰਦੇ-ਭਰਦੇ ਖ਼ਿਆਲ ਆਇਆ ਕਿ ਮੈਂ ਕਿਤਨੇ ਵਰ੍ਹੇ ਜਲ ਭਰ ਲੈ ਜਾਂਦਾ ਰਿਹਾ ਹਾਂ ਪਰ ਬੇਅਦਬੀ ਹੁੰਦੀ ਰਹੀ ਹੈ। ਬਗ਼ੈਰ ਇਸ਼ਨਾਨ ਕੀਤੇ ਹੀ ਗਾਗਰ ਭਰ ਕੇ ਲੈ ਜਾਂਦਾ ਰਿਹਾ। ਫਿਰ ਉਸੇ ਵਕਤ ਖ਼ਿਆਲ ਆਇਆ ਕਿ ਕਈ ਵਾਰ ਉਹ ਪਹਿਲਾਂ ਇਸ਼ਨਾਨ ਕਰਦੇ ਰਹੇ ਹਨ। ਇਸ ਤਰ੍ਹਾਂ ਘੋਰ ਬੇਅਦਬੀ ਹੋ ਗਈ ਕਿਉਂਕਿ ਗੁਰੂ ਜੀ ਨੇ ਇਸ਼ਨਾਨ ਕੀਤਾ ਨਹੀਂ ਸੀ ਹੁੰਦਾ। ਸਿੱਖ ਪਹਿਲਾਂ ਕਰੇ ਗੁਰੂ ਤੋਂ। ਸਰੀਰ ਬੇਸ਼ੱਕ ਬਿਰਧ ਸੀ ਪਰ ਇਹ ਨਿਰਣਾ ਲਿਆ ਕਿ ਗਾਗਰ ਸਿਰ 'ਤੇ ਰੱਖ ਕੇ ਦਰਿਆ ਵਿਚੋਂ ਇਕੋ ਵੇਲੇ ਜਲ ਵਿਚ ਉਤਰ ਜਾਇਆ ਜਾਏ ਅਤੇ ਪਾਣੀ ਭਰਿਆ ਜਾਏ। ਨਾਲੇ ਇਸ਼ਨਾਨ ਹੋ ਜਾਏ ਤੇ ਨਾਲੇ ਗਾਗਰ ਭਰੀ ਜਾਏ।

ਇਸੇ ਤਰ੍ਹਾਂ ਇਕ ਵਾਰੀ ਸ਼ਾਮ ਨੂੰ ਗੁਰੂ ਅੰਗਦ ਦੇਵ ਜੀ ਅਤੇ ਬਾਬਾ ਅਮਰ ਦਾਸ ਜੀ ਇਕੱਠੇ ਖਡੂਰ ਦੀ ਜੂਹ ਲਾਗੇ ਸੈਰ ਕਰਦੇ ਜਾ ਰਹੇ ਸਨ ਤਾਂ ਅਚਾਨਕ ਹੀ ਅਮਰ ਦਾਸ ਜੀ ਦੀ ਖੱਬੀ ਬਾਂਹ ਗੁਰੂ ਜੀ ਤੋਂ ਅੱਗੇ ਹੋ ਗਈ। ਉਸ ਸਮੇਂ ਬਹੁਤ ਹੀ ਅਫ਼ਸੋਸ ਕੀਤਾ ਤੇ ਖਿਮਾ ਮੰਗੀ। ਇਥੋਂ ਤਕ ਬਾਬਾ ਅਮਰ ਦਾਸ ਜੀ ਭਾਵਕ ਹੋ ਗਏ ਕਿ ਕਹਿ ਦਿੱਤਾ ਕਿ ਜਿਸ ਬਾਂਹ ਨੇ ਇਤਨੀ ਬੇ-ਅਦਬੀ ਕੀਤੀ ਹੈ, ਉਸ ਨੂੰ ਵੱਢ ਹੀ ਦੇਣਾ ਚਾਹੀਦਾ ਹੈ। ਟਹਿਲੀਆ ਕੀ ਤੇ ਇਤਨੀ ਬੇਅਦਬੀ ਕੀ?

ਉਸ ਸਮੇਂ ਗੁਰੂ ਅੰਗਦ ਦੇਵ ਜੀ ਨੇ ਸਮਝਾਇਆ ਕਿ ਅਦਬ ਠੀਕ ਹੈ। ਇਤਨੇ ਕਰੜੇ ਤਸੀਹੇ ਝੱਲਣ ਦੀ ਗੁਰੂ ਘਰ ਵਿਚ ਲੋੜ ਨਹੀਂ। ਕਾਬੂ ਅੰਦਰਲੇ ਨੂੰ ਕਰਨਾ ਚਾਹੀਦਾ ਹੈ। ਹੱਥ ਪੈਰ, ਜੋ ਸੰਗਤਾਂ ਤੇ ਲੋੜਵੰਦਾਂ ਦੀ ਸੇਵਾ ਟਹਿਲ ਵਿਚ ਲੱਗੇ ਰਹਿੰਦੇ ਹਨ, ਉਹ ਹੀ ਸਫ਼ਲ ਹਨ। ਪ੍ਰੇਮ ਤੇ ਅਦਬ ਦੀ ਭਾਵਨਾ ਨਾਲ ਸਭ ਕੁਝ ਮਿਲਦਾ ਹੈ। ਭੈ ਤੇ ਭਉ ਇਕੱਠੇ ਰੱਖਣ ਨਾਲ ਜੀਵਨ ਅਦਬ ਵਾਲਾ ਬਣ ਜਾਂਦਾ ਹੈ। ਇਤਿਹਾਸ ਕਹਿੰਦਾ ਹੈ ਕਿ ਫਿਰ ਜਦ ਤਕ ਆਪ ਗੁਰੂ ਜੀ ਹਜ਼ੂਰ ਰਹਿੰਦੇ ਖੱਬੀ ਬਾਂਹ ਨੂੰ ਸੰਭਾਲੀ ਰੱਖਦੇ। ਸਾਡੇ ਲਈ ਅਦਬ ਰੱਖਣ ਦੇ ਪੂਰਨੇ ਪਾ ਰਹੇ ਸਨ। ਖਡੂਰ ਸਾਹਿਬ ਤੋਂ ਬਿਆਸਾ ਜਾਣ ਵੇਲੇ ਹੁਣ ਪੁੱਠੇ ਪੈਰੀਂ ਜਾਣ ਲੱਗ ਪਏ ਸਨ। ਫਿਰ ਜਦ ਚੌਥਾ ਸਿਰੋਪਾ ਮਿਲਿਆ ਤਾਂ ਉਸ ਨੂੰ ਵੀ ਕੀਮਤੀ ਸਰਮਾਏ ਵਾਂਗ ਸੰਭਾਲ ਲਿਆ।

**ਪੰਜਵੇਂ ਸਾਲ**—ਜਿਥੇ ਅਦਬ ਦੀ ਇੰਤਹਾ ਦੱਸ ਗਏ, ਉਥੇ ਨਿਮਰਤਾ ਦੀ ਹੱਦ ਵੀ ਛੂਹ ਕੇ ਦੱਸੀ। ਗੁਰੂ ਜੀ ਦੇ ਬਸਤਰ ਉਹ ਰੋਜ਼ ਆਪੂੰ ਧੋਂਦੇ ਸਨ ਤੇ ਸੁਕਾ ਵੀ

ਲਿਆਂਦੇ ਸਨ।

ਇਕ ਵਾਰੀ ਗੁਰੂ ਜੀ ਨੇ ਜਦ ਆਪਣੇ ਬਸਤਰ ਬਦਲੇ ਤਾਂ ਮਹੀਨ ਕਮੀਜ਼ 'ਤੇ ਖ਼ੂਨ ਦਾ ਦਾਗ਼ ਪਿਆ ਦਿੱਸਿਆ। ਅਮਰ ਦਾਸ ਜੀ ਨੇ ਧੋਤਾ ਪਰ ਦਾਗ਼ ਨਾ ਲੱਥਾ ਧੋਬੀ ਨੂੰ ਜਦ ਖੁੰਬ ਚਾੜ੍ਹ ਉਤਾਰਨ ਲਈ ਕਿਹਾ ਤਾਂ ਉਸ ਨੇ ਮਜਬੂਰੀ ਦੱਸੀ ਕਿ ਕੱਪੜਾ ਇਤਨਾ ਮਹੀਨ ਹੈ ਕਿ ਖੁੰਬ ਚਾੜ੍ਹਦੇ ਹੀ ਲੀਰੋ-ਲੀਰ ਹੋ ਜਾਏਗਾ। ਭਾਈ ਅਮਰ ਦਾਸ ਜੀ ਨੇ ਧੋਬੀ ਕੋਲੋਂ ਕੋਈ ਉਪਾਅ ਪੁੱਛਿਆ ਤਾਂ ਉਸ ਦੱਸਿਆ ਕਿ ਇਕ ਰਾਹ ਹੈ ਜੇ ਇਸ ਦਾਗ਼ ਨੂੰ ਚੂਸ ਲਿਆ ਜਾਏ ਤਾਂ ਹਟ ਸਕਦਾ ਹੈ। ਇਹ ਸੁਣਨਾ ਸੀ ਕਿ ਆਪ ਜੀ ਨੇ ਚੂਸਣਾ ਸ਼ੁਰੂ ਕਰ ਦਿੱਤਾ। ਦੇਖਦੇ-ਦੇਖਦੇ ਦਾਗ਼ ਲੱਥ ਗਿਆ। ਗੁਰੂ ਅੰਗਦ ਦੇਵ ਜੀ ਨੇ ਜਦ ਇਹ ਸੁਣਿਆ ਤਾਂ ਮੁਸਕਰਾਏ। ਉਥੇ ਵੀ ਅਮਰ ਦਾਸ ਜੀ ਨੇ ਗੁਰੂ ਪਾਸ ਨਿਮ੍ਰਤਾ ਸਹਿਤ ਬੇਨਤੀ ਕੀਤੀ : 'ਅੰਦਰ ਦੀ ਮੈਲ ਵੀ ਹਰੋ।' ਭਾਂਡਾ ਤਿਆਰ ਹੋ ਰਿਹਾ ਸੀ, ਜਿਸ ਵਿਚ ਅੰਮ੍ਰਿਤ ਦੀ ਦਾਤ ਪੈਣੀ ਸੀ। ਪੰਡ, ਜੋ ਭਾਰੀ ਸੀ, ਉਸ ਨੂੰ ਚੁੱਕਣ ਦੀ ਤਿਆਰੀ ਹੋ ਰਹੀ ਸੀ।

**ਕਰਾਮਾਤ ਕੀ ਸ਼ਕਤੀ ਭਈ ਤਬ**—ਜਦ ਸੱਤਵਾਂ ਸਿਰੋਪਾ ਗੁਰੂ ਅੰਗਦ ਦੇਵ ਜੀ ਨੇ ਆਪਣੀ ਹੱਥੀਂ ਸੀਸ 'ਤੇ ਬੱਧਾ ਤਾਂ ਭਾਈ ਅਮਰ ਦਾਸ ਜੀ ਨੇ ਇੰਜ ਮਹਿਸੂਸ ਕੀਤਾ ਕਿ ਰਿਦੈ ਵਿਚ ਪ੍ਰਕਾਸ਼ ਹੋ ਰਿਹਾ ਹੈ ਅਤੇ ਜਿਵੇਂ ਪ੍ਰਭਾਤ ਵੇਲੇ ਦਾ ਸੂਰਜ ਚੜ੍ਹਨ ਸਮੇਂ ਰੌਸ਼ਨੀ ਹੁੰਦੀ ਤੇ ਲਾਲੀ ਖਿੱਲਰਦੀ ਹੈ, ਐਸਾ ਹੋ ਰਿਹਾ ਹੈ। ਆਪ ਜੀ ਨੇ ਇਹ ਵੀ ਮਹਿਸੂਸ ਕੀਤਾ ਕਿ ਰਿਧੀਆਂ-ਸਿਧੀਆਂ ਸਾਹਮਣੇ ਹੱਥ ਜੋੜੀ ਖੜ੍ਹੀਆਂ ਹਨ ਅਤੇ ਕਰਾਮਾਤਾਂ ਅੰਦਰ ਆ ਵੱਸੀਆਂ ਹਨ :

*"ਭਯੋ ਕਛੁਕ ਪਰਕਾਸ਼ ਰਿਦੈ ਮਹਿ*
*ਜਿਮ ਅਰਣੋਦੈ[1] ਹੋਤਿ ਨਵੀਨ।*
*ਕਰਾਮਾਤ ਕੀ ਸ਼ਕਤਿ ਭਈ ਤਬਿ*
*ਸਿਧਾਂ ਫੁਰਨ ਲਗ ਮਨ ਚੀਨ।"*

ਬੰਸਾਵਲੀਨਾਮੇ ਨੇ ਵੀ ਲਿਖਿਆ ਹੈ ਕਿ ਸੱਤਵੇਂ ਸਾਲ, 'ਗੁਰੂ ਅਮਰ ਦਾਸ ਨੂੰ ਦਿੱਬ ਦ੍ਰਿਸ਼ਟ ਭਈ।' ਇਹ ਸਿਧੀਆਂ ਦੀ ਸ਼ਕਤੀ ਵੀ ਵੱਡੀ ਰੁਕਾਵਟ ਸੀ ਜਿਸ ਨੂੰ ਗੁਰੂ ਅੰਗਦ ਦੇਵ ਜੀ ਨੇ ਕਈ ਵਾਰੀ ਉਪਦੇਸ਼ ਕਰ ਕੇ ਹਟਾਇਆ।

ਉਸੇ ਰਾਤ ਜਦ ਭਾਈ ਅਮਰ ਦਾਸ ਜੀ ਗੁਰੂ ਜੀ ਨੂੰ ਬਿਸਰਾਮ ਕਰਾਉਣ ਲਈ ਆਏ ਤਾਂ ਸੇਵਾ ਕਰਦਿਆਂ, ਇਹ ਸੰਕਲਪ ਕੀਤਾ ਕਿ ਰਿਸਦਾ ਅੰਗੂਠਾ ਨਰੋਆ ਹੋ ਜਾਏ। ਦੇਖਦੇ ਹੀ ਦੇਖਦੇ ਉਹ ਅੰਗੂਠਾ ਨੌਂ-ਬਰ-ਨੌਂ ਹੋ ਗਿਆ। ਅੰਤਰਜਾਮੀ ਗੁਰੂ ਨੇ ਜਦ ਇਹ ਡਿੱਠਾ ਤਾਂ ਉਸ ਸਮੇਂ ਪਹਿਲੀ ਵਾਰੀ ਕੇਵਲ ਭਾਈ ਅਮਰ ਦਾਸ ਜੀ ਨੂੰ ਸੰਬੋਧਨ ਕਰਦੇ ਹੋਏ ਇਤਨਾ ਕਿਹਾ :

*ਸੁਨਿ ਪੁਰਖਾ!*

---

1. ਚੜ੍ਹਦੇ ਸੂਰਜ ਦਾ

*ਤੈਂ ਕਯਾ ਇਹੁ ਕੀਨਸਿ*
*ਜਰਾ ਸ਼ਕਤਿ ਭੀ ਜਰੀ ਨਾ ਜਾਇ।*[1]

ਉਸ ਵੇਲੇ ਬਾਬਾ ਅਮਰ ਦਾਸ ਜੀ ਦੀ ਹਾਲਤ ਦੇਖਣ ਵਾਲੀ ਸੀ। ਖਿਮਾ ਵਿਚ ਹੱਥ ਜੁੜ ਗਏ। ਚਰਨਾਂ 'ਤੇ ਸਿਰ ਰੱਖ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਸਮਝਾਂਦੇ ਕਿਹਾ : ਸੰਤ ਦੀ ਵੱਡੀ ਸਿਫ਼ਤ ਅਜਰ ਦਾ ਜਰਨਾ ਹੁੰਦਾ ਹੈ। ਗੰਭੀਰਤਾ ਉਨ੍ਹਾਂ ਦੇ ਹਿਰਦੇ ਵਿਚ ਹੁੰਦੀ ਹੈ। ਉਹ ਸਿਰ ਦੇਂਦਿਆਂ ਦੇਰ ਨਹੀਂ ਲਗਾਂਦੇ ਪਰ ਆਪਣੀ ਅਜ਼ਮਤ ਨਹੀਂ ਦੱਸਦੇ। ਛੁਪਾ ਕੇ ਜੋ ਰੱਖਦੇ ਹਨ, ਉਨ੍ਹਾਂ ਦੀ ਤਾਂ ਦਿਨੋ-ਦਿਨ ਵਧੀ ਤੁਰੀ ਜਾਂਦੀ ਹੈ ਪਰ ਜੋ ਪ੍ਰਗਟ ਕਰਦੇ ਰਹਿੰਦੇ ਹਨ, ਉਨ੍ਹਾਂ ਪਾਸ ਇਹ ਪੱਲੇ ਵੀ ਨਹੀਂ ਰਹਿੰਦੀ। ਇਹ ਗੱਲ ਦ੍ਰਿੜ੍ਹ ਕਰ ਰੱਖਣੀ :

*"ਸਿਰ ਲਗ ਦੇਤਿ ਦੇਰ ਨਹਿ ਲਾਵਹਿ,*
*ਅਜ਼ਮਤ ਨਹਿ ਦਿਖਾਇ ਕਿਸ ਕਾਲ।*
*ਐਸੇ ਕਰਹਿ ਬਧਤਿ ਨਿਤ ਜਾਵਹਿ,*
*ਕਿਸੂ ਜਨਾਵਹਿ ਰਹਹਿ ਨਾ ਪਾਲਿ।"*

ਗੁਰੂ ਜੀ ਨੇ ਘਰ ਜਾਣ ਦਾ ਹੁਕਮ ਦਿੱਤਾ ਕਿ ਜਾ ਕੇ ਬੱਚਿਆਂ ਦੀ ਸਾਰ ਲਵੋ। ਸਿੱਖੀ ਦਾ ਮਾਰਗ ਕੋਈ ਤਿਆਗ ਦਾ ਰਾਹ ਨਹੀਂ ਹੈ।

ਆਗਿਆ ਪਾ ਕੇ ਗੁਰੂ ਜੀ ਬਾਸਰਕੇ ਆਏ। ਪਰ ਚਿੱਤ ਗੁਰੂ ਦੇ ਚਰਨਾਂ ਵਿਚ ਹੀ ਸੀ।

**ਤਪੇ ਦਾ ਬਿਖਾਦ**—ਖਡੂਰ ਵਿਖੇ ਸ਼ਿਵ ਨਾਥ ਨਾਂ ਦਾ ਤਪਾ ਰਹਿੰਦਾ ਸੀ। ਗੁਰੂ ਜੀ ਦੇ ਖਡੂਰ ਆ ਵੱਸਣ ਨਾਲ ਉਸ ਦੇ ਤੰਤ੍ਰ ਜੰਤ੍ਰ ਦਾ ਪਖੰਡ ਉੱਡ ਪੁੱਡ ਗਿਆ। ਉਹ ਹਮੇਸ਼ਾ ਬੜਾ ਬੋਲ ਬੋਲਦਾ ਅਤੇ ਗੁਰੂ ਜੀ ਦੀ ਨਿੰਦਿਆ ਕਰਦਾ। ਗੁਰੂ ਜੀ ਨੇ ਕਦੇ ਗੌਲਿਆ ਤੱਕ ਨਹੀਂ ਸੀ, ਸਗੋਂ ਉਸ ਦੀ ਭਲਾਈ ਲਈ ਹੀ ਸੋਚਦੇ ਸਨ। ਉਹ ਜੰਤ੍ਰ-ਮੰਤ੍ਰ ਦਾ ਡਰ ਵੀ ਜੱਟਾਂ ਵਿਚ ਪਾਈ ਰੱਖਦਾ ਸੀ।

ਕੁਦਰਤ ਦਾ ਕਰਨਾ, ਉਸ ਸਾਲ ਐਸੀ ਔੜ ਲੱਗੀ ਕਿ ਬਾਰਸ਼ ਦਾ ਕਿਧਰੇ ਨਾਂ ਨਿਸ਼ਾਨ ਨਾ ਦਿੱਸੇ। ਦੁੱਖਾਂ ਦੇ ਮਾਰਿਆਂ ਨੇ ਹੋਰ-ਹੋਰ ਪਾਸੇ ਦੇਖਣਾ ਆਰੰਭ ਕੀਤਾ। ਗੁਰੂ ਜੀ ਧੀਰਜ ਰੱਖਣ ਤੇ ਪ੍ਰਭੂ ਦਾ ਸਹਾਰਾ ਰੱਖਣ ਦਾ ਉਪਦੇਸ਼ ਕਰਦੇ ਰਹੇ। ਜਦ ਕੋਈ ਤਪੇ ਪਾਸ ਗਿਆ ਤਾਂ ਉਸ ਕਿਹਾ ਕਿ ਪਿੰਡ ਵਾਲਿਆਂ 'ਤੇ ਇਹ ਕਰੋਪੀ ਆਉਣੀ ਹੀ ਸੀ। ਤੁਸੀਂ ਗ੍ਰਿਹਸਤੀ ਨੂੰ ਗੁਰੂ ਬਣਾ ਬੈਠੇ ਹੋ। ਜੇ ਉਹ ਸਾਧੂ ਦੀ ਪਦਵੀ ਲੋੜਦਾ ਹੈ ਤਾਂ ਭਗਵੇ ਕੱਪੜੇ ਪਾਏ। 'ਪਟ ਕਖਾਯ, ਸਾਧੂ ਸਮ ਹੋਇ।' ਜੇ ਬਾਰਸ਼ ਚਾਹੁੰਦੇ ਹੋ ਤਾਂ ਉਸ ਨੂੰ ਪਿੰਡੋਂ ਕੱਢੋ ਜਾਂ ਉਸ ਨੂੰ ਕਹੋ ਕਿ ਬਾਰਸ਼ ਵਸਾਏ। ਬੰਸਾਵਲੀਨਾਮੇ ਦੇ ਸ਼ਬਦਾਂ ਵਿਚ :

*ਜੋਗੀ ਕਹੇ : ਜਾਏ ਗੁਰੂ ਜੀ ਨੂੰ ਕਹੋ।*
*ਜੋ ਮੀਂਹ ਵਰਸਾਉ ਤਾਂ ਇਥੇ ਰਹੋ,*

---

1. ਰਾਸ ਪਹਿਲੀ ਅੰਸ ੧੯

*ਨਹੀਂ ਤਾਂ ਡੇਰਾ ਦੂਰ ਕਰ ਰਹੋ।*
*ਕਬਰ ਪਰ ਕਬਰ, ਮੜੀ ਪਰ ਮੜੀ ਨ ਧਰੋ। ੧੦੧।*

ਭੂਤਰੇ ਹੋਏ ਪੇਂਡੂ ਗੁਰੂ ਜੀ ਪਾਸ ਆਏ ਤੇ ਕਿਹਾ ਜਾਂ ਪਿੰਡ ਛੱਡੋ ਜਾਂ ਬਾਰਸ਼ ਵਸਾਓ। ਧੀਰਜ ਦੀ ਮੂਰਤ, ਅਜਰ ਜਰਨ ਵਾਲੇ ਦੂਜੇ ਪਾਤਸ਼ਾਹ ਨੇ ਕਿਹਾ : 'ਇਹ ਕਿਸੇ ਦੇ ਵੱਸ ਨਹੀਂ। ਸਭ ਉਸ ਦੀ ਖੇਡ ਹੋ ਰਹੀ ਹੈ। ਕਦੇ ਸੁਖ ਤੇ ਕਦੇ ਦੁੱਖ। ਜਿਵੇਂ ਦਿਨ-ਰਾਤ ਹਨ। ਜਦ ਕਦੇ ਭਲਾ ਹੁੰਦਾ ਹੈ ਤਾਂ ਕਹਿੰਦੇ ਹਾਂ 'ਅਸੀਂ ਕੀਤਾ, ਜਾਂ ਭੁੱਲ ਹੀ ਜਾਂਦੇ ਹਾਂ ਕਿ ਕਰਤਾ ਹੋਰ ਹੈ। ਜੇ ਕਦੇ ਨਹੀਂ ਹੁੰਦਾ ਜਾਂ ਦੇਖਣ ਨੂੰ ਸਾਡੇ ਉਲਟ ਹੋ ਜਾਏ ਤਾਂ ਦੋਸ਼ ਉਸ 'ਤੇ ਰੱਖਦੇ ਹਾਂ।' ਲੋਕਾਂ 'ਤੇ ਅਸਰ ਕੀ ਹੋਣਾ ਸੀ, ਉਹ ਤਾਂ ਇਕ ਹੀ ਮੰਤ੍ਰ ਪੜ੍ਹ ਕੇ ਆਏ ਸਨ ਜਾਂ ਬਾਰਸ਼ ਜਾਂ ਪਿੰਡ ਛੱਡੋ।

ਕਿਸੇ ਨੂੰ ਕੁਝ ਕਹੇ ਬਗ਼ੈਰ ਹੀ ਗੁਰੂ ਜੀ ਉੱਠ ਚੱਲੇ। ਇਰਦ ਗਿਰਦ ਦੇ ਪਿੰਡਾਂ ਵਿਚ ਵੀ ਇਹ ਤਾੜਨਾ ਹੋ ਗਈ ਸੀ ਕਿ ਗੁਰੂ ਜੀ ਨੂੰ ਕੋਈ ਨਾ ਟਿਕਾਵੇ। ਇਕ ਦੂਜੇ ਮਗਰੋਂ 'ਸੱਤਾਂ ਪਿੰਡਾਂ' ਨੇ ਥਾਂ ਨਾ ਦਿੱਤੀ। ਗੁਰੂ ਜੀ ਬਿਨਾਂ ਮੱਥੇ ਵੱਟ ਪਾਏ ਅਗਲੇ ਤੋਂ ਅਗਲੇ ਪਿੰਡ ਟੁਰਦੇ ਗਏ। ਆਖ਼ਿਰ ਖ਼ਾਨ ਰਜਾਦਾ ਦੀ ਜੂਹ ਵਿਚ ਜਾ ਟਿਕਾਣਾ ਕੀਤਾ। ਪਿੰਡ ਦੇ ਲੋਕਾਂ ਆਦਰ ਦਿੱਤਾ। ਕੱਲ੍ਹ ਭੱਟ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਉਪਮਾ ਵਿਚ ਬਹੁਤ ਸੁਹਣਾ ਕਿਹਾ ਸੀ ਕਿ ਗੁਰ ਅੰਗਦ ਦੇਵ ਜੀ ਭਰੇ ਹੋਏ ਫਲਾਂ ਵਾਲੇ ਬ੍ਰਿਛ ਵਾਂਝ ਹਨ। ਜਿਉਂ-ਜਿਉਂ ਫਲ ਲੱਗਦਾ ਹੈ ਨਿਉਂਦੇ ਚਲੇ ਜਾਂਦੇ ਹਨ। ਹਰ ਪ੍ਰਕਾਰ ਦੇ ਕਸ਼ਟ, ਖੇਚਲ, ਖੇਦ, ਹਾਨੀ ਅਪਮਾਨਿ ਆਪ ਝੱਲ ਲੈਂਦੇ ਹਨ, ਝੱਲਦੇ ਹੋਏ ਉਦਾਸ ਨਹੀਂ ਸਗੋਂ ਚਾਅ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਿਚਾਰ ਸਦਾ ਨਿਰਮਲ ਹੈ। ਵਿਚਾਰ ਵਿਚ ਗਿਆਨ ਹੈ। 'ਦ੍ਰੁਮ ਸਪੂਰ ਜਿਉਂ ਨਿਵੈ।'

*"ਸਤਿਗੁਰ ਪਰਮ ਸੁਜਾਨ ਵੈਰ ਭਾਉ ਜਾ ਕੈ ਨਹੀਂ।*
*ਨਹੀਂ ਮਾਨ ਅਪਮਾਨ ਸਹਿਜ ਬਨੇ ਤਾਸੋ ਰਚੇ।"*

ਜਦ ਗੁਰੂ ਜੀ ਪਿੰਡ ਛੱਡ ਦੂਰ ਚਲੇ ਗਏ ਤਾਂ ਪਿੰਡ ਦੇ ਜੱਟ ਉਸ ਤਪੇ ਪਾਸ ਗਏ ਤੇ ਬਾਰਸ਼ ਵਰ੍ਹਾਉਣ ਲਈ ਕਿਹਾ। ਉਸ ਬਹੁਤੇਰੇ ਮੰਤ੍ਰ ਜੰਤ੍ਰ ਤੰਤ੍ਰ ਕੀਤੇ ਪਰ ਬਾਰਸ਼ ਦਾ ਕਿਧਰੇ ਨਿਸ਼ਾਨ ਨਾ ਦਿੱਸੇ। ਪਿੰਡ ਵਾਲੇ ਕਾਹਲੇ ਹੋਣ ਲੱਗੇ ਤਾਂ ਡਰਾਵੇ ਦੇਣ ਲੱਗਾ। ਪਿੰਡ ਵਾਲੇ ਤਾਂ ਬਾਰਸ਼ ਚਾਹੁੰਦੇ ਸਨ। ਹੁਣ ਜਦ ਫਿਰ ਤਪੇ ਪਾਸ ਗਏ ਤਾਂ ਉਸ ਕਿਹਾ : 'ਮੁਠੀ ਮਹਿ ਬਰਖਾ ਨਹਿ ਰਾਖੀ'। ਪਿੰਡ ਵਾਸੀ ਹੁਣ ਛਿੱਥੇ ਪੈ ਗਏ। ਪਛਤਾਵਾ ਵੀ ਹੋਇਆ ਕਿ ਗੁਰੂ ਪਾਤਸ਼ਾਹ ਨੂੰ ਇੰਜੇ ਹੀ ਪਿੰਡੋਂ ਕੱਢਿਆ। ਬਾਹਰੋਂ ਆਈਆਂ ਸੰਗਤਾਂ ਗੁਰੂ ਜੀ ਨੂੰ ਜਦ ਪਿੰਡ ਨਾ ਦੇਖਦੀਆਂ ਤਾਂ ਸਗੋਂ ਦੁਖੀ ਹੋ ਪਿੰਡ ਵਾਸੀਆਂ ਨੂੰ ਹੋਰ ਬੁਰਾ ਆਖਦੀਆਂ।

ਅੱਠਵੇਂ ਦਿਨ ਜਦ ਭਾਈ ਅਮਰ ਦਾਸ ਜੀ ਬਾਸਰਕੇ ਤੋਂ ਮੁੜੇ ਤਾਂ ਗੁਰੂ ਅੰਗਦ ਦੇਵ ਜੀ ਨੂੰ ਦਰਬਾਰ ਵਿਖੇ ਨਾ ਦੇਖ ਕੇ ਬੜੇ ਵਿਆਕੁਲ ਹੋਏ। ਪੁੱਛਣ 'ਤੇ ਦੱਸਿਆ ਗਿਆ ਕਿ ਇਹ ਕਾਰਾ ਤਪੇ ਦਾ ਹੈ ਅਤੇ ਪਿੰਡ ਵਾਸੀਆਂ ਨੇ ਉਸ ਦੇ ਪਿੱਛੇ ਲਗ ਕੁਕਰਮ ਕਮਾਇਆ ਹੈ।

ਭਾਈ ਅਮਰ ਦਾਸ ਜੀ ਨੇ ਸਾਰੇ ਪਿੰਡ ਨੂੰ ਸੱਦਾ ਘੱਲ ਕੇ ਕੋਲ ਬੁਲਾਇਆ ਅਤੇ ਪਹਿਲਾਂ ਖ਼ੂਬ ਕੋਸਿਆ ਤੇ ਫਿਰ ਕਿਹਾ ਕਿ ਤਪੇ ਨੇ ਤੁਹਾਨੂੰ ਬਰਖਾ ਨਹੀਂ ਦਿੱਤੀ। ਤੁਸਾਂ ਗੁਰੂ ਜੀ ਨੂੰ ਇਵੇਂ ਹੀ ਪਿੰਡੋਂ ਕੱਢਿਆ। ਤਪੇ ਕੋਲੋਂ ਕਈ ਦਿਨਾਂ ਤੋਂ ਬਾਰਸ਼ ਨਹੀਂ ਹੋਈ। ਮੈਂ ਹੁਣੇ ਹੀ ਬਾਰਸ਼ ਕਰ ਦੇਂਦਾ ਹਾਂ। ਤੁਸੀਂ ਤਪੇ ਦੇ ਪੈਰੀਂ ਰੱਸਾ ਪਾ ਕੇ ਜਿੱਥੇ-ਜਿੱਥੇ ਖਿੱਚੋਗੇ, ਉਥੇ ਉਥੇ ਹੀ ਬਾਰਸ਼ ਹੁੰਦੀ ਜਾਵੇਗੀ।

ਬੰਸਾਵਲੀਨਾਮੇ ਦਾ ਕਹਿਣਾ ਹੈ ਬਾਬਾ ਅਮਰ ਦਾਸ ਜੀ ਨੇ ਕਿਹਾ :

*"ਟੰਗ ਜੋਗੀ ਦੀ ਰੱਸਾ ਪਾਓ।*
*ਜਿਸ ਖੇਤ ਘਸੀਟ ਲੈ ਜਾਓ।*
*ਉਥੇ ਮੀਂਹ ਹੋਵੇਗਾ ਚੰਗਾ।*
*ਤੁਸੀਂ ਦੇਖੋ ਪਾਇ ਜੋਗੀ ਨੂੰ ਢੰਗਾ।" ੨੧੭।*
*ਹਮ ਤੋ ਹੈਂ ਤਿਸ ਕੇ ਅਨੁਸਾਰੀ,*
*ਜੋ ਜਲ ਦੇਹਿ ਕਿਦਾਰ ਮਝਾਰੀ।*

ਕਹਿੰਦੇ ਹੋਏ ਜਦ ਤਪੇ ਪਾਸ ਆਏ ਅਤੇ ਬਾਰਸ਼ ਕਰਨ ਲਈ ਕਿਹਾ ਪਰ ਉਹ ਤਾਂ ਮਜਬੂਰ ਸੀ। ਪਿੰਡ ਵਾਸੀਆਂ ਹੱਥ ਰੱਸਾ ਲਿਆ ਹੀ ਸੀ ਕਿ ਅਕਾਸ਼ ਵਿਚ ਬੱਦਲ ਛਾ ਗਏ। ਸਭ ਨੂੰ ਵਿਸ਼ਵਾਸ ਹੋ ਗਿਆ। ਉਸ ਨੂੰ ਬੰਨ੍ਹ ਕੇ ਘਸੀਟਣ ਲੱਗੇ :

*'ਬਰਖਾ ਅੰਮ੍ਰਿਤ ਤਬ ਭਈ।*
*ਕਿਛੁ ਮਿਤ ਨਾ ਜਾਏ ਕਹੀ।*
*ਜਦ ਘਸੀਟ ਬਾਹਰ ਲੈ ਗਏ,*
*ਤਬ ਖੇਤੁ ਪਾਨੀ ਦੇ ਸਭ ਭਰੁ ਲਏ।'[1]*

ਤਪੇ ਨੂੰ ਘਸੀਟਦੇ-ਘਸੀਟਦੇ ਉਸ ਦੀ ਹੱਡੀ, ਪੱਸਲੀ ਅੱਡ-ਅੱਡ ਕਰ ਦਿੱਤੀ। ਨਾਲੇ ਘਸੀਟਣ ਅਤੇ ਨਾਲ ਨਾਲ ਕਹਿਣ ਕਿ ਕੋਈ ਗੱਲ ਨਹੀਂ :

*ਏਕ ਮਰੇ ਜੀਵਹਿ ਸਭ ਗਾਉ।*

ਲਾਗਲੇ ਪਿੰਡਾਂ ਵਾਲੇ ਹੱਡੀਆਂ ਤਕ ਵੰਡ-ਵੰਡਾ ਕੇ ਲੈ ਗਏ :

*'ਜਿਸ ਠੌਰ ਲੇ ਲੇ ਜਾਇ।*
*ਬਰਖਾ ਤਹਾਂ ਬਰਖਾਇ।'[2]*

ਬਾਬਾ ਅਮਰ ਦਾਸ ਜੀ ਸਾਰੇ ਪਿੰਡਾਂ ਦੀ ਸੰਗਤਿ ਲੈ ਕੇ ਖ਼ਾਨ ਰਜਾਦਾ ਪੁੱਜੇ। ਗੁਰੂ ਜੀ ਨੂੰ ਸਾਰੀ ਖ਼ਬਰ ਪੁੱਜ ਗਈ ਸੀ। ਜਦ ਅਮਰ ਦਾਸ ਜੀ ਨੇ ਚਰਨ ਬੰਦਨਾ ਕੀਤੀ ਤਾਂ ਗੁਰੂ ਅੰਗਦ ਦੇਵ ਜੀ ਨੇ 'ਮੁੱਖ ਫੇਰ ਪੀਠ ਕਰ ਧਰੀ।' ਫਿਰ ਜਦ ਉਸ ਪਾਸੇ ਹੋਏ ਜਿਧਰ ਸੱਚੇ ਪਾਤਸ਼ਾਹ ਦਾ ਮੁੱਖ ਸੀ ਤਾਂ ਉਨ੍ਹਾਂ ਫਿਰ ਪਿੱਠ ਕਰ ਲਈ। ਹੱਥ ਜੋੜ ਭਾਈ ਅਮਰ ਦਾਸ ਜੀ ਬੇਨਤੀ ਕੀਤੀ ਕਿ ਤਪੇ ਨੇ ਆਪਣਾ ਕੀਤਾ ਪਾਇਆ ਹੈ। ਈਰਖਾਲੂ

---

1. ਚਰਣ ਦੂਜਾ, ਬੰਸਾਵਲੀਨਾਮਾ
2. ਮਹਿਮਾ ਪ੍ਰਕਾਸ਼, ਪਾਤਸ਼ਾਹੀ ੨ ਸਾਖੀ ੧੩

ਸੀ। ਆਪ ਜੀ ਦਾ ਨਿਰਾਦਰ ਕੀਤਾ ਸਾਉ। ਇਸ ਲਈ ਸਜ਼ਾ ਮਿਲੀ ਸੂ। ਨਾਲ ਹੀ ਇਨ੍ਹਾਂ ਆਮ ਲੋਕਾਂ 'ਤੇ ਪ੍ਰਭਾਵ ਹੀ ਨਹੀਂ ਰਹਿਣਾ ਸੀ। ਇਨ੍ਹਾਂ ਸਭਨਾਂ ਨੇ ਹੋਰ ਰਾਹ ਅਪਣਾ ਲੈਣਾ ਸੀ।

ਇਹ ਸੁਣ ਕੇ ਮਹਾਰਾਜ ਨੇ ਕਿਹਾ : "ਇਹ ਠੀਕ ਰਾਹ ਨਹੀਂ ਹੈ। ਇਹ ਸਭ ਮਿਥਿਆ ਹੈ। 'ਮਿਥਿਆ ਹਰਖ ਸੋਕ ਅਰ ਮਾਨ। ਮਿਥਿਆ ਮੈਂ, ਤੂੰ ਅਰ ਅਪਮਾਨ।' ਆਪ ਜੀ ਨੂੰ ਤਾਂ ਅਜੇ ਕੁਝ ਦਿਨ ਹੋਇ ਅਜਰ ਜਰਨ ਦੀ ਸਿੱਖਿਆ ਦਿੱਤੀ ਸੀ। ਤੁਸੀਂ ਇਤਨੀ ਛੇਤੀ ਹੀ ਗੁੱਸੇ ਵਿਚ ਆ ਕੇ ਭੁੱਲ ਗਏ। ਇਹ ਕਰਾਮਾਤ ਦਿਖਲਾਉਣੀ 'ਹਉਮੈ' ਨੂੰ ਹੀ ਰਾਜ਼ੀ ਕਰਨਾ ਹੈ ਜਾਂ ਤੁਸਾਂ ਆਪਣੀ ਮਹੱਤਤਾ ਜਤਾਈ ਹੈ :

*'ਅਪਨ ਆਪ ਕੇ ਮਹਿਦ ਜਨਾਯੋ।'*

"ਕੌਣ ਹੈ ਜੋ ਈਰਖਾ ਤੋਂ ਖ਼ਾਲੀ ਹੈ। ਜੇ ਕਿਸੇ ਦੀ ਆਪਣੀ 'ਮੈਂ' ਭੁਲੇ ਤਾਂ ਉਹ ਬਖ਼ਸ਼ਣਹਾਰ ਅਤੇ ਜੇ ਕਿਸੇ ਹੋਰ ਦੀ 'ਮੈਂ' ਭੁੱਲ ਜਾਏ ਤਾਂ ਸਜ਼ਾ। ਕੈਸਾ ਇਨਸਾਫ਼ ਹੈ। ਸ਼ਾਂਤ ਰਹਿਣ, ਜਰਨ ਤੇ ਖਿਮਾ ਕਰਨ ਨਾਲ ਹੀ ਇਹ ਹਉਮੈ ਮਰਦੀ ਹੈ। ਭੀੜ ਨੂੰ ਖ਼ੁਸ਼ ਕਰਨ ਲਈ ਕੁਝ ਕਰਨਾ ਸਾਡਾ ਰਾਹ ਨਹੀਂ। *ਸਹਿਨਸ਼ੀਲਤਾ ਚਾਹੀਦੀ ਹੈ ਧਰਤੀ ਵਰਗੀ, ਦੁੱਖ ਸੁੱਖ ਵਿਚ ਅਡੋਲਤਾ ਪਰਬਤ ਵਰਗੀ ਅਤੇ ਜੇਰਾ ਰੁੱਖਾਂ ਵਰਗਾ। ਨਿਰਮਲਤਾ ਬਰ.ਫ ਜਿਹੀ, ਵਿਸ਼ਾਲਤਾ ਆਕਾਸ਼ ਤੁਲ, ਤੇਜ ਸੂਰਜ ਵਾਂਗ ਅਤੇ ਸਰਬੱਤ ਦਾ ਭਲਾ :*

*'ਸਤਿਗੁਰ ਕੋ ਘਰ ਹੈ ਨਿਤ ਨੀਵਾਂ।*
*ਹੋਨਿ ਹੰਕਾਰ ਥਾਵ ਨਹਿ ਥੀਵਾਂ।'*

ਭਾਈ ਅਮਰ ਦਾਸ ਜੀ ਨੇ ਖਿਮਾ ਮੰਗੀ ਤੇ ਪਿੰਡ ਵਾਸੀਆਂ ਨੇ ਪਸਚਾਤਾਪ ਕੀਤਾ।

ਪਹਿਲਾਂ ਤਾਂ ਗੁਰੂ ਜੀ ਨੇ ਇਹ ਫ਼ਰਮਾਇਆ ਕਿ :

*ਹਾਨ ਲਾਭ ਹਮਰੇ ਕਿਛ ਨਾਹੀ,*
*ਮੰਗਲ ਹੈ ਇਸ ਜੰਗਲ ਮਾਹੀ।*
*ਦੁਬਧਾ ਜਾਨ ਖਡੂਰ ਹਮ ਤਿਆਗਾ,*
*ਈਹਾ ਸਹਜ-ਅਨੰਦ ਸੁਭਾਗਾ।*

ਪਰ ਜਦ ਸਭ ਨੂੰ ਹੀ ਪਸ਼ਚਾਤਾਪ ਕਰਦੇ ਡਿੱਠਾ ਤਾਂ ਵਾਪਸ ਖਡੂਰ ਸਾਹਿਬ ਆਉਣਾ ਮੰਨੇ। ਨਾਲ ਹੀ ਬਖਸ਼ੰਦ ਗੁਰੂ ਨੇ ਕਿਹਾ ਕਿ ਹੁਣ ਪਸ਼ਚਾਤਾਪ ਇਹ ਹੈ ਕਿ ਉਸੇ ਤਪੇ ਦੀ ਯਾਦ ਮਨਾਓ ਤੇ ਲੰਗਰ ਲਗਾਓ ਤੇ ਭੁੱਖਿਆਂ ਦੀ ਭੁੱਖ ਦੂਰ ਕਰੋ। ਹੁਣ ਤਕ ਤਪੇ ਦੀ ਯਾਦ ਵਿਚ ਸਾਲਾਨਾ ਲੰਗਰ ਹੁੰਦਾ ਹੈ।

**ਹੋਰ ਤਾੜਨਾ**—ਖਡੂਰ ਸਾਹਿਬ ਮੁੜਦਿਆਂ ਹਰ ਪਿੰਡ ਵਾਸੀ ਨੇ ਆਦਰ ਦਿੱਤਾ ਅਤੇ ਜਿਨ੍ਹਾਂ ਪਿੰਡਾਂ ਨੇ ਰਾਹ ਅਗਲਾ ਦਿਖਾਇਆ ਸੀ, ਉਨ੍ਹਾਂ ਨੇ ਹੀ ਇਕ-ਇਕ ਰਾਤ ਟਿਕਣ ਦੀ ਬੇਨਤੀ ਕੀਤੀ। ਪਿੰਡ ਵਾਸੀਆਂ ਪਸ਼ਚਾਤਾਪ ਕੀਤੇ ਅਤੇ ਖਿਮਾ ਮੰਗੀ। ਭੈਰੋਂ ਪਿੰਡ ਦੇ ਭਾਈ ਖੀਵਾ ਜੀ ਉਚੇਚੇ ਤੌਰ 'ਤੇ ਗੁਰੂ ਜੀ ਨੂੰ ਆਪਣੇ ਪਿੰਡ ਲੈ ਗਏ। ਉਨ੍ਹਾਂ ਨੇ

ਰੱਜ ਕੇ ਨਿਮਰਤਾ ਸਹਿਤ ਸਭ ਸੰਗਤ ਦੀ ਸੇਵਾ ਕੀਤੀ। ਭਾਈ ਅਮਰ ਦਾਸ ਜੀ ਨੇ ਡਿੱਠਾ ਕਿ ਭਾਈ ਖੀਵਾ ਜੀ ਦੀ ਕੋਈ ਸੰਤਾਨ ਨਹੀਂ ਸੀ ਅਤੇ ਇਤਨੀ ਨਿਰਮਾਣ ਸੇਵਾ ਕਰਦੇ ਦੇਖ ਸੰਕਲਪ ਕਰ ਬੈਠੇ ਕਿ ਇਨ੍ਹਾਂ ਘਰ ਗੁਰੂ ਔਲਾਦ ਬਖ਼ਸ਼ੇ। ਉਹ ਵੀ ਇਸ ਤਰ੍ਹਾਂ ਸੇਵਾ ਕਰਦਾ ਦਿੱਸੇ। ਅੰਤਰਜਾਮੀ ਗੁਰੂ ਨੇ ਉਸੇ ਸਮੇਂ ਪਾਸ ਬੁਲਾ ਕੇ ਕਿਹਾ :

"ਕੀ ਤੁਹਾਨੂੰ ਗੁਰੂ ਨਾਲੋਂ ਜ਼ਿਆਦਾ ਸੋਝੀ ਹੋ ਗਈ ਹੈ। ਤੁਸੀਂ ਹੁਣ ਹੀ ਬਖ਼ਸ਼ਿਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸੰਕਲਪ ਵੀ ਤੁਹਾਨੂੰ ਸੋਚ ਕੇ ਕਰਨਾ ਚਾਹੀਦਾ ਹੈ।" ਇਹ ਬੜੀ ਸਖ਼ਤ ਤਾੜਨਾ ਸੀ। ਜਿਸ ਵਿਚ ਗੁਰ ਜੋਤ ਨੇ ਟਿਕਣਾ ਹੈ ਉਸ ਵਿਚ ਸੰਕਲਪ ਵਿਕਲਪ ਦੇ ਫੁਰਨੇ ਵੀ ਨਹੀਂ ਚਾਹੀਦੇ।

ਇਥੇ ਇਹ ਲਿਖ ਦੇਣਾ ਕੁਥਾਂ ਨਹੀਂ ਹੋਵੇਗਾ ਕਿ ਇਹ ਤਾੜਨਾਵਾਂ ਜਗਿਆਸੂਆਂ ਲਈ ਸਨ। ਸਿੱਖ ਕੱਚੇ ਤੇ ਸੱਚੇ ਗੁਰੂ ਦੀ ਕਰਨੀ ਨੂੰ ਜਾਣ ਸਕਣ। ਇਥੇ ਸੱਚੇ ਗੁਰੂ ਅਤੇ ਸੱਚੇ ਸਿੱਖ ਦਾ ਆਦਰਸ਼ ਹੀ ਦ੍ਰਿੜ੍ਹਾ ਰਹੇ ਹਨ। ਜੋ ਲੋਕ ਨਿਰੀਆਂ ਕਰਾਮਾਤਾਂ ਜਾਂ ਦੰਭ ਦਾ ਸਹਾਰਾ ਜਾਂ ਕਿਸੇ ਦੀਆਂ ਹਵਸਾਂ ਪੂਰਨ, ਖ਼ਾਹਿਸ਼ਾਂ ਪੂਰੀਆਂ ਕਰਨ ਤੇ ਮੁਰਾਦਾਂ ਦੇਣ ਵਿਚ ਲੱਗੇ ਰਹਿੰਦੇ ਹਨ, ਉਹਨਾਂ ਤੋਂ ਸਿੱਖ ਬਚ ਸਕਣ। ਜ਼ਰਾ ਗਹੁ ਨਾਲ ਦੇਖੋ ਪਹਿਲਾਂ ਕਿਤਨੀ ਨੇਕ ਤਬੀਅਤ ਸੀ। ਭਲੇ ਕੰਮਾਂ ਵਿਚ ਲੱਗੇ ਰਹਿੰਦੇ ਸਨ। ਧਰਮ ਵੱਲ ਝੁਕਾਉ ਸੀ। ਭਗਤੀ ਦੀ ਪਿਆਸ ਸੀ। ਤੀਰਥਾਂ 'ਤੇ ਜਾਣਾ ਸੀ। ਗੁਰੂ ਲੱਭਣ ਤੇ ਰੀਝਾਉਣ ਦੀ ਪਿਆਸ ਜਾਗੀ। ਫਿਰ ਸੇਵਾ ਦੀ ਹੱਦ ਦੱਸੀ। ਫਿਰ ਅਦਬ ਤੇ ਨਿਮ੍ਰਤਾ ਦੀ। ਫਿਰ ਆਈਆਂ ਸ਼ਕਤੀਆਂ ਨੂੰ ਕਿਵੇਂ ਪਛਾੜਨਾ ਹੈ ਤੇ ਆਪਾ-ਤਿਆਗ ਕੇ ਮਿਸਾਲ ਕਾਇਮ ਕਰਨੀ ਹੈ।

**ਗਿਆਰ੍ਹਵੇਂ ਸਾਲ**—ਬਾਬਾ ਅਮਰ ਦਾਸ ਜੀ ਪਹਿਲੇ ਵਾਂਗ ਹੀ ਸੇਵਾ ਵਿਚ ਜੁਟੇ ਹੋਏ ਸਨ। ਜਪੁਜੀ ਪੜ੍ਹਦੇ ਬਿਆਸਾ ਵੱਲ ਜਲ ਭਰਨ ਜਾਂਦੇ ਅਤੇ ਜਿਥੇ ਜਪੁਜੀ ਦਾ ਭੋਗ ਪੈਂਦਾ ਗਾਗਰ ਸਿਰ ਤੋਂ ਉੱਚੀ ਮਨੇਰ 'ਤੇ ਰੱਖ, ਫਿਰ ਖਡੂਰ ਸਾਹਿਬ ਵੱਲ ਚੱਲ ਪੈਂਦੇ। ਹੁਣ ਇਕ ਅੰਤਰ ਜ਼ਰੂਰ ਪੈ ਗਿਆ ਕਿ ਗੁਰੂ ਜੀ ਜਦ ਕਦ ਸਮਾਧੀ ਸਥਿਤ ਹੁੰਦੇ ਤਾਂ ਸੰਗਤਾਂ ਵਿਚ ਵਿਚਾਰ ਬਾਬਾ ਜੀ ਹੀ ਕਰਦੇ। ਬੰਸਾਵਲੀ ਨਾਮੇ ਦਾ ਕਹਿਣਾ ਹੈ ਕਿ "ਜਵਾਬ ਸੁਆਲ ਸਭ ਅਮਰ ਦਾਸ ਕਰੇ।"[1] ਹੁਣ ਇਹ ਚਰਚਾ ਵੀ ਹੋਣ ਲੱਗ ਪਈ ਸੀ ਕਿ ਗੁਰਿਆਈ ਦੀ ਜ਼ਿੰਮੇਵਾਰੀ ਕਿਸ ਨੂੰ ਦੇਣਗੇ। ਬਾਬਾ ਦਾਤੂ ਜੀ ਅਤੇ ਦਾਸੂ ਜੀ ਪੁੱਤਰਪੁਣੇ ਦੇ ਮਾਣ ਵਿਚ ਹੀ ਫਿਰ ਰਹੇ ਸਨ। ਜਦ ਦਾਸੂ ਜੀ ਕਦੇ ਮਾਤਾ ਖੀਵੀ ਜੀ ਕੋਲੋਂ ਪੁੱਛਦੇ ਸਨ ਕਿ ਇਹ ਗੁਰਿਆਈ ਦੀ ਪਦਵੀ ਕਿਸ ਨੂੰ ਪਿਤਾ ਜੀ ਦੇਣਗੇ ਤਾਂ ਮਾਤਾ ਜੀ ਕਹਿੰਦੇ : 'ਇਹ ਪਰਮੇਸ਼ਵਰ ਵਲੋਂ ਹੁੰਡੀ ਹੈ, ਸੇਵਕ ਨੂੰ ਹੀ ਤਾਰਨਗੇ।'

ਇਕ ਰਾਤ ਬਰਖਾ ਹੋ ਰਹੀ ਸੀ। ਭਾਈ ਅਮਰ ਦਾਸ ਜੀ ਨੇਮ ਅਨੁਸਾਰ ਗਾਗਰ ਉਠਾ ਕੇ ਬਿਆਸਾ ਤੋਂ ਜਲ ਲੈਣ ਟੁਰਨ ਲੱਗੇ। ਉਸ ਰਾਤ, ਸੂਰਜ ਪ੍ਰਕਾਸ਼ ਦਾ ਕਹਿਣਾ

1. ਚਰਣ ਦੂਜਾ

ਹੈ ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਕਿਹਾ ਕਿ ਉਹ ਬਿਆਸਾ ਤੋਂ ਜਲ ਭਰ ਲਿਆਉਣ। ਉਹ ਅਡੋਲ ਸੁੱਤੇ ਰਹੇ। ਕਈ ਵਾਰੀ ਗੁਰੂ ਜੀ ਨੇ ਜਗਾਇਆ। ਉਹ ਇਹ ਕਹਿੰਦੇ ਸੌਂ ਗਏ ਕਿ ਇਹ ਟਹਿਲੀਏ ਦਾ ਕੰਮ ਹੈ ਸਾਨੂੰ ਤਾਂ ਰਾਹ ਵੀ ਨਹੀਂ ਆਉਂਦਾ। ਉਸ ਸਮੇਂ ਨਿਤ ਕਿਰਿਆ ਨਿਭਾਂਦੇ ਭਾਈ ਅਮਰ ਦਾਸ ਜੀ ਗਾਗਰ ਚੁਕ ਕੇ ਚਲੇ ਗਏ। ਗੁਰੂ ਅੰਗਦ ਦੇਵ ਜੀ ਨੇ ਉਸੇ ਵੇਲੇ ਸੁਣਾ ਕੇ ਕਿਹਾ ਸੀ :

*'ਹਮਰੇ ਪੁਤ ਗਰਬ ਉਰ ਭਾਰੀ।'*

ਉੱਧਰ ਬਾਰਸ਼ ਕੁਝ ਥੰਮੀ। ਉਸ ਥਾਂ (ਜਿਥੇ ਹੁਣ ਦਮਦਮਾ ਸਾਹਿਬ ਦਾ ਗੁਰਦੁਆਰਾ ਹੈ) ਜਿਥੇ ਰੋਜ਼ ਜਪੁਜੀ ਦਾ ਭੋਗ ਪਾ ਕੇ ਕੁਝ ਚਿਰ ਟਿਕਦੇ ਸਨ, ਖਡੂਰ ਸਾਹਿਬ ਵੱਲ ਤੁਰਨ ਲੱਗੇ ਤਾਂ ਜੁਲਾਹੇ ਦੀ ਤਾਣੀ ਬੁਣਨ ਵਾਲੀ ਕਿੱਲੀ ਨਾਲ ਠੁੱਡਾ ਲੱਗ ਕੇ ਡਿੱਗ ਪਏ। ਗਾਗਰ ਤਾਂ ਸੰਭਾਲ ਰੱਖੀ ਤੇ ਸੰਭਲ ਕੇ ਉੱਠਣ ਲੱਗੇ। ਖੜਾਕਾ ਸੁਣ ਕੇ ਜੁਲਾਹੇ ਨੇ ਕਿਹਾ : 'ਬੋਲਦਾ ਕਿਉਂ ਨਹੀਂ ? ਕੌਣ ਹੈਂ ?' ਜੁਲਾਹੀ, ਜੋ ਆਵਾਜ਼ ਸੁਣਦੀ ਪਈ ਸੀ, ਜੁਲਾਹੇ ਨੂੰ ਚੁੱਪ ਕਰਾਂਦੀ ਕਹਿਣ ਲੱਗੀ : 'ਆਰਾਮ ਨਾਲ ਸੁੱਤਾ ਰਹੁ, ਇਹ ਉਹ ਹੀ ਅਮਰੂ ਨਿਥਾਵਾਂ ਹੈ, ਕੁੜਮਾਂ ਦੇ ਦਰ ਟੁਕੜੇ ਖਾਣ ਲਈ ਆਇਆ ਹੋਇਆ ਹੈ। ਸਾਰਿਆਂ ਨੇ ਇਸ ਨੂੰ ਤਿਆਗ ਦਿੱਤਾ ਹੈ। ਲੋਕ ਲਾਜ ਵੀ ਇਸ ਵਿਚ ਨਹੀਂ।' ਇਹ ਸੁਣਦੇ ਹੀ ਭਾਈ ਅਮਰ ਦਾਸ ਜੀ ਨੇ ਉੱਚੀ ਸੁਣਾ ਕੇ ਕਿਹਾ : 'ਮੈਂ ਨਹੀਂ ਨਿਥਾਵਾਂ, ਤੂੰ ਕਮਲੀ ਹੈਂ, ਜੋ ਇੰਜ ਸੋਚਦੀ ਹੈਂ। ਮੈਂ ਤਾਂ ਉਸ ਦੀ ਸ਼ਰਨ ਹਾਂ ਜੋ ਦੁਨੀਆ ਦਾ ਮਾਲਕ ਹੈ।'

ਗਾਗਰ ਸੰਭਾਲ ਆਪ ਜੀ ਖਡੂਰ ਸਾਹਿਬ ਪੁੱਜ ਗਏ। ਰਤਾ ਕੁ ਦੇਰੀ ਹੋ ਗਈ ਸੀ। ਖਿਮਾ ਮੰਗੀ। ਜਾਣੀ ਜਾਣ ਗੁਰੂ ਅੰਗਦ ਦੇਵ ਜੀ ਜਾਣਦੇ ਸਨ, ਉਨ੍ਹਾਂ ਪੁੱਛਿਆ ਵੀ ਪਰ ਭਾਈ ਅਮਰ ਦਾਸ ਜੀ ਕੁਝ ਨਾ ਬੋਲੇ।

ਅੰਮ੍ਰਿਤ ਵੇਲੇ ਦੀਵਾਨ ਦੀ ਸਮਾਪਤੀ ਵੇਲੇ ਜੁਲਾਹਾ ਪੁਕਾਰ ਕਰਦਾ ਹੋਇਆ ਆਇਆ ਤੇ ਦੱਸਿਆ ਕਿ ਜੁਲਾਹੀ ਕਮਲੀ ਹੋਈ ਫਿਰਦੀ ਹੈ। ਉਸ ਜੁਲਾਹੀ ਨੂੰ ਜਦ ਹਜ਼ੂਰ ਸਾਹਮਣੇ ਲਿਆਂਦਾ ਤਾਂ ਦ੍ਰਿਸ਼ਟੀ ਪੈਂਦੇ ਸਾਰ ਸੰਭਲੀ। ਹੱਥ ਜੁੜ ਗਏ। ਗੁਰੂ ਅੰਗਦ ਦੇਵ ਜੀ ਨੇ ਪ੍ਰਭਾਤ ਵਾਲਾ ਸਾਰਾ ਵਾਕਿਆ ਸੁਣਨਾ ਚਾਹਿਆ। ਜੁਲਾਹੀ ਨੇ ਦੱਸਿਆ ਕਿ ਖੜਾਕ ਹੋਣ ਵੇਲੇ, ਪਤੀ ਦੇ ਦੁਬਾਰਾ ਪੁੱਛਣ 'ਤੇ ਉਸ ਉਹ ਹੀ ਕਹਿ ਦਿੱਤਾ ਜੋ ਲੋਕੀਂ ਕਹਿੰਦੇ ਸਨ ਕਿ ਇਹ ਅਮਰੂ ਨਿਥਾਵਾਂ ਹੈ। ਗੁਰੂ ਅੰਗਦ ਦੇਵ ਜੀ ਨੇ ਜਦ ਫਿਰ ਭਾਈ ਅਮਰ ਦਾਸ ਜੀ ਵੱਲ ਡਿੱਠਾ ਤਾਂ ਉਨ੍ਹਾਂ ਦੱਸਿਆ : ਸੱਚੇ ਪਾਤਸ਼ਾਹ, ਇਹ ਸੱਚ ਹੈ ਕਿ ਜਦ ਇਸ ਨੇ ਸੇਵਾ ਨਿੰਦੀ ਤਾਂ ਮੇਰੇ ਕੋਲੋਂ ਰਿਹਾ ਨਾ ਗਿਆ। 'ਮੈਂ ਕਿਹਾ ਸੀ, 'ਤੂੰ ਕਮਲੀ ਹੈਂ ਜੋ ਇਹ ਸੋਚਦੀ ਹੈਂ। ਗੁਰੂ ਦੀ ਸੇਵਾ ਸਭ ਤੋਂ ਮਹਾਨ ਹੈ। ਉਂਜ ਮੈਂ ਉਸ ਸਮੇਂ ਤਕ ਨਿਥਾਵਾਂ ਹੀ ਹਾਂ ਜਦ ਤਕ ਆਤਮ ਰੂਪ ਨੂੰ ਨਹੀਂ ਪਾ ਲੈਂਦਾ। ਬੂਟੇ ਸ਼ਾਹ ਦਾ ਲਿਖਣਾ ਹੈ ਕਿ ਬਾਬਾ ਅਮਰ ਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਵਲੋਂ ਪੁੱਛੇ ਜਾਣ ਤੇ ਇਹ ਕਿਹਾ : ਮੁਰਸ਼ਦ ਦੀ ਨੂਰਾਨੀ ਧਰਤੀ (ਹਿਰਦਾ) ਸੰਸਾਰ ਦੇ ਹਾਲਾਤ ਪ੍ਰਗਟਾਉਣ ਵਾਲਾ ਸ਼ੀਸ਼ਾ ਹੈ। ਆਪਣਾ ਹਾਲ ਬੋਲ ਸੁਣਾਉਣ ਦੀ ਕੀ ਲੋੜ ਹੈ।

ਗੁਰੂ ਅੰਗਦ ਦੇਵ ਜੀ ਇਹ ਸੁਣਦੇ ਸਾਰ ਬਖ਼ਸ਼ਿਸ਼ ਦੇ ਦਰ ਆਏ ਤੇ ਵਰ ਦੇਣੇ ਸ਼ੁਰੂ ਕੀਤੇ। ੧੨ ਵਰ ਬਖਸ਼ੇ। ਵਜਦ ਵਿਚ ਬੋਲੇ :

*"ਤੁਮ ਹੋ ਨਿਥਾਵਨ ਥਾਨ।*
*ਕਰਹੋ ਨਿਮਾਨਹਿ ਮਾਨ।*
*ਨਿਤਾਣਿਆਂ ਦਾ ਤਾਨ।*
*ਨਿਓਟਿਆਂ ਦੀ ਓਟ।*
*ਨਿਆਸਰਿਆਂ ਦਾ ਆਸਰਾ।*
*ਨਿਧਰਿਆਂ ਦੀ ਧਰ।*
*ਨਿਧੀਰਨ ਦੀ ਧੀਰ।*
*ਪੀਰਾਂ ਦੇ ਪੀਰ।*
*ਦਿਆਲ ਗਹੀ ਬਹੋੜ।*
*ਜਗਤ ਬੰਦੀਛੋੜ।*
*ਭੰਨਣ ਘੜਨ ਸਮਰਥ।*
*ਸਭ ਜੀਵਕਾ ਜਿਸ ਹੱਥ।"*

"ਤੂੰ ਸਾਡਾ ਹੀ ਰੂਪ ਹੈਂ। ਜਿਵੇਂ ਸੋਨੇ ਦੇ ਦੋ ਕੰਗਣਾਂ ਨੂੰ ਭੱਠੀ ਵਿਚ ਪਾ ਕੇ ਇਕ ਕਰ ਲਈਦਾ ਹੈ, ਤਿਵੇਂ ਤੁਸਾਂ ਆਪਣੇ ਆਪ ਨੂੰ ਢਾਲ ਲਿਆ ਹੈ।"

ਨਵੇਂ ਬਸਤਰ ਪਹਿਣਾਏ।

**ਪੁੱਤਰਾਂ ਦਾ ਰੋਸ ਅਤੇ ਦਾਸੂ ਜੀ ਦਾ ਹਮਲਾ**—ਹੁਣ ਹਰ ਇਕ ਤੇ ਸਪੱਸ਼ਟ ਹੋ ਗਿਆ ਸੀ ਕਿ ਬਾਬਾ ਅਮਰ ਦਾਸ ਜੀ ਨੂੰ ਗੁਰ ਗੱਦੀ ਦੀ ਜ਼ਿੰਮੇਵਾਰੀ ਦਿੱਤੀ ਜਾਣੀ ਹੈ। ਗੁਰੂ ਜੀ ਨੇ ਕਮਲੀ ਜੁਲਾਹੀ ਵਾਲੀ ਥਾਂ ਵੀ ਖ਼ਰੀਦ ਲਈ ਅਤੇ ਉੱਥੇ ਸਮਾਧ ਦੀ ਉਸਾਰੀ ਦਾ ਕਾਰਜ ਵੀ ਆਰੰਭ ਕਰ ਦਿੱਤਾ ਸੀ। ਉਹ ਕਿੱਲੀ ਜਿਸ ਨਾਲ ਬਾਬਾ ਅਮਰ ਦਾਸ ਜੀ ਦਾ ਠੁੱਡਾ ਲੱਗਾ ਸੀ, ਹਰੀ ਭਰੀ ਹੋ ਗਈ।

ਗੁਰੂ ਪਾਤਸ਼ਾਹ ਨੇ ਪੁੱਤਰਾਂ ਦਾ ਰੋਸ ਤੇ ਗੁੱਸਾ ਵੀ ਅਨੁਭਵ ਕਰ ਲਿਆ ਸੀ। ਬਾਬਾ ਅਮਰ ਦਾਸ ਜੀ ਨੂੰ ਕੁਝ ਚਿਰ ਬਾਸਰਕੇ ਜਾਣ ਦਾ ਹੁਕਮ ਵੀ ਇਸੇ ਲਈ ਦਿੱਤਾ ਸੀ ਕਿ ਪਿੱਛੋਂ ਕੁਝ ਸ਼ਾਂਤੀ ਵਰਤ ਜਾਏ। ਗੁਰੂ ਜੀ ਵੀ ਖਡੂਰ ਸਾਹਿਬ ਛੱਡ ਜੁਲਾਹੀ ਦੀ ਝੁੱਗੀ ਵਾਲੀ ਥਾਂ ਜਾਣ ਦਾ ਨਿਰਣਾ ਕਰ ਬੈਠੇ ਸਨ।

ਬਾਸਰਕੇ ਵੱਲ ਬਾਬਾ ਅਮਰ ਦਾਸ ਜੀ ਦੇ ਜਾਂਦਿਆਂ ਦਾਸੂ ਜੀ ਨੇ ਘੋੜੇ 'ਤੇ ਪਿੱਛਾ ਕੀਤਾ। ਅੱਗੋਂ ਘੇਰ ਕੇ ਸਰੀਰਕ ਨੁਕਸਾਨ ਪਹੁੰਚਾਣਾ ਚਾਹਿਆ ਪਰ ਹੱਥ ਬੱਝ ਗਏ। ਮੁੱਠੀ ਖੁਲ੍ਹੀ ਹੀ ਨਾ। ਖਡੂਰ ਸਾਹਿਬ ਪਰਤ ਕੇ ਜਦ ਮਾਤਾ ਖੀਵੀ ਜੀ ਨੂੰ ਦੱਸਿਆ ਤਾਂ ਉਨ੍ਹਾਂ ਵੀ ਬਹੁਤ ਗੁੱਸਾ ਕੀਤਾ ਅਤੇ ਖਿਮਾ ਦਿਲਵਾਉਣ ਲਈ ਮਾਤਾ ਜੀ ਆਪ੍ਰੂੰ ਦਾਸੂ ਜੀ ਨੂੰ ਨਾਲ ਲੈ ਕੇ ਬਾਸਰਕੇ ਗਏ। ਬੀਬੀ ਅਮਰੋ ਜੀ ਦੇ ਘਰ ਰੁਕੇ ਅਤੇ ਪਹਿਲਾਂ ਆਪ੍ਰੂੰ ਬਾਬਾ ਅਮਰ ਦਾਸ ਜੀ ਦੇ ਘਰ ਗਏ। ਮਾਤਾ ਖੀਵੀ ਜੀ ਨੂੰ ਬਾਬਾ ਅਮਰ ਦਾਸ

ਜੀ ਬਾਸਰਕੇ ਦੇਖ ਹੈਰਾਨ ਹੋਏ ਪਰ ਜਦ ਉਨ੍ਹਾਂ ਮੰਤਵ ਆਉਣ ਦਾ ਦੱਸਿਆ ਤਾਂ ਉਨ੍ਹਾਂ ਸਗੋਂ ਖਿਮਾ ਮੰਗੀ ਅਤੇ ਕਿਹਾ : 'ਮੈਨੂੰ ਬੁਲਾ ਲੈਣਾ ਸੀ। ਤੁਸਾਂ ਕਿਉਂ ਖੇਚਲ ਕੀਤੀ।' ਦਾਸੂ ਜੀ ਨੂੰ ਖਿਮਾ ਦਿਲਵਾਈ। ਇਹ ਗੱਲ ਹੁਣ ਸਾਰੇ ਪਾਸੇ ਪ੍ਰਗਟ ਹੋ ਗਈ ਕਿ ਗੁਰ-ਗੱਦੀ ਦੀ ਜ਼ਿੰਮੇਵਾਰੀ ਬਾਬਾ ਅਮਰ ਦਾਸ ਜੀ ਨੂੰ ਮਿਲਣ ਵਾਲੀ ਹੈ।

ਗੁਰੂ ਅੰਗਦ ਦੇਵ ਜੀ ਨੇ ਪੁੱਤਰਾਂ ਨੂੰ ਪੁੱਛਿਆ ਕਿ ਉਹ ਅਮਰ ਦਾਸ ਜੀ ਦਾ ਪਿੱਛਾ ਕਰਨ ਕਿਉਂ ਗਏ ਸਨ? ਉਨ੍ਹਾਂ ਕਿਹਾ ਕਿ ਖਡੂਰ ਸਾਹਿਬ ਹਰ ਇਕ ਦੀ ਜ਼ਬਾਨ 'ਤੇ ਇਹ ਹੀ ਸੀ ਕਿ ਤੁਸੀਂ ਹੁਣ ਦਾਸ ਅੱਗੇ ਝੁਕਣ ਲਈ ਹੀ ਰਹਿ ਗਏ। ਸਭ ਕੁਝ ਉਹ ਲੈ ਗਿਆ। ਸੱਚੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਮੁਸਕਰਾਏ ਅਤੇ ਕਿਹਾ ਕਿ ਉਹ ਤਾਂ 'ਹਉਮੈ' ਦੇਣ ਆਇਆ ਸੀ ਤੇ 'ਅਣਹੋਂਦ' ਲੈਣ। ਉਸ 'ਅਣਹੋਂਦ' ਵਿਚ ਅਕਾਲ ਪੁਰਖ ਭਰ ਲਿਆ ਹੈ। ਹੁਣ ਉਥੇ ਸਰਬ-ਸ਼ਕਤੀਮਾਨ ਵਸਦਾ ਹੈ। ਇਹ ਗੁਰਿਆਈ ਅਕਾਲ ਪੁਰਖ ਦੀ ਵਸਤੂ ਹੈ, ਜਿਸ ਹਿਰਦੇ ਉਹ ਬੈਠ ਗਿਆ, ਉਸੇ ਨੂੰ ਹੀ ਮਿਲੇਗੀ।'

**ਵਸਣਾ ਗੋਇੰਦਵਾਲ ਦਾ**—ਗੋਇੰਦ ਨਾਮ ਦਾ ਇਕ ਮਰਵਾਹ ਖੱਤਰੀ ਸੀ। ਉਸ ਦਾ ਵਪਾਰ ਚੰਗਾ ਚਲਦਾ ਸੀ ਤੇ ਵਪਾਰ ਦੇ ਸਿਲਸਿਲੇ ਵਿਚ ਹੀ ਕਿਤਨਾ ਚਿਰ ਉਸ ਨੂੰ ਬਾਹਰ ਵਿਚਰਨਾ ਪੈਂਦਾ ਸੀ। ਉਸ ਦੀ ਜ਼ਮੀਨ ਬਿਆਸ ਲਾਗੇ ਸੀ। ਸ਼ਰੀਕਾਂ ਨੇ ਦੱਬ ਲਈ। ਕਈ ਤਰਲੇ ਕੀਤੇ, ਤਰੀਕੇ ਵਰਤੇ ਪਰ ਸ਼ਰੀਕ ਜ਼ਮੀਨ ਨਾ ਛੱਡਣ। ਮੁਕੱਦਮੇ ਵੀ ਕੀਤੇ। ਆਖ਼ਿਰ ਮੁਕੱਦਮਾ ਦਿੱਲੀ ਤਕ ਗਿਆ। ਮਰਵਾਹ ਨੇ ਅਰਦਾਸ ਕੀਤੀ ਕਿ ਦਿੱਲੀ ਤੋਂ ਜਿੱਤ ਆਇਆ ਤਾਂ ਅੱਧੀ ਜ਼ਮੀਨ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਆ ਭੇਟਾ ਕਰੇਗਾ। ਕਰਨਾ ਕਰਤਾਰ ਦਾ, ਅਸੀਸ ਗੁਰੂ ਦੀ, ਜ਼ਮੀਨ ਉਸ ਨੂੰ ਮਿਲ ਗਈ। ਅੱਧੀ ਜ਼ਮੀਨ ਗੁਰੂ ਜੀ ਦੇ ਨਾਂ ਲਗਾ ਦਿੱਤੀ। ਬਾਕੀ 'ਤੇ ਵਸੇਬਾ ਕਰਨ ਦਾ ਖ਼ਿਆਲ ਕੀਤਾ। ਸ਼ਰੀਕ ਵੱਸਣ ਨਾ ਦੇਣ। ਦਿਨੇ ਬਣਾਏ ਤਾਂ ਰਾਤੀਂ ਢਾਹ ਜਾਣ। ਇਹ ਵੀ ਗੱਲ ਚਲਾ ਦਿੱਤੀ ਗਈ ਕਿ ਇਥੇ ਪ੍ਰੇਤਾਂ ਦਾ ਵਾਸਾ ਹੈ। ਆਪ ਤਾਂ ਉਹ ਬਾਹਰ ਹੀ ਰਹਿੰਦਾ ਸੀ। ਜਦ ਮੁੜਿਆ ਤੇ ਥਾਂ ਉਸੇ ਤਰ੍ਹਾਂ ਉੱਜੜੀ ਦੇਖ ਚਿੰਤਾਤੁਰ ਹੋਇਆ ਅਤੇ ਗੁਰੂ ਜੀ ਦੇ ਚਰਨਾਂ ਵਿਚ ਖਡੂਰ ਸਾਹਿਬ ਪੁੱਜਾ। ਸ਼ਹਿਰ ਵਸਾਉਣ ਲਈ ਬੇਨਤੀ ਕੀਤੀ ਅਤੇ ਨਾਲ ਹੀ ਸ਼ਰੀਕਾਂ ਦੇ ਵੈਰ ਅਤੇ ਪ੍ਰੇਤਾਂ ਦਾ ਆਉਣਾ ਵੀ ਦੱਸਿਆ। ਗੁਰੂ ਜੀ ਨੇ ਗੋਇੰਦਵਾਲ ਵਸਾਉਣ ਦਾ ਨਿਰਣਾ ਲੈ ਲਿਆ। ਉਨ੍ਹਾਂ ਦੇਖ ਲਿਆ ਸੀ ਕਿ ਖਡੂਰ ਸਾਹਿਬ ਪੁੱਤਰਾਂ ਨੇ ਬਿਖੇੜਾ ਪਾਉਣਾ ਹੈ। ਜੋ (ਗੁਰੂ) ਅਮਰ ਦਾਸ ਜੀ ਨੂੰ ਬਾਸਰਕੇ ਰਾਹ ਜਾਂਦਿਆਂ ਘੇਰ ਸਕਦੇ ਹਨ, ਉਹ ਆਰਾਮ ਨਾਲ ਇਥੇ ਕਿਵੇਂ ਟਿਕਣ ਦੇਣਗੇ? ਦੂਜੇ, ਜਿਵੇਂ ਗੁਰੂ ਨਾਨਕ ਜੀ ਨੇ ਉਨ੍ਹਾਂ ਨੂੰ ਪਕੜ ਛੁਡਾਉਣ ਲਈ ਪਹਿਲਾਂ ਹੀ ਖਡੂਰ ਸਾਹਿਬ ਜਾਣ ਦਾ ਹੁਕਮ ਦੇ ਦਿੱਤਾ ਸੀ ਇਸ ਤਰ੍ਹਾਂ 'ਜਿਊਂਦੇ' ਹੀ ਦੂਜੇ ਜਾਮੇ ਵਿਚ ਸ਼ਹਿਰ ਵਸਾਉਣਾ ਜ਼ਰੂਰੀ ਸੀ।

ਬਾਬਾ ਅਮਰ ਦਾਸ ਜੀ ਬਾਸਰਕੇ ਤੋਂ ਛੇਤੀ ਹੀ ਮੁੜ ਆਏ ਸਨ। ਗੁਰੂ ਜੀ ਚੰਗੀ

ਤਰ੍ਹਾਂ ਦੇਖ ਚੁੱਕੇ ਸਨ ਕਿ 'ਪੁੱਤਰ ਕਹਯੋ ਬਾਤ ਮਾਨਹਿ ਨਹੀਂ" ਪਰ ਚਾਹੁੰਦੇ ਗੁਰਿਆਈ ਹਨ। ਉਹ ਭੁੱਲ ਗਏ ਹਨ ਕਿ ਇਹ ਸੇਵਕ ਦੀ ਵਸਤੂ ਹੈ। ਸੰਗਤਾਂ ਦੀ ਤਸੱਲੀ ਲਈ ਇਕ ਵਾਰੀ ਫਿਰ ਸਭ ਸਾਹਮਣੇ ਹੀ, ਪਹਿਲਾਂ ਦਾਸੂ ਜੀ ਨੂੰ ਕਿਹਾ ਕਿ ਗੋਇੰਦੇ ਨਾਲ ਜਾ ਕੇ ਨਗਰ ਦੀ ਉਸਾਰੀ ਕਰਾਓ। ਦਾਸੂ ਜੀ ਨੇ ਉੱਤਰ ਦਿੱਤਾ : 'ਉਥੇ ਤਾਂ ਭੂਤਾਂ ਤੇ ਪ੍ਰੇਤਾਂ ਦਾ ਵਸੇਬਾ ਸੁਣਦੇ ਹਾਂ। ਮੌਤ ਦੇ ਮੂੰਹ ਕਿਉਂ ਪਈਏ। ਐਸੀ ਥਾਂ ਕਿਉਂ ਭੇਜਦੇ ਹੋ ਜੋ ਵਸਦਾ ਨਹੀਂ ਤੇ ਜਿਥੋਂ ਸਭ ਭੱਜ ਨੱਸ ਗਏ ਹਨ।'

*"ਐਸੇ ਥਾਨ ਪਠਾਵਨ ਲਾਗੇ।*
*ਜਹਿ ਕੋ ਬਸਹਿ ਨ, ਸਭਿਹੂੰ ਤਯਾਗੇ।"*

ਫਿਰ ਖਡੂਰ ਸਾਹਿਬ ਛੱਡ ਕੇ ਉੱਥੇ ਕਿਉਂ ਜਾਈਏ। ਉੱਥੇ ਜਾ ਕੇ ਅਸਾਂ ਕੀ ਲੈਣਾ ਹੈ? ਦਾਤੂ ਜੀ ਨੇ ਵੀ ਇਹ ਹੀ ਕਿਹਾ ਕਿ ਜਦ ਸੁਹਣਾ ਖਡੂਰ ਸਾਡੇ ਪਾਸ ਹੈ, ਹੋਰ ਨਗਰ ਦੀ ਕੀ ਲੋੜ ਹੈ?

*"ਸੁਨਹੁ ਪਿਤਾ ਜੀ, ਬਸਹਿ ਖਡੂਰ।*
*ਤਹਾ ਜਾਨਿ ਕੀ ਕੌਨ ਜ਼ਰੂਰ।"*

ਪੁੱਤਰਾਂ ਦੇ ਵਾਕ ਸੁਣ ਕੇ ਗੁਰੂ ਜੀ ਨੇ ਬਾਬਾ ਅਮਰ ਦਾਸ ਜੀ ਵੱਲ ਦੇਖਿਆ, ਅਜੇ

*'ਮੁੱਖ ਤੇ ਅੱਖਰ ਨਿਕਸੇ ਆਧੇ,*
*ਸੁਨ ਤਿਆਰ ਹੋਯਹੁ ਕਟ ਬਾਂਧੇ।'*

ਹੱਥ ਜੋੜ ਹੁਕਮ ਮੰਗਿਆ ਤਾਂ ਗੁਰੂ ਜੀ ਨੇ ਦਿਸ਼ਾ ਸਮਝਾਂਦੇ ਕਿਹਾ ਕਿ ਪੂਰਬ ਵਲੋਂ ਖੁਦਾਵਨਾ ਸ਼ੁਰੂ ਕਰਨਾ। ਕੋਲੋਂ ਛੜੀ ਦਿੱਤੀ। ਬਾਬਾ ਅਮਰ ਦਾਸ ਜੀ ਦੀ ਸ਼ਰਧਾ ਹੀ ਆਲ ਬਾਲ ਸੀ ਅਤੇ ਹੁਕਮ ਮੰਨਣ ਵਿਚ ਸਦਾ ਤਤਪਰ ਰਹਿੰਦੇ ਸਨ। ਉਥੋਂ ਹੀ ਪਿਛਲੇ ਪੈਰੀਂ ਗੋਇੰਦਵਾਲ ਤਕ ਟੁਰਦੇ ਗਏ। ਪਿੱਠ ਨਹੀਂ ਕੀਤੀ।

ਪਿੱਛੋਂ ਸਾਰੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਦੂਜੇ ਪਾਤਸ਼ਾਹ ਨੇ ਕਿਹਾ : ਅਮਰ ਦਾਸ ਜੀ ਧੰਨ ਹਨ। ਪੁੱਤਰਾਂ ਵਿਚ ਇਹ ਅਹੰਕਾਰ ਘਰ ਕਰ ਗਿਆ ਹੈ ਕਿ ਇਹ ਸਾਡਾ ਪਿਤਾ ਹੈ, ਇਸ ਲਈ ਸੇਵਾ ਦਾ ਭਾਵ ਹੀ ਨਹੀਂ ਰੱਖਦੇ।

**ਗੋਇੰਦਵਾਲ ਵਸਿਆ**—ਜਪੁਜੀ ਦਾ ਪਾਠ ਕਰਦੇ, ਬਖ਼ਸ਼ੀ ਛੜੀ ਨਾਲ ਸਮਝਾਈ ਦਿਸ਼ਾ 'ਤੇ ਨਿਸ਼ਾਨ ਲਗਾਏ। ਗੋਇੰਦਾ ਨੇ ਮਜ਼ਦੂਰਾਂ ਦਾ ਇੰਤਜ਼ਾਮ ਕੀਤਾ। ਬਾਬਾ ਜੀ ਨੇ ਆਪਣੀ ਨਿਗਰਾਨੀ ਹੇਠ ਕੁਝ ਮਕਾਨ ਉਸਾਰ ਦਿੱਤੇ। ਜਿਥੇ ਕਦੇ ਦੀਵਾਰ ਨਹੀਂ ਸੀ ਉਸਰਦੀ ਉਥੇ ਹੁਣ ਕਈ ਥਾਵਾਂ ਉਸਰ ਗਈਆਂ। ਪਤਨ ਨੇੜੇ ਹੋਣ ਕਾਰਨ ਲੋਕਾਂ ਦੀ ਬੜੀ ਆਵਾਜਾਈ ਸੀ, ਇਸ ਲਈ ਲੋਕਾਂ ਦੀ ਸਹੂਲਤ ਲਈ ਨਾਲ ਹੀ ਵੱਡੀ ਸਰਾਂ ਵੀ ਉਸਾਰ ਦਿੱਤੀ। ਗੁਰੂ ਨਾਨਕ ਜੀ ਦਾ ਨਾਂ ਲੈ ਕੇ ਨੀਂਹ ਰੱਖੀ ਤੇ ਦਿਨਾਂ ਵਿਚ ਹੀ ਕਈ ਟਿਕਾਣੇ ਉਸਰ ਗਏ।

ਭਾਵੇਂ ਨਗਰ ਉਸਾਰੀ ਵਿਚ ਲੱਗੇ ਰਹਿੰਦੇ ਸਨ ਪਰ ਇਸ਼ਨਾਨ ਕਰਾਉਣ ਲਈ

ਜਲ ਰੋਜ਼ ਪਹਿਲੇ ਵਾਂਗ ਹੀ ਗਾਗਰ ਵਿਚ ਭਰ ਜੁਲਾਹੇ ਵਾਲੀ ਥਾਂ (ਖਡੂਰ ਸਾਹਿਬ) ਲਿਆਂਦੇ। ਫਿਰ ਦਿਨ ਚੜ੍ਹੇ, ਨਗਰ ਦੀ ਉਸਾਰੀ ਦੇ ਕਾਰਜਾਂ ਵਿਚ ਜੁੱਟ ਜਾਂਦੇ। ਗੁਰੂ ਅੰਗਦ ਦੇਵ ਜੀ ਨੇ ਜਦ ਥਾਂ ਬਾਰੇ ਪੁੱਛਿਆ ਕਿ ਕੀ ਹਾਲ ਹੈ ਤਾਂ ਬਾਬਾ ਅਮਰ ਦਾਸ ਜੀ ਨੇ ਕਿਹਾ : ਥਾਂ ਸਖ਼ਤ ਹੈ, ਆਪ ਜੀ ਦੀ ਮਿਹਰ ਮੰਗਦੀ ਹੈ। ਮਹਾਰਾਜ ਨੇ ਉਸ ਵੇਲੇ ਵੀ ਇਹ ਹੀ ਕਿਹਾ :

'ਤੁਹਾਡੇ ਕਦਮਾਂ ਸਦਕਾ ਸੁਭਾਗੀ ਹੋ ਜਾਸੀ।'

**ਨਿਮ੍ਰਤਾ ਦੀ ਇਕ ਹੋਰ ਝਾਕੀ**—ਇਧਰ ਗੁਰੂ ਜੀ ਨੇ ਭਾਈ ਅਮਰ ਦਾਸ ਜੀ ਨੂੰ ਹੁਣ ਪਰਵਾਰ ਬਾਸਰਕੇ ਤੋਂ ਗੋਇੰਦਵਾਲ ਲੈ ਆਉਣ ਦੀ ਆਗਿਆ ਕੀਤੀ ਤੇ ਉਧਰ ਗੋਇੰਦੇ ਨੇ ਉਨ੍ਹਾਂ ਦੇ ਵਸੇਬੇ ਲਈ ਘਰ ਬਣਾਉਣਾ ਸ਼ੁਰੂ ਕਰ ਦਿੱਤਾ। ਜਦ ਘਰ ਮੁਕੰਮਲ ਹੋ ਗਿਆ ਤਾਂ ਦੇਖ ਹੈਰਾਨ ਹੋਏ ਕਿ ਇਤਨਾ ਸੁੰਦਰ ਤੇ ਵੱਡਾ ਘਰ ਗੋਇੰਦੇ ਨੇ ਬਣਾ ਦਿੱਤਾ ਹੈ। ਉਸੇ ਸਮੇਂ ਮਕਾਨ ਸਾਹਮਣੇ ਖੜ੍ਹੇ ਹੀ ਅੰਦਰੋਂ ਆਵਾਜ਼ ਉੱਠੀ : "ਅਮਰ ਦਾਸ! ਇਹ ਕੀ ?ਨਫ਼ਰ ਲਈ ਇਤਨਾ ਵੱਡਾ ਮਕਾਨ ਤੇ ਤੇਰਾ ਗੁਰੂ ਛੋਟੀ ਜਿਹੀ ਝੁੱਗੀ ਵਿਚ।" ਇਸ ਸੰਕਲਪ ਦਾ ਕਰਨਾ ਸੀ ਕਿ ਮਕਾਨ ਨੂੰ ਅੱਗ ਲੱਗ ਗਈ। ਜਦ ਮਰਵਾਹੇ ਨੇ ਆਹ ਭਰੀ ਤੇ ਅਫ਼ਸੋਸ ਕੀਤਾ ਤਾਂ ਆਪ ਜੀ ਨੇ ਕਿਹਾ : ਸਿੱਖ ਦਾ ਇਤਨਾ ਸੁਹਣਾ ਮਕਾਨ ਕਿਉਂ ਬਣਾਇਆ ਸੀ। ਅੱਗ ਬੁਝਾਉਣ ਉਪ੍ਰੰਤ ਜੋ ਸੜੀਆਂ ਕੜੀਆਂ ਬਚੀਆਂ ਉਨ੍ਹਾਂ ਨਾਲ ਚੁਬਾਰਾ ਉਸਾਰ ਕੇ ਆਪ ਜੀ ਨੇ ਟਿਕਾਣਾ ਕੀਤਾ। ਗੁਰੂ ਅੰਗਦ ਦੇਵ ਜੀ ਨੇ ਜਦ ਇਹ ਸਾਰੀ ਵਾਰਤਾ ਸੁਣੀ ਤਾਂ ਧੰਨ ਸਿੱਖੀ ਕਿਹਾ।

**ਆਖ਼ਰੀ ਪਰਖ ਪ੍ਰੀਖਿਆ**—ਗੁਰੂ ਅੰਗਦ ਦੇਵ ਜੀ ਹੁਣ ਆਪੂੰ ਵੀ ਕਈ ਵਾਰੀ ਸਵੇਰ ਦੇ ਦੀਵਾਨ ਉਪ੍ਰੰਤ ਗੋਇੰਦਵਾਲ ਆ ਜਾਂਦੇ ਸਨ। ਇਸ ਵਾਰੀ ਜਦ ਗੁਰੂ ਜੀ ਗੋਇੰਦਵਾਲ ਪੁੱਜੇ ਤਾਂ ਭਾਈ ਅਮਰ ਦਾਸ ਜੀ ਬਿਆਸ ਕਿਨਾਰੇ ਹੀ ਸੇਵਾ ਵਿਚ ਜੁੱਟੇ ਹੋਏ ਸਨ। ਉਨ੍ਹਾਂ ਨੂੰ ਬੁਲਾਉਣ ਦੀ ਥਾਂ, ਆਪ ਹੀ ਬਿਆਸਾ ਕਿਨਾਰੇ ਚਲੇ ਗਏ। 'ਗੁਰੂ ਜੀ ਨੂੰ ਬਿਆਸਾ ਕਿਨਾਰੇ ਵੱਲ ਆਂਦਿਆਂ ਦੇਖ ਮਛੇਰੇ ਵੀ ਇਕੱਠੇ ਹੋ ਗਏ 'ਤੇ ਮਛੇਰਿਆਂ ਦੇ ਮੁਖੀ ਨੇ ਜਾਲ ਵਿਚੋਂ ਹੀ ਵੱਡੀ ਅੱਛੀ ਮੱਛੀ ਚਰਨਾਂ 'ਤੇ ਭੇਟ ਕੀਤੀ। ਉਸੇ ਸਮੇਂ ਹੀ ਗੁਰੂ ਜੀ ਨੇ ਭਾਈ ਅਮਰ ਦਾਸ ਜੀ ਨੂੰ ਕਿਹਾ ਕਿ ਇਸ ਨੂੰ ਤਿਆਰ ਕਰਵਾ ਲਿਆਵੋ ਤੇ ਸਭ ਵਿਚ ਵੰਡ ਦਿਓ। ਭਾਈ ਅਮਰ ਦਾਸ ਜੀ ਨੇ ਐਸਾ ਹੀ ਕੀਤਾ। ਗੁਰੂ ਜੀ ਬਹੁਤ ਪ੍ਰਸੰਨ ਹੋਏ। ਆਖ਼ਰੀ ਚੋਟੀ ਵੀ ਭਾਈ ਅਮਰ ਦਾਸ ਜੀ ਨੇ ਜਿੱਤ ਲਈ। ਗੁਰੂ ਅੰਗਦ ਦੇਵ ਜੀ ਨੇ ਦੇਖ ਲਿਆ ਕਿ ਉਹ ਕਿਸੇ ਤੋਂ ਕਿਸੇ ਪ੍ਰਕਾਰ ਦੀ ਖਿਝ ਨਹੀਂ ਕਰਦੇ ਜਾਂ ਵਿੱਥ ਨਹੀਂ ਰੱਖਦੇ। ਸਾਰੇ ਪ੍ਰਸ਼ਾਦ ਪਰਵਾਨ ਹਨ ਤੇ ਸਾਰੀਆਂ ਕਿਰਤਾਂ ਸੁੱਚੀਆਂ। ਉਥੇ ਇਹ ਹੀ ਉਪਦੇਸ਼ ਦਿੱਤਾ : ਸਿੱਖੀ ਘਰ ਭਾਉ ਭਗਤਿ ਦੀ ਰੀਤ ਹੈ। ਇਸੇ ਨੂੰ ਕਾਇਮ ਰੱਖਣਾ। ਨਿਮਰਤਾ ਦਾ ਪੱਲਾ ਕਦੇ ਨਾ ਛੱਡਣਾ। ਆਪਾ ਨਹੀਂ ਜਤਾਵਨਾ। ਸਤਿ ਸੰਗਤਿ 'ਤੇ ਹੀ ਜ਼ੋਰ ਦੇਣਾ। ਕਰਨ ਕਰਾਵਣ ਇਕੋ ਦਾਤਾ ਹੈ। ਕੀਰਤਨ ਦਾ ਆਸਰਾ ਰੱਖਣਾ।'

ਇਸ ਸਾਖੀ ਨੂੰ ਲਿਖਦੇ ਸੂਰਜ ਪ੍ਰਕਾਸ਼ ਗਰੰਥਾਵਲੀ ਜਿਲਦ ਪੰਜਵੀਂ ਦੇ ਪੰਨਾ ੧੩੯੯ 'ਤੇ ਭਾਵਪੂਰਤ ਟੂਕ ਦਿੱਤੀ ਹੋਈ ਹੈ। ਮਿਲਾਵਟ ਕਰਨ ਦੀ ਕਿਤਨੀ ਕੋਸ਼ਿਸ਼ ਹੁੰਦੀ ਰਹੀ, ਉਸ ਦੀ ਉਦਾਹਰਨ ਇਹ ਹੀ ਸਾਖੀ ਹੈ। ਅਸਲ ਪਾਠ ਹੈ :

*'ਰੁਚਿਰ ਜਾਤ ਕੀ ਸਫ਼ਰੀ ਏਕਾ'*

ਭਾਵ ਚੰਗੀ ਕਿਸਮ ਦੀ ਇਕ ਮੱਛੀ ਪਰ ਬਦਲਣ ਵਾਲੇ ਨੇ 'ਸਫ਼ਰੀ ਏਕਾ' ਦੀ ਥਾਂ 'ਪੁਸਪ ਅਨੇਕਾ' ਕਰ ਦਿੱਤਾ। ਇਹ ਉਸ ਬ੍ਰਾਹਮਣ ਨੇ ਕੀਤਾ ਜਿਸ ਨੇ ਪਹਿਲੀ ਵਾਰੀ ਲਾਹੌਰੋਂ ਸੂਰਜ ਪ੍ਰਕਾਸ਼ ਛਪਵਾਇਆ। ਛਪਦੇ ਛਪਦੇ ਜਦ ਸਿੱਖ ਦੀ ਨਜ਼ਰ ਪਈ ਤਾਂ ਉਸੇ ਸਮੇਂ ਉਸ ਨਾਲ ਇਹ ਵੀ ਲਿਖ ਦਿੱਤਾ : 'ਜਿਨ ਪਾਠ ਹਟਾਇਆ ਹੈ ਗੁਰੂ ਕਾ ਦੇਣਦਾਰ ਹੈ।' ਇਹ ਸਭ ਕੁਝ ਇਸ ਲਈ ਕੀਤਾ ਜਾਂਦਾ ਸੀ ਕਿ ਸਿੱਖ ਸੁਤੰਤਰ ਧਰਮ ਪ੍ਰਤੀਤ ਨਾ ਹੋਏ।

**ਸਤਿਗੁਰ ਤੇ ਸਤਿਗੁਰ ਸਦਾਇਆ**—ਚੇਤ ਦੇ ਮਹੀਨੇ ਜਦ ਸਾਰੇ ਪਾਸੇ ਖੇੜਾ ਹੀ ਖੇੜਾ ਸੀ, (ਚੇਤ ਸੁਦੀ ੪, ਸੰਮਤ ੧੬੦੯[1] ੨੯ ਮਾਰਚ ਸੰਨ ੧੫੫੨) ਗੁਰੂ ਅੰਗਦ ਦੇਵ ਜੀ ਨੇ ਅੰਮ੍ਰਿਤ ਵੇਲੇ ਹੀ ਸੰਗਤ ਵਿਚ ਬਚਨ ਕੀਤਾ : 'ਤਜਹਿ ਸਰੀਰ ਅਬਹਿ ਚਿਤ ਆਈ।' ਬਾਬਾ ਅਮਰ ਦਾਸ ਜੀ ਇਹ ਬਚਨ ਸੁਣ ਬਹੁਤ ਹੀ ਵਿਆਕੁਲ ਹੋਏ। ਬਾਬਾ ਅਮਰ ਦਾਸ ਜੀ ਨੂੰ ਪਾਸ ਬੁਲਾ ਕੇ ਗੁਰ ਗੱਦੀ ਦੀ ਜ਼ਿੰਮੇਵਾਰੀ ਸੌਂਪਣ ਦਾ ਐਲਾਨ ਕੀਤਾ। ਬੰਸਾਵਲੀ ਨਾਮੇ ਦੇ ਕਹਿਣ ਅਨੁਸਾਰ ਗੁਰੂ ਅਮਰ ਦਾਸ ਜੀ ਨੇ ਬਹੁਤ ਕਿਹਾ ਕਿ ਉਨ੍ਹਾਂ ਨੂੰ ਟਹਿਲੀਆ ਹੀ ਰਹਿਣ ਦੇਣ ਪਰ ਗੁਰੂ ਅੰਗਦ ਦੇਵ ਜੀ ਨੇ ਕਿਹਾ, ਹੋਰ ਕੋਈ ਪੰਡ ਚੁੱਕਣ ਜੋਗਾ ਨਹੀਂ ਡਿੱਠਾ।

*'ਅਮਰ ਦਾਸ ਸੀਸੁ ਚਰਨਾਂ ਪਰਿ ਧਰਿਆ।*
*ਜੀ ਮੈਂ ਹਾਂ ਟਹਲੀਆ ਦਾਸੁ ਚਰਨਾ ਪਰਿ ਪਰਿਆ।*
*ਨਹੀਂ ਸੇ ਮਨਦੇ ਪਰਿ ਗੁਰੂ ਅੰਗਦ ਜੀ ਮਨਾਈ।*
*ਪੰਡ ਗੁਰਿਆਈ ਦੀ ਅਮਰ ਦਾਸ ਜੀ ਨੂੰ ਚੁਕਾਈ।" ੧੨੭।*

ਇੰਜ ਲਗਦਾ ਹੈ ਕਿ ਕਈ ਮਹੀਨੇ ਵਾਦ ਵਿਵਾਦ ਹੁੰਦਾ ਰਿਹਾ। ਪੁੱਤਰ ਜਦੰ ਗੁਰ ਗੱਦੀ ਦੀ ਗੱਲ ਕਰਨ, ਮਹਾਰਾਜ ਸਪੱਸ਼ਟ ਕਹਿਣ :

*ਤੁਸੀਂ ਹੋ ਸਚੇ ਪਰ ਪੰਡ ਹੈ ਭਾਰੀ।*
*ਤੁਸਾਡੇ ਚੁੱਕੀ ਨਹੀਂ ਜਾਸੀ ਏਹੁ,*
*ਗੁਰੂ ਅਮਰ ਦਾਸ ਚੁਕੇਗਾ ਸਾਰੀ। ੧੨੫।*

ਸੱਤ ਅੱਠ ਮਹੀਨੇ ਝਗੜਾ ਹੁੰਦਾ ਰਿਹਾ। ਬਚਨ ਕੀਤਾ, ਤੁਸਾਂ ਨੂੰ ਕਿਸੇ ਗੱਲ ਦੀ ਕਮੀ ਨਹੀਂ, ਮੰਨੋ ਮੇਰਾ ਕਿਹਾ।

---

1. ਆਪ ਸਵਾਰਾ ਕਰਨ ਦੀ ਤਿਆਰੀ।
ਸੰਮਤ ਸੋਲਾਂ ਸੈ ਅਤੇ ਨਉ, ਚੇਤ ਸੁਦੀ ਚਉਥ ਬਿਚਾਰੀ। ੧੨੮।
—ਬੰਸਾਵਲੀਨਾਮਾ, ਚਰਣ ਦੂਜਾ।

*ਪੰਡ ਚੁੱਕਣ ਦੇ ਲਾਇਕ ਮੈਂ ਏਹੋ ਡਿੱਠਾ।*
*ਮਨੋ ਬਚਨ ਮੇਰਾ ਕਰਿ ਮਿੱਠਾ।*

ਬਾਬਾ ਬੁੱਢਾ ਜੀ ਨੂੰ ਕਿਹਾ ਕਿ ਉਸੇ ਗਾਗਰ ਵਿਚ ਜਲ ਭਰ ਲਿਆਵੋ ਜਿਸ ਵਿਚ ਰੋਜ਼ ਗੁਰੂ ਅਮਰ ਦਾਸ ਜੀ ਬਿਆਸਾ ਤੋਂ ਜਲ ਲਿਆਂਦੇ ਸਨ। ਉਸ ਗਾਗਰ ਦੇ ਜਲ ਨਾਲ ਇਸ਼ਨਾਨ ਕਰ ਕੇ ਗੁਰ ਗੱਦੀ 'ਤੇ ਬਿਠਾਇਆ। ਸ਼ਬਦ ਦੀ ਥਾਪਣਾ ਦਿੱਤੀ[1] ਅਤੇ ਫ਼ਰਮਾਇਆ :

*"ਭਾਈ ਏਹੁ ਹੈ ਮੇਰਾ, ਮੈਂ ਪੰਡ ਇਸ ਨੂੰ ਚੁਕਾਈ,*
*ਤੁਸਾਂ ਇਸ ਦੀ ਕਰਨੀ ਗਉਰ।*
*ਇਹ ਬਚਨ ਸੁਣ ਕੇ ਸਭੇ ਹੋਹੈ ਭਉਰ ਭਉਰ।*[2] *੧੨੪।*

'ਉਮਤਿ ਹੈਰਾਣੁ'[3] ਦੇ ਸ਼ਬਦ ਬਲਵੰਡ ਜੀ ਨੇ ਵੀ ਆਖੇ ਹਨ।

ਪਹਿਲਾਂ ਆਪ੍ਰੂ ਗੁਰੂ ਜੀ ਨੇ ਮੱਥਾ ਟੇਕਿਆ ਫਿਰ ਸਭ ਹਾਜ਼ਰ ਸੰਗਤ ਨੂੰ ਬੰਦਨਾ ਕਰਨ ਲਈ ਕਿਹਾ। ਇਹ ਸੁਣਦੇ ਹੀ ਬਾਬਾ ਬੁੱਢਾ ਜੀ ਨੇ ਸਿਰ ਝੁਕਾਇਆ ਅਤੇ ਹੱਥੀਂ ਤਿਲਕ ਲਗਾਇਆ। ਫਿਰ ਮੁਖੀ ਸਿੱਖਾਂ ਅਤੇ ਸੰਗਤਾਂ ਨੇ ਵਾਰੋ ਵਾਰ ਆ ਕੇ ਸਿਰ ਝੁਕਾਇਆ। ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਵੱਲ ਦੇਖਿਆ ਪਰ ਉਹ ਆਪਣੀ ਥਾਂ ਤੋਂ ਨਾ ਹਿੱਲੇ। ਫਿਰ ਨਾਂ ਲੈ ਕੇ ਪੁਕਾਰਿਆ ਕਿ ਮੱਥਾ ਟੇਕੋ, ਪਰ ਨਾ ਸਿਰਫ਼ ਉਹ ਇਨਕਾਰੀ ਹੋਏ ਸਗੋਂ ਇਹ ਕਿਹਾ : 'ਇਹ ਤਾਂ ਸਾਡਾ ਦਾਸ ਹੈ।'

*'ਇਕ ਤੋ ਲੀਨਸਿ ਮਮ ਅਧਿਕਾਰਾ।*
*ਦੁਤੀਏ ਉਠ ਕਰਿ ਸੀਸ ਨਿਵਾਵੋਂ'।'*

ਕਈ ਹੋਰ ਕਰੜੇ ਬਚਨ ਵੀ ਪੁੱਤਰਾਂ ਨੇ ਬੋਲੇ।

ਗੁਰੂ ਅੰਗਦ ਦੇਵ ਜੀ ਨੇ ਪਿਛਾਂਹ ਹਟ ਜਾਣ ਦਾ ਹੁਕਮ ਦਿੱਤਾ। ਸੰਗਤਾਂ ਵਿਚੋਂ ਕਈ ਲੋਕ ਸਮਝਾ ਬੁਝਾ ਕੇ ਦਾਤੂ ਤੇ ਦਾਸੂ ਨੂੰ ਬਾਹਰ ਲੈ ਗਏ।

ਗੁਰੂ ਅੰਗਦ ਦੇਵ ਜੀ ਨੇ ਪਹਿਲਾਂ ਗੁਰੂ ਅਮਰ ਦਾਸ ਜੀ ਵੱਲ ਦੇਖ ਫ਼ਰਮਾਇਆ : "ਮੇਰੇ ਤੇ ਤੁਹਾਡੇ ਵਿਚ ਰਤਾ ਵੀ ਅੰਤਰ ਨਹੀਂ ਹੈ।" 'ਤੂੰ ਪਰਤਖ ਰੂਪ ਮਮ ਹੋਊ।' ਇਹ ਸਰੀਰ ਤਾਂ ਇਵੇਂ ਹੀ ਹਨ ਜਿਵੇਂ ਜਲ ਦਾ ਭਰਿਆ ਘੜਾ ਸਮੁੰਦਰ ਵਿਚ ਹੁੰਦਾ ਹੈ।

---

1. 'ਮਨ ਮਹਿ ਸਬਦ ਪਰਵਾਣੁ'

(ਵਾਰ ਰਾਮਕਲੀ, ਸੱਤਾ ਬਲਵੰਡ)

2. ਚਰਣ ਦੂਜਾ, ਬੰਸਾਵਲੀ ਨਾਮਾ।
3. 'ਨਾਨਕ ਹੁੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ'

(ਵਾਰ ਰਾਮਕਲੀ, ਸੱਤਾ ਤਥੈ ਬਲਵੰਡ)

*'ਘਟ ਫੂਟੇ ਜਲ ਸੋ ਜਲ ਮਿਲੈ।*
*ਤਨ ਤਜ ਗਿਆਨੀ ਬ੍ਰਹਮ ਸੋ ਰਲੈ।'*

ਸਤਿਗੁਰ ਬੱਦਲਾਂ ਨਿਆਈਂ ਹੁੰਦੇ ਹਨ। ਕੇਵਲ ਸੰਸਾਰ ਦੇ ਭਲੇ ਲਈ ਹੀ ਸਰੀਰ ਧਾਰਦੇ ਹਨ। ਸਰੀਰ ਨਾਸ਼ ਅਵੱਸ਼ ਹੋਣਾ ਹੈ। ਗੁਰ-ਪਦਵੀ ਨਿਮਰਤਾ, ਪ੍ਰੇਮ ਤੇ ਸੇਵਾ ਦਾ ਫਲ ਹੈ। ਤੁਸੀਂ ਸਤਿਨਾਮ ਦਾ ਸਿਮਰਨ ਦ੍ਰਿੜ੍ਹ ਕਰਾਓ। ਭਗਤੀ ਭਾਵ ਹਰ ਹਿਰਦੇ ਵਿਚ ਭਰ ਦਿਓ। ਰਿਜ਼ਕ ਦੀ ਕੁੰਜੀ ਤੁਮਾਰੇ ਹੱਥ ਹੈ।

*'ਅਬ ਤੁਮ ਬੈਠੋ ਥਾਨ ਹਮਾਰੇ।*
*ਰਾਜ ਜੋਗ ਕੋ ਮਹਦ ਸਿੰਘਾਸਨ।*
*ਤਿਸ ਪਰ ਸੋਭਹੁ ਕਰਹੁ ਪ੍ਰਕਾਸ਼ਨ।'*

'ਸਾਰੀਆਂ ਸ਼ਕਤੀਆਂ ਆਪ ਜੀ ਪਾਸ ਹਨ ਪਰ ਦੇਣਾ ਕੇਵਲ ਨਾਮ ਦਾਨ।'

ਫਿਰ ਸਾਰੀ ਸੰਗਤ ਸਮੇਤ ਲੰਗਰ ਵਿਚ ਆਏ ਤੇ ਪੰਗਤ ਵਿਚ ਬੈਠ ਪ੍ਰਸ਼ਾਦ ਛਕਿਆ। ਸਾਰੀਆਂ ਸੰਗਤਾਂ ਇਕ ਪਲ ਵੀ ਗੁਰੂ ਜੀ ਨੂੰ ਅੱਖੀਉਂ ਓਹਲੇ ਨਹੀਂ ਸਨ ਕਰਨਾ ਚਾਹੁੰਦੀਆਂ।

ਸੰਗਤਾਂ ਫਿਰ ਜੁੜ ਗਈਆਂ। ਹੁਣ ਗੁਰੂ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਹਿਆ :

*"ਮੋ ਮੈ ਇਸ ਮਹਿ ਭੇਦ ਨ ਜਾਨਹੁ।*
*ਏਕ ਸਰੂਪ ਦਹੁਨ ਕਉ ਮਾਨਹੁ।"*

ਜਿਵੇਂ ਦਰੱਖਤ ਦੇ ਪੱਤੇ ਗਿਰ ਜਾਂਦੇ ਹਨ, ਫਿਰ ਜੁੜਦੇ ਨਹੀਂ, ਇਵੇਂ ਹੀ ਇਹ ਸਰੀਰ ਹੈ। ਸਰੀਰ ਬਿਨਸਨਹਾਰ ਹੈ। ਸਰੀਰ ਦਾ ਮੋਹ ਕੂੜਾ ਹੈ। ਇਸ ਨੂੰ ਛੱਡਣ ਵਿਚ ਹੀ ਸੁਖ ਹੈ। ਮੇਰੇ ਜਾਣ 'ਤੇ ਸ਼ੋਕ ਨਹੀਂ ਕਰਨਾ। ਸ਼ੁਕਰਾਨੇ ਦੇ ਸ਼ਬਦ ਪੜ੍ਹਨੇ ਤੇ ਕੀਰਤਨ ਕਰਦੇ ਰਹਿਣਾ।

*'ਮੰਗਲ ਨਾਨਾ ਭਾਂਤ ਕਰੀਜੈ।*
*ਸ਼ਬਦ ਕੀਰਤਨ ਪੜ੍ਹਹੁ ਸੁਨੀਜੈ।'*[1]

ਆਪ ਜੀ ਨੇ ਅੰਤਮ ਸੰਸਕਾਰ ਦੀ ਮਰਯਾਦਾ ਦਾ ਮੁੱਢ ਵੀ ਉਸੇ ਸਮੇਂ ਹੀ ਬੰਨ੍ਹ ਦਿੱਤਾ। ਆਗਿਆ ਕੀਤੀ ਕਿ ਕੋਈ ਕੁਲ ਰੀਤੀ, ਸਮਾਜਕ ਰਸਮ, ਕਿਰਿਆ ਕਰਮ ਜਾਂ ਜੋ ਜੱਗ ਦੇ ਵਿਵਹਾਰ ਹਨ ਉਨ੍ਹਾਂ ਵੱਲ ਮੂੰਹ ਵੀ ਨਾ ਕਰਨਾ। ਬਸ ਕੇਵਲ ਪਾਠ, ਕੀਰਤਨ ਤੇ ਸ਼ੁਕਰ ਸ਼ੁਕਰ ਹੀ ਕਰਨਾ। ਸਰੀਰ ਦਾ ਸਸਕਾਰ ਕਰ ਦੇਣਾ।

*ਜਗ ਅਰ ਕੁਲ ਕੇ ਜਿਤਿਕ ਅਚਾਰੇ।*
*ਹਮਰੇ ਹੇਤ ਨਹੀਂ ਕਛੁ ਕਰਨਾ।*
*ਕੀਰਤ ਪਠਿ ਸੁਨਿ ਨਾਮ ਸਿਮਰਨਾ।੧੫।*

---

1. ਸੂਰਜ ਪ੍ਰਕਾਸ਼ ਗਰੰਥਾਵਲੀ ਜਿਲਦ ੫, ਪੰਨਾ ੧੪੩੧

*ਕਰਹੁ ਅਨੰਦ ਮੰਗਲ ਚਾਰਾ।*
*ਦੇਹੁ ਸਰੀਰ ਅਗਨ ਸੱਸਕਾਰਾ।*[1]

ਮਹਿਮਾ ਪ੍ਰਕਾਸ਼ ਨੇ ਲਿਖਿਆ ਹੈ ਕਿ ਦਾਤੂ ਜੀ ਅਤੇ ਦਾਸੂ ਜੀ ਗੁਰੂ ਪਿਤਾ ਦਾ ਅੰਤਮ ਸਮਾਂ ਨੇੜੇ ਆਇਆ ਜਾਣ ਚਰਨਾਂ 'ਤੇ ਡਿੱਗ ਪਏ ਅਤੇ ਉਨ੍ਹਾਂ ਪੁੱਛਿਆ :

*'ਕ੍ਰਿਆ-ਕਰਮ ਬਿਵਹਾਰ।*
*ਜਗਤ ਰੀਤ ਅਉ ਕੁਲ ਆਚਾਰ।'*

ਉਸ ਸਮੇਂ ਗੁਰੂ ਪਾਤਸ਼ਾਹ ਨੇ ਫ਼ਰਮਾਇਆ :

*ਹਮਰੈ ਕਾਜ ਕਛੂ ਨਹੀਂ ਕਰਨਾ।*
*ਨਹੀਂ ਕਰਨਾ ਕੋਊ ਜਗ ਆਚਰਨਾ। ੨੩।*
*ਹਰ ਭਜਨ ਕਰੇ ਪੀਛੇ ਮਮ ਪਿਆਰੇ।*
*ਕਰੇ ਅਨੰਦ ਮੰਗਲ ਸੁਖ ਸਾਰੇ।*
*ਦੇਹ ਸਿਸਕਾਰ ਅਗਨ ਮੈ ਕਰਨਾ।*
*ਕੀਰਤਨ ਭਜਨ (ਸੰ) ਤੋਖ ਚਿਤ ਧਰਨਾ।*[2] *੨੪।*

ਪੁੱਤਰਾਂ ਨੂੰ ਫਿਰ ਕਿਹਾ ਕਿ ਮੇਰੇ ਅਤੇ ਗੁਰੂ ਅਮਰ ਦਾਸ ਵਿਚ ਰੰਚਕ ਭਰ ਭੇਦ ਨਹੀਂ ਜਾਣਨਾ। ਭੁਗਤ ਮੁਕਤ ਸਭ ਇਨ੍ਹਾਂ ਦੇ ਹੀ ਹੱਥ ਹੈ, ਸੁਖ ਵੀ ਇਨ੍ਹਾਂ ਦੀ ਹੀ ਸ਼ਰਨੀ ਹੈ। ਜਿਸ ਕਿੱਲੀ ਨਾਲ ਇਨ੍ਹਾਂ ਦਾ ਠੁੱਡਾ ਲੱਗਾ ਸੀ ਹੁਣ ਹਰੀ ਭਰੀ ਹੋ ਗਈ ਹੈ ਅਤੇ ਮੇਰਾ ਸੱਸਕਾਰ ਉਥੇ ਹੀ ਕਰਨਾ।

ਇਤਿਹਾਸਕ ਗਵਾਹੀਆਂ ਹਨ ਕਿ ਉਨ੍ਹਾਂ ਨੇ ਆਪਣਾ ਦੇਹੁਰਾ ਪਹਿਲਾਂ ਹੀ ਬਣਾ ਲਿਆ ਸੀ।

**ਅੰਤਮ ਬਚਨ**—ਫਿਰ ਅੰਤਮ ਬਚਨ ਗੁਰੂ ਅਮਰ ਦਾਸ ਜੀ ਵੱਲ ਦੇਖ ਕਹੇ : 'ਗੁਰੂ ਨਾਨਕ ਦੇਵ ਜੀ ਨੇ ਸਾਨੂੰ ਪਾਰਬ੍ਰਹਮ ਦੇ ਪੰਥ ਵਾਸਤੇ ਕਿਹਾ ਸੀ। ਤੁਮ ਕਿਰਪਾ ਕੀ ਨਜ਼ਰ ਕਰਨੀ। ਜਗਤ ਦੇ ਜੀਵ ਹੈਂ, ਇਨ ਕੋ ਪ੍ਰਮੇਸੁਰ ਕਾ ਉਪਦੇਸ਼ ਦ੍ਰਿੜਾਵੋ। ਗੁਰੂ ਨਾਨਕ ਦਾ ਹੁਕਮ ਹੈ ਸੀ ਅਸਾਨੂੰ, ਹੁਣ ਹੈ ਤੁਸਾਂ ਨੂੰ। ਇਸ ਕਾਰਜ ਵਿਚ ਤੁਸਾਂ ਅਸਾਨੂੰ ਆਪਣੇ ਨਾਲ ਨਿਜਾ ਨੰਦ ਸਮਾਧੀ ਵਿਚ ਅੰਦਰ ਵਰਤਦੇ ਦੇਖਣਾ, ਬਾਹਰ ਬ੍ਰਹਮ ਦ੍ਰਿਸ਼ਟੀ ਵਿਚ ਆਪਣੇ ਅੰਗ ਤੱਕਣਾ। ਵਿਛੋੜਾ ਨਹੀਂ ਹੋਣ ਲੱਗਾ। ਮੈਂ ਨਾ ਆਉਣਾ ਹੈ, ਨਾ ਜਾਣਾ, ਆਪਣੇ ਪਰਮਾਤਮਾ ਰੂਪ ਵਿਚ ਸਮਾਉਣਾ ਹੈ।'

ਕੁਥਾਂ ਨਹੀਂ ਹੋਵੇਗਾ ਜੇ ਇਥੇ ਮੁਹਸਨ ਫ਼ਾਨੀ ਦੀ ਲਿਖਤ ਦਾ ਹਵਾਲਾ ਵੀ ਦੇ ਦਿੱਤਾ ਜਾਏ। ਉਹ ਲਿਖਦਾ ਹੈ ਕਿ ਸਿੱਖ ਇਹ ਕਹਿੰਦੇ ਸੁਣੀਂਦੇ ਹਨ[3] ਕਿ ਗੁਰੂ ਨਾਨਕ

---

1. ਸੂਰਜ ਪ੍ਰਕਾਸ਼ ਗਰੰਥਾਵਲੀ, ਪੰਨਾ ੧੪੩੧
2. ਮਹਿਮਾ ਪ੍ਰਕਾਸ਼, ਪਾਤਸ਼ਾਹੀ ੨, ਸਾਖੀ ੧੬
3. ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਮੁਹਸਨ ਫ਼ਾਨੀ ਆਪੂੰ ਕੀਰਤਪੁਰ ਹੀ ਸੀ।

'ਦੇਹ' ਨਹੀਂ ਸਨ ਰੱਖਦੇ। ਨੂਰ ਹੀ ਨੂਰ ਸਨ। ਸਿਰਫ਼ ਸਾਨੂੰ ਆਪਣੀ ਕੁਦਰਤਿ ਹੀ ਵਿਖਾਲਦੇ ਸਨ। ਸਿੱਖ ਇਥੋਂ ਤਕ ਕਹਿੰਦੇ ਹਨ ਕਿ ਜਦੋਂ ਗੁਰੂ ਨਾਨਕ ਨੇ ਤਨ ਤਿਆਗਿਆ, ਆਪਣੇ ਨਿਕਟੀ ਸੇਵਕ ਗੁਰੂ ਅੰਗਦ ਵਿਚ ਪ੍ਰਵੇਸ਼ ਕਰ ਗਏ। ਗੁਰੂ ਅੰਗਦ ਨਾਨਕ ਦਾ ਹੀ ਨਾਮ ਹੈ। *ਉਪਰੰਤ ਗੁਰੂ ਅੰਗਦ ਪਰਲੋਕ ਸਮੇਂ, (ਗੁਰੂ) ਅਮਰ ਦਾਸ ਦੇ ਜਾਮੇ ਵਿਚ ਉਸੇ ਤਰ੍ਹਾਂ ਸਮਾ ਗਏ।* ਉਹ ਇਸੇ ਢੰਗ ਨਾਲ (ਗੁਰੂ) ਰਾਮ ਦਾਸ ਦੇ ਬਚਨ ਵਿਚ ਬਿਰਾਜ ਗਏ ਅਤੇ (ਗੁਰੂ) ਰਾਮ ਦਾਸ ਇਸੇ ਵਿਧੀ ਹੀ ਗੁਰੂ ਅਰਜਨ ਨਾਲ ਇਕ ਮਿਕ ਹੋ ਗਏ। ਸਿੱਖ ਹਰ ਕਿਸੇ ਗੁਰੂ ਨੂੰ ਮਹਲੁ ਨਾਮ ਦੇਂਦੇ ਹਨ।

**ਜੋਤੀ ਜੋਤ ਸਮਾਏ**—ਬਚਨ ਪਏ ਕਰਦੇ ਸਨ ਕਿ ਸਿੱਖਾਂ ਨੀਝ ਲਗਾ ਕੇ ਡਿੱਠਾ ਤਾਂ ਮੁੱਖ ਤੇ ਨਿਰਾਲੀ ਪ੍ਰਸੰਨਤਾ ਤੇ ਖੇੜਾ ਡਲ੍ਹਕਾਂ ਮਾਰ ਰਿਹਾ ਸੀ। ਲਾਲੀ ਇੰਜ ਭਾ ਮਾਰ ਰਹੀ ਸੀ ਜਿਵੇਂ ਸੂਰਜ ਚੜ੍ਹਨ ਵੇਲੇ ਆਕਾਸ਼ ਦਾ ਰੰਗ ਹੋ ਜਾਂਦਾ ਹੈ। ਬੁਲ੍ਹ ਮੁਸਕਰਾ ਰਹੇ ਸਨ ਤੇ ਅਜੀਬ ਜਿਹੀ ਖਿੱਚ ਪੈਂਦੀ ਸੀ। ਗੁਰੂ ਜੀ ਸਾਗਰ ਵਾਂਗ ਸ਼ਾਂਤ ਸਨ। ਆਭਾ ਦੇਖ ਕੇ ਇੰਜ ਪ੍ਰਤੀਤ ਹੁੰਦਾ ਸੀ ਕਿ ਸਰੀਰ ਤਿਆਗਣਾ ਤੇ ਧਾਰਨਾ ਉਨ੍ਹਾਂ ਦੇ ਵੱਸ ਹੈ। ਸਭ ਪਾਸੇ ਭਰਵੀਂ ਨਜ਼ਰ ਸੰਗਤਾਂ 'ਤੇ ਪਾ ਕੇ, ਬਖਸ਼ਿਸ਼ਾਂ ਦੀ ਬਾਰਸ਼ ਕਰਕੇ ਸਿੰਘਾਸਨ 'ਤੇ ਹੀ ਬਿਰਾਜ ਗਏ ਅਤੇ ਅੱਖੀਆਂ ਮੂੰਦ ਕੇ ਉੱਪਰ ਚਾਦਰ ਤਾਣ ਲਈ। ਜੋਤੀ ਜੋਤ ਸਮਾ ਗਏ। ਸਾਰੇ ਪਾਸੇ ਚੁੱਪ ਚਾਂ ਛਾ ਗਈ।

*ਪੁਨ ਸੈਨ ਸਿੰਘਾਸਨ ਸਤਿਗੁਰ ਕੀਨਾ।*
*ਵਸਤ੍ਰ ਓਢ ਦੇਹ ਪਰ ਲੀਨਾ।*
*ਜੋਤ ਮਾਹਿ ਰਹੀ ਜੋਤ ਸਮਾਇ।*
*ਜਿਮ ਜਲ ਮੇ ਢੁਲ ਜਲ ਮਿਲ ਜਾਇ।*[1] ੨੯।

ਉਸੇ ਸਮੇਂ ਕੀਰਤਨ ਆਰੰਭ ਕਰ ਦਿੱਤਾ ਗਿਆ। ਇਕ ਕਹਿ ਰਿਹਾ ਸੀ, ਗੁਰੂ ਅੰਗਦ ਦੇਵ ਜੀ ਜਿਹਾ ਕੋਈ ਨਹੀਂ ਹੋਇਆ। ਕੋਈ ਆਖ ਰਿਹਾ ਸੀ ਕਿ ਗੁਰੂ ਨਾਨਕ ਦੇ ਆਸ਼ੇ ਨੂੰ ਦ੍ਰਿੜ੍ਹ ਕਰਨਾ ਇਨ੍ਹਾਂ ਦਾ ਹੀ ਕਾਰਨਾਮਾ ਸੀ।[2] ਕੋਈ ਕਹਿੰਦਾ : ਅਜਰ ਨੂੰ ਜਰਨ ਦੀ ਜਾਚ ਉਨ੍ਹਾਂ ਹੀ ਸਿਖਾਈ। ਵਡਿਆਈ ਦੀ ਖ਼ਾਤਰ ਕਦੇ ਕਰਾਮਾਤ ਨਾ ਦਿਖਾਈ। ਕੋਈ ਕਹਿੰਦਾ ਬਹੁਤ ਗਹਿਰ ਗੰਭੀਰ ਸਨ। ਕੋਈ ਬੋਲਦਾ, ਸੱਚਮੁੱਚ ਹੀ ਗੁਰੂ ਨਾਨਕ ਦਾ ਅੰਗ ਸਨ। ਕੋਈ ਫੁੱਲਾਂ ਦਾ ਬੁੱਕ ਭਰ ਕੇ ਲਿਆਂਦਾ ਤੇ ਚਾਦਰ 'ਤੇ ਪਾਈ ਜਾਂਦਾ। ਜੈ ਜੈ ਕਾਰ ਦੀ ਧੁਨੀ ਸਭੋ ਪਾਸੇ ਉੱਠ ਰਹੀ ਸੀ। ਸੰਗਤਾਂ ਧੰਨ ਗੁਰੂ ਅੰਗਦ ਦੇਵ ਜੀ, ਧੰਨ ਗੁਰੂ-ਗੁਰੂ ਕਰਦੇ ਜੁੜ ਰਹੀਆਂ ਸਨ। ਜਿਸ ਕਿਸੇ ਸੁਣਿਆ ਉਹ ਦੌੜਦਾ ਖਡੂਰ ਸਾਹਿਬ ਪੁੱਜਾ। ਚੰਦਨ ਦੀ ਚਿਖਾ ਦਮਦਮਾ ਸਾਹਿਬ ਲਾਗੇ ਤਿਆਰ ਹੋ ਗਈ। ਅਰਥੀ ਗੁਰੂ ਅਮਰ ਦਾਸ ਜੀ, ਬਾਬਾ ਬੁੱਢਾ ਜੀ, ਦਾਤੂ ਜੀ ਤੇ ਦਾਸੂ ਜੀ ਨੇ ਮੋਢਿਆਂ

---

1. ਮਹਿਮਾ ਪ੍ਰਕਾਸ਼, ਸਾਖੀ ਪਾਤਸ਼ਾਹੀ ਦੂਜੀ
2. ਗੁਰ ਆਸ਼ੇ ਕੋ ਦ੍ਰਿੜ੍ਹ ਬਢਾ ਕਰਯੋ

'ਤੇ ਉਠਾ ਲਈ। ਅਗਨ ਭੇਟ ਦਾਸੂ ਜੀ ਨੇ ਕੀਤਾ। ਸਤਿਨਾਮ ਦਾ ਸਿਮਰਨ ਹੁੰਦਾ ਰਿਹਾ।

ਦਸਵੇਂ ਦਿਨ ਸੰਗਤਾਂ ਦਾ ਇਕੱਠ ਹੋਇਆ। ਰਬਾਬੀਆਂ ਮਹਿਮਾ ਗਾਈ। ਗੁਰੂ ਅਮਰ ਦਾਸ ਜੀ ਨੇ ਬਚਨ ਕਰਦੇ ਕਿਹਾ : 'ਸਰੀਰਾਂ ਦਾ ਸਾਥ ਥੋੜ੍ਹਾ ਚਿਰ ਹੈ। ਮੋਹ ਦੀ ਤੰਦ ਹੀ ਦੁਖੀ ਕਰਦੀ ਹੈ। ਇਹ ਮੋਹ ਦੀ ਤੰਦ ਗੁਰਬਾਣੀ ਨਾਲ ਹੀ ਟੁੱਟਦੀ ਹੈ। ਗੁਰੂ ਅੰਗਦ ਦੇਵ ਜੀ ਸਿੱਖ ਜਥੇਬੰਦੀ ਦ੍ਰਿੜ੍ਹ ਕਰ ਗਏ ਹਨ ਅਤੇ ਸਾਡਾ ਹੁਣ ਫ਼ਰਜ਼ ਹੈ ਕਿ ਇਸ ਵਿਚ ਤਰੇੜ ਨਾ ਪੈਣ ਦੇਈਏ।'

ਉਸੇ ਦਿਨ ਹੀ ਗੁਰੂ ਅਮਰ ਦਾਸ ਜੀ ਗੋਇੰਦਵਾਲ ਚਲੇ ਗਏ।[1] ਦਾਤੂ ਜੀ ਤੇ ਦਾਸੂ ਜੀ ਦੇ ਤੇਵਰ ਹੋਰ ਹੀ ਸਨ।

● ● ●

1. ਲੇ ਅਮਰ ਗੁਰ ਸੰਗਤ ਆਏ।
ਗੋਇੰਦਵਾਲ ਸਤਿਗੁਰ ਗੁਨ ਗਾਏ।੩੩।
(ਮਹਿਮਾ ਪ੍ਰਕਾਸ਼, ਸਾਖੀ ਦੂਜੇ ਪਾਤਸ਼ਾਹ)

## ੪

# ਘੋੜਾ ਕੀਤੋ ਸਹਜ ਦਾ

**ਸਰੂਪ ਅਤੇ ਸੁਭਾਅ**—ਰਾਇ ਬਲਵੰਡ ਜੀ ਅਤੇ ਸਤੈ ਡੂਮ ਜੀ ਨੇ ਖ਼ੂਬ ਆਖਿਆ ਹੈ ਕਿ ਗੁਰੂ ਅਮਰ ਦਾਸ ਜੀ ਸਹਜ ਘੋੜੇ ਤੇ ਵਿਕਾਰਾਂ ਨੂੰ ਰੋਕ ਰੱਖਣ ਦੀ ਕਾਠੀ ਪਾ ਕੇ ਬੈਠੇ ਹਨ। ਹੱਥ ਵਿਚ ਸੁੱਚੇ ਆਚਰਨ ਦੀ ਕਮਾਨ ਲੈ ਕੇ ਸਿਫ਼ਤ ਸਲਾਹ ਦੇ ਤੀਰ ਚਲਾ ਰਹੇ ਹਨ :

*"ਘੋੜਾ ਕੀਤੋ ਸਹਜ ਦਾ, ਜਤੁ ਕੀਓ ਪਲਾਣੁ।*
*ਧਣੁਖ ਚੜ੍ਹਾਇਓ ਸਤ ਦਾ, ਜਸ ਹੰਦਾ ਬਾਣੁ।"*

ਭੱਟ ਕਲਸਹਾਰ ਜੀ ਨੇ ਲਿਖਿਆ ਹੈ ਕਿ ਅਮਰ ਦਾਸ ਸਤਿ ਦੇ ਸੂਰਮੇ ਹਨ। ਸ਼ੀਲਵੰਤ ਹਨ। ਸ਼ਾਂਤ ਸੁਭਾਉ ਦੇ ਮਾਲਕ ਹਨ। ਮੱਤ ਡੂੰਘੀ ਹੈ। ਨਿਰਵੈਰ ਹਨ। ਉਨ੍ਹਾਂ ਦਾ ਧੀਰਜੀ ਸੁਭਾਅ ਝੰਡਾ ਰੂਪ ਹੋ ਕੇ ਸੇਵਕਾਂ ਦੀ ਅਗਵਾਈ ਕਰ ਰਿਹਾ ਹੈ :

*'ਜਿਸੁ ਧੀਰਜ ਧੁਰਿ ਧਵਲੁ ਧੁਜਾ,*
*ਸੇਤ ਬੈਕੁੰਠ ਬੀਣਾ।'*

ਇਕ ਹੋਰ ਰੱਬੀ ਸਿੱਖ ਭੱਟ ਭਿਖਾ ਜੀ ਨੇ ਸੁਭਾਅ ਬਾਰੇ ਉਚਾਰਿਆ ਹੈ : ਕ੍ਰੋਧ ਉਨ੍ਹਾਂ ਦੇ ਵੱਸ ਹੈ। ਮਨ ਸਦਾ ਟਿਕਾਅ ਵਿਚ ਹੈ। ਸੁਰਤਿ ਕਿਧਰੇ ਹੋਰ ਜਾਂਦੀ ਹੀ ਨਹੀਂ। ਹੁਕਮ ਪਛਾਣ ਲਿਆ ਨੇ ਤੇ ਬਚਨ ਬੋਲ ਕੇ ਗਿਆਨ ਦਾ ਸੂਰਜ ਚਾੜ੍ਹ ਦੇਂਦੇ ਹਨ :

*'ਕਾਮ ਕ੍ਰੋਧ ਵਸਿ ਕਰੈ, ਪਵਣ ਉਡੰਤ ਨ ਧਾਵੈ।'*

ਸਲ੍ਯ ਜੀ ਨੇ ਵੀ ਇਸ ਪ੍ਰਥਾਇ ਲਿਖਿਆ ਹੈ ਕਿ ਗੁਰੂ ਤੀਜਾ ਪਾਤਸ਼ਾਹ ਧਰਮ ਦਾ ਧਨੁਖ ਹੱਥਾਂ ਵਿਚ ਲੈ ਕੇ ਸੀਲ ਰੂਪੀ ਤੀਰਾਂ ਨਾਲ ਵੈਰੀਆਂ ਨੂੰ ਖੰਡ ਖੰਡ ਕਰ ਰਿਹਾ ਹੈ :

*ਧ੍ਰੰਮ ਧੀਰ, ਧਨੁਖ ਕਰ ਗਹਿਓ।*
*ਭਗਤ ਸੀਲਹ ਸਰ ਲੜਿਅਉ।*

ਮਹਿਮਾ ਪ੍ਰਕਾਸ਼ ਨੇ ਜ਼ਰਾ ਕੁ ਵਿਸਥਾਰ ਦੇਂਦੇ ਹੋਏ ਲਿਖਿਆ ਹੈ ਕਿ ਹੁਣ ਐਸਾ ਗੁਰੂ ਤਖ਼ਤ 'ਤੇ ਬੈਠਾ ਹੈ ਜੋ ਪ੍ਰਭੂ ਤੋਂ ਸਿਵਾ ਕਿਸੇ ਨੂੰ ਧਿਆਨ ਵਿਚ ਨਹੀਂ ਲਿਆਂਦਾ। ਸਭ ਗਿਆਨਾਂ ਦੇ ਉਹ ਮਾਲਕ ਹਨ। ਪ੍ਰਭੂ ਦੇ ਸਾਇਆ ਦਾ ਛੱਤ੍ਰ ਉਨ੍ਹਾਂ 'ਤੇ ਹਰ ਵਕਤ ਝੁੱਲ ਰਿਹਾ ਹੈ। ਮੱਥਾ ਚੌੜਾ ਤੇ ਚਿਹਰੇ 'ਤੇ ਇਤਨੀ ਸ਼ਾਂਤੀ ਹੈ ਕਿ ਦਰਸ਼ਨ ਪਾਉਣ

ਵਾਲੇ ਦਾ ਮਨ ਟਿਕ ਜਾਂਦਾ ਹੈ। ਗੁਰੂ ਜੀ ਦਾ ਮਨ ਉਨਮਨੀ ਅਵਸਥਾ ਵਿਚ ਹੈ। ਸੱਚ ਦੇ ਉਹ ਵਪਾਰੀ ਹਨ। ਸਤ ਦਾ ਹੀ ਸਾਰਾ ਪਸਾਰਾ ਹੈ :

*'ਸਤ-ਸਭਾ ਸਤਿਗੁਰ ਸਜੀ, ਸਤ ਕੋ ਧਰਿਓ ਸਮਾਜ।*
*ਸਤ ਸਰੂਪ ਸੋਭਾ ਅੰਮ੍ਰਿਤ, ਸਤ ਸਜਿਓ ਸਭ ਸਾਜ। ੫।*

ਸੱਜੇ ਹੱਥ ਪਦਮ ਹੈ। ਚਰਨਾਂ ਵਿਚ ਪਦਮ ਹੈ। ਚਰਨ ਛੁਹਨ ਨਾਲ ਹੀ ਮੁਰਦੇ ਜੀਅ ਪੈਂਦੇ ਹਨ। ਜੇ ਆਪਣੇ ਹੱਥਾਂ ਨਾਲ ਕਿਸੇ ਨੂੰ ਅਸੀਸ ਦੇਂਦੇ ਹਨ ਤਾਂ ਉਸ ਦੇ ਅਗਿਆਨ ਦਾ ਅੰਧੇਰਾ ਦੂਰ ਹੋ ਜਾਂਦਾ ਹੈ। ਜਿਸ ਵੱਲ ਦੇਖ ਲੈਣ ਉਸ ਵਿਚ ਭਗਤੀ ਦੀ ਲਹਿਰ ਉਠਾ ਦੇਂਦੇ ਹਨ। ਜਦ ਬਚਨ ਬੋਲਦੇ ਹਨ, ਸੁਣਦੇ ਹੀ ਨਿਸ਼ਾ ਹੋ ਜਾਂਦੀ ਹੈ। ਇੰਦਰੀਆਂ ਉਨ੍ਹਾਂ ਦੇ ਵੱਸ ਹਨ। ਜੋ ਸਤਿਨਾਮ ਦ੍ਰਿੜ ਕਰਾਉਣ ਦਾ ਕਾਰਜ ਗੁਰੂ ਅੰਗਦ ਨੂੰ ਗੁਰੂ ਨਾਨਕ ਜੀ ਨੇ ਸੌਂਪਿਆ ਸੀ, ਹੁਣ ਉਨ੍ਹਾਂ ਦੇ ਜ਼ਿੰਮੇ ਲਗਾਇਆ ਗਿਆ ਹੈ। ਉਹ ਨਾਮ ਦੇ ਛੱਟੇ ਮਾਰ ਰਹੇ ਹਨ :

*'ਵਾਹਿਗੁਰੂ ਮੁਖ ਜਾਪ ਜਪਾਇਆ।*
*ਜਗ ਤਾਰਨ ਪਾਵਨ ਪੰਥ ਬਣਾਇਆ।'*

ਸਹਜ ਹੀ ਸਹਜ ਉਨ੍ਹਾਂ ਪਾਸ ਹੈ ਅਤੇ ਇੰਜ ਪ੍ਰਤੀਤ ਹੁੰਦਾ ਹੈ ਕਿ ਸਹਜ ਦਾ ਚੰਦੋਆ ਤਾਣਿਆ ਹੋਇਆ ਹੈ। ਸਹਜ ਪਾਲਨ ਦਾ ਜਦ ਉਹ ਉਪਦੇਸ਼ ਦੇਂਦੇ ਤਾਂ ਸੇਵਾ ਦਾਸ ਲਿਖਦੇ ਹਨ, ਦੋ ਸਾਧਾਂ ਦੀ ਗੱਲਬਾਤ ਜ਼ਰੂਰ ਸੁਣਾਇਆ ਕਰਦੇ।

ਕਿਸੀ ਸਾਧ ਸਿਉ ਪੁੱਛਿਆ : ਜੇ ਕਿਸੀ ਮਨੁੱਖ ਸਾਥਿ ਕਰੀਏ ਭਲਾਈ ਤੇ ਅੱਗੇ ਤੇ ਉਹ ਕਰੇ ਬੁਰਾਈ ਤਾਂ ਤਿਸ ਨਾਲ ਕਿਆ ਕਰੀਐ ਤਾਂ ਸਾਧ ਉੱਤਰ ਦੀਆ : "ਜੋ ਉਸ ਨਾਲਿ ਫੇਰਿ ਕਰੀਏ ਭਲਿਆਈ।" ਤਾਂ ਫਿਰ ਸਾਧ ਕਹਿਆ : ਭਲਾ ਜੇ ਫੇਰ ਕਰੀਏ ਭਲਿਆਈ ਤੇ ਆਗੇ ਤੇ ਉਹ ਫੇਰ ਕਰੇ ਬੁਰਾਈ ਤਾਂ ਤਿਸ ਨਾਲ ਕਿਆ ਕਰੀਏ। ਤਾਂ ਫਿਰ ਸਾਧ ਉੱਤਰ ਦੀਆ : ਜੋ ਉਸ ਨਾਲ ਫੇਰ ਕਰੀਏ ਭਲਿਆਈ। ਫਿਰ ਉਸ ਸਾਧ ਕਿਹਾ ਜੀ ਇਹ ਕੀ ? ਤਾਂ ਫੇਰਿ ਸਾਧ ਉੱਤਰ ਦਿੱਤਾ : *ਜੋ ਉਸ ਕੋ ਬੁਰਾਈ ਦਾ ਫਲ ਅਰ ਤੁਮ ਕੋ ਭਲਿਆਈ ਦਾ ਫਲ।* ਜੇ ਉਹ ਬੁਰਾਈ ਨਹੀਂ ਛੱਡਦਾ, ਤਾਂ ਤੁਸੀਂ ਕਿਉਂ ਭਲਾਈ ਤਿਆਗੋ।

ਇਕ ਵਾਰੀ ਗੁਰੂ ਜੀ ਨੇ ਫ਼ਰਮਾਇਆ ਸੀ : 'ਏਕ ਮਾਨੁੱਖ ਕਰੇ ਤਾਦੀ ਅਰ ਦੂਸਰਾ ਸਹਿ ਜਾਵੈ ਤਬ ਤਿਸ ਕੀ ਵਿਟਹੁ ਪਰਮੇਸ਼ਰ ਉਸ ਨਾਲ ਤਾਦੀ ਕਰਦਾ ਹੈ ਜੋ ਜ਼ੋਰ ਜ਼ੁਲਮ ਕਰੇ। ਪਰਮੇਸ਼ਰ ਦਾ ਇਹੁ ਸੁਭਾਉ ਹੈ, ਨਾ ਫੜੇ ਨਾ ਫੜੇ। ਫੜੇ ਤਉ ਛੱਡੇ ਹੀ ਨਾਹੀ। ਚੋਟ ਉਪਰਿ ਚੋਟ ਚਲਾਵੇ, ਚੋਟ ਉਪਰਿ ਚੋਟ ਚਲਾਵੇ'। ਗੁਰੂ ਜੀ ਤੇ ਗੁਰਿਆਈ ਦੇ ਪਹਿਲੇ ਸਾਲਾਂ ਸਮੇਂ ਹੀ ਕਿਤਨੇ ਵਾਰ ਹੋਏ, ਕਿਤਨੀਆਂ ਹੀ ਖੇਚਲਾਂ ਆਈਆਂ, ਕਿਤਨੇ ਹੀ ਚੜ੍ਹ ਆਏ, ਕਿਤਨੀਆਂ ਹੀ ਸ਼ਰਾਰਤਾਂ ਹੋਈਆਂ, ਕਿਤਨੇ ਝਗੜੇ ਉਠਾਏ ਗਏ, ਕਿਤਨੇ ਹੀ ਚੁੱਕ-ਚੁਕਾ ਹੋਏ, ਕਿਤਨੇ ਹੀ ਰਾਹ ਵਿਚ ਦੋਖੀਆਂ ਕੰਡੇ ਬਿਖੇਰੇ ਪਰ ਆਪ ਜੀ ਅਡੋਲ ਰਹੇ, ਪਰਬਤੁ ਮੇਰਾਣੁ ਵਾਂਗੂੰ। ਬਹੁਤ ਸੁਹਣਾ ਲਿਖਿਆ ਹੈ ਭਾਈ ਸੰਤੋਖ

ਸਿੰਘ ਜੀ ਨੇ ਕਿ ਗੁਰੂ ਅਮਰ ਦਾਸ ਜੀ ਦਾ ਸੁਭਾਅ ਚਮਕਦੇ ਸੂਰਜ ਵਾਂਗ ਹੈ ਜੋ ਸਭ ਪਾਪ ਨਾਸ ਕਰੀ ਜਾ ਰਿਹਾ ਹੈ ਪਰ ਇਕ ਗੁਣ ਸੂਰਜ ਤੋਂ ਵੀ ਵੱਧ ਹੈ, ਉਨ੍ਹਾਂ ਵਿਚ। 'ਤਪਸ਼' ਨਹੀਂ ਹੈ :

*"ਅਮਰ ਦਾਸ ਭਾਨ ਲਛਣ ਸਮਾਨ ਸਭ,*
*ਏਕ ਗੁਣ ਅਧਿਕ ਪੈ ਤਪਤ ਬਹੀਨ ਹੈ।"*

**ਮੰਜੀ ਦਾਸ ਬਹਾਲਿਆ**—ਗੁਰੂ ਜੀ ਨੇ ਗੁਰ ਅੰਗਦ ਪਯਾਨੇ ਸਮੇਂ ਹੀ ਦੇਖ ਲਿਆ ਸੀ ਕਿ ਦਾਸੂ ਜੀ ਆਪਣੇ ਆਪ ਨੂੰ ਗੁਰੂ ਪ੍ਰਗਟ ਕਰ ਰਹੇ ਹਨ। ਲੋਕਾਂ ਚੁੱਕ-ਚੁਕਾ ਕੇ ਸਿੰਘਾਸਨ 'ਤੇ ਬਿਠਾਲ ਵੀ ਦਿੱਤਾ। ਗੁਰੂ ਅਮਰ ਦਾਸ ਜੀ ਉਸੇ ਦਿਨ ਹੀ ਗੋਇੰਦਵਾਲ ਵਾਪਸ ਮੁੜ ਆਏ। ਆਪ ਨੇ ਕੋਈ ਤਖ਼ਤ ਨਾ ਲਗਾਇਆ। ਚੁਬਾਰੇ ਹੀ ਰਹਿੰਦੇ। ਇਕਾਂਤ ਵਿਚ ਟਿਕਦੇ। ਭਾਈ ਬਲੂ ਜੀ, ਜੋ ਨਿਜੀ ਸੇਵਕ ਸੀ, ਕੁਝ ਖਾਣ ਲਈ ਲੈ ਆਂਦਾ ਤਾਂ ਛੱਕ ਲੈਂਦੇ।

ਸੰਗਤਾਂ ਬਣੇ ਸੁਭਾਅ ਅਨੁਸਾਰ ਪਹਿਲਾਂ ਖਡੂਰ ਸਾਹਿਬ ਆਂਦੀਆਂ, ਭੇਟਾਂ ਦੇਂਦੀਆਂ ਤੇ ਦਾਸੂ ਜੀ, ਜੋ 'ਗੁਰੂ' ਬਣੇ ਬੈਠੇ ਸਨ, ਆਪਣੇ ਵਲੋਂ ਅਸੀਸਾਂ ਤੇ ਅਸ਼ੀਰਵਾਦ ਵੀ ਦੇਂਦੇ। ਸੰਗਤਾਂ ਗੋਇੰਦਵਾਲ ਚੁਬਾਰਾ ਸਾਹਿਬ ਦੇ ਦਰਸ਼ਨ ਕਰ ਕੇ ਪਰਤ ਜਾਂਦੀਆਂ। ਗੁਰੂ ਜੀ ਕਿਸੇ ਨੂੰ ਕੁਝ ਨਾ ਕਹਿੰਦੇ।

ਇੰਜ ਕੁਝ ਦਿਨ ਚਲਦੀ ਰਹੀ ਪਰ ਪਾਜ ਛੇਤੀ ਖੁੱਲ੍ਹ ਗਿਆ। ਦਾਸੂ ਜੀ ਦਾ ਸਿਰ ਹੀ ਫਿਰ ਗਿਆ। ਕਮਲਿਆਂ ਵਾਂਗ ਊਲ-ਜਲੂਲ ਬੋਲਣ ਲੱਗ ਪਿਆ। ਉਸ ਕਿਤਨੇ ਹੀ ਜਤਨ ਕੀਤੇ ਕਿ ਸਿਰ ਟਿਕਾਣੇ ਆਵੇ ਪਰ ਹੋਰ ਕਸ਼ਟ ਵਧੀ ਜਾਏ। ਮੂੰਹ ਵੀ ਫਿਰ ਗਿਆ ਦੱਸਿਆ ਜਾਂਦਾ ਹੈ :

*ਚੜ੍ਹਦੇ ਮਹੀਨੇ ਮੁਹੁ ਦਾਸੂ ਦਾ ਫਿਰ ਗਿਆ।*
*ਅਨੇਕ ਜਤਨ ਕਰ ਸਿਧਾ ਨ ਭਇਆ।*[1]

ਮਾਤਾ ਖੀਵੀ ਜੀ ਨੇ ਪਹਿਲਾਂ ਵੀ ਬਹੁਤ ਸਮਝਾਇਆ ਸੀ। ਹੁਣ ਵਿਗੜਦੀ ਹਾਲਤ ਦੇਖ ਕੇ ਸਮਝਾਇਆ : ਪੁੱਤਰ ਇਹ ਪੰਡ ਭਾਰੀ ਹੈ। ਬਲ ਤੋਂ ਵਧੀਕ ਭਾਰ ਚੁਕਣ ਨਾਲ ਸਿਰ ਚਕਰਾਉਣਾ ਹੀ ਹੋਇਆ। ਮੂੰਹ ਫਿਰਨਾ ਹੀ ਹੋਇਆ। ਗੁਰਦੇਵ ਜੀ ਫ਼ਰਮਾਇਆ ਕਰਦੇ ਸਨ ਕਿ ਕੋਈ ਮੰਤਰ ਤਾਂ ਅਠੂਹਿਆਂ ਦਾ ਜਾਣਦਾ ਹੋਵੇ ਤੇ ਸੱਪਾਂ ਨੂੰ ਹੱਥ ਪਾ ਲਵੇ ਤਾਂ ਉਸ ਦਾ ਝੁੱਗਾ ਸੜਨਾ ਹੀ ਹੋਇਆ :

*'ਮੰਤਰੀ ਹੋਇ ਅਠੂਹਿਆ ਨਾਗੀ ਲਾਗੈ ਜਾਇ।*
*ਆਪਣ ਹੱਥੀਂ ਆਪਣੈ ਦੇ ਕੂਚਾ ਆਪੇ ਲਾਇ।'*

(ਸਲੋਕ ਮਹਲਾ ੨, ਵਾਰ ਮਾਝ ਕੀ)

"ਬੇਟਾ! ਗੁਰਿਆਈ ਉਹ ਹੀ ਨਿਭਾ ਸਕਦਾ ਹੈ ਜਿਸ 'ਤੇ ਪਾਰਬ੍ਰਹਮ ਦਾ ਹੱਥ ਹੈ। ਨਾਲੇ ਗੁਰਿਆਈ ਕੋਈ ਲੈਣ ਦੀ ਵਸਤੂ ਨਹੀਂ, ਦੇਣ ਦੀ ਹੈ। ਜੀਅ ਦਾਨ ਦੇਣਾ ਹੈ।

1. ਬੰਸਾਵਲੀਨਾਮਾ

ਕਟੋਰੇ ਦੇ ਪਾਣੀ ਨਾਲ ਕੋਈ ਕਿਤਨੇ ਕੁ ਵਸਤਰ ਧੋ ਸਕਦਾ ਹੈ। ਚਲਦੇ ਦਰਿਆ ਵਿਚ ਕਿਤਨੇ ਹੀ ਧੋਵੋ, ਉਸ ਨੂੰ ਮੈਲ ਨਹੀਂ ਲੱਗਦੀ। ਸਾਗਰ ਦਾ ਤਾਂ ਅਥਾਹ ਹੀ ਕੀ ਹੈ! ਤੂੰ ਤਾਂ ਕਟੋਰੇ ਦੇ ਜਲ ਜਿਤਨਾ ਵੀ ਨਹੀਂ। ਭਾਰ ਲਾਹਿ ਸੁਟੋ ਸਿਰ ਸਿਧਾ ਹੋਇ ਜਾਸੀ।" ਦਾਸੂ ਨੇ ਕਿਹਾ ਕਿ ਮੈਂ ਛੱਡੀ ਗੁਰਿਆਈ ਤੇ ਮੈਨੂੰ ਨਰੋਆ ਕਰਾਓ। ਮਾਤਾ ਜੀ ਨੇ ਕਿਹਾ ਕਿ ਉਸੇ ਪਾਸ ਬਰਕਤਾਂ ਹਨ, ਉਸ ਪਾਸ ਚਲੋ, ਉਹ ਹੀ ਰਹਮਤ ਦਾ ਹੱਥ ਰੱਖੇਗਾ। ਬੰਸਾਵਲੀਨਾਮਾ ਦੇ ਸ਼ਬਦਾਂ ਵਿਚ ਦਾਸੂ ਨੇ ਕਿਹਾ :

*ਮਾਤਾ ਮੈਂ ਹੁਣੀ ਛੱਡੀ ਹੈ ਗੁਰਿਆਈ।*
*ਬੇਟਾ ਛੱਡੀ ਹੈਈ ਤਾਂ ਚਲ ਲਗ ਪਾਈ।*
*ਮਾਤਾ ਖੀਵੀ ਲੈ ਕੇ ਨਾਲ ਦਾਸੂ ਨੂੰ ਆਈ।*[1]

ਮਾਤਾ ਜੀ ਦਾਸੂ ਤੇ ਹੋਰ ਸੰਗਤਾਂ ਨੂੰ ਨਾਲ ਲੈ ਕੇ ਗੋਇੰਦਵਾਲ ਆਏ। ਮਾਤਾ ਜੀ ਦਾ ਆਉਣਾ ਸੁਣ ਕੇ ਗੁਰੂ ਜੀ ਹੇਠਾਂ ਉਤਰੇ ਅਤੇ ਮਾਤਾ ਜੀ ਨੇ ਦਾਸੂ ਦੀ ਕੀਤੀ ਅਵੱਗਿਆ ਦੀ ਵਾਰਤਾ ਸੁਣਾਈ। ਦੱਸਿਆ : "ਇਹ ਕਾਹਲਾ ਪੈ ਗਿਆ। ਮੇਰੇ ਵੀ ਆਖੇ ਨਹੀਂ ਲੱਗਿਆ। ਹੁਣ ਦੁੱਖਾਂ ਨੂੰ ਪਕੜਿਆ ਹੈ। ਕ੍ਰਿਪਾ ਕਰਕੇ ਇਸ ਦੇ ਸਿਰ ਹੱਥ ਰੱਖੋ। ਆਪ ਜੀ ਨੂੰ ਹੀ ਬਖ਼ਸ਼ਿਸ਼ਾਂ ਦਾ ਦਾਤਾ ਗੁਰੂ ਅੰਗਦ ਦੇਵ ਜੀ ਨੇ ਬਣਾਇਆ ਹੈ। ਇਹ ਬਾਲ ਅੰਞਾਣਾ ਹੈ।"

ਦਾਸੂ ਜੀ ਨੇ ਅੱਗੇ ਹੋ ਕੇ ਚਰਨ ਪਕੜ ਲਏ। ਮਹਾਰਾਜ ਨੇ ਹੱਥੀਂ ਉਠਾਇਆ ਤੇ ਸਿਰ 'ਤੇ ਬਖ਼ਸ਼ਿਸ਼ ਭਰਿਆ ਹੱਥ ਰੱਖਿਆ। ਉਹ ਬਿਲਕੁਲ ਨਰੋਆ ਹੋ ਗਿਆ ਤੇ ਹੌਲਾ-ਹੌਲਾ ਮਹਿਸੂਸ ਕਰਨ ਲੱਗਾ। ਸਾਰੀ ਸੰਗਤ ਚਰਨੀਂ ਲੱਗੀ। ਇਹ ਸਾਰਾ ਮਾਤਾ ਖੀਵੀ ਜੀ ਦਾ ਹੀ ਪਰਉਪਕਾਰ ਸੀ।

*ਮਾਤਾ ਖੀਵੀ ਨੇ ਸੰਗਤਿ ਚਰਨੀ ਲਾਈ।*
*ਹੋਇ ਪ੍ਰਗਟ ਗੁਰਿਆਈ ਪਾਈ।*

**ਨਿਤ ਕਰਮ**—ਆਪ ਜੀ ਦਾ ਜੋ ਨਿਤ ਕਰਮ ਸੀ, ਉਸ ਦਾ ਵਿਸਥਾਰ ਸਿੱਖ ਇਤਿਹਾਸਕਾਰਾਂ ਦਿੱਤਾ ਹੈ।

ਪਹਿਰ ਰਾਤ ਰਹਿੰਦੇ ਜਾਗਦੇ। ਕਿਸੇ ਨੂੰ ਨਾ ਉਠਾਂਦੇ, ਸੋਚਾਚਾਰ ਕਰਨ ਉਪਰੰਤ ਆਗਿਆ ਲੈ ਕੇ ਭਾਈ ਬਲੂ ਜੀ ਜਲ ਲੈਣ ਚਲਾ ਜਾਂਦਾ। ਭਾਈ ਬਲੂ ਜੀ ਜ਼ਿੰਦਗੀ ਭਰ ਸੇਵਾ ਨਿਭਾਂਦੇ ਰਹੇ। ਗੁਰੂ ਜੀ ਇਸ਼ਨਾਨ ਕੇਸਾਂ ਸਮੇਤ ਰੋਜ਼ ਕਰਦੇ। ਦਹੀਂ ਵੀ ਪਾਉਂਦੇ।

ਇਸ਼ਨਾਨ ਉਪਰੰਤ ਬਸਤਰ ਸਫ਼ੈਦ ਪਾਉਂਦੇ। ਜੋ ਇਕ ਵਾਰੀ ਬਸਤਰ ਪਾ ਲੈਂਦੇ ਉਸ ਨੂੰ ਫਿਰ ਅੰਗੀਕਾਰ ਨ ਕਰਦੇ। ਪਹਿਲਾ ਵਸਤਰ ਗ਼ਰੀਬ ਲੋੜਵੰਦ ਨੂੰ ਦੇਂਦੇ। ਇਸ 'ਤੇ ਹੈਰਾਨੀ ਇਹ ਕਿ ਦੂਜਾ ਜੋੜਾ ਘਰ ਵਿਚ ਨਹੀਂ ਸੀ ਰੱਖਦੇ :

*ਧਾਰੇ ਸੋ ਬਸਤਰ ਸੁਏਤ।*
*ਦੂਜੇ ਨ ਰੱਖੇ ਨਕੇਤ।*

---

1. ਚਰਣ ਤੀਜਾ, ਬਿਤ੍ਰਾਂਤ ਗੁਰੂ ਅਮਰ ਦਾਸ ਜੀ

*ਪਹਰੈ ਸੋ ਫੇਰ ਨਵੀਨ।*
*ਯਹ ਬਖਸ ਸਿੱਖਨ ਕੀਨ।*[1] ੨੦।

ਫਿਰ ਇਕਾਂਤ ਵਿਚ ਬੈਠ ਜਾਂਦੇ। ਸਮਾਧੀ ਲਗ ਜਾਂਦੀ। '*ਸਹਜ ਸਮਾਧ ਨਿਜ ਸੁਖ ਮੋ ਲੀਨ।*' ਅੰਮ੍ਰਿਤ ਵੇਲੇ ਸੰਗਤ ਵਿਚ ਆ ਬਿਰਾਜਦੇ।

ਭਾਈ ਸਾਦੂ, ਬਾਦੂ, ਬਲਵੰਡ ਜੀ ਅਤੇ ਸੱਤਾ ਜੀ ਕੀਰਤਨ ਸੁਣਾਂਦੇ। ਕਈ ਵਾਰ ਆਪ ਕੀਰਤਨ ਵਿਚ ਅਗਵਾਈ ਕਰਦੇ। ਪਹੁ ਫੁੱਟਦੀ ਭੋਗ ਪਾਂਦੇ ਅਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ।

ਸੰਗਤਾਂ ਆਪਣੀਆਂ ਮਨੋਕਾਮਨਾਵਾਂ ਦੱਸਦੀਆਂ। ਕਿਸੇ ਨੂੰ ਨਾਮ-ਦਾਨ, ਕਿਸੇ ਦੀ ਦੁਨਿਆਵੀ ਥੁੜ ਦੂਰ, ਕਿਸੇ ਨੂੰ ਭਗਤੀ ਲਗਾਂਦੇ। ਕਿਸੇ ਅਟਕੇ ਹੋਏ ਨੂੰ ਅਗਾਂਹ ਟੋਰਦੇ। ਕਿਸੇ ਮਾਇਆ ਵਿਚ ਗ੍ਰਸੇ ਹੋਏ ਨੂੰ ਬਾਹਰ ਕੱਢਦੇ। ਕਿਸੇ ਨੂੰ ਜੀਅ-ਦਾਨ, ਕਿਸੇ ਨੂੰ ਅਨੰਤ ਸ਼ਾਂਤੀ ਬਖ਼ਸ਼ਦੇ। 'ਤ੍ਰਿਪਤੇ ਮਨੋਰਥ ਪਾਏ।' ਗੱਲ ਕੀ, ਜਦ ਬਚਨ ਉਚਾਰਦੇ ਤਾਂ ਇੰਜ ਹੁੰਦਾ ਜਿਵੇਂ ਸਾਗਰ ਛਲ ਮਾਰ ਕੇ ਰਤਨ ਬਾਹਰ ਸੁੱਟ ਰਿਹਾ ਹੈ। ਪ੍ਰੇਮ ਨਾਲ ਸਭ ਮੁਖੋਂ ਧੰਨ ਧੰਨ ਕਹਿੰਦੇ : ਪਰਉਪਕਾਰ ਦਹੁਰਾ ਕੇ ਸੰਗਤਾਂ ਆਪਣਾ ਰੋਮ-ਰੋਮ ਖਿੜਿਆ ਖਿੜਿਆ ਅਨੁਭਵ ਕਰਦੀਆਂ। ਸਿਮਰਨ ਦੀ ਲਿਵ ਸਭ ਦੀ ਲੱਗ ਜਾਂਦੀ।

ਸੰਗਤ ਸਮੇਤ ਗੁਰੂ ਜੀ ਸੇਵਾ ਕਰਦੇ। ਫਿਰ ਕਿਰਤ ਕਰਦੇ। ਗੁਜ਼ਾਰੇ ਹਿਤ ਵੱਟਕ ਕਰ ਕੇ, ਫਿਰ ਉਥੇ ਪੁੱਜਦੇ, ਜਿਥੇ ਲੰਗਰ ਤਿਆਰ ਹੋ ਰਿਹਾ ਹੁੰਦਾ। ਆਪਣੀ ਹੀ ਨਿਗਰਾਨੀ ਹੇਠ ਲੰਗਰ ਤਿਆਰ ਕਰਾਂਦੇ। ਸਭ ਸੰਗਤ ਨੂੰ ਨਾਲ ਲੈ ਲੰਗਰ ਛਕਣ ਲਈ ਪੰਗਤ ਵਿਚ ਬੈਠਦੇ। ਕੋਈ ਵਰਣ-ਆਸ਼ਰਮ ਭੇਦ ਨਹੀਂ ਸੀ। ਗੁਰ ਭਾਈ ਹੰਸਾਂ ਦੀ ਡਾਰ ਵਾਂਗ ਸਨ। ਕੋਈ ਊਚ ਨੀਚ ਦਾ ਵਿਤਕਰਾ ਨਹੀਂ ਸੀ।

*"ਸਿੱਖ ਸੰਗਤਿ ਸਭੁ ਸੰਗ ਲੈ ਚੌਂਕੇ ਮਹਿ ਆਵੈਂ।*
*ਆਸ਼ਰਮ ਬਰਨ ਬੀਚਾਰ ਨਹਿ ਇਕ ਪੰਗਤਿ ਬੈਸੈਂ।*[2]

ਆਪੁ ਤਾਂ ਅਲੂਣਾ ਓਗਰਾ, ਜੋ ਭੁੱਜਿਆ ਹੋਇਆ ਬਾਜਰਾ ਜਾਂ ਕਣਕ ਭੁੱਜੀ ਹੋਈ ਉਬਾਲੀ ਜਾਂ ਗਾੜ੍ਹੀ ਚਾਵਲਾਂ ਦੀ ਪਿੱਛ ਵਾਂਗ ਹੁੰਦਾ ਸੀ, ਖਾਂਦੇ। ਉਹ ਵੀ ਥੋੜ੍ਹਾ ਜਿਹਾ ਗੁਜ਼ਾਰੇ ਮਾਤਰ। 'ਅਲਪ ਅਚਹਿ, ਰਹਿ ਛੁਦਾ ਜੁਤ, ਨਹਿ ਉਦਰ ਭਰਾਵੈ।' ਸੰਗਤਿ ਲਈ ਛੱਤੀ ਪ੍ਰਕਾਰ ਦਾ ਭੋਜਨ ਪ੍ਰੇਮ ਨਾਲ ਤਿਆਰ ਕਰਾਂਦੇ :

*"ਓਗਰਾ ਅਲੂਣਾ ਸਤਿਗੁਰ ਪਾਵੇ,*
*ਸਭ ਰਸ ਸੰਗਤ ਕੋ ਭੋਗਾਵੈ।"*

ਪ੍ਰਸ਼ਾਦ ਪਾ ਕੇ ਚੁਬਾਰੇ ਆ ਬਿਰਾਜਦੇ। ਕੁਝ ਦੇਰ ਆਰਾਮ ਕਰਦੇ। ਉਸ ਉਪਰੰਤ ਬਾਹਰੋਂ ਆਈਆਂ ਸੰਗਤਾਂ ਨੂੰ ਦੀਦਾਰ ਦੇਂਦੇ। ਫਿਰ ਇਹ ਸਮਾਂ ਉਨ੍ਹਾਂ ਲਈ ਨਿਯਤ ਕਰ ਦਿੱਤਾ ਜੋ ਬਰਨ ਭਰਮ ਛੱਡ ਕੇ ਇਕੋ ਪੰਗਤ ਵਿਚ ਪ੍ਰਸ਼ਾਦ ਪਾਉਂਦੇ ਸਨ। ਇਹ

---

1. ਮਹਿਮਾ ਪ੍ਰਕਾਸ਼ ਸਾਖੀ ਦੋ, ਪਾਤਸ਼ਾਹੀ ਤੀਜੀ
2. ਸੂਰਜ ਪ੍ਰਕਾਸ਼ ਗਰੰਥਾਵਲੀ, ਜਿਲਦ ੫, ਪੰਨਾ ੧੪੪੦

ਹੁਕਮ ਦੇ ਦਿੱਤਾ ਸੀ ਜਿਸ ਨੇ ਲੰਗਰ ਨਹੀਂ ਛਕਿਆ ਉਸ ਨੂੰ ਗੁਰੂ ਜੀ ਨਿਜ ਦਰਸ਼ਨ ਨਹੀਂ ਦੇਣਗੇ :

*"ਜੋ ਬਰਨ ਬਿਭੇਦ ਪ੍ਰਸ਼ਾਦ ਨਾ ਖਾਇ।*
*ਸਤਿਗੁਰ ਕੇ ਦਰਸ਼ਨ ਨਹੀਂ ਪਾਇ। ੧੫।*

ਕਿਤਨੀ ਕਰੜਾਈ ਸੀ, ਉਸ ਦਾ ਉਚੇਚਾ ਵਰਣਨ ਮਹਿਮਾ ਪ੍ਰਕਾਸ਼ ਨੇ ਕੀਤਾ ਹੈ :

*ਜੋ ਖਾਇ ਪ੍ਰਸ਼ਾਦ, ਦਰਸ਼ਨ ਕਰੇ, ਧਰੀ, ਪ੍ਰਤਿਗਿਆ ਦਿਆਲ।*
*ਬਿਨ ਪ੍ਰਸ਼ਾਦਿ ਪਾਇ ਦਰਸ ਹੋਇ ਨ, ਕਿਤਹੂ ਕਾਲ। ੧੬।*

ਸੂਰਜ ਪ੍ਰਕਾਸ਼ ਨੇ ਇਸ ਦਿੱਤੀ ਚੇਤਾਵਨੀ ਦਾ ਵੀ ਜ਼ਿਕਰ ਕੀਤਾ ਹੈ :

*ਆਸ਼ਰਮਧਾਰੀ ਹੋਇ ਕੋ ਆਵਹਿ ਦਰਬਾਰਾ,*
*ਪ੍ਰਥਮ ਦੇਗ ਮਹਿ ਜਾਇਕੈ ਭੋਜਨ ਕੋ ਪਾਵੈ।*
*ਪੁਨ ਦਰਸ਼ਨ ਗੁਰ ਕੋ ਕਰਹਿ ਚਲਿ ਕਰ ਢਿਗ ਆਵੈ।*

ਇਸ ਤਰ੍ਹਾਂ ਪਹਿਰ ਦਿਨ ਗੁਜ਼ਰ ਜਾਂਦਾ। ਕਥਾ ਹੁੰਦੀ। ਵਿਦਵਾਨ ਕਥਾ ਕਰਦੇ ਅਤੇ ਗੁਰਸਾਖੀਆਂ ਸੁਣਾਂਦੇ। ਮਿਥਹਾਸ ਵੀ ਦੁਹਰਾਇਆ ਜਾਂਦਾ ਅਤੇ ਭਾਵ ਦੀ ਗੱਲ ਸਿੱਖਾਂ ਨੂੰ ਸਮਝਾਈ ਜਾਂਦੀ। ਆਪ ਜੀ ਵੀ ਸੁਣਦੇ ਤੇ ਲੋੜ ਸਮੇਂ ਬਚਨ ਉਚਾਰ ਘੁੰਡੀ ਖੋਲ੍ਹ ਦਿੰਦੇ :

*"ਆਵਹਿ ਚੌਥੇ ਜਾਮ ਦਿਨ ਇਤਿਹਾਸ ਪ੍ਰਕਾਸ਼ੈ।*
*ਸੁਨਹਿ ਸਤਿਗੁਰ ਬੈਠਿ ਕਰ ਸੰਗਤਿ ਇਕ ਪਾਸੈ। ੧੭।*

ਫਿਰ ਕੀਰਤਨ ਹੁੰਦਾ ਤੇ ਸੋਦਰ ਦਾ ਪਾਠ ਹੁੰਦਾ। ਰਾਤ ਦਾ ਪ੍ਰਸ਼ਾਦ ਪਾ ਕੇ ਕਦੇ ਬਾਹਰ ਬੈਠ ਚਰਚਾ ਹੁੰਦੀ, ਕਦੇ ਬਿਆਸਾ ਦੇ ਕਿਨਾਰੇ ਚਲੇ ਜਾਂਦੇ ਤੇ ਕਦੇ ਟੁਰਦਿਆਂ ਹੀ ਵਿਚਾਰ ਦਈ ਜਾਂਦੇ। ਆਪ ਜੀ ਰਾਤ ਦਾ ਪ੍ਰਸ਼ਾਦ ਨ ਪਾਂਦੇ।

ਇਹ ਹੁਕਮ ਵੀ ਦੇ ਦਿੱਤਾ ਸੀ ਕਿ ਲੰਗਰ ਦੀ ਕੋਈ ਵਸਤੂ, ਰਸਦ ਸਾਂਭ ਨਹੀਂ ਰੱਖਣੀ। ਜੋ ਬਚ ਜਾਂਦਾ ਉਹ ਪਸ਼ੂਆਂ ਨੂੰ ਖਵਾਲ ਦੇਂਦੇ ਤੇ ਫਿਰ ਜੋ ਵੀ ਰਹਿ ਜਾਏ ਬਿਆਸਾ ਵਿਚ ਮੱਛੀਆਂ ਆਦਿ ਲਈ ਪਾ ਦੇਂਦੇ। ਘੜਿਆਂ ਵਿਚ ਪਾਣੀ ਤਕ ਵੀ ਨਾ ਰੱਖਦੇ। ਕਿਸੇ ਦੀ ਝਾਕ ਲੰਗਰ ਜਾਂ ਗੋਲਕ ਵਿਚ ਨਾ ਰਹੇ।

*"ਅਗਲੇ ਦਿਨ ਹਿਤ ਨਹਿ ਰਹਹਿ, ਇਕ ਮਨੁਜ ਅਹਾਰ।*
*ਅਪਰ ਵਸਤ ਗਿਣਤੀ ਕਹਾਂ, ਜਲ ਕਲਸਨਿ ਮਾਹੀ।"*[1]

ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਕਲਸੋ ਮੈ ਜਲ ਨ ਰਹੈ,*
*ਅਨ ਧਨ ਗ੍ਰਿਹ ਨ ਰਹਾਇ।*

---

1. ਰਾਸ ਪਹਿਲੀ, ਅੰਸ ੩੦, ਸੂਰਜ ਪ੍ਰਕਾਸ਼

*ਨਿਰਬਾਨ ਜੁਗਤ ਨਿਰਲੰਭ ਗਤ,*
*ਸਤਿਗੁਰ ਕੋ ਸੁਹਾਇ।*

ਪੁੱਛਣ 'ਤੇ ਕਿਹਾ ਕਰਦੇ : ਕਦੇ ਕਿਸੇ ਪੰਛੀ ਨੇ ਵੀ ਕੱਲ੍ਹ ਲਈ ਜੋੜ ਰੱਖਿਆ ਹੈ। ਕਦੇ ਕਿਸੇ ਦਰਵੇਸ਼ ਨੇ ਵੀ ਪੂੰਜੀ ਜਮ੍ਹਾ ਕੀਤੀ ਹੈ। 'ਜਿਮ ਬਿਹੰਗ ਦਰਵੇਸ਼ ਹਵੈ ਸੰਚੈ ਨ ਕਰ ਹੈਂ।'

ਇਸ ਕਰਨੀ ਦਾ ਹੀ ਸਦਕਾ ਸੀ ਕਿ ਅੰਮ੍ਰਿਤ ਵੇਲੇ ਹੀ ਸੰਗਤਾਂ ਹੁਮ-ਹੁਮਾ ਕੇ ਪੁੱਜਦੀਆਂ। ਭੇਟਾਵਾਂ ਉਹ ਨਾਲ ਲਿਆਂਦੀਆਂ। ਲੰਗਰ ਲਈ ਕਿਧਰੋਂ ਅੰਨ ਦੇ ਗੱਡੇ, ਕਿਧਰੋਂ ਤਾਜ਼ਾ ਘਿਉ, ਕਿਧਰੋਂ ਫਲ ਤੇ ਸਬਜ਼ੀਆਂ ਦੇ ਭੰਡਾਰ ਰੋਜ਼ ਆਪੇ ਹੀ ਲੱਗ ਜਾਂਦੇ। ਕਿਸੇ ਨੂੰ ਨਾ ਝੱਖੜ ਦੀ ਪਰਵਾਹ ਸੀ ਅਤੇ ਨਾ ਤੂਫ਼ਾਨ ਦੀ। ਸਿੱਖੀ ਪਨਪ ਰਹੀ ਸੀ। ਜੋ ਵੀ ਕੋਈ ਗੋਇੰਦਵਾਲ ਤੋਂ ਮੁੜਦਾ ਉਸ ਦੇ ਚਿਹਰੇ ਤੇ ਨੂਰਾਨੀ ਝਲਕ ਡਲ੍ਹਕਾਂ ਮਾਰਦੀ।

**ਪਹਿਲਾ ਉਪਦੇਸ਼**—ਆਪ ਜੀ ਨੇ ਜੋ ਪਹਿਲਾ ਉਪਦੇਸ਼ ਸੰਗਤਾਂ ਨੂੰ ਦਿੱਤਾ ਉਸ ਦਾ ਸਾਰੰਸ਼ ਸਿੱਖ ਇਤਿਹਾਸਕਾਰਾਂ ਨੇ ਦਿੱਤਾ ਹੈ। ਮਹਾਰਾਜ ਨੇ ਫ਼ਰਮਾਇਆ :

ਜੇ ਕੋਈ ਤੁਹਾਡੇ ਨਾਲ ਮਾੜਾ ਵਰਤਾਵਾ ਕਰਦਾ ਹੈ ਤਾਂ ਸਹਾਰੋ। ਤਿੰਨ ਵਾਰੀ ਸਹਾਰੋਗੇ ਤਾਂ ਚੌਥੀ ਵਾਰੀ ਵਾਹਿਗੁਰੂ ਤੁਹਾਡਾ ਪੱਖੀ ਹੋ ਜਾਏਗਾ। ਦੋਖੀ ਨੂੰ ਐਸੀ ਸਜ਼ਾ ਦੇਵੇਗਾ ਕਿ ਉਹ ਸੰਭਲਿਆ ਵੀ ਨਹੀਂ ਸੰਭਲੇਗਾ। ਵਾਹਿਗੁਰੂ ਦੀ ਚੱਕੀ ਚਲਦੀ ਹੌਲੇ-ਹੌਲੇ ਹੈ ਪਰ ਆਟਾ ਬਹੁਤ ਬਰੀਕ ਪੀਂਹਦੀ ਹੈ। ਫਿਰ ਆਸਾ ਦੀ ਵਾਰ ਦੀ ੨੧ਵੀਂ ਪਉੜੀ ਪੜ੍ਹ ਕੇ ਸੁਣਾਈ ਜਿਸ ਦੇ ਸ਼ਬਦ ਹਨ :

*ਜਿਤੁ ਸੇਵਿਐ ਸੁਖੁ ਪਾਈਐ,*
*ਸੋ ਸਾਹਿਬੁ ਸਦਾ ਸਮ੍ਾਲੀਐ।*
*ਜਿਤ ਕੀਤਾ ਪਾਈਐ ਆਪਣਾ,*
*ਸਾ ਘਾਲ ਬੁਰੀ ਕਿਉਂ ਘਾਲੀਐ।*
*ਮੰਦਾ ਮੂਲਿ ਨ ਕੀਚਈ,*
*ਦੇ ਲੰਮੀ ਨਦਰਿ ਨਿਹਾਲੀਐ।*
*ਜਿਉਂ ਸਾਹਿਬ ਨਾਲਿ ਨ ਹਾਰੀਐ,*
*ਤੇਵੇਹਾ ਪਾਸਾ ਢਾਲੀਐ।*
*ਕਿਛੁ ਲਾਹੇ ਉਪਰਿ ਘਾਲੀਐ। ੨੧।*

"ਸਭ ਨਾਲ ਭਲਾਈ ਕਰੋ। ਅਹੰਕਾਰ ਕਿਸੇ ਵੀ ਗੱਲ ਦਾ ਕਰਨਾ ਸੋਭਦਾ ਨਹੀਂ। ਪਰਾਈ ਔਰਤ ਦੇ ਸੰਗ ਨੂੰ ਸਰਪ ਜਾਂ ਖ਼ੂਨੀ ਹਾਥੀ ਵਤ ਜਾਣੋ। ਭੈੜੀ ਸੰਗਤ ਭੁੱਲ ਕੇ ਵੀ ਨਹੀਂ ਕਰਨੀ। *ਸ਼ੇਖੀ ਕਦੇ ਨ ਬਿਖਾਰਨੀ। ਨਿਮਰਤਾ ਹੀ ਵੱਡਾ ਹਥਿਆਰ ਹੈ।* ਬੜਾ ਬੋਲ ਨ ਬੋਲਣਾ। ਆਪਣੀ ਵਡਿਆਈ ਜੋ ਆਪ ਕਰਦੇ ਹਨ ਉਹ ਸਦਾ ਖ਼ੁਆਰ ਹੁੰਦੇ ਹਨ। ਨਿੰਦਾ ਤੋਂ ਪੂਰਾ-ਪੂਰਾ ਤਿਆਗ ਹੀ ਧਰਮ ਦਾ ਰਾਹ ਹੈ। ਵਿੱਤ ਤੋਂ ਵੱਧ ਨ ਖ਼ਰਚ

ਕਰੋ ਅਤੇ ਨਾ ਖਾਓ। ਵਿੱਤ ਅਨੁਸਾਰ ਹੀ ਕਿਰਤ ਕਰੋ। ਵਿਤਹੁ ਬਾਹਰ ਕਦੇ ਕੋਈ ਕੰਮ ਨ ਕਰਨਾ। ਪਖੰਡ ਤੇ ਦੰਭ ਤਜੋ। ਦਿਖਾਵੇ ਵਾਲੀ ਜ਼ਿੰਦਗੀ ਸਦਾ ਦੁਖੀ ਕਰਦੀ ਹੈ।

"ਜੋ ਸਿੱਖ ਗੁਰੂ ਕਾ ਹੋਵੈ, ਤਿਸ ਦਾ ਉਪਦੇਸ਼ ਮੰਨਣਾ। ਪਰ ਇਸਤਰੀ ਨਾਲ ਪ੍ਰੀਤਿ ਨਾਹੀ ਕਰਨੀ। ਜੋ ਪਰਮੇਸਰ ਦੀ ਭਗਤਣੀ ਹੋਵੇ ਤਾਂ ਭੀ ਤੋਟਾ ਹੈ, ਲਾਹਾ ਨਹੀਂ। ਮੇਲਾ ਸ਼ਬਦ ਕਾ ਕਰਨਾ। ਜਿਥੇ ਗੁਰੂ ਵਿਸਰੈ ਤਿਥੈ ਮਿਲਣਾ ਨਾਹੀ।

"ਅੰਨ ਬਹੁਤੀ ਭੁਖੈ ਲੱਗੀ ਜੇਵਣਾ। ਭਰੇ 'ਤੇ ਭਰਨਾ ਨਾਹੀ। ਅੰਨ ਛੱਡਣਾ ਵੀ ਨਾਹੀ। ਸਵਣਾ ਤਾਂ ਜਾਂ ਬਹੁਤ ਨੀਂਦ ਆਵੈ। ਨੀਂਦ ਬਿਨਾ ਸਵਣਾ ਨਾਹੀ, ਗਫਲਾਈ ਹੈ। ਦੇਹੀ ਕਉ ਬਹੁਤ ਦੁਖੁ ਨਾਹੀ ਦੇਵਣਾ। ਗੁਰੂ ਕੀ ਸਾਖੀ ਸੁਣਨੀ। ਸ਼ਬਦ ਗਾਵਨਾ, ਸੁਣਨਾ। ਕੂੜ ਨਾਹੀ ਬੋਲਣਾ। ਜੋ ਕੋਈ ਗੁਰੂ ਨਾਲੋਂ ਭੁੱਲਦਾ ਹੋਵੇ ਤਾਂ ਸਮਝਾਵਨਾ। ਆਪਣੇ ਧਿਰਹੁ ਆਖਨਾ। ਜੇ ਮੰਨੇ ਨਾਹੀ ਤਾਂ ਉਹ ਜਾਣੈ।

"ਗੁਰੂ ਉਪਦੇਸ਼ ਰਿਦੈ ਲੈ ਧਾਰਹੁ। ਕਿਰਤ ਕਮਾਈ ਵਿਚੋਂ ਘੱਟ ਤੋਂ ਘੱਟ ਦਸਵਾਂ ਹਿੱਸਾ ਜ਼ਰੂਰ ਦੇਵੋ। ਸੰਗਤ ਭਲੇ ਪੁਰਸ਼ ਦੀ ਅਤੇ ਆਏ ਗਏ ਦੀ ਸੇਵਾ ਕਰਦੇ ਰਹਿਣਾ। *ਕੋਈ ਚੀਜ਼ ਮੂੰਹ ਵਿਚ ਪਾਉਣ ਤੋਂ ਪਹਿਲਾਂ ਵਾਹਿਗੁਰੂ ਕਹਿਣ ਨਾਲ ਵਾਹਿਗੁਰੂ ਬਰਕਤ ਪਾਉਂਦਾ ਹੈ।*

"ਜਿਨ੍ਹਾਂ ਦਿਨ ਰਾਤ ਵਾਹਿਗੁਰੂ ਜਪਿਆ, ਅਹੰਕਾਰ ਤਿਆਗਿਆ ਹੈ ਉਹੀ ਉੱਚੇ ਹਨ ਤੇ ਚੰਗੇ ਹਨ। ਵਾਸ਼ਨਾਵਾਂ ਨੂੰ ਰੋਕ ਰੱਖਣਾ ਹੀ ਧਰਮ ਹੈ। ਐਸਾ ਕਰਨ ਵਾਲਾ ਜੀਵਨ ਮੁਕਤ ਹੈ। ਰੱਬ ਦਾ ਪਿਆਰਾ ਕਿਸੇ ਵੀ ਬੰਧਨ ਵਿਚ ਨਹੀਂ ਰਹਿੰਦਾ। ਉਹ ਸੁਤੰਤਰ ਹੈ। ਗੀਤਾਂ ਰਸਮਾਂ, ਵਹਿਮਾਂ, ਭਰਮਾਂ, ਸਉਨ ਅਪਸ਼ਗਨਾਂ ਗ੍ਰਹਾਂ ਤੋਂ ਉੱਚਾ ਹੋਣਾ ਹੈ।"

**ਹੋਰ ਹਵੇਲੀਆਂ ਉਸਾਰੀਆਂ**—ਮਹਾਰਾਜ ਦੀ ਦੋਹੀ ਸਾਰੇ ਪਾਸੇ ਫਿਰ ਗਈ। ਉੱਤਰ ਪੂਰਬ, ਦੱਖਣ ਪੱਛਮ ਤੋਂ ਸੰਗਤਾਂ ਨਾ ਸਿਰਫ ਦਰਸ਼ਨ ਦੀ ਇੱਛਾ ਲੈ ਆਉਂਦੀਆਂ ਸਗੋਂ ਉਥੇ ਟਿਕਾਣੇ ਦਾ ਵਿਚਾਰ ਪ੍ਰਗਟ ਕਰਦੀਆਂ। ਭਾਵੇਂ ਲਗਾਤਾਰ ਉਸਾਰੀ ਪਿਛਲੇ ਡੇਢ ਸਾਲ ਤੋਂ ਚਲ ਰਹੀ ਸੀ ਅਤੇ ਸੰਗਤਾਂ ਦੇ ਆਰਾਮ ਤੇ ਰਹਿਣ ਲਈ ਟਿਕਾਣੇ ਬਣ ਗਏ ਸਨ ਪਰ ਸੰਗਤਾਂ ਦੀ ਚੋਖੀ ਆਵਾਜਾਈ ਨੇ ਸਭ ਥੋੜ੍ਹੇ ਕਰ ਦਿੱਤੇ। ਹੋਰ ਇਤਨੀ ਛੇਤੀ ਬਣ ਨਹੀਂ ਸਨ ਸਕਦੇ। 'ਨੀਕੋ ਬਣੇ ਨਿਕੇਤ ਨਹਿ, ਯਾਹਿ ਤੇ ਅਕੁਲਾਏ।' ਵੱਡੀ ਥੁੜ ਇਮਾਰਤੀ ਲੱਕੜ ਦੀ ਸੀ। ਰੈਣ ਬਸੇਰਿਆਂ ਤੋਂ ਬਿਨਾਂ ਰਾਤਾਂ ਵੀ ਕੱਟਣੀਆਂ ਮੁਸ਼ਕਿਲ ਹੋ ਗਈਆਂ ਸਨ। ਉਤੋਂ ਸਰਦੀਆਂ ਆਉਣ ਵਾਲੀਆਂ ਸਨ।

ਗੁਰੂ ਜੀ ਨੇ ਇਮਾਰਤੀ ਲੱਕੜ ਲਈ ਆਪਣੇ ਭਤੀਜੇ, ਭਾਈ ਸਾਵਨ ਮੱਲ ਜੀ ਨੂੰ ਆਪਣੇ ਦਰੋਂ ਬਖਸ਼ਿਸ਼ ਤੇ ਇਕ ਰੁਮਾਲ ਦਿੱਤਾ ਕਿ ਹਰੀਪੁਰ ਰਿਆਸਤ ਚਲਾ ਜਾਏ ਤੇ ਛੇਤੀ ਲੱਕੜ ਦਾ ਪ੍ਰਬੰਧ ਕਰਕੇ ਭਿਜਵਾਏ। ਸਾਵਨ ਮੱਲ ਦੀ ਮਾਂ ਨੇ ਜਦ ਸੁਣਿਆ ਕਿ ਉਸ ਦਾ ਇਕੋ ਇਕ ਪੁੱਤਰ ਪਹਾੜਾਂ ਵਲ ਜਾ ਰਿਹਾ ਹੈ ਤਾਂ ਉਸ ਡਰ ਪ੍ਰਗਟ ਕੀਤਾ ਕਿ ਪਹਾੜਾਂ 'ਤੇ ਡਾਕਨੀਆਂ ਤੇ ਜਾਦੂਗਰਨੀਆਂ ਸੁਣੀਂਦੀਆਂ ਹਨ, ਉਹ ਮੇਰੇ ਪੁੱਤ

ਨੂੰ ਵੱਸ ਨ ਕਰ ਲੈਣ। ਮਹਾਰਾਜ ਨੇ ਸੁਭਾਵਕ ਹੀ ਬਚਨ ਕੀਤੇ। ਸਾਵਨ ਮੱਲ ਨੂੰ ਕੋਈ ਵੱਸ ਨਹੀਂ ਕਰ ਸਕਦਾ, ਇਹ ਡੈਣਾਂ ਵਿਚਾਰੀਆਂ ਕੀ ਹਨ?

*'ਡਾਕਨਿ ਬਪੁਰੀ ਕਯਾ ਕਰੈ, ਬਡ ਭਾ ਬਲ ਏਤਾ।'*

**ਹਰੀਪੁਰ ਦਾ ਮਹਾਰਾਜਾ ਸਿੱਖ ਹੋਇਆ**—ਭਾਈ ਸਾਵਨ ਮੱਲ ਜੀ ਬਖ਼ਸ਼ਿਸ਼ਾਂ ਲੈ ਕੇ ਪਹਾੜਾਂ ਵੱਲ ਚਲ ਪਏ। ਹਰੀਪੁਰ ਪੁੱਜ, ਭਾਈ ਜੀ ਹੈਰਾਨ ਹੋਏ ਕਿ ਸਾਰਾ ਇਲਾਕਾ ਹੀ ਭਰਮਾਂ, ਵਹਿਮਾਂ, ਰੀਤਾਂ, ਬਰਤਾਂ ਵਿਚ ਖੁਭਿਆ ਹੋਇਆ ਹੈ। ਦੇਵ ਨੇਤ ਨਾਲ ਉਸ ਦਿਨ ਇਕਾਦਸ਼ੀ ਸੀ। ਹਰੀਪੁਰ ਦੇ ਰਾਜੇ ਨੇ ਹੁਕਮ ਦੇ ਰੱਖਿਆ ਸੀ ਕਿ ਸਾਰੀ ਨਗਰੀ ਦੀ ਵਸੋਂ ਇਕਾਦਸ਼ੀ ਦਾ ਵਰਤ ਰੱਖੇ। ਕੋਈ ਵੀ ਘਰ ਚੁੱਲ੍ਹਾ ਤੱਕ ਨ ਫੂਕੇ।

ਸਿੱਖ ਸੂਰਮੇ ਨੇ ਨਾ ਹੀ ਸਿਰਫ਼ ਚੁੱਲ੍ਹਾ ਬਾਲਿਆ ਸਗੋਂ ਲੋਹ ਤਪਾ ਕੇ ਲੰਗਰ ਲਗਾ ਦਿੱਤਾ। ਰਾਜੇ ਤਕ ਖ਼ਬਰ ਪੁਜਾਈ ਗਈ। ਗ੍ਰਿਫ਼ਤਾਰੀ ਦਾ ਹੁਕਮ ਹੋ ਗਿਆ। ਸਜ਼ਾ ਸੁਣਾਉਣ ਲਈ ਜਦ ਦੂਜੇ ਦਿਨ ਪੇਸ਼ ਕੀਤਾ ਗਿਆ ਤਾਂ ਭਾਈ ਜੀ ਨੇ ਕਿਹਾ :

"ਅਸੀਂ ਤਾਂ ਰੋਜ਼ ਬਰਤ ਰੱਖਦੇ ਹਾਂ। ਸਾਡਾ ਬਰਤ 'ਪਰ-ਧਨ, ਪਰ-ਤਨ, ਪਰ ਰੂਪ' ਦਾ ਹੈ। ਖਾਣਾ ਪੀਣਾ ਪਵਿੱਤਰ ਹੈ।" ਰਾਜੇ ਦੇ ਸਜ਼ਾ ਸੁਣਾਂਦੇ ਹੀ, ਕਰਨਾ ਕਰਤਾਰ ਦਾ ਇੰਝ ਹੋਇਆ ਕਿ ਰਾਜੇ ਦਾ ਪੁੱਤਰ ਮੂਰਛਤ ਹੋ ਗਿਆ। ਸ਼ਾਹੀ ਹਕੀਮਾਂ ਕਈ ਜਤਨ ਕੀਤੇ ਪਰ ਅੱਖ ਨ ਖੁੱਲ੍ਹੇ। ਰਾਜੇ ਨੂੰ ਇੰਜ ਮਹਿਸੂਸ ਹੋਇਆ ਕਿ ਉਸ ਬੇਦੋਸ਼ੇ ਸਿੱਖ ਨੂੰ ਸਜ਼ਾ ਦਿੱਤੀ ਹੈ। ਭਾਈ ਸਾਵਨ ਮੱਲ ਜੀ ਨੂੰ ਰਿਹਾਅ ਕੀਤਾ ਗਿਆ। ਉਨ੍ਹਾਂ ਅਰਦਾਸ ਕੀਤੀ। ਗਿੱਲਾ ਕਰਕੇ ਰੁਮਾਲ ਕਉਰ ਦੇ ਮੂੰਹ ਤੇ ਫੇਰਿਆ। ਉਹ ਗੁਰੂ ਗੁਰੂ ਕਹਿੰਦਾ ਉੱਠ ਬੈਠਾ। ਰਾਜਾ ਪ੍ਰਸੰਨ ਹੋਇਆ ਤੇ ਸਾਰੇ ਪਾਸੇ ਖ਼ੁਸ਼ੀ ਦੀ ਲਹਿਰ ਫੈਲ ਗਈ।

ਰਾਜੇ ਨੇ ਜਦ ਭਾਈ ਸਾਹਿਬ ਦਾ ਉਥੇ ਆਉਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਆਪਣਾ ਮਨੋਰਥ ਦੱਸਿਆ ਕਿ ਗੋਇੰਦਵਾਲ ਲਈ ਇਮਾਰਤੀ ਲੱਕੜ ਦੀ ਲੋੜ ਹੈ ਅਤੇ ਗੁਰੂ ਨਾਨਕ ਦੀ ਗੱਦੀ 'ਤੇ ਗੁਰੂ ਅਮਰ ਦਾਸ ਜੀ ਬਿਰਾਜੇ ਹੋਏ ਹਨ। ਰਾਜੇ ਉਸੇ ਸਮੇਂ ਬਿਨਾਂ ਮੋਖ ਟਿੱਲਾ ਬਣਾ ਕੇ ਲੱਕੜ ਦਰਿਆ ਬਿਆਸ ਵਿਚ ਪਵਾ ਦਿੱਤੀ ਅਤੇ ਰਾਖੇ ਨਾਲ ਭੇਜ ਦਿੱਤੇ। ਆਪਣੀ ਇੱਛਾ ਦਰਸ਼ਨਾਂ ਦੀ ਪ੍ਰਗਟ ਕੀਤੀ।

**ਰਾਜਾ ਹਰੀ ਚੰਦ ਦਰਸ਼ਨਾਂ ਨੂੰ**—ਰਾਜੇ ਵਿਚ ਦਰਸ਼ਨਾਂ ਦੀ ਇਤਨੀ ਚਾਹ ਉੱਠੀ ਕਿ ਉਹ ਪਰਵਾਰ ਸਮੇਤ ਉਸੇ ਸਮੇਂ ਗੋਇੰਦਵਾਲ ਲਈ ਚੱਲ ਪਿਆ। ਭਾਈ ਜੀ ਉਥੇ ਹੀ ਟਿਕੇ ਰਹੇ। ਪ੍ਰਭਤਾ ਇਤਨੀ ਹੋਣ ਲੱਗ ਪਈ ਸੀ ਕਿ ਸੇਵਾ ਤੇ ਗੁਰੂ ਦੀ ਬਖ਼ਸ਼ਿਸ਼ ਭਾਈ ਜੀ ਨੂੰ ਭੁੱਲ ਗਈ। ਸਿੱਧੀਆਂ ਦੇ ਸਹਾਰੇ ਆਪਣੀ ਹੀ ਸਿੱਖੀ ਚਲਾਣ ਲਗ ਪਏ।

ਰਾਜੇ ਨੇ ਗੁਰੂ ਦੀ ਨਿਰਮਲ ਛੁਹ ਪਾ ਕੇ ਮਨ ਸ਼ਾਂਤ ਕੀਤਾ। ਇਹ ਬੇਨਤੀ ਕੀਤੀ ਕਿ ਜਿਤਨੀ ਵੀ ਲੱਕੜ ਗੋਇੰਦਵਾਲ ਲਈ ਜ਼ਰੂਰਤ ਹੋਵੇਗੀ, ਉਹ ਆਪੇ ਭੇਜ ਦਿੱਤਾ ਕਰੇਗਾ। ਮਹਾਰਾਜ ਨੇ ਜਦ ਪੁੱਛਿਆ ਕਿ ਸਾਵਨ ਮੱਲ ਨਹੀਂ ਆਇਆ ਤਾਂ ਰਾਜੇ ਨੇ ਦੱਸਿਆ ਕਿ ਲੋਕੀਂ ਉਸਨੂੰ ਨਹੀਂ ਛੱਡਦੇ। ਮਹਾਰਾਜ ਨੇ ਕਿਹਾ ਕਿ ਸਿੱਧੀ ਦਾ ਰਾਹ ਉਸ ਸੌਖਾ ਜਾਣ ਲਿਆ ਹੈ। ਸਿੱਧੀ ਪਾ ਕੇ ਸੇਵਾ, ਭਗਤੀ, ਜਪ, ਤਪ ਸਭ ਭੁੱਲ ਗਿਆ

ਹੈ। ਅਹੰਕਾਰ ਵਿਚ ਵਿਚਰ ਰਿਹਾ ਹੈ।

*ਸਿਧ ਪਾਇ ਮਨ ਹੋਇ ਅਹੰਕਾਰ।*
*ਦੂਵੈ ਭਗਤ ਮਨ ਦ੍ਰਿੜੇ ਬਿਕਾਰ।*[1]

ਰਾਜੇ ਨਾਲ ਰਾਣੀਆਂ ਵੀ ਸਨ ਜੋ ਪਰਦਾ ਕਰਦੀਆਂ ਸਨ। ਮਹਾਰਾਜ ਨੇ ਇਹ ਹੁਕਮ ਦੇ ਰੱਖਿਆ ਸੀ ਕਿ ਉਨ੍ਹਾਂ ਦੇ ਦਰਬਾਰ ਸਭ ਸਨਮੁਖ ਆਉਣ। ਭੜਕੀਲੇ ਲਿਬਾਸ ਵਿਚ ਨਾ ਵਿਚਰਨ। ਸਾਦਾ ਪੋਸ਼ਾਕ ਹੋਵੇ।

*ਬਦਨ ਅਛਾਨਯੋ ਨਹਿ ਕਿਸ ਬਾਸੁ।*

ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਧਰ ਬਸਤਰ ਸੁਏਤ ਖੁਲ੍ਹੇ ਮੁਖ ਆਵੈ।*
*ਕੁਛ ਸੰਕਾ ਲਾਜ ਨ ਮਨ ਮੋ ਲਿਆਵੈ।*

ਘੁੰਡ ਆਦਿ ਨ ਕਰਨਾ। ਰਾਜੇ ਨੇ ਵੀ ਇਹ ਆਗਿਆ ਆਪਣੇ ਸਾਰੇ ਪਰਵਾਰ ਨੂੰ ਸੁਣਾ ਦਿੱਤੀ ਪਰ ਇਕ ਨਿੱਕੀ ਰਾਣੀ ਆਪਣੇ ਹੀ ਅਹੰਕਾਰ ਵਿਚ ਭੜਕੀਲਾ ਵੇਸ ਕਰ ਕੇ ਘੁੰਡ ਕੱਢ ਕੇ ਆਈ। ਮਹਾਰਾਜ ਨੇ ਘੁੰਡ ਵਿਚ ਆਉਂਦੀ ਰਾਣੀ ਦੇਖ ਕੇ ਬਚਨ ਕੀਤੇ : ਇਹ ਕੌਣ ਬਾਵਰੀ ਹੈ ਜੋ ਗੁਰੂ ਘਰ ਦੀ ਮਰਯਾਦਾ ਨਹੀਂ ਜਾਣਦੀ। ਫਿਰ ਜੇ ਦਰਸ਼ਨ ਹੀ ਨਹੀਂ ਸੂ ਕਰਨਾ ਤਾਂ ਆਈ ਕਿਸ ਲਈ :

*"ਇਹ ਕਮਲੀ ਕਿਸ ਕਾਰਣ ਆਈ।*
*ਜੋ ਹਮਰੋ ਦਰਸ਼ਨ ਨਹਿ ਭਾਇ।"*

ਇਨ੍ਹਾਂ ਵਾਕਾਂ ਦਾ ਹੋਣਾ ਸੀ ਕਿ ਉਹ ਕਮਲੀ ਹੋਇ ਜੰਗਲਾਂ ਵੱਲ ਨੱਸ ਗਈ। ਬਹੁਤ ਭਾਲ ਕੀਤੀ ਪਰ ਨਾ ਮਿਲੀ। ਰਾਜਾ ਕੁਝ ਚਿਰ ਹੋਰ ਸਿੱਖ ਮਤ ਦ੍ਰਿੜ ਕਰਕੇ ਵਾਪਸ ਚਲਾ ਗਿਆ।

**ਸਾਵਨ ਮੱਲ ਨੂੰ ਸੋਝੀ**—ਸਾਵਨ ਮੱਲ ਨੇ ਸਿਧੀ ਕੀ ਪਾਈ, ਪਹਾੜਾਂ ਵਿਚ ਆਪਣੀ ਹੀ ਸਿੱਖੀ ਚਲਾ ਦਿੱਤੀ। ਲੋਕੀਂ ਉਸ ਦੀ ਸ਼ਕਤੀ ਤੋਂ ਡਰਨ ਲੱਗੇ। ਉਸ ਨੇ ਦੁਨੀਆਵੀ ਖ਼ਾਹਿਸ਼ਾਂ ਲਈ ਇਹ ਬਖ਼ਸ਼ਿਸ਼ ਵਰਤਣੀ ਆਰੰਭ ਕਰ ਦਿੱਤੀ। ਗੁਰੂ ਜੀ ਨੇ ਵਾਪਸ ਬੁਲਾਇਆ ਪਰ ਉਹ ਨਾ ਹੀ ਆਇਆ। ਫਿਰ ਜਦ ਉਚੇਚਾ ਸੁਨੇਹਾ ਲੈ ਕੇ ਮੇਵੜਾ ਪੁੱਜਾ ਤਾਂ ਉਸ ਹੰਕਾਰ ਵਿਚ ਇਹ ਕਹਿ ਦਿੱਤਾ ਕਿ ਇਹ ਰੁਮਾਲ ਹੀ ਤਾਂ ਦਿੱਤਾ ਸਨ ਨੇ, ਤੂੰ ਵਾਪਸ ਲੈ ਜਾ। ਸਿੱਖ ਰੁਮਾਲ ਵਾਪਸ ਲੈ ਆਇਆ। ਗੁਰੂ ਦਾ ਹੱਥ ਸਿਰ ਤੋਂ ਉੱਠਣਾ ਸੀ ਕਿ ਸਭ ਸ਼ਕਤੀਆਂ ਨੱਸ ਭੱਜ ਗਈਆਂ। ਵਿਆਕੁਲ ਹੋ ਗਿਆ। ਹੁਣ ਲੱਜਾ ਵੀ ਆਏ ਸੂ ਪਰ ਗੁਰੂ ਦਰਬਾਰ ਆਉਂਦਿਆਂ ਝਿਜਕੇ। ਨਿੰਮੋਝੂਣਾ ਹੋ ਕੇ ਲੰਗਰ ਦੀ ਸੇਵਾ ਵਿਚ ਆ ਲੱਗਾ। ਜੂਠੇ ਭਾਂਡੇ ਮਾਂਜਨ ਲੱਗਾ। ਮਨ ਸਵੱਛ ਹੋਇਆ ਤਾਂ ਗੁਰੂ ਜੀ ਨੇ ਫਿਰ ਬਰਕਤਾਂ ਨਾਲ ਨਿਵਾਜ ਸਿੱਖੀ ਦ੍ਰਿੜ ਕਰਾਉਣ ਲਈ ਪਹਾੜਾਂ ਵੱਲ ਹੀ ਭੇਜਿਆ। ਭਾਈ ਸਾਵਨ ਮੱਲ ਨੇ ਇਹ ਸਮਝ ਲਿਆ ਸੀ ਕਿ ਇਹ ਆਤਮਕ ਸ਼ਕਤੀਆਂ

---

1. ਰਾਸ ਪਹਿਲੀ, ਅੰਸੂ ੩੩

ਵੀ ਸੰਸਾਰਕ ਪਦਾਰਥਾਂ ਵਾਂਗ ਹਨ ਤੇ ਮਨ ਮਰਜ਼ੀ ਲਈ ਵਰਤਣੀਆਂ ਹਨ। ਜਿਉਂ-ਜਿਉਂ ਵਰਤੇ ਹੰਕਾਰ ਵਿਚ ਫੁੱਲਿਆ ਨ ਸਮਾਏ। ਗੁਰੂ ਨੇ ਸਭ ਖਿੱਚ ਲਈਆਂ ਤਾਂ ਸੱਖਣਾ ਹੋ ਗਿਆ। ਫਿਰ ਸਮਝ ਆਈ ਕਿ ਅਸਲ ਮਾਰਗ ਤਾਂ ਜਗਤ ਨੂੰ ਉਸ ਵਲ ਲਗਾਉਣਾ ਹੈ ਨਾ ਕਿ ਨਿੱਜ ਲਈ ਵਰਤਣਾ ਹੈ। ਸੇਵਾ ਕਰਕੇ ਫਿਰ ਸੋਝੀ ਮਿਲੀ ਕਿ ਸਿੱਧੀਆਂ ਨੂੰ ਹਉਂ ਦੀ ਪੂਰਤੀ ਲਈ ਕਦੇ ਨਹੀਂ ਵਰਤਣਾ। ਸਭ ਗੁਰ ਸੇਵਾ ਲਈ ਲਗਾਉਣੀਆਂ ਹਨ।

**ਸੱਚ ਨਿਸੱਚ**—ਗਿਆਨੀ ਠਾਕੁਰ ਸਿੰਘ ਜੀ ਦੇ ਲਿਖੇ ਅਨੁਸਾਰ ਸੱਚ ਨਿਸੱਚ ਪਿੰਡ ਮਦਰਾਕਾ, ਜ਼ਿਲਾ ਲਾਹੌਰ ਦੇ ਰਹਿਣ ਵਾਲੇ ਸਨ। ਹਕੀਮੀ ਕਰਦੇ ਸਨ। ਆਪ ਜੀ ਨੂੰ ਹਜੀਰਾਂ ਦੇ ਰੋਗ ਨੇ ਗ੍ਰਸ ਲਿਆ। ਲੱਖ ਇਲਾਜ ਕੀਤੇ ਕਰਾਏ ਪਰ ਠੀਕ ਨਾ ਹੋਇਆ। ਸੰਗਤ ਨਾਲ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਸੇਵਾ ਵਿਚ ਜੁੱਟ ਗਿਆ। ਗੁਰੂ ਦੇ ਚਰਨਾਂ ਦੇ ਜੋੜੇ ਨੂੰ ਤਨ ਨਾਲ ਛੁਹਾਇਆ, ਸਭ ਰੋਗ ਦੂਰ ਹੋ ਗਏ। ਹੁਣ ਗੋਇੰਦਵਾਲ ਟਿਕ ਗਿਆ ਤੇ ਗੁਰੂ ਦਾ ਹੀ ਕੇ ਹੋ ਰਹਿ ਗਿਆ। ਸੇਵਾ ਕਰਦਾ, ਲੱਕੜਾਂ ਢੋਂਦਾ, ਹੁਕਮ ਪਾਲਦਾ, ਮੁੱਖੋਂ ਸੱਚ ਨਿਸੱਚ ਹੀ ਬੋਲੇ। ਨਾਂ ਹੀ ਸੱਚ ਨਿਸੱਚ ਪੈ ਗਿਆ। ਕਿਤਨੀ ਸੇਵਾ ਕਰਦਾ ਸੀ ਉਸ ਦੀ ਉਗਾਹੀ ਸੂਰਜ ਪ੍ਰਕਾਸ਼ ਨੇ ਭਰੀ ਹੈ :

*'ਈਧਨ ਆਨਹਿ, ਆਇਸ ਮਾਨਹਿ।*
*ਜੋ ਸਿਖ ਕਹਹਿ ਸੋ ਫੇਰਹਿ ਨਾਹਿ।'*[1]

ਇਕ ਵਾਰੀ ਲੱਕੜਾਂ ਪਏ ਕੱਟਦੇ ਸਨ ਕਿ ਇਕ ਔਰਤ ਨੇ ਆਪ ਨੂੰ ਘੇਰ ਲਿਆ ਤੇ ਗੱਲ ਹੀ ਚੰਮੜ ਗਈ। ਸਰੀਰ ਭਰਵਾਂ ਸੀ, ਛੁਡਾ ਕੇ ਗੁਰੂ ਜੀ ਪਾਸ ਹਾਜ਼ਰ ਹੋ ਕੇ ਸਾਰੀ ਵਿਥਿਆ ਦੱਸੀ। ਗੁਰੂ ਜੀ ਨੇ ਦੱਸਿਆ ਕਿ ਇਹ ਉਹ ਹੀ ਰਾਣੀ ਹੈ ਜੋ ਕਮਲੀ ਹੋਇ ਨੱਸ ਗਈ ਸੀ। ਭਾਈ ਜੀ ਇਸ ਵਾਰੀ ਜਦ ਜੰਗਲਾਂ ਨੂੰ ਗਏ ਤਾਂ ਗੁਰੂ ਜੀ ਦੇ ਚਰਨਾਂ ਦੀ ਇਕ ਖੜਾਂਵ ਆਗਿਆ ਪਾ ਨਾਲ ਲੈ ਗਏ। ਉਹ ਇਹ ਸਮਝਦੇ ਸਨ ਕਿ ਜੇ ਜੋੜਾ ਛੁਹਾਨ ਨਾਲ ਉਨ੍ਹਾਂ ਦਾ ਗੰਭੀਰ ਰੋਗ ਦੂਰ ਹੋ ਗਿਆ ਤਾਂ ਇਹ ਕੀ ਔਖਾ ਹੈ ? ਜਦ ਫਿਰ ਉਹ ਰਾਣੀ ਨੇੜੇ ਆਈ ਤਾਂ ਇਨ੍ਹਾਂ ਖੜਾਉ ਛੁਹਾਈ, ਰਾਣੀ ਹੋਸ਼ ਸੰਭਲੀ। ਆਪ ਜੀ ਨੇ ਆਪਣਾ ਕੰਬਲ ਉਸ ਵੱਲ ਸੁੱਟਿਆ ਅਤੇ ਉਹ ਕੰਬਲ ਵਿਚ ਲਿਪਟੀ ਗੁਰੂ ਚਰਨਾਂ 'ਤੇ ਆ ਡਿੱਗੀ। ਗੁਰੂ ਜੀ ਨੇ ਉਸ ਦੀ ਸ਼ਾਦੀ ਇਸੇ ਭਾਈ ਸੱਚ ਨਿਸੱਚ ਨਾਲ ਕਰ ਦਿੱਤੀ। ਦੂਜੀ ਖੜਾਂਵ ਬਖ਼ਸ਼ਿਸ਼ ਕਰ ਕੇ ਦੇ ਦਿੱਤੀ 'ਪ੍ਰਭ ਕੌਸ ਪਾਵ ਦੂਜੇ ਕੋ ਦੀਆ', ਭਾਵ ਸੀ ਕਿ ਜੀਵਨ ਦੀ ਦੌੜ ਇਕ ਪੈਰ ਨਾਲ ਨਹੀਂ ਦੋਹਾਂ ਨਾਲ ਤੈਅ ਕੀਤੀ ਜਾਂਦੀ ਹੈ। ਇਕ ਜੁੱਤੀ ਦਾ ਪੈਰ ਕਿਸੇ ਕੰਮ ਦਾ ਨਹੀਂ। ਇਕ ਗੁੰਮ ਗਿਆ ਤਾਂ ਦੂਜਾ ਕੋਈ ਨਹੀਂ ਵਰਤਦਾ। ਦੋਹੇਂ ਇਕੱਠੇ ਰਹਿਣਗੇ ਤਾਂ ਹੀ ਜੀਵਨ ਪੰਧ ਸੁਖਾਲੇ ਮੁਕਾਇਆ ਜਾ ਸਕੇਗਾ। ਪਿੱਛੋਂ ਜਦ ਮੰਜੀਆਂ ਦੀ ਬਖ਼ਸ਼ਿਸ਼ ਹੋਈ ਤਾਂ ਭਾਈ ਸੱਚ-ਨਿਸੱਚ ਫ਼ਿਰੋਜ਼ਪੁਰ ਪਿੰਡ ਸੇਖੋਂ ਆ ਟਿਕੇ। ਉਥੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ। 'ਸੇਖੋਂ

---

1. ਮਦਰਾਕਾ ਹੁਣ ਪਾਕਿਸਤਾਨ ਵਿਚ ਚਲਿਆ ਗਿਆ ਹੈ। ਲਾਹੌਰੋਂ ਮੁਲਤਾਨ ਜਾਣ ਵਾਲੀ ਰੇਲ ਦੀ ਲਾਈਨ 'ਤੇ ਸੀ। ਰਾਇਵਿੰਡ ਜੰਕਸ਼ਨ ਤੋਂ ਅੱਗੇ ਛਾਂਗਾ-ਮਾਂਗਾ ਸਟੇਸ਼ਨ ਦੇ ਨਾਲ ਇਕ ਪਿੰਡ ਹੈ।

ਪੁਰ ਪ੍ਰਸਿੱਧ ਹੈ ਅਬਿ ਲੋ।' ਕਈ ਪਹਿਲਵਾਨ ਇਨ੍ਹਾਂ ਦੇ ਘਰਾਣੇ ਦੇ ਹੀ ਹੋਏ।

**ਅਤਿ ਸੁੰਦਰ ਨਗਰੀ ਵਸੀ**—ਵੱਖ-ਵੱਖ ਜਾਤਾਂ ਦੇ ਲੋਕ, ਜਿਨ੍ਹਾਂ ਦੀ ਗਿਣਤੀ ਬਾਈ ਤਕ ਲਿਖੀ ਹੈ, ਗੋਇੰਦਵਾਲ ਆ ਵੱਸੇ। ਗੋਇੰਦਵਾਲ ਵਪਾਰ ਦਾ ਵੀ ਕੇਂਦਰ ਬਣ ਗਿਆ। ਦੁਕਾਨਾਂ ਤੇ ਬਾਜ਼ਾਰ ਬਣ ਗਏ। ਰਹਿਣ ਲਈ ਸੁੰਦਰ ਹਵੇਲੀਆਂ ਤੇ ਮਕਾਨ ਬਣ ਗਏ। ਰਾਹ ਜਾਂਦੇ ਯਾਤਰੂਆਂ ਲਈ ਧਰਮਸਾਲਾਂ, ਰੈਣ ਬਸੇਰੇ ਵੀ ਉੱਸਰ ਗਏ। ਸੰਗਤਾਂ ਵਿਚੋਂ ਵੀ ਜੋ ਜਿਤਨੀ ਦੇਰ ਚਾਹੇ ਹੁਣ ਇਥੇ ਟਿਕ ਸਕਦਾ ਸੀ। ਪੱਕੇ ਟਿਕਾਣੇ ਵੀ ਕਈਆਂ ਨੇ ਬਣਾ ਲਏ।

ਜੋ ਵੀ ਇਮਾਰਤੀ ਲੱਕੜੀ ਰਾਜਾ ਭੇਜਦਾ ਸੀ ਜਿਤਨੀ ਜਿਸ ਨੂੰ ਚਾਹੀਦੀ ਹੁੰਦੀ ਸੀ ਆਪ ਜੀ ਵੰਡ ਦੇਂਦੇ ਸਨ। ਲੋਕੀਂ ਆਪਣਾ ਇਸ ਤਰ੍ਹਾਂ ਮਕਾਨ ਛੇਤੀ ਹੀ ਬਣਾ ਲੈਂਦੇ ਸਨ :

*"ਜਥਾ ਜੋਗ ਬਾਂਟੀ ਸਭਹਨਿ ਕੋ*
*ਲੇਕਰ ਮੁਦਿਤ ਭਏ ਸਭ ਲੋਕ।*
*ਆਪ ਆਪਨੇ ਰਚੇ ਸਦਨ ਸਭ*
*ਜੋ ਗੁਰ ਦਈ ਸੁ ਲੀਨੀ ਲੋਕ।"*[1]

ਗੋਇੰਦਵਾਲ ਇਤਨਾ ਪ੍ਰਸਿੱਧ ਹੋ ਗਿਆ ਕਿ ਵੱਡੀ ਸ਼ਾਹ-ਰਾਹ 'ਤੇ ਕੇਂਦਰ ਸਮਾਨ ਜਾਣਿਆ ਜਾਣ ਲੱਗਾ। ਇਸ ਦਾ ਅੰਦਾਜ਼ਾ ਇਥੋਂ ਹੀ ਲਗਾਇਆ ਜਾ ਸਕਦਾ ਹੈ ਕਿ ਜਹਾਂਗੀਰ ਨੇ ਜਦ ਗੁਰੂ ਅਰਜਨ ਜੀ ਦਾ ਜ਼ਿਕਰ ਕੀਤਾ ਹੈ ਤਾਂ ਉਸ ਇਹ ਹੀ ਲਿਖਿਆ : "ਗੋਇੰਦਵਾਲ ਵਿਖੇ, ਜਿਹੜਾ ਬਿਆਸਾ ਦਰਿਆ ਦੇ ਕੰਢੇ 'ਤੇ ਹੈ, ਪੀਰਾਂ ਬਜ਼ੁਰਗ ਦੇ ਵੇਸ (ਗੁਰੂ) ਅਰਜਨ ਰਹਿੰਦਾ ਸੀ।[2] ਗੋਇੰਦਵਾਲ ਪਿੱਛੋਂ ਜਾ ਕੇ ਛਾਵਣੀ ਵੀ ਪੈ ਗਈ ਸੀ। ਆਵਾਜਾਈ ਬਹੁਤ ਸੀ ਤੇ ਗੁਰੂ ਜੀ ਦੇ ਸੁਭਾਅ, ਕਰਮ, ਕਰਤੱਵ ਤੇ ਬੋਲਾਂ ਦਾ ਪ੍ਰਭਾਵ ਸੁਭਾਵਿਕ ਹੀ ਹਰ ਮਨ 'ਤੇ ਪੈ ਰਿਹਾ ਸੀ। ਇਹ ਵੀ ਜਹਾਂਗੀਰ ਨੇ ਲਿਖਿਆ ਹੈ ਕਿ 'ਹਿੰਦੂਆਂ ਦੀ ਗੱਲ ਤਾਂ ਛੱਡੋ ਮੂਰਖ ਤੇ ਬੇ-ਸਮਝ ਮੁਸਲਮਾਨ ਵੀ ਉਸ ਦੀ ਰਹਿਤ-ਬਹਿਤ ਦੇ ਸ਼ਰਧਾਲੂ ਹੋ ਰਹੇ ਸਨ। ਸਭ ਉਨ੍ਹਾਂ ਨੂੰ ਗੁਰੂ ਕਹਿੰਦੇ ਸਨ।' ਗੋਇੰਦਵਾਲ ਇਕ ਸੁੰਦਰ ਨਗਰੀ ਬਣ ਗਈ ਸੀ। ਵਪਾਰ ਦਾ ਵੀ ਵੱਡਾ ਕੇਂਦਰ ਸੀ। ਕਹਿੰਦੇ ਸਨ ਕਿ ਇਕ ਵਾਰੀ ਦਿੱਲੀ ਤੇਲ ਦੀ ਥੁੜ ਭਾਸੀ ਤੇ ਗੋਇੰਦਵਾਲ ਹੀ ਲਿਖਿਆ ਗਿਆ। ਇਥੋਂ ਦਿਆਂ ਵਪਾਰੀਆਂ ਨੇ ਮੁੜਵਾਂ ਉੱਤਰ ਦਿੱਤਾ ਕਿ ਜੇ ਗੋਇੰਦਵਾਲ ਤੋਂ ਦਿੱਲੀ ਨਹਿਰ ਪੁਟਵਾ ਦਿੱਤੀ ਜਾਵੇ ਤਾਂ ਉਹ ਨਹਿਰ ਹੀ ਤੇਲ ਨਾਲ ਭਰ ਦੇਣਗੇ ਤਾਂ ਕਿ ਕਦੇ ਥੁੜ ਮਹਿਸੂਸ ਨ ਹੋਏ।

**ਸ਼ਰਧਾ ਦੀ ਇਕ ਅਦੁੱਤੀ ਉਦਾਹਰਨ**—ਉਂਜ ਤਾਂ ਹਰ ਇਕ ਸਿੱਖ ਹੀ ਸ਼ਰਧਾ ਦੀ ਮੂਰਤ ਤੇ ਸੇਵਾ ਵਿਚ ਗੜੂੰਦ ਸੀ ਪਰ ਇਕ ਸਿੱਖ, ਭਾਈ ਪਾਰੋ ਜੁਲਕਾ, ਜਿਨ੍ਹਾਂ ਨੂੰ

1. ਮਹਿਮਾ ਪ੍ਰਕਾਸ਼

2. ਦਰ ਗੋਇੰਦਵਾਲ, ਕਿ ਬਰ ਕਿਨਾਰੇ ਦਰਿਆਏ ਬਿਆਸ ਵਾਕਿਯ ਅਸਤ, ਹਿੰਦੂਏ ਬੂਦ ਅਰਜਨ ਨਾਮ (ਤੁਜ਼ਿਕੇ ਜਹਾਂਗੀਰੀ)

ਗੁਰੂ ਅਮਰ ਦਾਸ ਜੀ ਨੇ 'ਪਰਮ ਹੰਸ' ਕਹਿ ਕੇ ਨਿਵਾਜਿਆ ਸੀ, ਦੀ ਵਾਰਤਾ ਕਈਆਂ ਨੂੰ ਰੋਜ਼ ਪ੍ਰੇਰਤ ਕਰਦੀ ਸੀ।

ਭਾਈ ਪਾਰੋ ਜੀ ਡੱਲਾ, ਨੇੜੇ ਸੁਲਤਾਨਪੁਰ ਦੁਆਬਾ, ਦੇ ਰਹਿਣ ਵਾਲੇ ਸਨ :

*ਧਰਮ ਕਿਰਤ ਕਰਿ ਛਕੈ ਛਕਾਵੈ।*
*ਰਹੇ ਅਲੇਪ ਕਮਲ ਜਿਉਂ ਭਾਵੈ।*

ਪੂਰਨ ਗਿਆਨ ਨੂੰ ਪ੍ਰਾਪਤ ਗੁਰੂ ਦੇ ਦਰਸ਼ਨਾਂ ਕਰ ਕੇ ਹੋਇਆ। ਗੁਰੂ ਅੰਗਦ ਦੇਵ ਜੀ ਕੋਲੋਂ ਉਸ ਪਰਮ ਹੰਸ ਕੈਸੇ ਹੋਈਦਾ ਹੈ, ਪੁੱਛਿਆ ਸੀ। ਗੁਰੂ ਜੀ ਦਾ ਕਹਿਣਾ ਸੀ ਕਿ ਜਲ ਤੇ ਦੁੱਧ ਜਦ ਇਕੱਠਾ ਹੰਸ ਅੱਗੇ ਰੱਖੀਦਾ ਹੈ ਤਾਂ ਉਸ ਦੀ ਚੁੰਝ ਖੱਟੀ ਹੋਣ ਕਾਰਨ ਦੁੱਧ ਦੀਆਂ ਫੁੱਟੀਆਂ ਅਲੱਗ ਕਰ ਦਿੰਦੀ ਹੈ ਤੇ ਪਾਣੀ ਅੱਡ ਹੋ ਜਾਂਦਾ ਹੈ। ਇਸ ਤਰ੍ਹਾਂ ਗੁਰੂ ਦਾ ਸ਼ਬਦ, ਜੋ ਰਿਦਾ ਮੈ ਬਸਾ ਲੈਂਦਾ ਹੈ, ਉਸ ਦੀ ਬੁਧਿ ਵਿਚ ਬੀਚਾਰ ਆਣ ਪ੍ਰਾਪਤ ਹੁੰਦਾ ਹੈ। ਸੋਈ ਉਨ ਕੀ ਚੁੰਝ ਹੈ। ਦੇਹ ਅਤੇ ਆਤਮਾ, ਜੋ ਇਕੱਠੇ ਜਾਪਦੇ ਹਨ, ਇਨ੍ਹਾਂ ਦੀ ਅਸਲੀਅਤ ਜਾਣ ਲੈਂਦਾ ਹੈ। ਦੇਹ ਅਨਿਤ ਹੈ, ਆਤਮਾ ਸਤ ਹੈ, ਚੇਤੰਨ ਹੈ, ਅਨੰਦ ਰੂਪ ਹੈ। ਪਰਮ ਹੰਸ ਉਹ ਹੈ ਜੋ ਆਪ ਨੂੰ ਸਰੀਰ ਤੋਂ ਭਿੰਨ ਜਾਣੇ। *ਜੇ ਆਪ ਨੂੰ ਸਰੀਰ ਤੋਂ ਨਿਆਰਾ ਜਾਣੇਗਾ ਤਾਂ ਸਰੀਰ ਦੇ ਰਸਾਂ ਵਾਸਤੇ ਪਾਪ ਨਹੀਂ ਕਰੇਗਾ।* ਜਿਵੇਂ ਕਮਲ ਹੈ। ਰਹਿੰਦਾ ਪਾਣੀ ਵਿਚ ਹੈ ਪਰ ਉਸ ਨੂੰ ਜਲ ਦਾ ਸਪਰਸ਼ ਨਹੀਂ ਹੁੰਦਾ। ਤਿਵੇਂ ਪਰਮ ਹੰਸ ਰਹਿੰਦੇ ਜਗਤ ਵਿਚ ਹੀ ਹਨ ਪਰ ਧਿਆਨ ਉਨ੍ਹਾਂ ਦਾ ਆਤਮਾ ਵੱਲ ਹੁੰਦਾ ਹੈ। ਦੁਖਾਂ ਸੁਖਾਂ ਦਾ ਸੋਗ ਹਰਖ ਨਹੀਂ ਕਰਦੇ। ਵਰਤਣ ਬੇਸ਼ਕ ਹੋਰਨਾਂ ਵਾਂਙ ਕਰਦੇ ਹਨ ਪਰ ਜਗਤ ਨੂੰ ਸੁਪਨਾ ਵਤਿ ਜਾਣਦੇ ਹਨ। ਬੰਧਨ ਨਹੀਂ ਹੁੰਦੇ। ਭਾਈ ਜੀ ਨੇ ਐਸਾ ਹੀ ਜੀਵਨ ਬਣਾ ਲਿਆ ਸੀ। ਜਗਤ ਦਾ ਬਿਉਹਾਰ ਕਰਦੇ, ਪਰ ਮਨ ਸਤਿਗੁਰ ਦੇ ਚਰਨਾਂ ਵਿਚ ਹੀ ਸੀ। 'ਗ੍ਰਿਹਿ ਭੀਤਰ ਉਦਾਸ' ਸਨ।[1]

ਨਿੱਤ ਗੁਰੂ ਅਮਰ ਦਾਸ ਜੀ ਦੇ ਦਰਸ਼ਨਾਂ ਨੂੰ ਘੋੜੇ 'ਤੇ ਚੜ੍ਹ ਕੇ ਆਂਦੇ। ਭਾਵੇਂ ਝੱਖੜ ਹੋਏ ਭਾਵੇਂ ਤੂਫ਼ਾਨ, ਦਰਿਆ ਪਾਰ ਕਰਦੇ ਪਾਠ ਕਰੀ ਜਾਂਦੇ। ਐਸੀ ਮਸਤੀ ਵਿਚ ਪਾਠ ਕਰਦੇ ਆਂਦੇ ਕਿ ਪੰਛੀ ਵੀ ਆਪਣੇ ਆਲ੍ਹਣਿਆਂ ਵਿਚ ਸ਼ਾਂਤ ਹੋ ਜਾਂਦੇ।

ਇਕ ਵਾਰੀ ਗੁਰੂ ਦਰਸ਼ਨਾਂ ਨੂੰ ਗੋਇੰਦਵਾਲ ਆ ਰਹੇ ਸਨ ਕਿ ਡਿੱਠਾ ਨੇ ਕਿ ਬਿਆਸ ਵਿਚ ਹੜ੍ਹ ਆਇਆ ਹੋਇਆ ਹੈ। ਬਿਆਸ ਦੇ ਕਿਨਾਰੇ ਜਲੰਧਰ ਦਾ ਨਵਾਬ ਅਬਦੁੱਲਾ ਆਪਣੀਆਂ ਫ਼ੌਜਾਂ ਸਮੇਤ ਖੜ੍ਹਾ ਹੜ੍ਹ ਵਿਚ ਠਿਲ੍ਹ ਪੈਣ ਦੀ ਉਡੀਕ ਪਿਆ ਕਰਦਾ ਸੀ। ਉਹ ਦੇਖ ਹੈਰਾਨ ਹੋਇਆ ਕਿ ਭਾਈ ਪਾਰੋ ਜੀ ਆਏ ਤੇ ਉਨ੍ਹਾਂ ਗੁਰੂ ਦਾ ਨਾਂ ਲੈਂ ਕੇ ਘੋੜਾ ਠੇਲ੍ਹ ਦਿੱਤਾ। ਦਰਸ਼ਨ ਕਰ ਕੇ ਜਦ ਪਾਰੋ ਜੀ ਵਾਪਸ ਮੁੜੇ ਤਾਂ ਨਵਾਬ ਨੇ ਰੋਕ ਕੇ ਪੁੱਛਿਆ ਕਿ ਐਸਾ ਕਿਹੜਾ ਗੁਰੂ ਹੈ ਜਿਸ ਦੇ ਦਰਸ਼ਨਾਂ ਦੀ ਤਾਂਘ ਤੁਹਾਨੂੰ ਕੁਝ ਖਿਨ ਪਲ ਵੀ ਨਹੀਂ ਰੋਕ ਸਕੀ। ਪਾਰੋ ਜੀ ਨੇ ਦੱਸਿਆ ਕਿ ਉਹ ਗੁਰੂ ਅਮਰ ਦਾਸ

1. ਗੁਰਬਾਣੀ ਵਿਚਾਰ ਕੇ ਪੜ੍ਹਦੇ ਅਤੇ ਉਸ ਤੇ ਟੁਰ ਕੇ ਅਨੰਦ ਲੈਂਦੇ।
"ਗੁਰਬਾਣੀ ਸੁ ਬਿਚਾਰਨ ਠਾਨਹਿ।"

ਜੀ ਹਨ ਜੋ ਗੁਰੂ ਨਾਨਕ ਦੀ ਗੱਦੀ 'ਤੇ ਬੈਠੇ ਹਨ। ਅਬਦੁੱਲਾ ਨੇ ਦਰਸ਼ਨ ਕਰਾਉਣ ਲਈ ਬੇਨਤੀ ਕੀਤੀ ਤਾਂ ਭਾਈ ਜੀ ਨੇ ਕਿਹਾ :

*ਇਹ ਲਸ਼ਕਰ ਸੰਗ ਲੀਏ ਕਿਮ ਜਾਇ।*
*ਜੋ ਸਭ ਬਿਭੂਤ ਤਜ ਦੇਹ ਪ੍ਰਵਾਰ।*
*ਤਬ ਹਮ ਸੰਗ ਚਲੋ ਕਰੋ ਦੀਦਾਰ।*

ਉਸ ਨੇ ਉਸੇ ਵੇਲੇ ਆਪਣੇ ਪੁੱਤਰ ਨੂੰ ਸੌਂਪਣੀ ਕੀਤੀ ਤੇ ਗੁਰ ਚਰਨਾਂ 'ਤੇ ਆ ਢੱਠਾ। ਦਰਸ਼ਨ ਕਰਦੇ ਹੀ 'ਮੌਲਾ ਸੋ ਤਾ ਕਾ ਮਨ ਭੀਨਾ।' ਐਸੀ ਲਗਨ ਲੱਗੀ ਕਿ ਨਾਂ ਹੀ 'ਅੱਲਾਹ ਯਾਰ' ਪੈ ਗਿਆ। ਅੱਲਾ ਸ਼ਾਹ ਵੀ ਇਸੇ ਨੂੰ ਕਹਿੰਦੇ ਹਨ। ਗੁਰੂ ਜੀ ਨੇ ਇਸੇ ਅਲਾਹ ਯਾਰ ਨੂੰ ਪਿੱਛੋਂ ਮੰਜੀ ਦੀ ਬਖ਼ਸ਼ਿਸ਼ ਵੀ ਕੀਤੀ।

ਭਾਈ ਪਾਰੋ ਜੀ ਦੀ ਕਰਨੀ 'ਤੇ ਨਿਹਾਲ ਹੋ ਕੇ ਗੁਰੂ ਪਾਤਸ਼ਾਹ ਨੇ ਉਹਨਾਂ ਨੂੰ 'ਪਰਮ ਹੰਸ' ਵੀ ਕਿਹਾ ਸੀ। ਇਕ ਵਾਰੀ ਤਾਂ ਇਤਨੇ ਪ੍ਰਸੰਨ ਹੋਏ ਕਿ ਉਸ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਦੇਣ ਲੱਗੇ। ਭਾਈ ਜੀ ਨੇ ਹੱਥ ਜੋੜ ਨਿਮ੍ਰਤਾ ਭਾਵ ਵਿਚ ਕਿਹਾ :

*ਮੋ ਕੋ ਗੁਰ ਸਿੱਖੀ ਮਨ ਭਾਵੈ।*
*ਗੁਰਿਆਈ ਸਤਿਗੁਰਹਿ ਸੁਹਾਵੈ।*
*ਇਹ ਕਹਿ ਚਰਨਨ ਪਰ ਗਿਰ ਪਇਆ।*
*ਮੋਹਿ ਸਿਖ ਰਖੋ, ਸਤਿਗੁਰ ਕਰ ਦਇਆ।*[1]

ਭਾਈ ਪਾਰੋ ਜੀ ਨੇ ਹੀ ਵਿਸਾਖੀ ਦੇ ਮੇਲੇ 'ਤੇ ਪੁਰਬ ਦੀ ਮਰਯਾਦਾ ਚਲਾਉਣ ਦੀ ਆਗਿਆ ਲਈ ਸੀ। ਇਨ੍ਹਾਂ ਦੀ ਕੁਲ ਵਿਚੋਂ ਹੀ ਭਾਈ ਨਾਰਾਇਣ ਦਾਸ ਜੀ ਹੋਏ ਜਿਨ੍ਹਾਂ ਆਪਣੀ ਬੱਚੀ ਦਮੋਦਰੀ ਜੀ ਦਾ ਰਿਸ਼ਤਾ ਸੰਗਤ ਵਿਚ ਗੁਰੂ ਹ਼ਰਿਗੋਬਿੰਦ ਜੀ ਨਾਲ ਕਰਨ ਦੀ ਯਾਚਨਾ ਕੀਤੀ ਸੀ ਅਤੇ ਗੁਰੂ ਜੀ ਨੇ ਪ੍ਰਵਾਨ ਕੀਤਾ ਸੀ। ਉਸ ਸਮੇਂ ਗੁਰੂ ਜੀ ਨੇ ਹੀ ਫ਼ਰਮਾਇਆ ਸੀ : ਸਾਨੂੰ ਤਾਂ ਕਿਸੇ ਨਿਰਹੰਕਾਰੀ ਦੀ ਕੰਨਿਆ ਚਾਹੀਦੀ ਹੈ। 'ਹਮਹਿ ਮਿਲਹਿ ਕੋ ਨਿਰਹੰਕਾਰਾ,'[2] ਤਾਂ ਭਾਈ ਨਾਰਾਇਣ ਦਾਸ ਜੀ ਨੇ ਆਪਣੀ ਬੱਚੀ ਦਾ ਲੜ ਪਕੜਾਉਣ ਦੀ ਬੇਨਤੀ ਕੀਤੀ ਸੀ।

ਐਸੇ ਸਿੱਖਾਂ ਦੀਆਂ ਘਾਲਨਾਵਾਂ ਦੇਖ ਕੇ ਹੀ ਅਨੇਕਾਂ ਗੁਰੂ ਦਰ ਵੱਲ ਖਿੱਚੇ ਆਉਂਦੇ ਸਨ।

**ਪ੍ਰਥਮ ਦੇਗ ਮਹਿ ਜਾਇ ਕੈ ਭੋਜਨ ਕੋ ਖਾਵੈ**—ਗੁਰੂ ਅਮਰ ਦਾਸ ਜੀ ਦੇਖ ਰਹੇ ਸਨ ਕਿ ਸੰਗਤਾਂ ਗੋਇੰਦਵਾਲ ਜਦ ਦਰਸ਼ਨਾਂ ਨੂੰ ਆਉਂਦੀਆਂ ਹਨ, ਕੀਰਤਨ ਵੀ ਸ੍ਰਵਣ ਕਰਦੀਆਂ ਹਨ, ਬਚਨ ਵੀ ਗਹੁ ਨਾਲ ਸੁਣਦੀਆਂ ਹਨ, ਸੇਵਾ ਕਰਦੀਆਂ ਹਨ ਪਰ ਜਦ ਲੰਗਰ ਪਾਉਣ ਦਾ ਸਮਾਂ ਆਉਂਦਾ ਹੈ ਤੇ ਵੱਖ-ਵੱਖ ਚੁੱਲ੍ਹਿਆਂ 'ਤੇ ਵੱਖ-ਵੱਖ ਚੌਂਕੇ

---

1. ਮਹਿਮਾ ਪ੍ਰਕਾਸ਼, ਸਾਖੀ ੩੦, ਪਾਤਸ਼ਾਹ ਤੀਜੇ ਕੀਆ
2. ਰਾਸ ੪, ਅੰਸ਼ ੯, ਸੂਰਜ ਪ੍ਰਕਾਸ਼

ਬਣਾ ਕੇ ਛਕਦੇ ਹਨ। ਇਕ ਪੰਗਤ ਨਹੀਂ ਲੱਗਦੀ।

ਗੁਰੂ ਨਾਨਕ ਦੇਵ ਜੀ ਨੇ ਇਕੋ ਥਾਂ ਪੰਗਤ ਵਿਚ ਬੈਠ ਕੇ ਲੰਗਰ ਪਾਉਣ ਦੀ ਮਰਯਾਦਾ ਚਲਾਈ ਸੀ। ਗੁਰੂ ਨਾਨਕ ਦੇਵ ਜੀ ਦੇਖਦੇ ਰਹਿੰਦੇ ਸਨ ਕਿ ਕਿਸੇ ਅਖੌਤੀ ਨੀਵੇਂ ਨਾਲ ਮਾੜਾ ਵਿਵਹਾਰ ਨਾ ਹੋਵੇ। ਗੁਰੂ ਅੰਗਦ ਦੇਵ ਜੀ ਨੇ ਵੀ ਪੂਰੀ ਸੰਭਾਲ ਰੱਖੀ ਪਰ ਵਰਨ-ਆਸ਼ਰਮ ਦਾ ਢੰਡੋਰਾ ਦੇਣ ਵਾਲੇ ਲੰਗਰ ਵਿਚੋਂ ਪ੍ਰਸ਼ਾਦ ਨਹੀਂ ਸਨ ਪਾਉਂਦੇ। ਆਪਣੀਆਂ ਸੁੱਕੀਆਂ ਰਸਦਾਂ ਲੈ ਜਾਂਦੇ ਸਨ ਜਾਂ ਨਾਲ ਪੱਕੀ ਪਕਾਈ ਰੋਟੀ ਬੰਨ੍ਹ ਲਿਆਉਂਦੇ ਸਨ।

ਗੁਰੂ ਅਮਰ ਦਾਸ ਜੀ ਨੇ ਕਰੜਾਈ ਵਰਤੀ। ਪਹਿਲਾਂ ਤਾਂ ਸੰਗਤਾਂ ਵਿਚ ਆਗਿਆ ਕਰਦੇ ਰਹੇ। ਕੁਝ ਪ੍ਰਭਾਵ ਪਿਆ। ਵਿੱਥਾਂ ਮੁੱਕੀਆਂ। ਪਰ ਜਿਨ੍ਹਾਂ ਦਾ ਸੁਭਾਅ ਸਦੀਆਂ ਦਾ ਬਣਿਆ ਹੋਏ, ਉਹ ਕਿਵੇਂ ਇਤਨੀ ਛੇਤੀ ਮੰਨਣ ਵਾਲੇ ਸਨ। ਗੁਰੂ ਜੀ ਨੇ ਹੁਕਮ ਦਿੱਤਾ ਕਿ ਹੁਣ ਉਹ ਪੁਰਸ਼ ਸੰਗਤ ਵਿਚ ਵੀ ਨਹੀਂ ਬੈਠ ਸਕਦਾ ਜੋ ਪੰਗਤ ਵਿਚ ਨਹੀਂ ਬੈਠਣਾ ਚਾਹੁੰਦਾ। ਉਸ ਨੂੰ ਹੁਣ ਗੁਰੂ ਦੇ ਦਰਸ਼ਨ ਨਹੀਂ ਹੋਣਗੇ ਜੋ ਵਰਨ-ਆਸ਼ਰਮ ਦੀ ਰੀਤ ਭਿਟ-ਸੁੱਚ, ਛੂਤ-ਛਾਤ, ਊਚ-ਨੀਚ ਮੰਨੇਗਾ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ ਗੁਰੂ ਜੀ ਨੇ ਹੁਕਮ ਕੀਤਾ :

*ਆਸ਼੍ਰਮ ਧਾਰੀ ਹੋਇ ਕੈ ਆਵਹਿ ਦਰਬਾਰਾ। ੨੯।*
*ਪ੍ਰਥਮ ਦੇਗ ਮਹਿ ਜਾਇ ਕੇ ਭੋਜਨ ਕੋ ਖਾਵੈ।*
*ਪੁਨ ਦਰਸ਼ਨ ਗੁਰ ਕੋ ਕਰਹਿ ਚਲਿ ਕਰਿ ਢਿਗ ਆਵੈ।*[1]

ਜੋ ਕੋਈ ਸੁਚ ਸੰਜਮ ਜਾਂ ਊਚ-ਨੀਚ ਦੀ ਵਿਚਾਰ ਰੱਖਦਾ ਨਾ ਖਾਇ ਉਹ ਬੇਸ਼ੱਕ ਆਪਣੇ ਘਰ ਨੂੰ ਮੁੜ ਜਾਏ। ਆਸ਼੍ਰਮ-ਭੇਦ ਰੱਖਣ ਵਾਲੇ ਹੁਣ ਗੁਰੂ ਜੀ ਪਾਸ ਨਹੀਂ ਜਾ ਸਕਦੇ ਸਨ।

ਆਪਣੀ ਹੱਥੀਂ ਇਹ ਲਿਖ ਕੇ ਲਗਾ ਦਿੱਤਾ ਸੀ :

*ਪਹਿਲੇ ਪੰਗਤ, ਪਾਛੈ ਸੰਗਤਿ।*

ਇਸ ਇਕ ਹੁਕਮ ਦੀ ਇਤਨੀ ਵਿਰੋਧਤਾ ਹੋਈ ਕਿ ਪਿੰਡ ਦੇ ਖੱਤਰੀ, ਬ੍ਰਾਹਮਣ ਤੇ ਤਾਜ਼ੇ ਬਣੇ ਮੁਸਲਮਾਨ ਖੋਜੇ ਵੀ ਨਾਲ ਰਲ ਖਲੋਤੇ। ਗੁਰੂ ਜੀ ਇਸ ਵਿਰੋਧ ਦੇ ਬਾਵਜੂਦ ਦ੍ਰਿੜ੍ਹ ਰਹਿਣ ਤੇ ਹਰ ਸਮੇਂ ਧੀਰਜ ਰੱਖਣ ਦਾ ਉਪਦੇਸ਼ ਦ੍ਰਿੜਾ ਰਹੇ ਸਨ।

**ਤਪੇ ਦਾ ਪਾਜ ਉਘੇੜਿਆ**—ਗੋਇੰਦਵਾਲ ਵਿਖੇ ਵੀ ਇਕ ਹਰੀ ਰਾਮ ਨਾਂ ਦਾ ਮਰਵਾਹਾ ਖੱਤਰੀ ਰਹਿੰਦਾ ਸੀ। ਉਹ ਆਪਣੇ ਆਪ ਨੂੰ ਤਪਾ ਅਖਵਾਉਂਦਾ ਸੀ ਅਤੇ ਮਰਵਾਹੇ ਖੱਤਰੀਆਂ ਦਾ ਮੁਖੀ ਸੀ। ਜਦ ਗੁਰੂ ਜੀ ਦੀ ਮਹਿਮਾ ਜੱਗ ਵਿਚ ਬਹੁਤ ਹੋਣ ਲੱਗੀ ਤਾਂ ਇਹ ਤਪਾ ਖ਼ੂਬ ਤਪਿਆ। ਲੋਕਾਂ ਨੂੰ ਅਤੇ ਆਏ ਗਏ ਨੂੰ ਖ਼ੂਬ ਚਸਕੇ ਲਗਾ ਕੇ ਸੁਣਾਏ ਕਿ ਗੁਰੂ ਅਮਰ ਦਾਸ ਨੇ ਰਹਿੰਦੀ ਕਸਰ ਵੀ ਕੱਢ ਦਿੱਤੀ ਹੈ। ਧਰਮ ਦਾ ਮੂਲ ਵਰਨ ਆਸ਼ਰਮ ਹੀ ਉਖਾੜ ਦਿੱਤਾ ਹੈ। ਲੰਗਰ ਵਿਚ ਇਕ ਪੰਗਤ ਵਿਚ ਪ੍ਰਸ਼ਾਦ

1. ਸੂਰਜ ਪ੍ਰਕਾਸ਼ ਗਰੰਥਾਵਲੀ, ਜਿਲਦ ਪੰਜਵੀਂ, ਪੰਨਾ ੧੪੪੨

ਛਕਣ ਦਾ ਹੁਕਮ ਦੇ ਕੇ ਧਰਮ ਭ੍ਰਿਸ਼ਟ ਕਰ ਦਿੱਤਾ। ਨਵਾਂ ਪੰਥ ਚਲਾ ਦਿੱਤਾ ਸੂ :

*"ਪੰਥ ਨਵੀਨ ਪ੍ਰਕਾਸ਼ਨ ਕਰਯੋ।*
*ਭੇਦ ਬਰਨ ਜਾਤੀ ਪਰਹਰਯੋ।*
*ਚਤੁਰ ਬਰਨ ਇਕ ਦੇਗ ਅਹਾਰਾ।*
*ਇਕ ਸਮ ਸੇਵੇ ਧਰ ਉਰਿ ਪਯਾਰਾ।"*

ਉਸ ਦੀ ਚੁੱਕ-ਚੁਕਾਈ ਵਿਚ ਕਈ ਖੱਤਰੀ ਆ ਗਏ।

ਗੁਰੂ ਜੀ ਨੇ ਉਸ ਤਪੇ ਦਾ ਪਾਜ ਉਘੇੜਨ ਲਈ ਇਹ ਐਲਾਨ ਕਰ ਦਿੱਤਾ ਕਿ ਜੋ ਵੀ ਕੋਈ ਵਰਨ ਭੇਦ ਛੱਡ ਕੇ ਇਕੋ ਪੰਗਤ ਵਿਚ ਪ੍ਰਸ਼ਾਦ ਪਾਏਗਾ ਤਾਂ ਉਸ ਨੂੰ ਇਕ ਰੁਪਿਆ ਵੀ ਨਾਲ ਦਿੱਤਾ ਜਾਏਗਾ। ਬਹੁਤ ਲੋਕ 'ਧਰਮ' ਨੂੰ ਵਿਚੇ ਛੱਡ ਹੁਣ ਲੰਗਰ ਪਾਉਣ ਆਏ। ਮਹਾਰਾਜ ਨੇ ਖ਼ਾਸ ਸੱਦਾ ਵੀ ਘੱਲਿਆ ਪਰ ਤਪਾ ਹਉਂ ਕਾਰਨ ਨ ਆਇਆ :

*'ਤਪੇ ਨਿਮੰਤ੍ਰਨ ਮਾਨਯੋ ਨਾਹੀ।*
*ਤਪਤ ਰਹਯੋ ਮਤਸਰ ਕੇ ਮਾਹੀ।'*

ਮਹਾਰਾਜ ਨੇ ਇਹ ਰਕਮ ਵਧਾ ਕੇ ਪੰਜ ਰੁਪਏ ਤਕ ਕਰ ਦਿੱਤੀ। ਬਹੁਤੇ ਲੋਕ ਆਏ ਪਰ ਤਪਾ ਫਿਰ ਵੀ ਨਾ ਆਇਆ। ਪਰ ਜਦ ਇਹ ਹੀ ਰਕਮ ਗੁਰੂ ਜੀ ਨੇ ਵਧਾ ਕੇ ਇਕ 'ਮੋਹਰ' ਕਰ ਦਿੱਤੀ ਤਾਂ ਹੁਣ ਤਪੇ ਲਈ ਰਹਿਣਾ ਮੁਸ਼ਕਲ ਸੀ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ ਬੁੱਧ ਤੇ ਵਰਨ-ਧਰਮ ਲੋਭ ਵਿਚ ਵਹਿ ਗਿਆ :

*'ਓੜਕ ਜਬ ਗੁਰ ਮੁਹਰ ਸੁ ਕਹੀ।*
*ਤਬਹਿ ਤਪੇ ਕੀ ਬੁਧਿ ਸੁ ਬਹੀ।'*

ਇਤਨਾ ਵਿਆਕੁਲ ਹੋਇਆ ਕਿ ਕੁਝ ਸੁੱਝੇ ਬੁੱਝੇ ਨਾ। ਆਪ ਤਾਂ ਨ ਆਇਆ ਪਰ ਆਪਣੇ ਲੜਕੇ ਨੂੰ ਪਿਛਲੀ ਦੀਵਾਰ ਤੋਂ ਟਪਾ ਕੇ ਲੰਗਰ ਅੰਦਰ ਬਿਠਾ ਦਿੱਤਾ। ਲੜਕਾ ਆਪਣੀ ਟੰਗ ਹੀ ਤੁੜਾ ਬੈਠਾ। ਸ਼ਹਿਰ ਵਿਚ ਜਦ ਗੱਲ ਫੈਲੀ ਤਾਂ ਸਾਰਿਆਂ ਨੇ ਤਪੇ ਨੂੰ ਫਿਟਕਾਰਾਂ ਪਾਈਆਂ। ਕੋਈ ਮੂੰਹ ਹੀ ਨਾ ਲਗਾਏ ਪਰ ਬਖਸ਼ੰਦ ਗੁਰੂ ਨੂੰ ਜਦ ਤਪੇ ਦੀ ਇਸ ਮਨੋ-ਦਸ਼ਾ ਦਾ ਪਤਾ ਲੱਗਾ ਤਾਂ ਉਸ ਨੂੰ ਪਾਸ ਬੁਲਾਇਆ ਤੇ ਸਮਝਾਇਆ ਕਿ ਤਪਾ ਅਖਵਾ ਲੈਣਾ ਆਸਾਨ ਹੈ ਪਰ ਤਪੇ ਵਾਲੀ ਰਹਿਣੀ ਰੱਖਣੀ ਔਖੀ ਹੈ। ਤਪਾ ਉਹ ਹੀ ਹੈ ਜੋ ਨਿੰਦਾ ਝੂਠ-ਬਖੀਲੀ ਤਿਆਗਦਾ ਹੈ। ਕੋਈ ਇੰਜ ਹੀ ਤਪਾ ਬਣ ਬੈਠੇ ਤਾਂ ਉਸ ਦਾ ਪਾਜ ਉਘੜਦਿਆਂ ਢਿੱਲ ਨਹੀਂ ਲੱਗਦੀ। ਮਾਇਆ ਪਿੱਛੇ ਫਿਰਨ ਵਾਲਾ ਤਪਾ ਨਹੀਂ ਹੋ ਸਕਦਾ :

*"ਮਾਇਆ ਨੂੰ ਫਿਰੇ ਤਪਾ ਸਦਾਵੈ।"*

ਤਪਾ ਉਹ ਹੀ ਹੈ ਜੋ ਤਪ ਕਰਦਾ ਹੈ। ਸ਼ਬਦ ਦੀ ਜਿਸ ਨੂੰ ਸੋਝੀ ਹੈ। ਸੇਵਾ ਕਰ ਕੇ ਗੁਰੂ ਰੀਝਾਂਦਾ ਹੈ। ਉਹ ਤਪਾ ਹੀ ਵਾਹਿਗੁਰੂ ਦੇ ਦਰ ਪਰਵਾਨ ਹੁੰਦਾ ਹੈ :

*'ਸੋ ਤਪਾ ਜਿ ਇਹ ਤਪੁ ਘਾਲੇ।*
*ਸਤਿਗੁਰ ਨੋ ਮਿਲੈ, ਸਬਦੁ ਸਮਾਲੇ।*

*ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ।*
*ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ।'*

(ਵਾਰ ਰਾਮਕਲੀ ਮ: ੩, ਪੰਨਾ ੯੪੯)

ਗੁਰੂ ਰਾਮ ਦਾਸ ਜੀ ਨੇ ਵੀ ਪਿੱਛੋਂ ਇਸ ਇਤਿਹਾਸਕ ਘਟਨਾ ਨੂੰ ਆਪਣੀ ਬਾਣੀ ਵਿਚ ਯਾਦ ਵਜੋਂ ਲਿਖਦੇ ਉਚਾਰਿਆ ਕਿ ਉਹ ਤਪੱਸਵੀ ਨਹੀਂ ਹੋ ਸਕਦਾ ਜੋ ਮਾਇਆ ਲਈ ਭਟਕਦਾ ਫਿਰੇ। ਇਸ ਤਪੇ ਵੱਲ ਦੇਖੋ : ਪਹਿਲਾਂ ਇੱਜ਼ਤ ਨਾਲ ਬੁਲਾਇਆਂ ਨਹੀਂ ਆਇਆ। ਇੱਜ਼ਤ ਨਾਲ ਭੇਟਾ ਵੀ ਨਹੀਂ ਲਈ ਪਰ ਛੁਪ ਕੇ ਇਸ ਨੇ ਪੁੱਤਰ ਨੂੰ ਪੰਗਤਿ ਵਿਚ ਬਿਠਾਲ ਦਿੱਤਾ :

*'ਅਗੋਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ*
*ਪਿਛੋਦੇ ਪਛਤਾਇ ਕੈ, ਆਣਿ ਤਪੈ ਪੁਤੁ ਵਿਚ ਬਹਾਲਿਆ।'*

ਨਗਰ ਦੇ ਮੁਖੀਆਂ ਨੂੰ ਤਪੇ ਦਾ ਲੋਭ ਲਹਿਰ ਵਿਚ ਗ਼ਰਕ ਜਾਣ ਦਾ ਜਦ ਪਤਾ ਲੱਗਾ ਤਾਂ ਉਹ ਖ਼ੂਬ ਹੱਸੇ ਕਿ ਇਹ ਕਾਹਦਾ ਤਪਾ ਹੈ ? ਜਿਥੇ ਥੋੜ੍ਹਾ ਧਨ ਦੇਖਦਾ ਹੈ, ਉਥੇ ਜਾਂਦਾ ਨਹੀਂ ਅਤੇ ਬਹੁਤਾ ਧਨ ਵੇਖ ਆਪਣਾ ਮਿਥਿਆ 'ਧਰਮ' ਜਿਸ ਲਈ ਉਹ ਲੜਦਾ ਸੀ, ਲੋਕਾਂ ਨੂੰ ਚੁੱਕਦਾ ਸੀ, ਸਭ ਗਵਾ ਬੈਠਾ :

*'ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ,*
*ਧਨਿ ਬਹੁਤੈ ਡਿਠੈ, ਤਪੈ ਧਰਮ ਹਾਰਿਆ।'*

(ਗਉੜੀ ਕੀ ਵਾਰ ਮਹਲਾ ੪)

ਇਹ ਤਪਾ, ਜੋ ਆਪਣੇ ਆਪ ਨੂੰ ਹਰ ਥਾਂ ਤਪਾ-ਤਪਾ ਅਖਵਾਉਂਦਾ ਸੀ, ਗੁਰੂ ਅਮਰ ਦਾਸ ਜੀ ਨੇ ਇਕੋ ਵਾਰੀ ਉਸ ਦਾ ਅੰਦਰਲਾ ਲਾਲਚ ਤੇ ਪਾਪ ਪ੍ਰਗਟ ਕਰ ਦਿਖਾਲ ਦਿੱਤਾ। 'ਹਰਿ ਅੰਦਰਲਾ ਪਾਪੁ, ਪੰਚਾ ਨੋ ਉਘਾ ਕਰਿ ਵੇਖਾਲਿਆ।'[1]

**ਖੋਜਿਆਂ ਦਾ ਖ਼ੌਰੂ**—ਤਪੇ ਦਾ ਪਾਜ ਉਘੜਨ ਨਾਲ ਖੱਤਰੀ ਤਾਂ ਚੁੱਪ ਕਰ ਗਏ ਪਰ ਖੋਜਿਆਂ ਨੇ ਅਤਿ ਚੁੱਕ ਲਈ। ਇਹ ਖੋਜੇ ਸਰਵਰੀਏ ਹੁੰਦੇ ਸਨ। ਨਵੇਂ ਮੁਸਲਮਾਨ ਬਣਨ ਵਾਲੇ ਪਹਿਲਾਂ ਸਰਵਰੀਏ ਹੀ ਬਣਦੇ ਸਨ। ਸਰਵਰੀਆਂ ਦਾ ਇਕ ਟਿਕਾਣਾ ਤਰਨਤਾਰਨ ਦੇ ਲਾਗੇ ਪੰਜ ਕੁ ਮੀਲ 'ਤੇ ਸੀ। ਕਰਤਾਰਪੁਰ ਰਾਵੀ ਤੋਂ ਖਡੂਰ ਸਾਹਿਬ ਗੁਰੂ ਪਾਤਸ਼ਾਹ ਦਾ ਟਿਕਾਣਾ ਲਿਆਉਣ ਦਾ ਇਕ ਕਾਰਨ ਸਰਵਰੀਆਂ ਦੇ ਪ੍ਰਭਾਵ ਤੋਂ ਜਨਤਾ ਨੂੰ ਬਚਾਉਣਾ ਸੀ। ਖੋਜੇ ਸਖੀ ਸਰਵਰ ਦੀਆਂ 'ਮਨਤਾਂ ਹਰ ਵੀਰਵਾਰ ਦੀ ਰਾਤ ਨੂੰ ਭੁੰਜੇ ਸੌਂ ਕੇ ਉਤਾਰਦੇ ਹਨ ਤੇ ਨਵੀਂ ਸੂਈ ਗਾਂ ਮੱਝ ਦੇ ਦੁੱਧ ਦੀ ਖੀਰ ਰਿੰਨ੍ਹ ਕੇ ਉਸ ਦੀ ਮੜ੍ਹੀ 'ਤੇ ਲੈ ਜਾਂਦੇ ਹਨ।'

ਜਦ ਖੋਜਿਆਂ ਡਿੱਠਾ ਕਿ ਮੁਸਲਮਾਨ ਵੀ ਗੁਰੂ ਦਰ ਵੱਲ ਖਿੱਚੇ ਆ ਰਹੇ ਹਨ ਤੇ ਪ੍ਰਭਾਵ ਦਾ ਖੇਤਰ ਬਹੁਤ ਵਧ ਰਹਿਆ ਹੈ ਤਾਂ ਉਨ੍ਹਾਂ ਗੋਇੰਦਾ ਮਰਵਾਹੇ ਦੇ ਪੁੱਤਰਾਂ

1. ਵਾਰ ਗਉੜੀ ਮਹਲਾ ੪, (ਪੰਨਾ ੩੧੫/੩੧੬, ਗੁਰੂ ਗ੍ਰੰਥ ਸਾਹਿਬ)

ਨੂੰ ਨਾਲ ਲੈ ਕੇ ਸਿੱਖਾਂ ਉੱਤੇ ਨਿੱਕੇ ਮੋਟੇ ਹੱਲੇ ਕਰਨੇ ਸ਼ੁਰੂ ਕੀਤੇ। ਜਦ ਸਿੱਖ ਸਵਾਣੀਆਂ ਪਾਣੀ ਭਰਨ ਜਾਂਦੀਆਂ ਤਾਂ ਇਨ੍ਹਾਂ ਦੇ ਸਿੱਖੇ-ਸਿਖਾਏ ਖੋਜੇ ਮੁੰਡੇ ਗੁਲੇਲਾਂ ਨਾਲ ਘੜੇ ਫੁੰਡ ਛੱਡਦੇ। ਮਹਾਰਾਜ ਜੀ ਨੂੰ ਜਦ ਦੱਸਿਆ ਗਿਆ ਤਾਂ ਉਨ੍ਹਾਂ ਨੇ ਮਸ਼ਕਾਂ ਬਣਾਉਣ ਦੀ ਆਗਿਆ ਕੀਤੀ।

ਖੋਜਿਆਂ ਨੇ ਤੀਰ-ਅੰਦਾਜ਼ ਮੰਗਾ ਕੇ ਮਸ਼ਕਾਂ ਵਿਚ ਛੇਕ ਕਰ ਦੇਣੇ। ਮਹਾਰਾਜ ਨੇ ਗਾਗਰਾਂ ਬਣਾਉਣ ਦਾ ਹੁਕਮ ਦਿੱਤਾ। ਉਹਨਾਂ ਗੋਲੀਆਂ ਦੇ ਨਿਸ਼ਾਨੇ ਬੰਨ੍ਹਣੇ ਅਤੇ ਵੱਟੇ ਮਾਰ ਚਿੱਬ ਪਾ ਦੇਣੇ ਅਤੇ ਨਾਲ ਹੰਕਾਰੀਆਂ ਨੇ ਕਹਿਣਾ ਕਿ ਬੁਲਾਓ ਹੁਣ ਆਪਣੇ ਗੁਰੂ ਨੂੰ।

ਗੁਰੂ ਜੀ ਪਾਸ ਸਿੱਖਾਂ ਨੇ ਜਦ ਇਹ ਸਾਰੀ ਦਸ਼ਾ ਦਾ ਜ਼ਿਕਰ ਕੀਤਾ ਤਾਂ ਉਹਨਾਂ ਕਿਹਾ : ਬਿਲਕੁਲ ਨਾ ਘਬਰਾਉਣਾ। ਨਿੰਦਾ ਉਸੇ ਦਾ ਵਿਗਾੜ ਸਕਦੀ ਹੈ ਜੋ ਕੱਚੀ ਕੰਧ ਸਮਾਨ ਹੈ। ਬਾਰਸ਼ ਜੋ ਪਰਬਤ 'ਤੇ ਪੈਂਦੀ ਹੈ ਉਹ ਸਗੋਂ ਉਸ ਦੇ ਆਸੇ ਪਾਸੇ ਨੂੰ ਨੁਹਾ ਕੇ ਨਿਖਾਰ ਪੈਦਾ ਕਰਦੀ ਹੈ ਸਾਡੀ ਤਾਂ ਇਹ ਅਰਦਾਸ ਹੋਣੀ ਚਾਹੀਦੀ ਹੈ ਕਿ ਹੇ ਵਾਹਿਗੁਰੂ! ਇਨ੍ਹਾਂ ਦੇ ਹਿਰਦੇ ਸ਼ੁੱਧ ਕਰ ਤੇ ਸਿੱਧੇ ਰਾਹ ਪਾ।'

ਜਦ ਕੋਈ ਬਦਲੇ ਲਈ ਆ ਕੇ ਕਹਿੰਦਾ ਤਾਂ ਤੀਜੇ ਪਾਤਸ਼ਾਹ ਫ਼ਰਮਾਂਦੇ : ਬਦਲਾ ਨਹੀਂ ਲੈਣਾ।

*ਧੀਰਜ ਨਾਲੋਂ ਕੋਈ ਵੱਡਾ ਤੱਪ ਨਹੀਂ,*
*ਸੰਤੋਖ ਨਾਲੋਂ ਕੋਈ ਵੱਡਾ ਸੁਖ ਨਹੀਂ,*
*ਲਾਲਚ ਨਾਲੋਂ ਵੱਡੀ ਕੋਈ ਬੁਰਾਈ ਨਹੀਂ,*
*ਦਿਆ ਨਾਲੋਂ ਵੱਡੀ ਕੋਈ ਨੇਕੀ ਨਹੀਂ,*
*ਖਿਮਾ ਨਾਲੋਂ ਕੋਈ ਵੱਡਾ ਸ਼ਸਤ੍ਰ ਨਹੀਂ,*
*ਜੋ ਕੋਈ ਬੀਜ ਰਹਿਆ ਹੈ, ਅਵੱਸ਼ ਵੱਢੇਗਾ।*

ਕਰਨਾ ਕਰਤਾਰ ਦਾ! ਸੰਨਿਆਸੀਆਂ ਦਾ ਇਕ ਸ਼ਸਤ੍ਰਧਾਰੀ ਟੋਲਾ ਉੱਥੇ ਆ ਟਿਕਿਆ। ਗਿੱਝੇ ਹੋਇਆਂ ਨੇ ਗੁਲੇਲਾਂ ਚਲਾਈਆਂ। ਸੰਨਿਆਸੀਆਂ ਦੇ ਆਗੂ ਦੀ ਅੱਖ ਵਿਚ ਇਕ ਢੀਮ ਜਾ ਵੱਜੀ। ਉਨ੍ਹਾਂ ਨੇ ਘੇਰ ਕੇ ਐਸਾ ਮਾਰਿਆ ਕਿ ਕਈ ਹੱਥ ਪੈਰ ਤੁੜਵਾ ਬੈਠੇ। ਕੁਝ ਚਿਰ ਠੱਲ੍ਹ ਪਈ ਪਰ ਫਿਰ ਉਵੇਂ ਹੀ।

ਇਨ੍ਹਾਂ ਹੀ ਦਿਨਾਂ ਵਿਚ ਸ਼ਾਹੀ ਖ਼ਜ਼ਾਨਾ ਦਿੱਲੀ ਜਾ ਰਹਿਆ ਸੀ। ਸਵਾਰ ਤੇ ਖ਼ਜ਼ਾਨਾ ਰਾਤ ਗੋਇੰਦਵਾਲ ਹੀ ਟਿਕੇ। ਅੰਨ੍ਹੇਰੀ ਐਸੀ ਆਈ ਕਿ ਖੱਚਰਾਂ, ਜਿਨ੍ਹਾਂ 'ਤੇ ਖ਼ੁਰਜੀਆਂ ਖ਼ਜ਼ਾਨੇ ਦੀਆਂ ਲੱਦੀਆਂ ਸਨ, ਖੁੱਲ੍ਹ ਗਈਆਂ। ਵਿਗੜੀ ਆਦਤ ਵਾਲਿਆਂ ਨੇ ਇਕ ਖੱਚਰ ਖਿੱਚ ਕੇ ਚੋਰੀ ਆਪਣੀ ਹਵੇਲੀ ਪਾ ਲਈ।[1] ਜਦ ਸਵੇਰੇ ਗਿਣਤੀ ਹੋਈ ਤਾਂ ਇਕ ਘੱਟ। ਢੂੰਡ ਭਾਲ ਹੋਈ। ਖੱਚਰ ਕਿਵੇਂ ਛਿਪੇ। ਉਹ ਹੀਂਘ ਪਈ। ਖੱਚਰ ਸ਼ੇਖ਼ਾਂ ਦੇ

---

1. ਡੇਰੇ ਮਹਿ ਨਿਸ ਚੋਰੀ ਭਈ।
ਲੱਦੀ ਖੱਚਰ ਮਾਇਆ ਕੀ ਗਈ।

ਘਰ ਸੀ। ਸ਼ਾਹੀ ਸਵਾਰਾਂ ਸਭ ਨੂੰ ਪਕੜ ਮੰਗਵਾਇਆ। ਹੱਥ ਪੈਰ ਵੱਢ ਸੁੱਟੇ। ਕੁਝ ਨੂੰ ਬੰਨ੍ਹ ਨਾਲ ਦਿੱਲੀ ਲੈ ਗਏ। ਮਹਿਮਾ ਪ੍ਰਕਾਸ਼ ਅਨੁਸਾਰ ਮਰਵਾਹਾ ਦੇ ਇਕ ਪੁੱਤਰ ਨੂੰ ਫਾਂਸੀ ਵੀ ਦਿੱਤੀ ਗਈ। ਦੂਜਾ ਵੀ ਫਾਂਸੀ ਚੜ੍ਹ ਜਾਣਾ ਸੀ, ਪਰ ਉਸਦੀ ਮਾਂ ਦੂਜੇ ਨੂੰ ਲੈ ਕੇ ਗੁਰੂ ਜੀ ਦੇ ਚਰਨਾਂ ਵਿਚ ਆ ਗਈ ਤੇ ਉਹ ਮਰਨੋਂ ਬਚ ਗਿਆ :

*ਵੈ ਕਰ ਬਿਚਾਰ ਸਤਿਗੁਰ ਪਹਿ ਗਈ।*
*ਲੇ ਲੜਕਾ ਚਰਨਨ ਪਰ ਪਈ*[1] *।੫।*

ਗਿਆਨੀ ਗਿਆਨ ਸਿੰਘ ਜੀ ਦਾ ਤਵਾਰੀਖ਼ ਗੁਰੂ ਖ਼ਾਲਸਾ ਵਿਚ ਕਥਨ ਹੈ ਕਿ ਸਾਰੇ ਖੋਜੇ ਪਿੰਡ ਛੱਡ ਗਏ। ਕੁਝ ਤਾਂ ਫਤਿਆਬਾਦ ਚਲੇ ਗਏ ਅਤੇ ਬਾਕੀ ਘਾਣੀ ਘਰੋਟੀ ਜਾ ਵੱਸੇ।

ਜਦ ਕਿਸੇ ਨੇ ਗੁਰੂ ਜੀ ਨੂੰ ਕਿਹਾ ਕਿ ਦੇਖੋ ਕੀ ਸਜ਼ਾ ਮਿਲੀ ਹੈ ਤਾਂ ਮਹਾਰਾਜ ਨੇ ਇਤਨਾ ਹੀ ਫ਼ਰਮਾਇਆ :

*'ਸੇਖਾ ਕਉ ਪਰਮੇਸ਼ਰ ਫੜਿਆ ਹੈ।*
*ਅਸਾਡੇ ਤੇ ਵੱਸ ਕਿਛ ਨਾਹੀ।'*

**ਜਾਤਿ ਕਾ ਗਰਬੁ ਨ ਕਰ ਮੂਰਖ ਗਵਾਰਾ**—ਇਕ ਪੰਡਿਤ ਦਰਸ਼ਨਾਂ ਨੂੰ ਆਇਆ। ਹੁਣ ਹੁਕਮ ਹੋ ਚੁੱਕਾ ਸੀ ਕਿ ਕੋਈ ਦਰਸ਼ਨ ਨਹੀਂ ਕਰ ਸਕਦਾ, ਜਿਸ ਪ੍ਰਸ਼ਾਦ ਪੰਗਤਿ ਵਿਚ ਬੈਠ ਕੇ ਨਹੀਂ ਪਾਇਆ। ਪੰਡਤ ਬਰਤ ਰਖੇ ਦਾ ਬਹਾਨਾ ਪਾ ਕੇ ਪੰਗਤ ਵਿਚੋਂ ਬਗ਼ੈਰ ਖਾਧੇ ਹੀ ਉੱਠ ਬੈਠਾ ਅਤੇ ਸਾਥ ਨਾਲ ਸੰਗਤਿ ਵਿਚ ਜਾ ਬੈਠਾ। ਉਥੇ ਤਰਕ ਉਠਾ ਬੈਠਾ ਕਿ ਤੁਸਾਂ ਵਰਣਾਸ਼੍ਰਮ ਦੀ ਬੱਝੀ ਮਰਯਾਦਾ ਕਿਉਂ ਭੰਗ ਕੀਤੀ। ਮਹਾਰਾਜ ਨੇ ਕਿਹਾ : ਪੰਡਤ ਜੀ! ਸਾਰੇ ਬ੍ਰਹਮ 'ਚੋਂ ਉਪਜਨ ਕਰ ਕੇ ਉਸ ਦੇ ਜਾਏ ਹਾਂ! ਮਨੁੱਖ ਦੇ ਅੰਦਰਲੇ ਦੀ 'ਏਕਤਾ' ਹੈ।

ਫਿਰ ਤੱਤ ਸਭਨਾਂ ਦੇ ਇਕੋ ਜਿਹੇ।[2] ਕਰਮਾਂ ਕਰਕੇ ਤਾਂ ਕੋਈ ਉਸ ਦੇ ਨੇੜੇ ਜਾਂ ਦੂਰ ਹੋ ਸਕਦਾ ਹੈ ਪਰ ਅਸੀਂ ਕੌਣ ਹਾਂ ਕਿਸੇ ਨੂੰ ਦੂਰ ਕਰਨ ਵਾਲੇ। ਇਹ ਜੋ ਜਾਤ ਦਾ ਫ਼ਰਕ ਹੈ ਇਹ ਹੀ ਅਹੰਕਾਰ ਦੀ ਜੜ੍ਹ ਹੈ। ਕੋਈ ਇਹ ਆਖੇ ਕਿ ਉਹ ਬ੍ਰਾਹਮਣ ਦੇ ਘਰ ਪੈਦਾ ਹੋਣ ਕਾਰਨ ਮੁਕਤ ਹੋ ਜਾਵੇਗਾ ਤਾਂ ਇਹ ਉਸ ਦਾ ਭੁਲੇਖਾ ਹੈ, ਭਰਮ ਹੈ। ਬ੍ਰਹਮ ਗਿਆਨ ਤੋਂ ਬਿਨਾਂ ਕੋਈ ਬ੍ਰਾਹਮਣ ਨਹੀਂ ਹੋ ਸਕਦਾ। ਫਿਰ ਸ਼ਬਦ ਉਚਾਰਿਆ ਜੋ ਗੁਰੂ ਗ੍ਰੰਥ ਸਾਹਿਬ ਵਿਖੇ ਭੈਰਉ ਰਾਗ ਵਿਚ ਦਰਜ ਹੈ :

*ਜਾਤਿ ਕਾ ਗਰਬੁ ਨ ਕਰੀਅਹੁ ਕੋਈ।*
*ਬ੍ਰਹਮ ਬਿੰਦੇ ਸੋ ਬ੍ਰਾਹਮਣੁ ਹੋਈ॥੧॥*
*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।*
*ਇਸ ਗਰਬੁ ਤੇ ਚਲਹਿ ਬਹੁਤੁ ਵਿਕਾਰਾ॥੧॥ ਰਹਾਉ॥*

---

1. ਮਹਿਮਾ ਪ੍ਰਕਾਸ਼ ਸਾਖੀ ੭, ਪਾਤਸ਼ਾਹੀ ਤੀਜੀ।
2. ਪੰਚ ਤਤੁ ਮਿਲਿ ਦੇਹੀ ਕਾ ਆਕਾਰਾ।
ਘਟਿ ਵਧਿ ਕੋ ਕਰੈ ਬੀਚਾਰਾ। (ਭੈਰਉ ਮਹਲਾ ੩)

ਪੰਡਤ ਫਿਰ ਕਹਿਣ ਲੱਗਾ ਕਿ ਬਰਤ ਵੀ ਤੁਸਾਂ ਵਰਜ ਦਿੱਤੇ ਹਨ। ਇਕਾਦਸ਼ੀ ਵਿਸ਼ਨੂੰ ਦੀ ਹੈ, ਦੁਆਦਸ਼ੀ ਬਾਵਨ ਅਵਤਾਰਾਂ ਦੀ, ਨੌਮੀ ਦੇਵੀ ਦੀ ਤੇ ਦਸਮੀ ਦਿਗ ਪਾਲਾਂ ਦੀ ਹੈ। ਗੁਰੂ ਅਮਰ ਦਾਸ ਜੀ ਨੇ ਫ਼ਰਮਾਇਆ : ਸਿੱਖ ਲਈ ਹਰ ਸਮੇਂ ਹੀ ਵਰਤ ਦੀ ਆਗਿਆ ਹੈ। ਨੌਮੀ ਦਾ ਬਰਤ ਕਾਹਦਾ ਜੇ ਸੱਚ ਦਾ ਨੇਮ ਨਹੀਂ ਹੈ। ਦਸਮੀ ਦਾ ਬਰਤ ਫ਼ਜ਼ੂਲ ਹੈ ਜੇ ਦਸ ਇੰਦਰੇ ਵਸ ਨਹੀਂ। ਇਕਾਦਸ਼ੀ ਇਹ ਹੀ ਹੈ ਕਿ ਏਕ ਬਿਨਾਂ ਹੋਰ ਕਿਸੇ ਨੂੰ ਧਿਆਨ ਵਿਚ ਨਾ ਲਿਆਵੇ। ਦੁਆਦਸੀ ਇਹੀ ਹੈ ਕਿ ਵਿਕਾਰਾਂ ਨੂੰ ਧਾਵਨ ਨਾ ਦੇਵੇ। ਐਸੇ ਬਰਤ ਨਾਲ ਮਨ ਪਤੀਜੇਗਾ, ਧਾਵਨਾ ਮੁਕੇਗੀ, ਮਨ ਅਨੁਭਵ ਦੇ ਘਰ ਚਲਾ ਜਾਏਗਾ। ਸਲੋਕ ਉਚਾਰਿਆ :

*ਨਉਮੀ ਨੇਮੁ ਸਚੁ ਜੇ ਕਰੈ।*
*ਕਾਮ ਕ੍ਰੋਧੁ ਤ੍ਰਿਸਨਾ ਉਚਰੈ।*
*ਦਸਮੀ ਦਸੇ ਦੁਆਰ ਜੇ ਠਾਕੈ,*
*ਏਕਾਦਸੀ ਏਕੁ ਕਰ ਜਾਣੈ।*
*ਦੁਆਦਸੀ ਪੰਚ ਵਸ ਗਤਿ ਕਰਿ ਰਾਖੈ,*
*ਤਉ ਨਾਨਕ ਮਨੁ ਮਾਨੈ।*

"ਪੰਡਤ ਜੀ! ਅਸਾਂ ਸਿੱਖਾਂ ਨੂੰ ਇਹ ਵਰਤ ਦੇ ਦਿੱਤਾ ਹੈ। ਹੋਰ ਕਿਸੇ ਵਰਤ ਦੀ ਗੁੰਜਾਇਸ਼ ਹੀ ਨਹੀਂ।

*ਐਸਾ ਵਰਤੁ ਰਹੀਜੈ ਪਾਂਡੇ,*
*ਹੋਰ ਬਹੁਤੁ ਸਿਖ ਕੀਆ ਦੀਜੈ।*

(ਸਾਰੰਗ ਕੀ ਵਾਰ ਮਹਲਾ ੪, ਪੰਨਾ ੧੨੪੫)

ਗੁਰੂ ਪਾਤਸ਼ਾਹ ਨੇ ਫ਼ਰਮਾਇਆ : ਕਿਸੇ ਪਾਸੇ ਭੇਖਾਂ ਦਾ ਅਹੰਕਾਰ ਹੈ। ਕੋਈ ਜਾਤ ਦੇ ਅਹੰਕਾਰ ਵਿਚ ਫਿਰ ਰਿਹਾ ਹੈ। ਕਿਸੇ ਨੂੰ ਵਿੱਦਿਆ ਦਾ ਅਹੰਕਾਰ ਹੈ। ਇਹ ਸਭ ਅਹੰਕਾਰਾਂ ਵਿਚ ਸੁੱਤੇ ਹੋਏ ਹਨ। ਜੋ ਕਿਰਤ ਨੂੰ ਹੀਣਾ ਕਰਕੇ ਜਾਣਦਾ ਹੈ, ਅਸਾਂ ਐਸੇ ਹੀਣੇਪਣ ਨਹੀਂ ਰਹਿਣ ਦੇਣੇ। ਕਿਰਤ ਦੀ ਉੱਚਤਾ ਦੀ ਮਹਿਮਾ ਗੁਰੂ ਨਾਨਕ ਨੇ ਗਾਈ ਹੈ। ਉਹ ਆਪ ਜਾਣ ਬੁਝ ਕੇ ਮਜ਼ਦੂਰ ਬਣੇ, ਹੱਟੀ ਪਾਈ, ਵਾਹੀ ਕੀਤੀ, ਨੌਕਰ ਹੋਏ, ਵਪਾਰੀ ਬਣੇ। ਉਨ੍ਹਾਂ ਸਮਝਾਇਆ ਸੀ ਕਿ ਕੋਈ ਵੀ ਅਦੁਤੀ ਬ੍ਰਹਮ ਦੀ ਪਛਾਣ ਵਿਚ ਆ ਗਿਆ, ਉਹ ਉੱਚਾ ਹੈ। ਗਿਆਨ ਦਾ ਸੁਰਮਾ ਜਿਸ ਦੇ ਨੈਣਾਂ ਵਿਚ ਪੈ ਗਿਆ, ਉਹ ਜਾਗ ਜਾਏਗਾ। ਫਿਰ ਅਸਲੀਅਤ ਪਤਾ ਲੱਗ ਜਾਏਗੀ :

*"ਜੋਗੀ ਗ੍ਰਿਹੀ ਪੰਡਿਤ ਭੇਖ ਧਾਰੀ।*
*ਏ ਸੂਤੇ ਆਪਣੈ ਅਹੰਕਾਰੀ।੧।*
*... ... ... ...*
*ਚਹੁ ਵਰਨਾਂ ਵਿਚਿ ਜਾਗੈ ਕੋਇ।*
*ਜਮੈ ਕਾਲੈ ਤੇ ਛੂਟੈ ਸੋਇ।੫।*

*ਕਹਤ ਨਾਨਕ ਜਨੁ ਜਾਗੈ ਸੋਇ।*
*ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ। ੬।*

(ਭੈਰਉ ਮਹਲਾ ੩, ਪੰਨਾ ੧੧੨੮)

**ਦਾਤੂ ਸਿਧਾਸਣੁ ਸਿਖ ਆਇਆ**—ਭਾਈ ਸੰਤੋਖ ਸਿੰਘ ਜੀ ਨੇ ਬੜੀ ਭਾਵ ਪੂਰਤ ਤੁੱਕ ਲਿਖੀ ਹੈ ਕਿ ਗੁਰੂ ਅਮਰ ਦਾਸ ਜੀ ਦਾ ਜਸ ਚਾਰੇ ਪਾਸੇ ਫੈਲ ਗਿਆ। ਲੋਕੀਂ ਕਾਮਨਾ ਰੱਖ ਕੇ ਆਉਂਦੇ, ਦਰਸ਼ਨ ਕਰਦੇ, ਮੁਰਾਦਾਂ ਪਾਉਂਦੇ ਅਤੇ ਜੀਵਨ ਹਰਾ ਭਰਾ ਕਰਕੇ ਮੁੜਦੇ।

*ਇਸ ਪ੍ਰਕਾਰ ਗੁਰ ਕੋ ਜੱਸ ਫੈਲਾ।*
*ਸੁਨਿ ਸੁਨਿ ਆਇ ਦਰਸ ਹਿਤ ਗੈਲਾ।*
*ਲੋਕ ਅਨੇਕ ਕਾਮਨਾ ਧਾਰੈ।*
*ਸਭਿ ਪਾਵਤਿ ਜਬ ਰੂਪ ਨਿਹਾਰੈ।*

ਪਿੰਡਾਂ ਦੇ ਲੋਕ ਵਹੀਰਾਂ ਘੱਤ ਕੇ ਆਉਂਦੇ। ਦੀਵਾਨ ਵਿਚ ਗੁਰ ਸ਼ਬਦ ਸੁਣਦੇ। ਲੰਗਰ ਅਤੁੱਟ ਵਰਤਦਾ ਰਹਿੰਦਾ। ਕੋਈ ਪਕੜ ਨ ਦੇਖ ਕੇ ਉਨ੍ਹਾਂ ਵਿਚ ਹੋਰ ਖਿੱਚ ਪੈਦਾ ਹੁੰਦੀ। ਲੋਕਾਂ ਲਈ ਇਹ ਨਵਾਂ ਤਜਰਬਾ ਸੀ ਕਿ ਭਲਕ ਲਈ ਘੜਿਆਂ ਵਿਚ ਪਾਨੀ ਤੱਕ ਨ ਰੱਖਿਆ ਜਾਏ। ਗੁਰੂ ਜੀ ਨਿੰਮ੍ਰਤਾ ਦੀ ਮੂਰਤ ਸਨ। ਹਰ ਨਿੱਕੇ ਵੱਡੇ ਨਾਲ ਪਿਆਰ ਕਰਦੇ। ਬਿਨਾਂ ਵਿਤਕਰੇ ਵਾਲਾ ਸਮਾਜ ਉਸਰਦਾ ਦੇਖ ਕੇ ਲੋਕ ਪਰਤਦੇ, ਇੰਜ ਸ਼ੋਭਾ ਦੂਰ-ਦੂਰ ਤਕ ਫੈਲ ਗਈ।

ਇਹ ਸਭ ਸੁਣ ਕੇ ਦਾਤੂ ਜੀ ਕੁੜ੍ਹਦੇ। ਗੁਰੂ ਜੀ ਉਸਦੀਆਂ ਲੋੜਾਂ ਉਥੇ ਖਡੂਰ ਬੈਠਿਆਂ ਦੀਆਂ ਹੀ ਪੂਰੀਆਂ ਕਰਦੇ ਰਹਿੰਦੇ ਸਨ ਪਰ ਉਸ 'ਤੇ ਗੁਰਿਆਈ ਪ੍ਰਾਪਤ ਕਰਨ ਦਾ ਵਿਚਾਰ ਬਲ ਪਾ ਰਿਹਾ ਸੀ। ਦਾਸੂ ਜੀ ਦਾ ਉਸ ਹਸ਼ਰ ਦੇਖ ਲਿਆ ਸੀ, ਇਸ ਲਈ ਪਹਿਲਾਂ ਸਿੱਧੀ ਦੇ ਗੁਰ ਪ੍ਰਾਪਤ ਕਰਨ ਲੱਗਾ। ਕੁਝ ਸਿੱਧੀ ਸਿੱਖ ਵੀ ਆਇਆ ਤੇ ਗੱਦੀ ਲਗਾ ਕੇ ਬੈਠ ਗਿਆ। ਭਾਈ ਗੁਰਦਾਸ ਜੀ ਨੇ ਜ਼ਿਕਰ ਵੀ ਕੀਤਾ ਹੈ :

*ਮੰਜੀ ਦਾਸ ਬਹਾਲਿਆ, ਦਾਤੂ ਸਿਧਾਸਨ ਸਿਖ ਆਇਆ।*

ਦਾਤੂ ਜੀ ਇਹ ਸਮਝਦੇ ਸਨ ਕਿ ਯੋਗ ਸ਼ਕਤੀ ਦਾ ਚਮਤਕਾਰ ਦਿਖਾ ਕੇ ਲੋਕਾਂ ਨੂੰ ਖਿੱਚ ਪਾਈ ਜਾ ਸਕੇਗੀ। ਉਹ ਭੁੱਲ ਗਏ ਕਿ ਗੁਰਿਆਈ ਤਾਂ 'ਦਾਤਿ ਅਲਾਹੀ' ਹੈ। ਇਸ ਦਾ ਯੋਗ, ਸਿੱਧੀ, ਕਰਾਮਾਤ ਨਾਲ ਕੋਈ ਸੰਬੰਧ ਨਹੀਂ। ਜਦ ਲੋਕਾਂ ਫਿਰ ਵੀ ਖਡੂਰ ਵੱਲ ਮੂੰਹ ਨ ਕੀਤਾ ਤਾਂ ਹੁਣ ਖ਼ੁਸ਼ਾਮਦੀਆਂ ਨੇ ਚੁੱਕਿਆ ਕਿ ਇਹ ਗੁਰ ਗੱਦੀ ਉਸ ਦੀ ਹੈ, ਹੋਰ ਕਿਸੇ ਦਾ ਕੀ ਸੰਬੰਧ ਹੈ ਇਸ ਨਾਲ?

ਕੁਝ ਲੱਠਮਾਰਾਂ ਨੂੰ ਨਾਲ ਲੈ ਕੇ ਉਹ ਗੋਇੰਦਵਾਲ ਸਿੱਧਾ ਪੁੱਜਾ, ਜਿਥੇ ਗੁਰੂ ਜੀ ਸ਼ਾਮ ਦੇ ਦੀਵਾਨ ਦੀ ਹਾਜ਼ਰੀ ਭਰ ਰਹੇ ਸਨ। ਸੰਗਤਾਂ ਮਿੱਠੇ-ਮਿੱਠੇ ਬਚਨ ਸੁਣ ਰਹੀਆਂ ਸਨ। ਸਾਰੇ ਪਾਸੇ ਸ਼ਾਂਤੀ ਦਾ ਵਾਤਾਵਰਨ ਛਾਇਆ ਹੋਇਆ ਸੀ। ਦਾਤੂ ਦਾ ਹਿਰਦਾ ਸ਼ਾਂਤ ਹੋਣ ਦੀ ਥਾਂ ਹੋਰ ਭੜਕ ਉਠਿਆ ਜਿਵੇਂ ਅਣਬੁਝੇ ਚੂਨੇ ਦੀ ਕਲੀ 'ਤੇ ਠੰਢਾ ਪਾਣੀ ਪੈਂਦਾ

ਹੈ ਜਾਂ ਜਿਵੇਂ ਜੇਠ ਹਾੜ ਦੀ ਗਰਮੀ ਪਿੱਛੋਂ ਸਾਵਨ ਭਾਦੋਂ ਦੀ ਕਣੀ ਪੈਂਦੀ ਹੈ।

ਘੋੜੇ ਤੋਂ ਲਹਿ ਤਖ਼ਤ ਲਾਗੇ ਜਾ ਪੁੱਜਾ। ਕ੍ਰੋਧ ਵਿਚ ਭਖਦੇ ਨੇ ਜ਼ੋਰ ਦੀ ਲੱਤ ਕੱਢ ਮਾਰੀ ਤੇ ਗੁਰੂ ਜੀ ਤਖ਼ਤ ਤੋਂ ਗਿਰਦਿਆਂ ਮਸਾਂ ਹੀ ਬਚੇ। ਧੀਰਜ ਦੀ ਮੂਰਤ ਗੁਰੂ ਅਮਰ ਦਾਸ ਜੀ ਨੇ ਉਸੇ ਸਮੇਂ ਦਾਤੂ ਜੀ ਦੇ ਪੈਰ ਪਕੜ ਲਏ ਅਤੇ ਕਿਹਾ : ਤੁਸਾਂ ਇਤਨੀ ਕਿਉਂ ਖੇਚਲ ਕੀਤੀ ? ਕਿਧਰੇ ਪੈਰ ਨੂੰ ਚੋਟ ਤਾਂ ਨਹੀਂ ਆਈ। ਮੇਰੇ ਹੱਡ ਇਕ ਤਾਂ ਬੁੱਢੀ ਅਵਸਥਾ ਕਰਕੇ ਕਰੜੇ ਹੋ ਗਏ ਹਨ; ਦੂਜੇ ਸੇਵਾ ਕਰਦਿਆਂ ਹੱਡੀਆਂ ਹੀ ਰਹਿ ਗਈਆਂ ਹਨ। ਸਰੀਰ ਕਠੋਰ ਹੈ, ਤੁਹਾਡੇ ਪੈਰ ਕੂਲੇ ਹਨ।

*'ਇਕ ਤੋ ਸੇਵਾ ਕਰਤਿ ਰਹਯੋ ਹੋ।*
*ਦੁਤੀਏ ਬਯ ਤੇ ਬਿਰਧ ਭਯੋ ਹੋ।'*
*ਯਾ ਤੇ ਅਧਿਕ ਸਰੀਰ ਕਠੋਰਾ।*
*ਤੁਮਰੈ ਚਰਨ ਮ੍ਰਿਦੁਲ ਨਹਿ ਥੋਰਾ।*
*ਲਗੀ ਹੋਗੁ ਕਿਛ ਚੋਟ ਮਹਾਨਾ।*
*ਖਿਮਾ ਕਰੋ ਗੁਰ ਸੁਤ ਬਲਵਾਨਾ।'*[1]

ਬਜਾਇ ਇਸ ਦੇ ਕਿ ਬਚਨ ਉਸ ਨੂੰ ਨਰਮ ਕਰਦੇ ਜਾਂ ਪਛਤਾਵਾ ਪੈਦਾ ਕਰਦੇ, ਉਸੇ ਜ਼ੋਰ ਨਾਲ ਮੰਦ-ਮੱਤੀਆ ਬੋਲਿਆ : ਤੁਸਾਂ ਸੇਵਾ ਦੇ ਛਲ ਨਾਲ ਇਹ ਗੁਰ ਗੱਦੀ ਪ੍ਰਾਪਤ ਕੀਤੀ ਹੈ, ਹੁਣ ਮੈਂ ਬਲ ਨਾਲ ਖੋਹਾਂਗਾ। ਸਾਨੂੰ ਹੁਣ ਸੇਵਾ ਦੀ ਲੋੜ ਨਹੀਂ। ਇਥੋਂ ਡੇਰਾ ਕੂਚ ਕਰੋ :

*"ਅਬ ਸੇਵਾ ਕਛ ਨਹੀਂ ਹਮਾਰੀ।*
*ਉਠ ਗਮਨਹੁ ਤੁਰਨਤਾ ਧਾਰੀ।"*

ਸੰਗਤਿ ਨੇ ਦਾਤੂ ਨੂੰ ਟੋਕਨਾ ਤੇ ਰੋਕਨਾ ਚਾਹਿਆ ਪਰ ਮਹਾਰਾਜ ਨੇ ਹੁਕਮ ਦੇ ਦਿੱਤਾ ਕਿ ਕੋਈ ਹੱਥ ਨ ਉਠਾਵੇ। ਸ਼ਾਮ ਹੋਣ ਵਾਲੀ ਸੀ। ਗੁਰੂ ਜੀ ਚੁਬਾਰੇ ਚਲੇ ਗਏ। *ਇਸ ਹੋਈ ਤਬਦੀਲੀ ਵੱਲ ਜ਼ਰਾ ਕੁ ਧਿਆਨ ਦਿਓ।* ਖਡੂਰ ਵਿਖੇ ਤਪੇ ਨੇ ਗੁਰੂ ਅੰਗਦ ਦੇਵ ਜੀ ਨੂੰ ਮਜਬੂਰ ਕੀਤਾ ਸੀ ਉਹ ਪਿੰਡ ਛੱਡ ਜਾਣ ਤਾਂ ਉਸ ਤਪੇ ਦੀਆਂ ਹੱਡੀਆਂ ਰੋਲ ਦਿੱਤੀਆਂ ਸਨ ਪਰ ਅੱਜ ਦਾਤੂ ਦੀ ਲੱਤ ਹੱਡੀਆਂ ਤੇ ਵੱਜੀ ਤਾਂ ਕਹਿੰਦੇ ਹਨ ਕਿ ਮੇਰੇ ਹੱਡ ਕਰੜੇ ਤੇਰੇ ਪੈਰ ਕੂਲੇ। ਇਹ ਹੀ ਹੈ ਅਜਰ ਨੂੰ ਜਰਨਾ।

ਗੱਦੀ 'ਤੇ ਦਾਤੂ ਬੈਠ ਗਿਆ। ਸੰਗਤਾਂ ਉੱਠ ਕੇ ਚਲੀਆਂ ਗਈਆਂ। ਮੁਖੀ ਸਿੱਖ ਵਿਚਾਰਾਂ ਕਰਨ ਲੱਗੇ। ਦਾਤੂ ਨੇ ਸਾਮਾਨ ਲੁੱਟਣਾ ਸ਼ੁਰੂ ਕਰ ਦਿੱਤਾ ਅਤੇ ਭੇਟਾਵਾਂ ਦੀ ਪੰਡ ਬੰਨ੍ਹ ਲਈ।

ਗੁਰੂ ਜੀ ਅੱਧੀ ਰਾਤ ਨੂੰ ਘੋੜੀ 'ਤੇ ਸਵਾਰ ਹੋਏ ਤੇ ਪਿੰਡ ਬਾਸਰਕੇ ਚਲੇ ਗਏ। ਉਥੇ ਪਿੰਡੋਂ ਬਾਹਰ ਇਕ ਕੋਠੇ ਵਿਚ ਜਾਇ ਕੇ ਅਤੇ ਬਾਹਰ ਦਰਵਾਜ਼ੇ ਦੇ ਇਕ ਫੱਟੇ 'ਤੇ ਲਿਖ ਦਿੱਤਾ ਕਿ ਜੋ ਕੋਈ ਇਸ ਦਰਵਾਜ਼ੇ ਥਾਣੀ ਅੰਦਰ ਆਵੇਗਾ, ਨਾ ਉਹ ਮੇਰਾ

1. ਸੂਰਜ ਪ੍ਰਕਾਸ਼ ਗਰੰਥਾਵਲੀ ਜਿਲਦ ਪੰਜਵੀਂ, ਪੰਨਾ ੧੪੬੨

ਸਿੱਖ ਹੈ, ਨਾ ਮੈਂ ਉਸ ਦਾ ਗੁਰੂ ਹਾਂ।

ਗੋਇੰਦਵਾਲ ਜਦ ਸੁਬਹ ਸਵੇਰੇ ਸੰਗਤਾਂ ਨੂੰ ਗੁਰੂ ਅਮਰ ਦਾਸ ਜੀ ਦੇ ਦਰਸ਼ਨ ਨ ਹੋਏ ਤਾਂ ਵਿਆਕੁਲ ਹੋ ਗਈਆਂ। ਦਾਤੂ ਨੂੰ ਸਭ ਬੁਰਾ ਬੁਰਾ ਕਹਿਣ ਲੱਗੇ। ਦਾਤੂ ਨੇ ਇਕੱਠਾ ਕੀਤਾ, ਮਾਲ ਮੱਤਾਅ ਚੁੱਕਿਆ ਤੇ ਖਡੂਰ ਭੱਜ ਗਿਆ। ਲੁਟੇਰਿਆਂ ਨੂੰ ਪਤਾ ਲੱਗਾ ਕਿ ਦਾਤੂ ਚੋਖੇ ਮਾਲ ਨਾਲ ਵਾਪਸ ਆ ਰਿਹਾ ਹੈ ਤਾਂ ਉਨ੍ਹਾਂ ਰਾਹ ਵਿਚ ਘੇਰ ਕੇ ਮਾਲ ਲੁੱਟ ਲਿਆ ਤੇ ਉਸੇ ਹੀ ਪੈਰ 'ਤੇ ਜਿਸ ਨਾਲ ਬੇ-ਅਦਬੀ ਕੀਤੀ ਸੀ, ਐਸੀ ਡਾਂਗ ਮਾਰੀ ਕਿ ਪੈਰ ਸੁੱਜ ਕੇ ਭੜੋਲਾ ਹੋ ਗਿਆ। ਚੀਕੇ ਤੇ ਚਿੱਲਾਏ।

ਬਾਬਾ ਬੁੱਢਾ ਜੀ ਵੱਲ ਭਾਈ ਪਾਰੋ ਜੀ ਨੂੰ ਬਲੂ ਜੀ ਨੇ ਭੇਜਿਆ ਕਿ ਉਨ੍ਹਾਂ ਨੂੰ ਬੁਲਾਓ ਤਾਂ ਕਿ ਸੰਗਤ ਵਿਛੁੜੀ ਨੂੰ ਗੁਰੂ ਮਿਲਾਪ ਹੋਏ। ਗੁਰੂ ਨਾਨਕ ਜੀ ਬਾਬਾ ਬੁੱਢਾ ਜੀ ਨੂੰ ਵਰ ਦੇ ਗਏ ਸਨ ਕਿ ਕਦੇ 'ਤੁਸਾਂ ਤੋਂ ਓਹਲੇ ਨ ਹੋਸਾਂ।'

ਬਾਬਾ ਬੁੱਢਾ ਜੀ ਨੇ ਆਉਂਦਿਆਂ ਹੀ ਪੁੱਛਿਆ ਕਿ ਘੋੜੀ ਕਿੱਥੇ ਹੈ? ਘੋੜੀ ਜਦ ਲਿਆਂਦੀ ਗਈ ਤਾਂ ਉਨ੍ਹਾਂ ਕਿਹਾ ਕਿ ਭਟਕਣ ਦੀ ਲੋੜ ਨਹੀਂ, ਘੋੜੀ ਪਿੱਛੇ ਲੱਗ ਟੁਰੋ। ਇਹ ਆਪੇ ਆਪਣੇ ਮਾਲਕ ਪਾਸ ਲੈ ਜਾਏਗੀ। ਸੰਗਤਾਂ ਕੀਰਤਨ ਕਰਦੀਆਂ ਘੋੜੀ ਪਿੱਛੇ ਲੱਗ ਟੁਰੀਆਂ।

ਦੂਜੇ ਦਿਨ ਘੋੜੀ ਬਾਸਰਕੇ ਦੇ ਬਾਹਰ ਕੋਠੇ ਪਾਸ ਜਾ ਕੇ ਰੁਕੀ। ਦਰਵਾਜ਼ਾ ਬੰਦ। ਉੱਤੇ ਲਿਖਿਆ ਸੀ : 'ਜੋ ਇਸ ਦਰਵਾਜ਼ੇ ਰਾਹੀਂ ਅੰਦਰ ਆਉਣ ਦੀ ਕੋਸ਼ਿਸ਼ ਕਰੇਗਾ, ਉਹ ਨਾ ਮੇਰਾ ਸਿੱਖ ਹੈ ਤੇ ਨਾ ਅਸੀਂ ਉਸ ਦੇ ਗੁਰੂ।'

*ਇਸ ਦਰ ਜੋ ਨਰ ਕਰਹਿ ਉਪਾਰੇ।*
*ਤਿਸ ਕੇ ਗੁਰ, ਨਹਿ ਸਿਖ ਹਮਾਰੇ।*[1]

ਸੰਗਤ ਪਰੇਸ਼ਾਨ, ਪਰ ਬਾਬਾ ਬੁੱਢਾ ਜੀ ਨੇ ਕਿਹਾ ਕਿ ਨਿੰਮੋਝੂਣੇ ਹੋਣ ਦੀ ਲੋੜ ਨਹੀਂ। ਪਿੱਛੇ ਵਲੋਂ ਸੰਨ੍ਹ ਲਗਾ ਕੇ ਅੰਦਰ ਜਾਂਦੇ ਹਾਂ। ਬਾਬਾ ਬੁੱਢਾ ਜੀ ਨੇ ਪਾੜ ਪਾਇਆ ਤੇ ਅੰਦਰ ਗਏ। ਅੰਦਰ ਗੁਰੂ ਜੀ ਸਮਾਧੀ ਸਥਿਤ ਸਨ। ਆਗਿਆ ਲੈ ਕੇ ਮੱਥਾ ਟੇਕਿਆ ਅਤੇ ਦਰਵਾਜ਼ਾ ਖੋਲ੍ਹਣ ਦੀ ਆਗਿਆ ਲਈ। ਗੁਰੂ ਜੀ ਨੇ ਪੁੱਛਿਆ ਕਿ ਤੁਸਾਂ ਹੁਕਮ ਕਿਉਂ ਟਾਲਿਆ ਹੈ ਤਾਂ ਬਾਬਾ ਬੁੱਢਾ ਜੀ ਨੇ ਕਿਹਾ : ਬਖਸ਼ਿੰਦ ਪਾਤਸ਼ਾਹ! ਅਸਾਂ ਕੋਈ ਹੁਕਮ ਦੀ ਉਲੰਘਣਾ ਨਹੀਂ ਕੀਤੀ। ਤੁਸਾਂ ਸਾਹਮਣਿਉਂ ਦਰ ਰਾਹੀਂ ਆਉਣ ਦੀ ਮਨਾਹੀ ਕੀਤੀ ਹੈ, ਅਸਾਂ ਪਿੱਛਾ ਫੋੜਿਆ ਤੇ ਆਪ ਜੀ ਨੂੰ ਲੱਭਾ ਹੈ :

*"ਹਮ ਨਹਿ ਆਇਸ ਵਾਰੀ।*
*ਤਜ ਦਰਿ, ਫੋਰਯੋ ਦਾਰ ਪਛਾਰੀ।"*

ਅਸਲ ਵਿਚ ਗੁਰੂ ਜੀ ਨੇ ਰਮਜ਼ ਪਾਈ ਸੀ ਅਤੇ ਬਾਬਾ ਬੁੱਢਾ ਜੀ ਰਾਹੀਂ ਖੋਲ੍ਹ ਦਿਖਾਈ। ਜੋ ਪਰਗਟ ਨੌਂ ਦਰਵਾਜ਼ਿਆਂ ਰਾਹੀਂ ਗੁਰੂ ਦੀਦਾਰ ਕਰਨ ਦੀ ਕੋਸ਼ਿਸ਼ ਕਰੇਗਾ ਉਸ ਨੂੰ ਗੁਰੂ ਦਰਸ਼ਨ ਨਹੀਂ ਹੋਣ ਲੱਗਾ। ਗੁਰੂ ਤਾਂ ਮਿਲੇਗਾ ਜੇ ਪਿੱਛੋਂ ਦਾ ਦਰ ਫੋੜੇਗਾ,

---

1. ਰਾਸ ਪਹਿਲੀ, ਅੰਸ ੩੫

ਜੋ ਗੁਪਤ ਰੱਖਿਆ ਹੈ। ਦਸਵੇਂ ਦਵਾਰ ਨੂੰ ਫੋੜ ਹੀ ਗੁਰੂ ਦਾ ਦਰ ਮਿਲਦਾ ਹੈ।

ਸ਼ਾਇਦ ਇਸੇ ਲਈ ਗੁਰੂ ਅਮਰ ਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ 'ਤੁਮ ਬਹੁ ਧੰਨ' ਕਿਹਾ ਅਤੇ ਫ਼ਰਮਾਇਆ ਕਿ ਬਾਬਾ ਜੀ ਸਿੱਖੀ ਦੀ ਹੱਦ ਹਨ, ਉਨ੍ਹਾਂ ਦੀ ਕਰਨੀ ਅਪਣਾਇਆਂ ਸਭ ਬਿਘਨ ਦੂਰ ਹੋਣਗੇ :

*"ਸਿਖੀ ਅਵਧਿ ਨ ਇਸ ਤੇ ਪਰੈ।*
*ਨਾਮ ਲਏ ਗਨ ਬਿਘਨ ਸੁ ਹਰੈ।"*

ਜਦ ਮੁੜ ਗੋਇੰਦਵਾਲ ਮੁੜਨ ਦੀ ਬੇਨਤੀ ਕੀਤੀ ਤਾਂ ਮਹਾਰਾਜ ਨੇ ਕਿਹਾ ਕਿ ਈਰਖਾ ਬਖੀਲੀ ਵਿਚੋਂ ਉਨ੍ਹਾਂ ਕੀ ਲੈਣਾ ਹੈ, ਦਾਤੂ ਨੂੰ ਰਾਜ ਕਮਾਣ ਦਿਓ। ਸੰਗਤ ਨੇ ਬੇਨਤੀ ਕੀਤੀ ਕਿ ਦਾਤੂ ਨੇ ਆਪਣਾ ਕੀਤਾ ਪਾ ਲਿਆ ਹੈ। ਜਗਤ ਵਿਚ ਈਰਖਾ ਰੂਪੀ ਅੱਗ ਬਲ ਰਹੀ ਹੈ ਅਤੇ ਧੀਰਜ ਗਿਆਨ ਧਿਆਨ ਸਗੋਂ ਉਸ ਅੱਗ ਵਿਚ ਸੜ ਰਹੇ ਹਨ। ਤੁਸੀਂ ਹੀ ਬਚਾ ਸਕਦੇ ਹੋ :

*'ਸਭਿ ਸੰਗਤਿ ਕੀ ਸੁਨਿ ਕਰ ਬਿਨਤੀ।*
*ਗਾਦੀ ਪਰ ਬੈਠੇ ਤਜਿ ਗਿਨਤੀ।'*

ਬਾਬਾ ਬੁੱਢਾ ਜੀ ਨੇ ਆਪੂੰ ਉਸੇ ਘੋੜੀ 'ਤੇ ਬਿਠਾਲਿਆ ਜਿਸ ਨੇ ਗੁਰੂ ਜੀ ਦੀ ਸੁੱਧ ਦਿੱਤੀ ਸੀ। ਗੋਇੰਦਵਾਲ ਪੁਜਣ 'ਤੇ ਭਾਰੀ ਪੁਰਬ ਕੀਤਾ ਗਿਆ ਤੇ ਸਾਰੇ ਨਗਰ ਦੀਪ ਮਾਲਾ ਕੀਤੀ ਗਈ। 'ਦੀਪ ਮਾਲਾ ਸਗਰੇਪੁਰ' ਹੋਈ।

ਉੱਧਰ ਪੈਰ ਦੀ ਪੀੜ ਦਾਤੂ ਜੀ ਦੀ ਇਤਨੀ ਵਧੀ ਕਿ ਉੱਛਲ ਉੱਛਲ ਮੰਜੇ ਤੋਂ ਪਵੇ। ਫਿਰ ਪਹਿਲੇ ਵਾਂਗ ਹੀ ਮਾਤਾ ਖੀਵੀ ਜੀ ਦਾਤੂ ਜੀ ਨੂੰ ਨਾਲ ਲੈ ਕੇ ਗੋਇੰਦਵਾਲ ਆਏ। ਖਿਮਾ ਦਿਲਵਾਈ। ਮਹਾਰਾਜ ਨੇ ਆਪਣੀ ਹੱਥੀਂ ਪਰਸ਼ਾਦ ਦਾਤੂ ਨੂੰ ਦਿੱਤਾ ਤੇ ਉਸ ਦੀ ਪੀੜ ਹਰੀ। 'ਗੁਰ ਪ੍ਰਸ਼ਾਦ ਦਯੋ ਨਿਜ ਕਰ ਤੈਂ।' ਸਾਰਾ ਸਾਲ ਹੀ ਖੇਚਲਾਂ ਪੈਂਦੀਆਂ ਰਹੀਆਂ ਪਰ ਗੁਰੂ ਜੀ ਦੇ ਧੀਰਜ ਤੇ ਸਹਜ ਅੱਗੇ ਕੋਈ ਟਿਕ ਨ ਸਕੀ।

**ਬੀਬੀ ਭਾਨੀ ਦਾ ਵਿਆਹ**—ਇਸੇ ਸਾਲ ਦਸੰਬਰ, ੧੫੫੨ ਨੂੰ ਬੀਬੀ ਭਾਨੀ ਦੀ ਸ਼ਾਦੀ ਗੁਰੂ ਰਾਮ ਦਾਸ ਜੀ ਨਾਲ ਹੋਈ। ਸਾਖੀ ਇਸ ਤਰ੍ਹਾਂ ਆਉਂਦੀ ਹੈ ਕਿ ਬੀਬੀ ਮਨਸਾ ਦੇਵੀ ਜੀ, ਗੁਰੂ ਪਤੀ, ਤੀਜੇ ਪਾਤਸ਼ਾਹ ਨੂੰ ਕਹਿਣ ਲੱਗੇ ਕਿ ਭਾਨੀ ਹੁਣ ਵੱਡੀ ਹੋ ਗਈ ਹੈ, ਇਸ ਦਾ ਆਹਰ ਕਰੋ। ਮਹਾਰਾਜ ਨੇ ਪੁੱਛਿਆ ਕਿ ਲੜਕਾ ਕੈਸਾ ਹੋਵੇ ਤਾਂ ਸੁਭਾਵਕ ਹੀ ਮਾਤਾ ਜੀ ਨੇ ਕਿਹਾ : ਉਸ ਜਿਹਾ ਜੋ ਸਦਾ ਸੇਵਾ ਵਿਚ ਜੁਟਿਆ ਰਹਿੰਦਾ ਹੈ।' ਮਹਾਰਾਜ ਨੇ ਕਿਹਾ : "ਉਸ ਵਰਗਾ ਤਾਂ ਉਹ ਹੀ ਹੈ।" ਇਹ ਬਚਨ ਕੋਈ ਅਚਨਚੇਤ ਜਾਂ ਸੁਭਾਵਕ ਨਹੀਂ ਸਨ। ਕਈ ਸਾਲਾਂ ਤੋਂ ਗੁਰੂ ਅਮਰ ਦਾਸ ਜੀ ਪਿੰਡ ਬਾਸਰਕੇ ਵਿਖੇ ਵੀ (ਗੁਰੂ) ਰਾਮ ਦਾਸ ਜੀ ਦਾ ਸੁਭਾਅ, ਕਰਮ ਦੇਖ ਰਹੇ ਸਨ। ਭਾਈ ਜੇਠਾ ਜੀ ਖੁਲ੍ਹੇ ਦਿਲ ਵਾਲੇ ਤੇ ਸਖੀ ਸਨ। ਇਥੇ ਵੀ ਜਦ ਦਾ ਗੋਇੰਦਵਾਲ ਉਸਰਨਾ ਸ਼ੁਰੂ ਹੋਇਆ ਸੀ, ਦਿਨ ਰਾਤ ਸੇਵਾ ਵਿਚ ਲੱਗੇ ਰਹਿੰਦੇ ਸਨ। ਭਾਈ ਗੁਰਦਾਸ ਜੀ ਦੀ ਇਹ ਤੁਕ, 'ਜਿਨ ਸਿਰਿਆ ਤਿਨੈ ਸਵਾਰਿਆ' ਖ਼ਾਸ ਧਿਆਨ ਮੰਗਦੀ ਹੈ। ਭਾਈ

ਗੁਰਦਾਸ ਜੀ ਦੇ ਕਹਿਣ ਦਾ ਇਹ ਭਾਵ ਸੀ ਕਿ ਗੁਰੂ ਅਮਰ ਦਾਸ ਜੀ ਨੇ ਆਪ ਹੀ (ਗੁਰੂ) ਰਾਮਦਾਸ ਜੀ ਨੂੰ ਸੇਵਾ ਵੱਲ ਲਗਾਇਆ, ਆਪ ਹੀ ਰਹਿਮਤ ਕੀਤੀ ਤੇ ਫਿਰ ਆਪ ਹੀ ਸਵਾਰ ਬਣਾ ਗੁਰੂ ਜ਼ਿੰਮੇਵਾਰੀ ਬਖ਼ਸ਼ੀ। ਇਥੇ ਇਕ ਉਦਾਹਰਨ ਹੀ ਕਾਫ਼ੀ ਹੋਵੇਗੀ, ਭਾਈ ਜੇਠਾ ਜੀ ਦੀ ਸੇਵਾ ਦੀ।

ਇਕ ਦਿਨ ਗੁਰੂ ਅਮਰ ਦਾਸ ਜੀ ਭਾਈ ਬਲੂ ਜੀ ਨੂੰ ਕਹਿੰਦੇ ਹਨ ਕਿਤਨੇ ਹੀ ਦਿਨ ਹੋ ਗਏ ਹਨ, (ਗੁਰੂ) ਰਾਮਦਾਸ ਦੇਖਿਆ ਨਹੀਂ। ਕਿਧਰੇ ਦੁਰਾਡੇ ਤਾਂ ਨਹੀਂ ਚਲੇ ਗਏ।

*'ਰਾਮਦਾਸ ਕੋ ਚਿਰ ਬਹੁ ਹੋਵਾ।*
*ਕਹਾਂ ਗਯੋ ਹਮ ਨਿਕਟ ਨ ਹੋਵਾ।'*

ਭਾਈ ਬਲੂ ਜੀ ਨੇ ਦੱਸਿਆ : ਸੱਚੇ ਪਾਤਸ਼ਾਹ, ਇਹ ਗੱਲ ਨਹੀਂ ਹੈ। ਉਹ ਕਿਧਰੇ ਦੂਰ ਨਹੀਂ ਚਲੇ ਗਏ। ਸਵੇਰ ਤੋਂ ਰਾਤ ਤਕ ਸੰਗਤਾਂ ਦੀ ਸੇਵਾ ਵਿਚ ਜੁਟੇ ਰਹਿੰਦੇ ਹਨ। ਠੰਢਾ ਜਲ ਭਰ-ਭਰ ਲਿਆਂਦੇ ਹਨ। ਜਿਥੇ ਕਿਤੇ ਵੀ ਦੂਰ ਪਰ੍ਹਾਂ ਸੰਗਤਾਂ ਬੈਠੀਆਂ ਆਰਾਮ ਕਰਦੀਆਂ ਹੁੰਦੀਆਂ ਹਨ, ਜਲ ਜਾ ਕੇ ਪਿਲਾਉਂਦੇ ਹਨ। ਲੰਗਰ ਲਈ ਨਾਲ ਲੈ ਕੇ ਆਂਦੇ ਹਨ। ਫਿਰ ਪੱਖਾ ਫੇਰਦੇ ਹਨ। ਰਾਤੀ ਲੰਗਰ ਦੇ ਬਰਤਨ ਸਾਫ਼ ਕਰਕੇ ਦੋ ਕੁ ਘੜੀਆਂ ਆਰਾਮ ਕਰਦੇ ਹਨ।

*"ਸੰਗਤਿ ਕੀ ਬਹੁ ਸੇਵ ਕਮਾਵਹਿ।*
*ਸੀਤਲ ਜਲ ਕੋ ਭਰਿ ਲਿਆਵੈ।*
*ਬੂਝ ਬੂਝ ਸੰਗਤਿ ਕੋ ਪਯਾਵੈ।*

ਹੋਰ ਕੋਈ ਗੱਲ ਨਹੀਂ, ਸਿਰਫ਼ ਇਹ ਕਾਰਨ ਹੈ। ਸੇਵਾ ਤੋਂ ਹੀ ਸਮਾਂ ਨਹੀਂ ਮਿਲਦਾ।

*'ਯਾ ਤੇ ਨਹਿ ਆਵਨ ਤਿਸ ਕੇਰਾ।*
*ਰਹਯੋ ਰੁਕਿਯੋ ਜਹਿ ਕਾਜ ਬਡੇਰਾ।'*

ਮੈਕਾਲਫ਼ ਨੇ ਵੀ ਲਿਖਿਆ ਹੈ ਕਿ ਪਹਿਲੀ ਮਿਲਣੀ ਵਿਚ ਹੀ ਖਿੱਚ ਪੈ ਗਈ ਸੀ। ਮਹਾਰਾਜ ਨੇ ਕੋਲ ਬੁਲਾ ਕੇ ਪੁੱਛਿਆ ਸੀ ਕਿ ਬਾਸਰਕੇ ਛੱਡ ਇਥੇ ਕਿਉਂ ਆਏ ਹੋ ?(ਗੁਰੂ) ਰਾਮ ਦਾਸ ਜੀ ਨੇ ਕਿਹਾ ਸੀ : ਸੰਸਾਰਕ ਲੋੜਾਂ ਤੇ ਸਰੀਰਕ ਖ਼ਾਹਿਸ਼ ਤਜ ਕੇ ਆਪ ਦੇ ਚਰਨੀਂ ਲੱਗਾ ਹਾਂ ਉਸੇ ਸਮੇਂ ਹੀ ਤੀਜੇ ਪਾਤਸ਼ਾਹ ਬਚਨ ਕਰ ਦਿੱਤੇ ਸਨ ਕਿ ਜੇ ਸੰਸਾਰਕ ਇੱਛਾਵਾਂ ਤਜ ਕੇ ਆਏ ਹੋ ਤਾਂ ਸੱਚੀ ਪਾਤਸ਼ਾਹੀ ਵੀ ਤੁਹਾਨੂੰ ਹੀ ਮਿਲੇਗੀ।'

ਬੀਬੀ ਭਾਨੀ ਜੀ ਵੀ ਰਜ਼ਾ ਦੀ ਮੂਰਤ ਸਨ। ਸਦਾ ਗੁਰ ਆਗਿਆ ਵਿਚ ਰਹਿੰਦੇ। ਇਥੋਂ ਤਕ ਕਿ ਜੇ ਪੀਂਘ ਵੀ ਝੂਟਨ ਜਾਂਦੇ ਤਾਂ ਆਗਿਆ ਲੈ ਕੇ ਜਾਂਦੇ। ਸਦਾ ਇਹ ਤੁਕ ਬੋਲਦੇ ਰਹਿੰਦੇ : 'ਗੁਰ ਕੈ ਭਾਣੈ ਜੋ ਚਲੈ ਤਾਂ ਜੀਵਨ ਪਦਵੀ ਪਾਹਿ।' ਸ਼ਾਇਦ ਇਸੇ ਲਈ ਮੋਹਿਨੀ ਤੋਂ ਨਾਂ ਵੀ ਬੀਬੀ ਭਾਨੀ ਪੈ ਗਿਆ। ਸਹੇਲੀਆਂ ਨੂੰ ਵੀ ਬਾਣੀ ਸੁਣਾਂਦੇ ਰਹਿੰਦੇ। 'ਮੌਤ ਸਿਰ ਤੇ ਖੜ੍ਹੀ ਹੈ, ਬਹੁਤਾ ਸਮਾਂ ਖੇਡਾਂ ਵਿਚ ਬਰਬਾਦ ਨਹੀਂ ਕਰਨਾ

ਚਾਹੀਦਾ।' ਇਹੋ ਜਿਹੀਆਂ ਸਿੱਖਿਆ-ਭਰਪੂਰ ਗੱਲਾਂ ਕਰਦੇ। ਆਪ ਜੀ ਬਹੁਤ ਸਾਦਾ ਰਹਿੰਦੇ। ਕਿਸੇ ਸਿੱਖ ਨੇ ਬੀਬੀ ਜੀ ਨੂੰ ਉਚੇਚੇ ਰੇਸ਼ਮੀ ਕੱਪੜੇ ਤੇ ਗਹਿਣੇ ਬਣਵਾ ਕੇ ਦਿੱਤੇ। ਆਪ ਜੀ ਨੇ ਸਭ ਲੰਗਰ ਵਿਚ ਪਾ ਦਿੱਤੇ ਅਤੇ ਕੱਪੜੇ ਲੋੜਵੰਦਾਂ ਨੂੰ ਪਹਿਨਾ ਦਿੱਤੇ। ਉਸ ਸਮੇਂ ਇਹ ਸਲੋਕ ਪੜ੍ਹਿਆ : 'ਕੂੜ ਸੁਇਨਾ, ਕੂੜ ਰੁਪਾ, ਕੂੜ ਪੈਨ੍ਣਹਾਰੁ।'

ਪਿਤਾ ਜੀ ਦੀ ਸੇਵਾ ਪਿਤਾ ਜਾਣ ਨਹੀਂ, ਗੁਰੂ ਜਾਣ ਕੀਤੀ। ਮਹਿਮਾ ਪ੍ਰਕਾਸ਼ ਦੇ ਸ਼ਬਦ ਬੀਬੀ ਜੀ ਦੇ ਨਿਤ ਕਰਮ ਬਾਰੇ ਬੜੇ ਰੌਚਕ ਹਨ :

*"ਜਬ ਪਹਰ ਰਾਤ ਰਹੈ ਅੰਮ੍ਰਿਤ ਵੇਲਾ।*
*ਗੁਰ ਕਰੈ ਇਸ਼ਨਾਨ ਭਗਤ ਸੁਖ ਕੇਲਾ।*
*ਤਿਸੀ ਸਮੈ ਬੀਬੀ ਜੀ ਦਰਸ਼ਨ ਕਰੈ।*
*ਗੁਰ ਕੀ ਭਗਤ ਸਤ ਹਿਰਦੈ ਧਰੈ।"*[1]

ਬੀਬੀ ਭਾਨੀ ਅਤੇ ਭਾਈ ਜੇਠਾ ਜੀ ਦੀ ਇਕ ਐਸੀ ਅਨੂਪਮ ਜੋੜੀ ਬਣੀ ਜਿਸ ਇਤਿਹਾਸ ਦੀ ਧਾਰਾ ਹੀ ਬਦਲ ਦਿੱਤੀ। ਨਿਰੋਲ ਇਕ ਬੀਬੀ ਭਾਨੀ ਜੀ ਐਸੇ ਹਨ ਜੋ ਗੁਰੂ-ਪੁੱਤਰੀ ਵੀ ਹਨ, ਗੁਰੂ-ਪਤਨੀ ਵੀ ਅਤੇ ਗੁਰੂ-ਜਨਣੀ ਵੀ।[2]

● ● ●

1. ਮਹਿਮਾ ਪ੍ਰਕਾਸ਼
2. ਸਾਖੀ ੨੯, ਪਾਤਸ਼ਾਹੀ ਤੀਜੀ

## ੫

# "ਸਭ ਲੋਕ ਉਧਰਣ ਅਰਥਾ"

ਪੁਰਬੁ ਅਭੀਚੁ—੨੮ ਨਛੱਤਰਾਂ ਵਿਚੋਂ ਇਕ ਨਛੱਤਰ ਅਭਿਜਿਤ ਹੈ, ਜਿਸ ਨੂੰ ਆਮ ਸੌਖੀ ਪ੍ਰਚਲਤ ਬੋਲੀ ਵਿਚ ਅਭੀਚ ਕਿਹਾ ਜਾਂਦਾ ਹੈ।

ਨਛੱਤਰ ਤੋਂ ਮੁਰਾਦ ਵਿਸ਼ੇਸ਼ ਰੂਪ ਨਾਲ ਉਨ੍ਹਾਂ ਤਾਰਿਆਂ ਦਾ ਇਕੱਠ ਹੈ ਜਿਹੜੇ ਧਰਤੀ ਦੀ ਪਰਕਰਮਾ ਕਰਦੇ ਚੰਦਰਮਾ ਦੇ ਰਾਹ ਵਿਚ ਆਉਂਦੇ ਹਨ। 'ਅਭਿਜਿਤ' ਬਾਈਵਾਂ ਨਛੱਤਰ ਹੈ। ਟੀਕਾਕਾਰਾਂ ਨੇ ਅਭੀਚ ਦਾ ਅਰਥ ਅਭਿਜਿਤ ਨਛੱਤਰ ਹੀ ਕੀਤਾ ਹੈ। 'ਨਾਵਣੁ ਪੁਰਬੁ ਅਭੀਚੁ' ਤੁਕ ਦੇ ਤਿੰਨੇ ਲਫ਼ਜ਼ਾਂ ਹੇਠ ਔਂਕੜ ( ੁ ) ਹੈ। ਇਸ ਦਾ ਭਾਵ ਹੈ :

*'ਅਭਿਜਿਤ ਗ੍ਰਹਿਣ ਦਾ ਇਸ਼ਨਾਨ'।*

ਮਹਾਭਾਰਤ ਵਨ ਪਰਵ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਸੂਰਜ ਗ੍ਰਹਿਣ ਦੇ ਸਮੇਂ ਨੇਹਤ (ਜੋ ਕੁਰਛੇਤਰ ਵਿਚ ਹੈ) ਤੀਰਥ ਵਿਚ ਇਸ਼ਨਾਨ ਕਰਨ ਤੇ ਇਕ ਹਜ਼ਾਰ ਅਸ਼ਵਮੇਧ ਯੱਗ ਦਾ ਫਲ ਪ੍ਰਾਪਤ ਹੁੰਦਾ ਹੈ। ਸਾਰੇ ਪਾਪ ਵੀ ਧੋਤੇ ਜਾਂਦੇ ਹਨ।

ਜੋਤਿਸ਼ ਅਨੁਸਾਰ ਉੱਤਰਾਖਾੜਾ ਨਛੱਤਰ ਦੇ ਪਿਛਲੇ ਹਿੱਸੇ ਅਤੇ ਸਰਵਣ ਨਛੱਤਰ ਦੀਆਂ ਪਹਿਲੀਆਂ ਚਾਰ ਕਲਾਂ ਦੇ ਮੇਲ ਵਿਚ ਇਕ ਐਸਾ ਸਮਾਂ ਆਉਂਦਾ ਹੈ, ਉਸ ਲਗਨ ਨੂੰ ਅਭੀਚ ਕਹਿੰਦੇ ਹਨ। ਐਸਾ ਸੂਰਜ ਗ੍ਰਹਿਣ ਤੇ ਹੁੰਦਾ ਹੈ।

ਉਂਜ 'ਅਭਿਜਿਤ' ਦਾ ਅਰਥ ਹੈ 'ਸਾਹਮਣੇ ਹੋ ਕੇ ਵੈਰੀ ਨੂੰ ਜਿੱਤ ਲੈਣਾ'। ਇਸ਼ਨਾਨ ਵੀ ਇਸੇ ਲਈ ਕਰਨ ਜਾਂਦੇ ਹਨ ਤੇ ਯਗ ਵੀ ਤਾਂ ਹੀ ਕਰਾਏ ਜਾਂਦੇ ਸਨ ਕਿ ਵੈਰੀਆਂ 'ਤੇ ਜਿੱਤ ਪ੍ਰਾਪਤ ਹੋਵੇ, ਇਸ ਦਾ ਮਹਾਤਮ ਬਹੁਤ ਗਿਣਿਆ ਜਾਂਦਾ ਹੈ।

ਗੁਰੂ ਅਮਰ ਦਾਸ ਜੀ ਹੁਣ ਸਿਰਫ਼ ਇਸ ਲਈ ਕੁਰੂਖੇਤਰ 'ਅਭੀਚੁ' ਮੇਲੇ 'ਤੇ ਗਏ ਕਿ ਲੋਕਾਂ ਨੂੰ ਸਮਝਾਇਆ ਜਾਏ ਕਿ ਮਨੁੱਖ ਦਾ ਸਭ ਤੋਂ ਵੱਡਾ ਵੈਰੀ ਤਾਂ ਆਪਣਾ ਵਿਗੜਿਆ ਹੋਇਆ ਮਨ ਹੈ। ਇਹ ਮਨ ਜਿੱਤਿਆ ਜਾ ਸਕਦਾ ਹੈ ਜੇ ਗੁਰੂ ਦੀ ਸ਼ਰਨ ਤੱਕੀ ਜਾਵੇ।

ਗੁਰੂ ਦਾ ਦੀਦਾਰ ਹੀ ਸਭ ਤੋਂ ਸ੍ਰੇਸ਼ਟ ਅਭੀਚ ਪੁਰਬ ਹੈ। (ਗੁਰੂ) ਰਾਮ ਦਾਸ ਜੀ,

ਜੋ ਗੁਰੂ ਅਮਰ ਦਾਸ ਜੀ ਦੀ ਇਸ ਫੇਰੀ ਵੇਲੇ ਨਾਲ ਸਨ, ਨੇ ਪਿੱਛੋਂ ਤੁਖਾਰੀ ਰਾਗ ਦੇ ਛੰਦ ਵਿਚ ਸਪੱਸ਼ਟ ਕਰ ਲਿਖਿਆ ਕਿ ਗੁਰੂ ਜੀ ਨੇ ਤੀਰਥਾਂ 'ਤੇ ਜਾਣ ਦਾ ਉੱਦਮ ਸਿਰਫ਼ ਲੋਕਾਂ ਦੇ ਉੱਧਾਰ ਲਈ ਕੀਤਾ।

'ਤੀਰਥ ਉਦਮੁ ਸਤਿਗੁਰ ਕੀਆ ਸਭ ਲੋਕ ਉਧਰਣ ਅਰਥਾ'। ਗੁਰੂ ਅਮਰ ਦਾਸ ਜੀ ਪਹਿਲਾਂ ਗੰਗਾ ਜਾਂਦੇ ਰਹੇ ਸਨ ਪਰ ਉਸ ਵੇਲੇ ਅੰਦਰ ਭਟਕਣਾ ਸੀ। ਗੁਰੂ ਮਿਲਾਪ ਹੋਣ ਪਿੱਛੋਂ ਇਸ ਕਰਮ ਦੀ ਵਿਅਰਥਤਾ ਜਾਣ ਗਏ ਤੇ ਹੁਣ ਆਪਣੇ ਤਜਰਬੇ ਦੀ ਸਾਂਝ ਕਰਾਉਣ ਲਈ ਹੀ ਤੀਰਥਾਂ 'ਤੇ ਗਏ।

ਛੰਦ ਦੇ ਆਰੰਭ ਵਿਚ ਹੀ ਗੁਰੂ ਰਾਮ ਦਾਸ ਜੀ ਨੇ ਲਿਖ ਦਿੱਤਾ ਕਿ ਜਿਸ ਮਨੁੱਖ ਨੂੰ ਗੁਰੂ ਸਤਿਗੁਰੂ ਦਾ ਦਰਸ਼ਨ ਹੋ ਗਿਆ, ਉਸ ਦਾ ਮਾਨੋ ਤੀਰਥ ਇਸ਼ਨਾਨ ਹੋ ਗਿਆ। ਇਹ ਹੀ ਉਸ ਦਾ ਪੁਰਬ ਅਭੀਚੁ ਹੈ। ਵੈਰੀ ਨੱਸ ਗਏ। ਖੋਟੀ ਮੱਤ ਦੀ ਮੈਲ ਕੱਟੀ ਗਈ। ਆਤਮਕ ਹਨੇਰਾ ਦੂਰ ਹੋ ਗਿਆ :

*"ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ।*
*ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ।"*

ਗੁਰੂ ਅਮਰ ਦਾਸ ਜੀ ਦੇ ਕੁਰੂਖੇਤਰ, ਪੁਰਬੁ ਅਭੀਚੁ 'ਤੇ ਪੁੱਜਣ ਨਾਲ ਹੀ ਪਵਿੱਤਰ ਦਿਹਾੜਾ ਬਣ ਗਿਆ :

*ਹਰਿ ਆਪਿ ਕਰਤੈ ਪੁਰਬੁ ਕੀਆ,*
*ਸਤਿਗੁਰੂ ਕੁਲਖੇਤਿ ਨਾਵਣਿ ਗਇਆ।*

ਸੋ ਇਹ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਗੁਰੂ ਜੀ ਗੰਗਾ ਜਾਂ ਤੀਰਥਾਂ 'ਤੇ ਹੁਣ ਇਸ਼ਨਾਨ ਲਈ ਜਾਂ ਕਿਸੇ ਜਾਤੀ ਨੂੰ ਖ਼ੁਸ਼ ਕਰਨ ਲਈ ਗਏ ਜਾਂ ਕਿਸੇ (ਅਕਬਰ) ਦੇ ਕਹਿਣ 'ਤੇ ਗਏ।

ਇਹ ਵਿਚਾਰ ਮੈਕਾਲਫ਼, ਭਾਈ ਸੰਤੋਖ ਸਿੰਘ ਤੇ ਹੋਰ ਇਤਿਹਾਸਕਾਰਾਂ ਅਤੇ ਲਿਖਾਰੀਆਂ ਨੇ ਦਿੱਤਾ ਹੈ ਕਿ ਅਕਬਰ ਨੇ ਕਿਹਾ ਕਿ ਲੋਕਾਂ ਦੀ ਤਸੱਲੀ ਲਈ ਗੰਗਾ, ਕੁਰੂਖੇਤਰ ਤੇ ਤੀਰਥਾਂ 'ਤੇ ਹੋ ਆਉਣ।

ਇਥੋਂ ਤਕ ਕਿ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਵੀ ਲਿਖ ਦਿੱਤਾ ਕਿ "ਜਦ ਅਕਬਰ ਨੂੰ ਪਤਾ ਲੱਗਾ ਕਿ ਗੁਰੂ ਅਮਰ ਦਾਸ ਆਪ ਆਉਂਦੇ ਪੁਰਬੁ ਅਭੀਚੁ ਸਮੇਂ ਕੁਰੂਖੇਤਰ ਜਮਨਾ ਤੇ ਹਰਿਦੁਆਰ ਹਿੰਦੂ ਤੀਰਥਾਂ 'ਤੇ ਜਾਣ ਦੀ ਸਲਾਹ ਕਰ ਰਹੇ ਹਨ ਤਾਂ ਉਸ ਫ਼ੈਸਲਾ ਕਰ ਲਿਆ ਕਿ ਹਾਲਾਂ ਸਤਿਗੁਰੂ ਜੀ ਦੇ ਨਾਲ ਗਏ ਲੋਕਾਂ ਪਾਸੋਂ ਕੋਈ ਉਚੇਚਾ ਮਹਿਸੂਲ ਨਾ ਲਿਆ ਜਾਏ।

ਮੈਕਾਲਫ਼ ਨੇ ਤਾਂ ਹੋਰ ਰੌਚਕ ਬਣਾ ਕੇ ਲਿਖਿਆ ਕਿ ਬਾਦਸ਼ਾਹ ਨੇ ਜੇਠਾ ਜੀ (ਗੁਰੂ ਰਾਮ ਦਾਸ ਜੀ, ਜੋ ਸ਼ਿਕਾਇਤਾਂ ਦਾ ਨਿਤਾਰਾ ਕਰਨ ਗਏ ਸਨ) ਨੂੰ ਅੱਡ ਕਰ ਕੇ ਕਿਹਾ ਕਿ ਗੁਰੂ ਅਮਰ ਦਾਸ ਜੀ ਨੂੰ ਬੇਨਤੀ ਕਰਨੀ ਕਿ ਜਿਵੇਂ ਸਿੱਖ ਬਣਨ ਤੋਂ ਪਹਿਲਾਂ ਉਹ ਆਪ ਹਰ ਵਰ੍ਹੇ ਗੰਗਾ ਦੀ ਯਾਤਰਾ ਕਰਦੇ ਹੁੰਦੇ ਸਨ, ਕ੍ਰਿਪਾ ਕਰ ਕੇ ਹਿੰਦੂਆਂ ਦੇ ਵਿਰੋਧ

ਨੂੰ ਠਲ੍ਹ ਪਾਉਣ ਲਈ ਇਕ ਵਾਰ ਹੋਰ ਯਾਤਰਾ ਉੱਤੇ ਜਾਣ। ਬਾਦਸ਼ਾਹ ਨੇ ਫਿਰ ਕਿਹਾ ਉਹ ਇਕ ਫ਼ਰਮਾਨ ਰਾਹੀਂ ਟੈਕਸ ਦੀ ਵਸੂਲੀ ਬੰਦ ਕਰ ਦੇਵੇਗਾ।

ਗੁਰੂ ਰਾਮ ਦਾਸ ਜੀ ਦੀ ਗਵਾਹੀ ਹੁੰਦਿਆਂ ਇਹ ਸਭ ਵਿਚਾਰਾਂ ਨਿਰਮੂਲ ਹਨ। ਕੋਈ ਮਸੂਲ ਨਾ ਲੈਣ ਦਾ ਹੁਕਮ ਨਹੀਂ ਸੀ ਹੋਇਆ ਸਗੋਂ ਮਸੂਲੀਏ ਤਾਂ ਘਬਰਾ ਗਏ ਸਨ ਤੇ ਇਕ ਦੂਜੇ ਨਾਲ ਵਿਚਾਰ ਕਰਨ ਉਪਰੰਤ ਆਪਣੀਆਂ ਸੰਦੂਕੜੀਆਂ ਹੀ ਉਠਾ ਕੇ ਲੈ ਗਏ। ਜਮਨਾ ਪਾਰ ਕਰਨ ਵੇਲੇ ਤਾਂ ਮਸੂਲੀਏ ਆਪ ਵੀ ਭੇਟਾ ਰੱਖ ਕੇ ਮਿਲੇ। ਉਨ੍ਹਾਂ ਉਗਰਾਹੁਣਾ ਕੀ ਸੀ ? ਸਭ ਲੋਕਾਈ ਨੇ ਗੁਰੂ ਦਾ ਨਾਂ ਜਪਦੇ ਜਪਦੇ ਪਹਿਲਾਂ ਜਮਨਾ ਪਾਰ ਕੀਤੀ ਫਿਰ ਹਰਿਦੁਆਰ ਦਾਖ਼ਲ ਹੋਏ ਸਨ।

ਗੁਰੂ ਰਾਮ ਦਾਸ ਜੀ ਨੇ ਤਾਂ ਸਗੋਂ ਇਹ ਫ਼ਰਮਾਇਆ ਕਿ ਗੁਰੂ ਦਾ ਨਾਂ ਲਿਆਂ ਇਹ ਦਰਿਆ ਕੀ, ਭਵ ਸਾਗਰ ਵੀ ਪਾਰ ਕਰ ਜਾਈਦਾ ਹੈ। ਇਹ ਜਗਾਤੀ ਕੀ, ਜਮ ਜਗਾਤੀ ਵੀ ਕੁਝ ਨਹੀਂ ਕਹਿ ਤੇ ਕਰ ਸਕਦੇ। ਬਾਣੀ ਦੇ ਸ਼ਬਦ ਹਨ :

*ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ।*
*ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਨਾਮ ਧਿਆਇਆ।*
*ਗੁਰ ਬਦਨਿ ਮਾਰਗ ਜੋ ਪੰਥਿ ਚਾਲੇ,*
*ਤਿਨ ਜਮ ਜਾਗਾਤੀ ਨੇੜਿ ਨ ਆਇਆ।*
*ਸਭ ਗੁਰੂ ਗੁਰੂ ਜਗਤ ਬੋਲੈ,*
*ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ।*

ਫਿਰ ਗੰਗਾ ਵਿਖੇ, ਇਕ ਅਜਬ ਖੇਲ੍ਹ ਹੋਇਆ। ਗੁਰੂ ਅਮਰ ਦਾਸ ਜੀ ਦਾ ਦਰਸ਼ਨ ਪਾ ਕੇ ਸਾਰੀ ਲੋਕਾਈ ਮਸਤ ਹੋ ਗਈ। ਕਿਸੇ ਵੀ ਮਸੂਲੀਏ ਨੂੰ ਕਿਸੇ ਪਾਸੋਂ ਅੱਧੀ ਕੌਡੀ ਵੀ ਮਸੂਲ ਨਾ ਮਿਲਿਆ। ਮਸੂਲੀਏ ਹੈਰਾਨ ਹੋ ਗਏ। ਬੋਲਣ ਜੋਗੇ ਨਾ ਰਹੇ। ਇਕ ਦੂਜੇ ਨੂੰ ਕਹਿਣ ਲੱਗੇ ਕਿ ਕਿਸ ਕੋਲੋਂ ਹੁਣ ਮਸੂਲ ਲਈਏ ? ਇਹ ਸਾਰੀ ਲੋਕਾਈ ਗੁਰੂ ਦੀ ਸ਼ਰਨ ਜਾ ਪਈ ਹੈ :

ਮਸੂਲੀਆਂ ਕਈ ਹੀਲੇ ਕੀਤੇ। ਕਈ ਸੋਚਾਂ ਸੋਚੀਆਂ।

ਆਖ਼ਿਰ ਇਹ ਹੀ ਵਿਚਾਰ ਬਣਾਈ ਕਿ ਮਸੂਲ ਉਗਰਾਹੁਣ ਵਿਚ ਉਨ੍ਹਾਂ ਦੀ ਪੇਸ਼ ਨਹੀਂ ਜਾ ਸਕਦੀ। ਆਪਣੀਆਂ ਗੋਲਕਾਂ ਬੰਦ ਕਰਕੇ ਉਹ ਸਾਰੇ ਉੱਠ ਕੇ ਚਲੇ ਗਏ :

*"ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ।*
*ਸਭ ਮੋਹੀ ਦੇਖਿ ਗੁਰ ਸੰਤ, ਕਿਨੈ ਆਢੁ ਨ ਦਾਮੁ ਲਇਆ।*
*ਆਢ ਦਾਮੁ ਕਿਛੁ ਪਇਆ ਨਾ ਬੋਲਕ,*
*ਜਾਗਾਤੀਆਂ ਮੋਹਣ ਮੁੰਦਣਿ ਪਈ।*
*ਭਾਈ ਹਮ ਕਰਹ ਕਿਆ, ਕਿਸ ਪਾਸਿ ਮਾਂਗਹ,*
*ਸਭ ਭਾਗਿ ਸਤਿਗੁਰ ਪਿਛੈ ਪਈ।*
*ਜਾਗਾਤੀਆਂ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ,*
*ਭੰਨ ਬੋਲਕਾਂ ਸਭਿ ਉਠਿ ਗਇਆ। ੫।*

ਸੋ ਇਸ ਮਹਾਨ ਗਵਾਹੀ ਦੇ ਹੁੰਦਿਆਂ ਅਕਬਰ ਦਾ ਅੱਡ ਕਰ ਕੇ ਜਾਂ ਕੋਈ ਰਾਇ ਦੇਣੀ ਜਚਦਾ ਹੀ ਨਹੀਂ। ਸਨਾਤਨੀ ਹਿੰਦੂ ਤਾਂ ਸਗੋਂ ਹੋਰ ਕ੍ਰੋਧਿਤ ਹੋਏ ਜਦ ਇਸ ਫੇਰੀ ਤੋਂ ਮੁੜਨ ਉਪਰੰਤ ਹੀ ਬਾਉਲੀ ਸਾਹਿਬ ਸਾਜ ਦਿੱਤੀ ਤੇ ਗੰਗਾ ਵਿਚ ਗਿਰਿਆ ਗੰਗਾ ਸਾਗਰ ਇਥੋਂ ਕੱਢ ਦਿਖਾਲਿਆ।

**ਇਕ ਹੋਰ ਅਕੱਟ ਗਵਾਹੀ**—ਡਾਕਟਰ ਬਲਬੀਰ ਸਿੰਘ ਜੀ ਨੇ 'ਨਿਰੁਕਤ' ਦੀ ਦੂਜੀ ਪੋਥੀ ਵਿਚ 'ਅਭੀਚੁ' ਸਿਰਨਾਵੇਂ ਹੇਠਾਂ ਇਸ ਅਭੀਚੁ ਪੁਰਬੁ ਦਾ ਸਮਾਂ ਤਾਰੀਖ਼ ਨਿਯਤ ਕੀਤਾ ਹੈ। ਉਨ੍ਹਾਂ ਐਲ. ਡੀ. ਸਵਾਮੀ ਕਨੂ ਪਿਲਜ ਦੀ ਲਿਖੀ 'ਇੰਡੀਅਨ ਐਫ਼ਮੀਰੀਜ ਮਦਰਾਸ' ਦੀ ਜਿਲਦ ਪੰਜਵੀਂ ਦੇ ਪੰਨਾ ੩੦੬ ਤੋਂ ੩੧੧ ਦੇ ਹਵਾਲੇ ਨਾਲ ਦੱਸਿਆ ਹੈ ਕਿ ਗੁਰੂ ਅਮਰ ਦਾਸ ਜੀ ਦੇ ਗੁਰਿਆਈ ਦੇ ਸਮੇਂ (ਮਾਰਚ ੨੮, ੧੫੫੨ ਤੋਂ ਲੈ ਕੇ ੧ ਸਤੰਬਰ ੧੫੭੪) ਦੌਰਾਨ ੧੮ ਵਾਰੀ ਸੂਰਜ ਗ੍ਰਹਿਣ ਲੱਗਾ ਸੀ। ਉਨ੍ਹਾਂ ਸਵਿਸਥਾਰ ਬਿਉਰਾ ਵੀ ਦਿੱਤਾ ਹੈ। ਇਨ੍ਹਾਂ ੧੮ ਲੱਗੇ ਸੂਰਜ ਗ੍ਰਹਿਣਾਂ ਵਿਚੋਂ ਅਭਿਜਿਤ ਗ੍ਰਹਿਣ ਕੇਵਲ ਦੋ ਵਾਰੀ ੧੪ ਜਨਵਰੀ, ੧੫੫੩ ਅਤੇ ੧੫ ਜਨਵਰੀ, ੧੫੭੨ ਨੂੰ ਲੱਗਾ।

ਹੁਣ ਸਵਾਲ ਉੱਠਦਾ ਹੈ ਕਿ ਇਨ੍ਹਾਂ ਦੋਨਾਂ ਵਿਚੋਂ ਕਿਹੜੀ ਤਾਰੀਖ਼ ਹੋ ਸਕਦੀ ਹੈ ਜਦ ਗੁਰੂ ਅਮਰ ਦਾਸ ਜੀ ਕੁਰੂਖੇਤਰ ਗਏ। ਇਹ ਸਾਹਿਬ ਗੁਰੂ ਰਾਮ ਦਾਸ ਜੀ ਦੇ ਤੁਖਾਰੀ ਦੇ ਸ਼ਬਦ ਤੋਂ ਸਪੱਸ਼ਟ ਹੈ ਕਿ ਉਸ ਦਿਨ ਕੁਰੂਖੇਤਰ ਵਿਚ ਪੁਰਬੁ ਅਭੀਚੁ ਲੱਗਾ ਹੋਇਆ ਸੀ। ਮਸੂਲ ਕਰ ਵੀ ਲੱਗਾ ਹੋਇਆ ਸੀ। ਮਸੂਲੀਆਂ ਕਈ ਜਤਨ ਵੀ ਕੀਤੇ। ਆਖ਼ਿਰ ਉਹ ਗੋਲਕਾਂ ਚੁੱਕ ਕੇ ਹੀ ਲੈ ਗਏ।

ਸੋ ਇਹ ਸਪੱਸ਼ਟ ਹੈ ਕਿ ਜਦ ਗੁਰੂ ਅਮਰ ਦਾਸ ਜੀ ਤਖ਼ਤ ਤੇ ਬੈਠੇ ਤਾਂ ਕਰ ਲੱਗਾ ਹੋਇਆ ਸੀ। ਜਿਸ ਅਕਬਰ ਦੇ ਕਹਿਣ 'ਤੇ ਕਿਹਾ ਜਾਂਦਾ ਹੈ ਤੀਰਥੀਂ ਗੁਰੂ ਜੀ ਆਏ, ਉਹ ਤਾਂ ਅਜੇ ਤਖ਼ਤ 'ਤੇ ਵੀ ਨਹੀਂ ਸੀ ਬੈਠਾ। ਠੀਕ ਗੱਲ ਤਾਂ ਇਹ ਹੈ ਕਿ ਮੁਗ਼ਲ ਬਾਦਸ਼ਾਹ ਹਿਮਾਯੂੰ ਵੀ ਅਜੇ ਦਰ-ਬ-ਦਰ ਦੀਆਂ ਠੋਕਰਾਂ ਖਾ ਰਿਹਾ ਸੀ। ਉਸ ਸਮੇਂ ਸੂਰ ਖ਼ਾਨਦਾਨ ਦਾ ਰਾਜ ਸੀ।

ਪਹਿਲਾਂ ਮੁਹੰਮਦਸ਼ਾਹ ਸੀ ਪਰ ਛੇਤੀ ਹੀ ਇਬ੍ਰਾਹੀਮ ੧੫੫੩ ਨੂੰ ਦਿੱਲੀ ਦੇ ਤਖ਼ਤ 'ਤੇ ਕਾਬਜ਼ ਹੋ ਗਿਆ। ਅਕਬਰ ਤਾਂ ਕਿਧਰੇ ੨੪ ਜਨਵਰੀ, ੧੫੫੬ ਨੂੰ ਜਾ ਕੇ ਤਖ਼ਤ 'ਤੇ ਬੈਠਾ ਸੀ।

ਅਕਬਰ ਬੇਸ਼ੱਕ ਖੁੱਲ੍ਹੇ ਸੁਭਾਅ ਦਾ ਮਾਲਕ ਸੀ ਪਰ ਉਸ ਦਾ ਗੁਰੂ ਘਰ ਨਾਲ ਸੰਪਰਕ ੧੫੬੦ ਤੋਂ ਬਾਅਦ ਹੋਇਆ। ਪਹਿਲੇ ੪ ਸਾਲਾਂ ਵਿਚ ਤਾਂ ਉਹ ਆਪਣੇ ਵੈਰੀਆਂ ਨਾਲ ਹੀ ਨਜਿੱਠਦਾ ਰਿਹਾ। ਇਹ ਯਾਤਰੂ ਕਰ ਉਸ ਨੇ ਕਿਧਰੇ ੧੫੬੩ ਨੂੰ ਜਾ ਸਮਾਪਤ ਕੀਤਾ ਸੀ।

ਸੋ ਅਭੀਚੁ ਪੁਰਬੁ ੧੫ ਜਨਵਰੀ, ੧੫੭੨ ਵਾਲਾ ਨਹੀਂ ਹੋ ਸਕਦਾ ਕਿਉਂਕਿ ਉਸ ਸਮੇਂ ਕਰ ਹੀ ਨਹੀਂ ਸੀ। *ਬਸ ਇਹ ੧੪ ਜਨਵਰੀ, ੧੫੫੩ ਵਾਲਾ ਪੁਰਬੁ ਅਭੀਚੁ ਸੀ।*

ਜਦ ਕਰ ਲੱਗਾ ਹੋਇਆ ਸੀ। ਰਾਜ ਇਬ੍ਰਾਹੀਮ ਸੂਰੀ ਦਾ ਸੀ। ਗੁਰੂ ਜੀ ਦਾ ਨਿਸੰਗ ਆਪ ਮੇਲੇ ਵਿਚ ਵਿਚਰਨਾ, ਕਿਸੇ ਦਾ ਜਮਨਾ, ਗੰਗਾ ਪਾਰ ਕਰਨ ਵੇਲੇ ਕਰ ਨਾ ਦੇਣਾ ਤੇ ਕਿਸੇ ਹੋਰ ਨੂੰ ਵੀ ਭਰਨ ਨਾ ਦੇਣ ਦਾ, ਸਮੂਹ ਲੋਕਾਈ ਤੇ ਪ੍ਰਭਾਵ ਪੈਣਾ ਹੀ ਸੀ। ਸਭ ਲੋਕਾਈ ਦਾ ਗੁਰੂ ਜੀ ਦੀ ਸ਼ਰਨ ਲੈਣਾ ਤੇ ਸਿੱਖੀ ਧਾਰਨ ਕਰਨਾ ਇਕ ਅਦੁੱਤੀ ਵਾਰਤਾ ਸੀ। ਇਸੇ ਲਈ ਗੁਰੂ ਰਾਮ ਦਾਸ ਜੀ ਨੇ ਇਸ ਦਾ ਉਚੇਚਾ ਜ਼ਿਕਰ ਕੀਤਾ। ਸੋ ਅਕਬਰ ਦੇ ਕਹਿਣ, ਸਲਾਹ ਦੇਣ ਜਾਂ ਬੇਨਤੀ ਕਰਨ ਜਾਂ ਹੋਰ ਕਿਸੇ ਕਾਰਨ ਤੀਰਥਾਂ 'ਤੇ ਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੰਤਵ ਇਕੋ ਲੋਕ ਉਧਰਣ ਅਰਥਾ ਸੀ ਜਾਂ ਜਿਵੇਂ ਸੂਰਜ ਪ੍ਰਕਾਸ਼ ਨੇ ਲਿਖਿਆ ਕਿ ਤੀਰਥ ਵੀ ਪੁਕਾਰ ਕਰ ਰਹੇ ਸਨ ਕਿ ਉਨ੍ਹਾਂ ਦੀ ਮੈਲ ਆ ਕੇ ਹਰੋ :

*'ਹੇ ਸਤਿਗੁਰ ਤੁਮਰੇ ਪਗ ਪਾਵਨ।*
*ਜਬ ਹਮ ਬਿਖੈ ਕਰਹੁ ਗੇ ਪਾਵਨ।*
*ਤਤ ਛਿਨ ਹਮ ਸਭਿ ਹੋਹਿ ਸੁਖਾਰੇ।*
*ਆਵਹੁ ਤੂਰਨ ਕਰੁਨਾ, ਧਾਰੇ।*

ਮਹਿਮਾ ਪ੍ਰਕਾਸ਼ ਨੇ ਵੀ ਸਪੱਸ਼ਟ ਲਿਖਿਆ ਹੈ ਕਿ 'ਸ੍ਰੀ ਸਤਿਗੁਰ ਸਾਹਿਬ ਦਇਆਲ ਮੂਰਤੀ, ਪਰਉਪਕਾਰ ਕੇ ਨਮਿੱਤ ਹਰਿਦੁਆਰ ਕੇ ਜਾਂਣ ਕੋ ਤਿਆਰ ਕਰੀ।'

**ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ**—ਗੋਇੰਦਵਾਲ ਤੋਂ ਹੀ ਸੰਗਤਾਂ ਨਾਲ ਹੋ ਤੁਰੀਆਂ।(ਗੁਰੂ) ਰਾਮ ਦਾਸ ਜੀ ਤੇ ਬੀਬੀ ਭਾਨੀ ਜੀ ਵੀ ਨਾਲ ਸਨ। ਬਿਆਸਾ ਪਾਰ ਕਰ ਕੇ ਅਨੇਕਾਂ ਸੰਗਤਾਂ ਨਾਲ ਹੋਰ ਰਲ ਪਈਆਂ। ਪਹਿਲਾ ਪੜਾਅ ਸੁਲਤਾਨਪੁਰ ਕੀਤਾ। ਭਾਈ ਪਾਰੋ ਜੁਲਕਾ ਜੀ ਆਪਣੇ ਪਿੰਡ ਡੱਲਾ ਲੈ ਗਏ। ਸਾਡਾ ਇਤਿਹਾਸ ਕਹਿੰਦਾ ਹੈ ਕਿ ਇਕੋ ਡੱਲਾ ਪਿੰਡ ਦੇ ਹੀ ੭੨ ਪ੍ਰਸਿੱਧ ਸਿੱਖ ਹੋਏ ਜਿਨ੍ਹਾਂ ਸਿੱਖੀ ਦੂਰ-ਦੂਰ ਤਕ ਫੈਲਾਈ। ਸਾਰੀ ਸੰਗਤ ਨੇ ਜਦ ਉਪਦੇਸ਼ ਦੀ ਯਾਚਨਾ ਕੀਤੀ ਤਾਂ ਆਪ ਜੀ ਨੇ ਫ਼ਰਮਾਇਆ :

*"ਆਏ ਸਿੱਖ ਨੂੰ ਲੋਚ ਕੇ ਪ੍ਰਸ਼ਾਦ ਛਕਾਉਣਾ। ਬਸਤਰ ਦੀ ਲੋੜ ਵਾਲੇ ਨੂੰ ਬਸਤਰ ਦੇਵਣੇ ਤੇ ਪ੍ਰਸ਼ਾਦ ਦੀ ਲੋੜ ਵਾਲੇ ਨੂੰ ਪ੍ਰਸ਼ਾਦ ਛਕਾਉਣਾ। ਜੇ ਕਿਸੇ ਦੀ ਬਹੁਤੀ ਲੋੜ ਦੇਖੋ ਤਾਂ ਸਭੋ ਸਿੱਖਾਂ ਨੂੰ ਇਕੱਠਾ ਕਰ ਕੇ ਅਰਦਾਸ ਕਰ ਕੇ ਉਸ ਦਾ ਕਾਰਜ ਕਰਵਾ ਦੇਣਾ। ਜੇ ਐਸੀ ਰਹਿਰਾਸ ਚਲਾਓਗੇ ਤਾਂ ਸਿੱਧੀ ਸਦਾ ਤੁਹਾਡੇ ਘਰਾਂ ਵਿਚ ਰਹੇਗੀ। ਸੰਸਾ ਕੋਈ ਕਰਨਾ ਨਾਹੀ।"*

ਕਈਆਂ ਨੇ ਉਪਦੇਸ਼ ਹਿਰਦੇ ਵਿਚ ਵਸਾਇਆ। ਭਾਈ ਪ੍ਰਿਥੀ ਮੱਲ ਜੀ, ਤੁਲਸਾ ਜੀ, ਬੁਹਰੋ ਰਾਮ, ਉਗਰਸੈਨ ਅਤੇ ਹੋਰਨਾਂ ਨੇ ਗੋਇੰਦਵਾਲ ਆ ਕੇ ਦਰਸ਼ਨ ਕੀਤੇ ਤੇ ਸਿੱਖੀ ਅਪਣਾਈ। ਜੋ ਉਨ੍ਹਾਂ ਪ੍ਰਤੀ ਉਚੇਚਾ ਉਪਦੇਸ਼ ਗੁਰੂ ਜੀ ਨੇ ਦਿੱਤਾ ਉਸ ਦਾ ਵੇਰਵਾ ਸੱਤਵੇਂ ਅਧਿਆਇ ਵਿਚ ਦਿੱਤਾ ਹੈ।

ਡੱਲਾ ਤੋਂ ਅਗਲਾ ਪੜਾਅ 'ਨੂਰਮਹਿਲ' ਕੀਤਾ। ਸਤਲੁਜ ਪਾਰ ਕਰ ਕੇ ਮਾਲਵਾ

ਨੂੰ ਤਾਰਦੇ ਰਹੇ। ਅੰਬਾਲਾ ਵੀ ਪੜਾਅ ਕੀਤਾ ਉਥੋਂ ਪਹੇਵੇ ਪੁੱਜੇ। ਕਠਿਨ ਤਪੱਸਿਆ ਕਰਨ ਨਾਲੋਂ ਸਹਿਲਾ ਰਾਹ ਭਗਤੀ ਦਾ ਦ੍ਰਿੜ੍ਹ ਕਰਾਇਆ। ਜਦ ਕਿਸੇ ਇਹ ਇਤਰਾਜ਼ ਕੀਤਾ ਕਿ ਤੁਸੀਂ ਅਧਿਕਾਰੀ, ਅਣ-ਅਧਿਕਾਰੀ, ਊਚ-ਨੀਚ, ਬ੍ਰਾਹਮਣ ਸ਼ੂਦਰ ਨੂੰ ਦਾਤ ਵੰਡ ਰਹੇ ਹੋ ਤਾਂ ਆਪ ਜੀ ਨੇ ਕਿਹਾ 'ਉਪਦੇਸ਼ ਚਹੁ ਵਰਨਾ ਕੋ ਸਾਂਝਾ' ਹੀ ਗੁਰੂ ਨਾਨਕ ਨੇ ਦਿੱਤਾ ਸੀ। ਆਤਸ਼ ਦੁਨੀਆ ਹੈ। ਖ਼ੁਨਕ ਨਾਮ ਖ਼ੁਦਾਇਆ ਹੈ। ਦੁੱਖ ਊਚ-ਨੀਚ, ਈਰਖਾ-ਬਖੀਲੀ, ਵਿੱਥ ਤੇ ਵਿਤਕਰੇ ਕਰ ਕੇ। ਇਹ ਤਪ ਤਾਂ ਸਗੋਂ ਹਉਮੈ ਨੂੰ ਜਨਮ ਦੇਂਦੇ ਹਨ :

*'ਕਾਇਆ ਸਾਧੈ, ਉਰਧ ਤਪੁ ਕਰੈ।'*
*ਵਿਚਹੁ ਹਉਮੈ ਨ ਜਾਇ।*

ਇਹ ਹਉਮੈ ਮੁੱਕਦੀ ਹੈ ਸਿਰਫ਼ ਸੇਵਾ ਨਾਲ। ਆਪਣੇ ਨਿਜੀ ਤਜਰਬੇ ਤੋਂ ਦੱਸਿਆ :

*ਗੁਰ ਸੇਵਾ ਤਪਾਂ ਸਿਰ ਤਪੁ ਸਾਰ।*

ਪਹੇਵੇ ਤੋਂ ਸਨੇਹਤ (ਥਾਨੇਸਰ) ਟਿਕਾਣਾ ਕੀਤਾ।

ਰਾਹ ਵਿਚ ਜੋ ਗੁਰੂ ਦਰਸ਼ਨ ਕਰਦਾ, ਬਖ਼ਸ਼ਿਸ਼ਾਂ ਪਾਂਦਾ, ਦੁੱਖ ਹਰਦਾ ਤੇ ਭਗਤੀ ਸਿੰਚਦਾ :

*'ਜੋ ਮਗ ਪੈ ਮਿਲੇ ਗੁਰਦਰਸ਼ਨ ਕਰੇ।*
*ਤਜੇ ਦੇਖ ਭਗਤ ਸੰਚਰੇ।'*

ਗੁਰੂ ਰਾਮ ਦਾਸ ਜੀ ਨੇ ਰਾਹ ਦੇ ਨਿੱਤ-ਕਰਮ ਬਾਰੇ ਤੁਖਾਰੀ ਦੇ ਉਸੇ ਸ਼ਬਦ ਵਿਚ ਲਿਖਿਆ ਹੈ ਕਿ ਲੰਮੇ ਪੈਂਡੇ ਵਿਚ ਅਨੇਕਾਂ ਸਿੱਖ ਨਾਲ ਸਨ। ਹਰ ਖਿਨ, ਨਿਮਖ, ਪਲ, ਕਦਮ-ਕਦਮ 'ਤੇ ਹਰ ਰੋਜ਼ ਪਰਮਾਤਮਾ ਦੀ ਭਗਤੀ ਦਾ ਅਵਸਰ ਬਣਿਆ ਰਹਿੰਦਾ ਸੀ :

*'ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗ ਸਿਖਾ।*
*ਅਨਦਿਨ ਭਗਤਿ ਬਣੀ ਖਿਨ ਖਿਨ ਨਿਮਖ ਵਿਖਾ।*

ਸਾਰੇ ਪੈਂਡੇ ਹਮੇਸ਼ਾ ਪ੍ਰਮਾਤਮਾ ਦੀ ਭਗਤੀ ਦਾ ਉਦਮ ਰਹਿੰਦਾ ਸੀ। ਬਹੁਤ ਲੋਕ ਗੁਰੂ ਦਰਸ਼ਨਾਂ ਲਈ ਆਉਂਦੇ। ਜਿਨ੍ਹਾਂ ਵਡਭਾਗੀਆਂ ਨੇ ਗੁਰੂ ਦਾ ਦਰਸ਼ਨ ਕੀਤਾ, ਪਰਮਾਤਮਾ ਨੇ ਆਪ ਉਨ੍ਹਾਂ ਨੂੰ ਆਪਣੇ ਚਰਨਾਂ ਨਾਲ ਜੋੜ ਲਿਆ। ਇਹ ਕਦੇ ਨਾ ਭੁੱਲਣਾ ਕਿ ਸਾਰੀ ਲੋਕਾਈ ਨੂੰ ਗ਼ਲਤ ਰਸਤੇ ਤੋਂ ਬਚਾਉਣ ਲਈ ਹੀ ਸਤਿਗੁਰ ਨੇ ਤੀਰਥਾਂ 'ਤੇ ਜਾਣ ਦਾ ਉਪਰਾਲਾ ਕੀਤਾ ਸੀ।

*'ਜਿਨ ਦਰਸ ਸਤਿਗੁਰ ਗੁਰੂ ਕੀਆ।'*
*ਤਿਨ ਆਪਿ ਹਰਿ ਮੇਲਾਇਆ।*
*ਤੀਰਥ ਉਦਮ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ।*

ਇਹ ਵੀ ਗੁਰੂ ਰਾਮਦਾਸ ਜੀ ਨੇ ਲਿਖਿਆ ਹੈ ਕਿ ਜਦ ਕੁਰੂਖੇਤਰ ਆਉਣ ਦੀ ਖ਼ਬਰ ਹੋਈ ਤਾਂ ਦਰਸ਼ਨ ਕਰਨ ਲਈ ਬਹੁਤ ਲੋਕ ਆ ਪਹੁੰਚੇ। ਉੱਚੀ ਪ੍ਰਾਪਤ ਕੀਤੀ

ਅਵਸਥਾ ਵਾਲੇ ਮਨੁੱਖ, ਰਿਸ਼ੀ ਆ ਇਕੱਠੇ ਹੋਏ। ਪੂਰੇ ਸਤਿਗੁਰੂ ਦਾ ਦਰਸ਼ਨ ਕਰ ਕੇ ਪਿਛਲੇ ਸਾਰੇ ਪਾਪ ਲੋਕਾਂ ਨੇ ਹਰ ਲਏ। ਅੱਗੋਂ ਜੀਵਨ ਮਾਰਗ ਪਾ ਲਿਆ :

*ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ।*
*ਦੇਖਣ ਆਏ ਤੀਨਿ ਲੋਕ, ਸੁਰਿ ਨਰ ਜਨ ਸਭ ਆਇਆ।*
*ਜਿਨ ਪਰਸਿਆ ਗੁਰੂ ਸਤਿਗੁਰ ਪੂਰਾ,*
*ਤਿਨ ਕੇ ਕਿਲਵਿਖ ਨਾਸ ਗਵਾਇਆ।*

ਨਿਰੇ ਦਰਸ਼ਨ ਕਰਨ ਵਾਲੇ ਹੀ ਨਹੀਂ ਸਨ। ਗੋਸ਼ਟਾਂ ਤੇ ਵਿਚਾਰਾਂ ਕਰਨ ਵਾਲੇ ਵੀ ਸਨ। ਵਿਚਾਰ ਕਰਨ ਲਈ ਜੋਗੀ, ਨਾਂਗੇ, ਸੰਨਿਆਸੀ, ਛੇ ਭੇਖਾਂ ਦੇ ਸਾਧੂ ਵੀ ਸਨ। ਕਈ ਕਿਸਮ ਦੀਆਂ ਸ਼ੁੱਭ ਵਿਚਾਰਾਂ ਹੋਈਆਂ। ਉਨ੍ਹਾਂ ਆਪਣੇ ਸ਼ੰਕੇ ਨਵਿਰਤ ਕੀਤੇ। ਗੁਰੂ ਜੀ ਦੇ ਆਉਣ ਨਾਲ ਦਿਨ ਪਵਿੱਤਰ ਹੋ ਗਿਆ :

*'ਜੋਗੀ, ਦਿਗੰਬਰ ਸੰਨਿਆਸੀ ਖਟ ਦਰਸਨ ਕਰਿ ਗਏ ਗੋਸਟਿ ਢੋਆ।'*

**ਭਗਤਿ ਨਿਰਾਲੀ**—ਵਿਚਾਰਾਂ ਦਾ ਧੁਰਾ ਸੀ ਕਿ ਗੁਰੂ ਹੀ ਪਾਪ ਨਾਸਕ ਹੈ ਅਤੇ ਉਹ ਹੀ ਕਾਮਾਦਿਕ ਵੈਰੀਆਂ ਤੋਂ ਬਚਾ ਸਕਦਾ ਹੈ। ਸਾਧਨਾਂ ਦਾ ਸਿੱਧਾ ਰਾਹ ਸਭ ਨੂੰ ਗੁਰੂ ਜੀ ਨੇ ਦੱਸਿਆ। ਜੋ ਤਬਦੀਲੀ ਉਨ੍ਹਾਂ ਗੁਰੂ ਅੰਗਦ ਦੇਵ ਨੂੰ ਮਿਲ ਕੇ ਅਨੁਭਵ ਕੀਤੀ ਸੀ ਉਸ ਦਾ ਸਾਰੰਸ਼ ਸਭ ਭੇਖਾਂ ਨੂੰ ਦਰਸਾਇਆ। ਪੁਰਾਣੀ ਧਾਰਾ ਬਦਲੀ। ਵੈਸ਼ਨਵ ਰੁਚੀ ਮੁੱਕੀ। ਅਰਚਾ ਪੂਜਾ ਹਟੀ। ਬਾਹਰਲੀਆਂ ਵਿਧੀਆਂ ਦੀ ਅਰਾਧਨਾ ਮਿਟੀ। ਸੇਵਾ ਕਰਦਿਆਂ ਨਿਰਗੁਣ ਪਾਰਬ੍ਰਹਮ ਦੀ ਉਪਾਸਨਾ ਜਾਗ ਉੱਠੀ। ਧਿਆਨ ਸਹਿਜੇ ਹੀ ਨਿਰੰਕਾਰ ਵਿਚ ਟਿਕ ਗਿਆ। 'ਸਹਿਜੇ ਅਦਿਸਟ ਪਛਾਣੀਐ, ਨਿਰਭਉ ਜੋਤਿ ਨਿਰੰਕਾਰਾ। ਸਭਨਾਂ ਜੀਆਂ ਕਾ ਇਕ ਦਾਤਾ ਜੋਤੀ ਜੋਤ ਮਿਲਾਵਣਹਾਰਾ।' ਇਸ 'ਭਗਤਿ ਨਿਰਾਲੀ ਅਲਾਹ ਦੀ' ਸੋਝੀ ਆ ਗਈ। ਇਸ ਵਿਚ ਬੁੱਤ ਪੂਜਾ ਜਾਂ ਬਾਹਰਲੇ ਕਰਮ ਨੂੰ ਥਾਂ ਨਹੀਂ ਸੀ :

*'ਭਗਤਿ ਨਿਰਾਲੀ ਅਲਾਹ ਦੀ, ਜਾਪੈ ਗੁਰ ਵੀਚਾਰਿ।*
*ਨਾਨਕ ਨਾਮੁ ਹਿਰਦੈ ਵਸੈ, ਭੈ ਭਗਤੀ ਨਾਮਿ ਸਵਾਰਿ।*

ਉਨ੍ਹਾਂ ਇਹ ਵੀ ਸਮਝਾਇਆ ਕਿ ਜਗਤ ਸਬੰਧੀ ਜੋ ਖ਼ਿਆਲ ਬਣੇ ਹੋਏ ਹਨ, ਉਨ੍ਹਾਂ ਵਿਚ ਤਬਦੀਲੀ ਇਸ ਨਿਰਾਲੀ ਭਗਤੀ ਅਲਾਹ ਦੀ ਕਰ ਕੇ ਆਈ ਹੈ। ਜੋ ਇਹ ਵਿਚਾਰ ਤੁਸਾਂ ਬਣਾਈ ਹੋਈ ਹੈ ਕਿ ਅਸਲ ਸੁਖ ਵਿਸ਼ਨੂੰ ਦੇ ਧਰਮ ਧਾਮ ਵਿਚ ਹੈ, ਜਗਤ ਵਿਚ ਨਹੀਂ, ਨਿਰਮੂਲ ਹੈ। ਨਿਰਾਲੀ ਭਗਤ ਨਾਲ ਸਭ ਪਾਸੇ ਖੇੜਾ-ਖੇੜਾ ਹੀ ਲੱਗਦਾ ਹੈ। ਨਿਮੋਸ਼ੂਣ ਨਹੀਂ ਰਹਿੰਦੀ। ਮਾਯੂਸੀ ਨੇੜੇ ਨਹੀਂ ਆਉਂਦੀ। ਸਭ ਚੰਗਾ-ਚੰਗਾ ਲੱਗਣ ਲੱਗ ਪੈਂਦਾ ਹੈ :

*'ਆਪਿ ਬਸੰਤੁ ਜਗਤੁ ਸਭ ਵਾੜੀ।*
*ਨਾਨਕ ਪੂਰੇ ਭਾਗਿ ਭਗਤਿ ਨਿਰਾਲੀ।*

ਇਕ ਵਿਦਵਾਨ ਪੰਡਤ ਮੋਹਨ ਲਾਲ ਨੇ ਇਹ ਚਰਚਾ ਆ ਛੇੜੀ ਕਿ ਤੁਸੀਂ ਸੰਸਕ੍ਰਿਤ ਕਿਉਂ ਛੱਡ ਦਿੱਤੀ ਹੈ। ਸੰਸਕ੍ਰਿਤ ਦੇਵ ਬਾਣੀ ਹੈ। ਗੁਰੂ ਜੀ ਦਾ ਬੜਾ ਠੋਕਵਾਂ ਉੱਤਰ

ਸੀ ਕਿ ਸੰਸਕ੍ਰਿਤ ਖੂਹ ਦੇ ਪਾਣੀ ਵਾਂਗ ਹੈ ਜੋ ਆਪਣੀ ਪੈਲੀ ਹੀ ਸਿੰਚੀ ਤੁਰੀ ਜਾਂਦਾ ਹੈ ਅਤੇ ਇਹ ਬਾਣੀ ਧੁਰ ਕੀ, ਮੇਘ ਸਮਾਨ ਹੈ ਜੋ ਸਭ ਜੀਵਾਂ 'ਤੇ ਇਕ ਸਮਾਨ ਵਰ੍ਹਦੀ ਹੈ ਅਤੇ ਤ੍ਰਿਸ਼ਨਾ ਮੁਕਾਂਦੀ ਹੈ :

*ਬੇਦ ਪੁਰਾਨ ਕੂਪ ਜਲ ਜੈਸੇ।*
*ਬਰੋਸਾਇ ਕੌ ਇਕ ਕਿਤੀ ਕੈਸੇ।*
*ਸਤਿਗੁਰ ਬਾਣੀ ਮੇਘ ਸਮਾਨ।*
*ਬਰਸੈ ਚਹੁੰ ਦਿਸਿ ਬਿਖੇ ਮਹਾਨ।*

ਜਦ ਕਿਸੇ ਇਹ ਕਿਹਾ ਕਿ ਤੀਰਥਾਂ ਤੇ ਜਾਣ ਦਾ ਕੋਈ ਲਾਭ ਤਾਂ ਹੁੰਦਾ ਹੀ ਹੈ ਤਾਂ ਆਪ ਜੀ ਨੇ ਕਿਹਾ ਕਿ ਬਿਲਕੁਲ ਨਹੀਂ! ਤੀਰਥ ਸਗੋਂ ਅਰਦਾਸ ਕਰਦੇ ਹਨ ਕਿ ਉਨ੍ਹਾਂ ਵਿਚ ਜੋ ਮੈਲ ਭਰ ਗਈ ਹੈ, ਉਹ ਸਾਧੂ ਕਿਰਪਾ ਕਰ ਕੇ ਆ ਕੇ ਗਵਾਉਣ :

*"ਕਿਲ ਵਿਖ ਮੈਲ ਭਰੇ ਪਰੇ, ਹਮਰੈ ਵਿਚ,*
*ਹਮਰੀ ਮੈਲ ਸਾਧੂ ਕੀ ਧੂਰਿ ਗੁਆਈ।"*

ਫਿਰ ਆਪਣਾ ਤਜਰਬਾ ਦੱਸਿਆ ਕਿ ਤੀਰਥਾਂ 'ਤੇ ਅਨੇਕਾਂ ਵਾਰੀ ਜਾਓ, ਹਉਮੈ ਦੀ ਮੈਲ ਨਹੀਂ ਉਤਰਦੀ, ਸਗੋਂ ਇਹ ਚੜ੍ਹਦੀ ਹੈ ਕਿ ਇਤਨੀ ਵਾਰੀ ਯਾਤਰਾ ਹੋ ਗਈ :

*"ਮਲ ਹਉਮੈ ਧੋਤੀ ਕਿਵੈ ਨ ਉਤਰੈ*
*ਜੇ ਸਉ ਤੀਰਥ ਨਾਇ"।*[1]

ਕਿਤਨੇ ਹੀ ਜਤਨ ਤੀਰਥਾਂ 'ਤੇ ਜਾ ਕੇ ਕਰ ਕੇ ਦੇਖ ਲਵੋ, ਇਹ ਹਉਮੈ ਨਹੀਂ ਜਾਏਗੀ :

*'ਅਨੇਕ ਤੀਰਥ ਜੇ ਜਤਨ ਕਰੇ,*
*ਤਾਂ ਅੰਤਰ ਕੀ ਹਉਮੈ ਕਦੇ ਨ ਜਾਇ।'*

ਰਾਹ ਇਕੋ ਗੁਰੂ ਦੀ ਸ਼ਰਨ ਪੈਣ ਦਾ ਹੈ।

ਜੋਤੀ ਸਰ ਦੇ ਅਸਥਾਨ 'ਤੇ ਪੁੱਜ ਕੇ ਆਪ ਜੀ ਨੇ ਦਾਨ ਦੀ ਧਾਰਾ ਦਾ ਰੁਖ਼ ਵੀ ਮੋੜਿਆ। ਲੋੜਵੰਦਾਂ ਦੀ ਲੋੜ ਪੂਰੀ ਕਰਨ ਲਈ ਮਾਇਆ ਦਿੱਤੀ। ਬ੍ਰਾਹਮਣ, ਪ੍ਰੋਹਿਤ, ਪਾਂਡੇ, ਦਿਵਜ ਦੇਖਦੇ ਹੀ ਰਹੇ ;

*'ਜਥਾਸ਼ਕਤੀ ਸਭਿਹਿਨ ਦੇ ਦਾਨ।'*

ਇਹ ਵੀ ਪ੍ਰੋਹਿਤਵਾਦ 'ਤੇ ਕਰਾਰੀ ਸੱਟ ਸੀ। ਆਪ ਜੀ ਦਾ ਇਹ ਵੀ ਫ਼ਰਮਾਉਣਾ ਸੀ ਕਿ *'ਇਕੱਠੇ ਕਰਿ ਧਨ ਦਿਹੁ ਤਿਸ ਭਾਈ। ਜਿਸ ਤੇ ਕਾਰਜ ਕੋ ਬਨ ਜਾਈ।'* ਇਹ ਦਾਨ ਜਾਂ ਪੁੰਨ ਨਹੀਂ ਹੈ। ਜੋ ਦਿੱਤੇ ਦਾਨ ਨੂੰ ਮੁਕਤੀ ਦਾ ਰਾਹ ਸਮਝਦਾ ਹੈ, ਉਹ ਭੁਲੇਖੇ ਵਿਚ ਹੈ। ਹੁਕਮ ਵੀ ਕੀਤਾ : "ਇਸ਼ਨਾਨ ਦਾਨੁ ਜੇਤਾ ਕਰੇਹਿ ਦੂਜੇ ਭਾਇ ਖੁਆਰੁ।"

ਸੂਰਜ ਪ੍ਰਕਾਸ਼[2] ਦੇ ਕਥਨ ਅਨੁਸਾਰ ਆਪ ਜੀ ਕੁਰੁਖੇਤਰ ਤਿੰਨ ਦਿਨ ਰਹੇ, 'ਤਿੰਨ ਦਿਵਸ ਸ੍ਰੀ ਅਮਰ ਦਾਸ ਜੀ ਕੁਰੂਖੇਤਰ ਮਹਿ ਖ਼ਾਸ ਅਤੇ ਮਹਿਮਾ ਪ੍ਰਕਾਸ਼ ਦੇ ਲਿਖੇ

1. ਸਿਰੀ ਰਾਗ ਮਹਲਾ ੩
2. ਸੂਰਜ ਪ੍ਰਕਾਸ਼ ਗਰੰਥਾਵਲੀ, ਜਿਲਦ ੫, ਪੰਨਾ ੧੫੯੨

ਅਨੁਸਾਰ ਕਈ ਪ੍ਰਕਾਰ ਦੀਆਂ ਚਰਚਾਵਾਂ ਹੁੰਦੀਆਂ ਰਹੀਆਂ ਅਤੇ ਸਭ ਆਪਣੇ ਸ਼ੰਕੇ ਦੂਰ ਕਰ ਕੇ ਗਏ :

*ਤਹਾ ਬਹੁਤ ਭਾਤ ਕੀ ਚਰਚਾ ਭਈ।*
*ਤਿੰਨ ਪਾਇ ਪ੍ਰਤਿਗਿਆ ਨਿਸ਼ਚੈ ਲਈ। ੧੩।*

ਗੁਰੂ ਰਾਮ ਦਾਸ ਜੀ ਦੇ ਸ਼ਬਦ *'ਗੋਸਟਿ ਹੋਆ'* ਵੀ ਬਹੁਤ ਹੀ ਭਾਵ ਪੂਰਤ ਹਨ। ਸਭ ਆਪਣੀਆਂ ਬਣੀਆਂ ਵਿਚਾਰਾਂ ਗੁਰੂ ਦੇ ਚਰਨਾਂ ਵਿਚ ਭੇਟ ਕਰ ਗਏ। ਨਵੇਂ ਵਿਚਾਰਾਂ ਨਾਲ ਭਰਪੂਰ ਹੋ ਕੇ ਪਰਤੇ। ਨਵੀਂ ਜੀਵਨ ਰੌ ਉਨ੍ਹਾਂ ਵਿਚ ਦੌੜੀ। ਨਵਾਂ ਉਤਸ਼ਾਹ ਮਿਲਿਆ। ਨਰੋਏ ਵਿਚਾਰ ਉਨ੍ਹਾਂ ਅਪਣਾਏ। ਬੰਧਨ ਟੁੱਟੇ। ਖ਼ੁਸ਼ੀਆਂ ਦੇ ਖੇੜੇ ਆਏ :

*ਅਤ ਪ੍ਰਸੰਨ ਲੋਕ ਸਭ ਭਏ।*
*ਗੁਰੂ ਸਰੂਪ ਹਿਰਦੇ ਧਰ ਲਏ।*[1]

**ਜਮਨਾ ਕੋ ਮਗੁ ਲੀਨ**—ਤਿੰਨ ਦਿਨ ਕੁਰੂਖੇਤਰ ਸੰਗਤਾਂ ਨੂੰ ਤਾਰਦੇ ਹੋਏ ਪਿਪਲੀ, ਕਰਨਾਲ, ਪਾਨੀਪਤ ਤੋਂ ਸ਼ਾਮਲੀ ਦੇ ਰਾਹ ਜਮਨਾ ਪਾਰ ਕੀਤੀ। ਜਮਨਾ ਤੇ ਬੇੜੀਆਂ ਦਾ ਪੁਲ ਸੀ ਤੇ ਮਸੂਲੀਏ ਮਸੂਲ ਉਗਰਾਹੁਣ ਲਈ ਬੈਠ ਗਏ ਸਨ। ਗੁਰੂ ਜੀ ਦਾ ਇਤਨਾ ਪ੍ਰਤਾਪ ਸੀ ਕਿ ਮਸੂਲੀਏ ਪਹਿਲਾਂ ਆਪ ਭੇਟਾ ਲੈ ਕੇ ਆਏ[2] ਅਤੇ ਸਾਰੀ ਸੰਗਤ ਜੋ ਨਾਲ ਸੀ, ਪੁਲ ਪਾਰ ਹੋਈ। ਮਸੂਲੀਏ ਚੁੱਪ ਕਰ ਕੇ ਦੇਖਦੇ ਰਹੇ। ਇਹ ਸਭ ਨੂੰ ਅਨੁਭਵ ਹੋ ਗਿਆ ਕਿ ਜੋ ਵੀ ਗੁਰੂ ਦੇ ਮਾਰਗ ਨਿਰਭੈ ਹੋ ਕੇ ਚਲੇਗਾ, ਉਸ ਨੂੰ ਇਹ ਜਾਗਾਤੀ ਕੀ, ਜਮ ਜਾਗਾਤੀ ਵੀ ਕੁਝ ਨਹੀਂ ਆਖ ਸਕਣਗੇ। ਇਕ ਵਿਸ਼ਵਾਸ ਦੀ ਲਹਿਰ ਸਿੱਖਾਂ ਵਿਚ ਦੌੜ ਰਹੀ ਸੀ। ਉਤਸ਼ਾਹ ਦੀ ਲਾਲੀ ਚੜ੍ਹੀ ਹੋਈ ਸੀ। ਹਰ ਇਕ ਦੀ ਜ਼ਬਾਨ 'ਤੇ ਇਹ ਹੀ ਸੀ :

*ਜੋ ਕੋਈ ਗੁਰ-ਮਾਰਗ ਚਾਲੇ।*
*ਜਮ ਜਾਗਾਤੀ ਤਿਸੇ ਨ ਘਾਲੇ।*

**'ਕਉਤਿਕ'**—ਸੰਗਤ ਇਕ ਅਜੀਬ ਮਸਤੀ ਵਿਚ ਜਾ ਰਹੀ ਸੀ। ਚਾਅ ਹੀ ਚਾਅ ਸੀ। ਜਮਨਾ ਪਾਰ ਕਰ ਕੇ ਬੰਸ਼ਾਵਲੀਨਾਮੇ ਦੇ ਲਿਖਣ ਅਨੁਸਾਰ ਜਲਾਲਾਪੁਰ ਟਿਕੇ।

ਇਥੇ ਮਸੂਲੀਆਂ ਕਈ ਜਤਨ ਕੀਤੇ ਕਰ ਉਗਰਾਹਨ ਦੇ, ਪਰ ਸਭ ਨਿਸਫਲ। ਉਹ ਦੇਖਦੇ ਹੀ ਰਹੇ। ਆਖ਼ਿਰ ਉਨ੍ਹਾਂ ਇਹ ਹੀ ਮਤਾ ਪਕਾਇਆ ਕਿ ਜੋ ਗੁਰੂ-ਗੁਰੂ ਜਪਦਾ ਲੰਘੇ ਉਸ ਕੋਲੋਂ ਕਰ ਨਾ ਮੰਗਿਆ ਜਾਏ। ਸਾਰੀ ਲੋਕਾਈ ਹੀ ਗੁਰੂ-ਗੁਰੂ ਕਰਦੇ ਲੰਘ ਗਈ। ਅੱਧੀ ਕਉਡੀ ਵੀ ਮਸੂਲ ਨਾ ਮਿਲਿਆ। ਉਹ ਆਪਣੀਆਂ ਗੋਲਕਾਂ ਉਠਾ ਕੇ ਚਲੇ ਗਏ। ਇਹ ਨਿਰਾਲੀ ਜਿੱਤ ਸੀ। ਧਰਮ ਦਾ ਜੈਕਾਰ ਸੀ। ਲੋਕਾਂ ਨੂੰ ਧਰਮ ਦੀ ਆਜ਼ਾਦੀ ਦਾ ਅਹਿਸਾਸ ਹੋਇਆ। ਸਦੀਆਂ ਤੋਂ ਦਬਾਏ ਜਾਂਦਿਆਂ ਨੇ ਆਜ਼ਾਦੀ ਦਾ ਸਵਾਦ ਚੱਖਿਆ।

---

1. ਮਹਿਮਾ ਪ੍ਰਕਾਸ਼, ਸਾਖੀ ੮, ਪਾਤਸ਼ਾਹੀ ਤੀਜੀ
2. "ਜਾਗਾਤੀ ਮਿਲੇ ਦੇ ਭੇਟ" (ਤੁਖਾਰੀ ਮਹਲਾ ੪)

ਗੁਰੂ ਰਾਮਦਾਸ ਜੀ ਨੇ ਇਸੇ ਲਈ ਹਰਿਦੁਆਰ ਪੁੱਜਣ ਨੂੰ ਇਕ 'ਕਉਤਕ' ਨਾਲ ਤਸ਼ਬੀਹ ਦਿੱਤੀ ਹੈ। ਇਹ ਕਉਤਕ ਹੀ ਸੀ ਕਿ ਹਕੂਮਤ ਇਕ ਪਾਸੇ, ਉਸ ਦਾ ਜਬਰ ਇਕ ਪਾਸੇ ਤੇ ਹਾਕਮ ਉਗਰਾਹੀ ਵਾਲੇ ਖੜ੍ਹੇ ਹੋਣ ਤੇ ਗੁਰੂ ਅਮਰ ਦਾਸ ਜੀ ਸੰਗਤਾਂ ਨੂੰ ਨਾਲ ਲੈ ਕੇ ਗੁਜ਼ਰ ਰਹੇ ਹੋਣ ਤੇ ਕਿਸੇ ਦੀ ਜੁਰਅੱਤ ਨ ਹੋਏ ਕਰ ਮੰਗਣ ਦੀ। ਚੌਥੇ ਪਾਤਸ਼ਾਹ ਦੇ ਸ਼ਬਦ ਹਨ :

*"ਤ੍ਰਿਤੀਆ ਆਏ ਸੁਰਸਰੀ ਤਾਂ ਕਉਤਿਕ ਚਲਤੁ ਭਇਆ।*

ਆਪ ਜੀ ਨੇ ਡੇਰਾ ਕਨਖਲ ਵਿਖੇ ਇਕ ਪਿਪਲ ਹੇਠਾਂ ਕੀਤਾ।[1] ਇਕ ਕਿਰਤੀ ਸਿੱਖ ਭਾਈ ਧੰਨਾ ਦੇ ਘਰ ਚਰਨ ਪਾਉਣ ਜ਼ਰੂਰ ਗਏ ਪਰ ਡੇਰਾ ਬਾਹਰ ਹੀ ਰੱਖਿਆ।

ਆਪ ਜੀ ਦਾ ਆਉਣਾ ਸੁਣ ਕੇ ਨਗਰ ਦੇ ਮੁਖੀ ਦਰਸ਼ਨਾਂ ਨੂੰ ਆਏ। ਚਰਚਾ ਹੁੰਦੀਆਂ ਰਹੀਆਂ। ਪੰਡਤਾਂ ਪਹਿਲਾ ਸਵਾਲ ਹੀ ਇਹ ਕੀਤਾ ਕਿ ਤੁਸਾਂ ਨੂੰ ਚਾਰੇ ਵਰਣ ਮੱਥਾ ਟੇਕਦੇ ਹਨ, ਤੁਸੀਂ ਕਿਸੇ ਅੱਗੇ ਨਹੀਂ ਟੇਕਦੇ।

*'ਚਾਰ ਵਰਨ ਕੋ ਪੂਜ ਪੁਜਾਵੋ।*
*ਕਾਹੂ ਕੋ ਮਸਤਕ ਨਹੀਂ ਨਿਵਾਵੋ।'*

ਮਹਾਰਾਜ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਨਹੀਂ ਗੁਰੂ ਨਾਨਕ ਦੇ ਉਪਦੇਸ਼ਾਂ ਨੂੰ ਮੱਥਾ ਟੇਕਦੇ ਹਨ। ਤੁਸੀਂ ਲੋਕ, ਜਿਨ੍ਹਾਂ ਨੂੰ ਨਿਰਾ ਵਿੱਦਿਆ ਦਾ ਮਾਣ ਹੈ, ਭਗਤੀ ਦਾ ਸਵਾਦ ਜਾਣ ਨਹੀਂ ਸਕਦੇ। ਗੁਰੂ ਨਾਨਕ ਜੀ ਇਥੇ ਹੀ ਦ੍ਰਿੜ੍ਹ ਕਰਾ ਗਏ ਸਨ ਕਿ ਠਾਕਰ ਨੂੰ ਕੇਵਲ ਭਗਤੀ ਹੀ ਭਾਂਵਦੀ ਹੈ, ਜਦ ਭਰਮ ਦੀ ਭੀਤ ਟੁੱਟਦੀ ਹੈ ਤਾਂ ਉਚ-ਨੀਚ ਵਾਲੀ ਕੰਧ ਵੀ ਆਪੇ ਗਿਰ ਜਾਂਦੀ ਹੈ। ਗੁਰ ਪਾਸ ਨਾਮ ਦਾਨ ਇਸ਼ਨਾਨ ਹੈ। ਸ਼ੀਲ, ਸੰਜਮ, ਦਇਆ, ਧਰਮ, ਸੰਤੋਖ ਦਾ ਉਹ ਪੁੰਜ ਹੈ। ਇਹ ਕਰਮਾਂ ਤੋਂ ਰਹਿਤ ਹੈ ਅਤੇ ਸੁਕ੍ਰਿਤ ਦਾ ਗਾਹਕ ਹੈ। ਸ਼ਬਦ ਦੀ ਕਮਾਈ ਨਾਲ ਭਟਕਣਾ ਮੁੱਕ ਜਾਂਦੀ ਹੈ। ਸਰੋਵਰ ਇਕ ਸਰੀਰ ਹੈ। ਹੰਸ ਇਹ ਮਨ ਹੈ। ਰਤਨ ਪ੍ਰਮੇਸ਼ਰ ਦਾ ਨਾਮ। ਚਿਤ ਨਾਲ ਜਿਸ ਪ੍ਰਮੇਸ਼ਰ ਦਾ ਨਾਮ ਜਪਿਆ ਹੈ, ਜਿਸ ਦੇਹੀ ਤੇ ਹੀ ਪ੍ਰਮੇਸ਼ਰ ਪਾਵੇ। ਸੁਕ੍ਰਿਤ ਹੈ :

*ਬੁਰੇ ਉਪਰਿ ਪੈਰ ਨਾ ਰੱਖੇ, ਵਿਚਾਰ ਮਹਿ ਚਲੈ।*

ਜਿਤਨੀ ਦੁਬਿਧਾ ਹੈ ਤਿਆਗ ਦੇਵੇ ਤੇ ਨਿਰੰਕਾਰ ਸਾਥ ਸਮਾਵੇ। ਮੁਕਤੀ ਦੀ ਪਉੜੀ, ਪ੍ਰਮੇਸ਼ਰ ਦਾ ਜਸ ਅਤੇ ਗੁਰੂ ਦੇ ਸ਼ਬਦ ਦਾ ਵਿਚਾਰ ਹੈ। ਸ਼ਬਦ ਦੇ ਵਿਚਾਰ ਤੋਂ ਹੀ ਸਹਿਜ ਅਨੰਦ ਪ੍ਰਾਪਤ ਹੁੰਦਾ ਹੈ। ਜਿਸ ਨੂੰ ਇਹ ਮਿਲ ਜਾਏ ਉਸ ਦਾ ਸੁਭਾਉ ਧੀਰਜ ਵਾਲਾ ਹੋ ਜਾਂਦਾ ਹੈ ਅਤੇ ਜੀਵਨ ਮਨੋਰਥ ਦੀ ਸੋਝੀ ਆ ਜਾਂਦੀ ਹੈ। ਮਾਇਆ ਦਾ ਫਿਰ ਕੋਈ ਰੂਪ ਉਸ ਨੂੰ ਭਰਮਾ ਨਹੀਂ ਸਕਦਾ। ਜੀਵਨ ਤੱਤ ਇਹ ਹੀ ਹੈ :

---

1. ਕਨਖਲ ਵਿਖੇ ਸਿਵਰ ਕੇ ਕਿਏ।
ਸੁਰਸਰਿ ਤਤ ਪਰ ਪੀਪਰ ਬਨ।
ਬੈਠੇ ਸ੍ਰੀ ਸਤਿਗੁਰ ਭਗਵਨ।
ਰਾਸਿ ਪਹਿਲੀ॥ ਅੰਸ਼ ੪੩॥

*ਸਚ ਕੀ ਸਿਫਤ ਕਰੇ। ਸਚ ਹੀ ਕਉ ਸਾਲਾਹੈ।*
*ਸਚ ਹੀ ਕਉ ਮਾਂਗੇ। ਸਚ ਹੀ ਕੀ ਸਰਨੀ ਪੜੇ।*
*ਸਚ ਹੀ ਕਉ ਜਾਨੈ, ਸਚ ਹੀ ਕਉ ਮਾਨੈ।*
*ਸਚ ਹੀ ਸਿਉ ਜਾਣਿ ਪਹੁੰਚੈ। ਸਚ ਹੀ ਬੋਲੇ।*
*ਸਚ ਹੀ ਹੋਇ।*

ਗੁਰੂ ਰਾਮ ਦਾਸ ਜੀ ਦੇ ਸ਼ਬਦਾਂ ਵਿਚ ਉਨ੍ਹਾਂ ਵੱਡੇ ਮਨੁੱਖਾਂ, ਮਹਾ ਜਨਾਂ, ਤੁਰਨੇ ਸਿਰ ਮਨੁੱਖਾਂ ਨੇ ਗੁਰੂ ਜੀ ਦੀ ਸ਼ਰਨ ਨਾਲ ਇਹ ਨਿਰਣਾ ਕਰ ਲਿਆ ਕਿ *ਗੁਰੂ ਸਤਿਗੁਰੂ ਗੁਰੂ ਗੋਬਿੰਦ* ਨੂੰ ਹਿਰਦੇ ਵਿਚ ਵਸਾਉਣਾ ਹੀ ਅਸਲ ਸਿਮ੍ਰਿਤੀ ਦਾ ਪਾਠ ਗਿਆਨ ਸ਼ਾਸਤਰ ਹੈ :

*"ਮਿਲਿ ਆਏ ਨਗਰ ਮਹਾ ਜਨਾ,*
*ਗੁਰ ਸਤਿਗੁਰ ਓਟ ਗਹੀ।*
*ਗੁਰ ਸਤਿਗੁਰੂ ਗੁਰੂ ਗੋਵਿੰਦ,*
*ਪਠਿ ਸਿਮ੍ਰਿਤ ਕੀਤਾ ਸਹੀ।*

ਉਨ੍ਹਾਂ ਨੂੰ ਇਹ ਯਕੀਨ ਆ ਗਿਆ ਕਿ ਸੁਕਦੇਵ ਨੇ, ਪ੍ਰਹਿਲਾਦ ਨੇ ਅਤੇ ਸ੍ਰੀ ਰਾਮ ਚੰਦਰ ਜੀ ਨੇ ਵੀ ਗੋਵਿੰਦ ਗੋਵਿੰਦ ਹੀ ਸਿਮਰਿਆ ਸੀ। ਉਸ ਧਿਆਨ ਸਦਕਾ ਹੀ ਸਰੀਰ ਨਗਰ, ਸਰੀਰ ਕਿਲ੍ਹੇ ਵਿਚੋਂ ਇਨ੍ਹਾਂ ਪੰਜਾਂ ਚੋਰਾਂ, ਪੰਜਾਂ ਡਾਕੂਆਂ ਦਾ ਨਾਂ ਨਿਸ਼ਾਨ ਹੀ ਮੁੱਕ ਗਿਆ।

*'ਸਿਮ੍ਰਿਤ ਸ਼ਾਸਤ੍ਰ ਸਭਨੀ ਸਹੀ ਕੀਤਾ,*
*ਸੁਕਿ ਪ੍ਰਹਿਲਾਦਿ ਸ੍ਰੀ ਰਾਮਿ,*
*ਕਰਿ ਗੁਰ ਗੋਵਿੰਦ ਧਿਆਇਆ।*
*ਦੇਹੀ ਨਗਰ ਕੋਟਿ ਪੰਚ ਚੋਰ ਵਟਵਾਰੇ,*
*ਤਿਨ ਕਾ ਥਾਉ ਥੇਹੁ ਗਵਾਇਆ।*

ਉਨ੍ਹਾਂ ਸਭਨਾਂ ਸਿਆਣਿਆਂ ਨੇ ਗੁਰੂ ਨਾਨਕ ਦੀ ਰਾਹੀਂ, ਗੁਰੂ ਉਪਦੇਸ਼ ਦੀ ਰਾਹੀਂ *ਪਰਮਾਤਮਾ ਦੀ ਭਗਤੀ* ਕਰਨ ਦੀ ਦਾਤ ਹਾਸਲ ਕਰ ਲਈ।

ਨਗਰ ਵਿਚ ਸਦਾ ਕੀਰਤਨ ਹੋਣ ਲੱਗ ਪਏ। ਇਹ ਕੀਰਤਨ ਹੀ ਸਭ ਲਈ ਹੁਣ ਪੁਰਾਣਾਂ ਦਾ ਪਾਠ, ਪੂਜਾ, ਦਾਨ ਪੁੰਨ ਸੀ।

*'ਕੀਰਤਨ ਪੁਰਾਣ ਨਿਤ ਪੁੰਨ ਹੋਵਹਿ,*
*ਗੁਰੂ ਬਚਨਿ ਨਾਨਕਿ ਹਰਿ ਭਗਤ ਲਹੀ।*

ਕੈਸਾ ਇਨਕਲਾਬ ਸੀ ਜੋ ਗੁਰੂ ਅਮਰ ਦਾਸ ਜੀ ਦੀ ਕ੍ਰਿਪਾ ਨਾਲ ਹਰਿਦੁਆਰ ਵਿਚ ਆਇਆ।

*'ਸੁੰਨ ਸੁੰਨ ਲੋਕ ਹਜ਼ਾਰੋਂ ਆਵਹਿ।*
*ਚਉ ਦ੍ਰਿਸ਼ ਭੀਰ ਥਾਉਂ ਨਹਿ ਪਾਵਹਿ।'*

ਜਿਥੇ ਆਪ ਜੀ ਉਪਦੇਸ਼ ਕਰਦੇ, ਕੀਰਤਨ ਹੁੰਦੇ, ਸੰਗਤਾਂ ਜੁੜਦੀਆਂ। ਜੀਵਨ

ਕਦਰ ਐਸੀ ਦਿੱਤੀ ਕਿ ਸਤੀ ਹੋਣ ਆਈਆਂ ਵੀ ਗੁਰ ਚਰਨੀਂ ਲੱਗੀਆਂ। ਉਸ ਸਤੀ ਘਾਟ 'ਤੇ ਹੁਣ ਗੁਰਦੁਆਰਾ ਬਣ ਗਿਆ ਹੈ।

ਹਰਿਦੁਆਰ ਗੁਰੂ ਜੀ ਅੱਠ ਦਿਨ ਰਹਿ ਕੇ ਗੋਇੰਦਵਾਲ ਵੱਲ ਸੰਗਤਾਂ ਸਮੇਤ ਵਾਪਸ ਮੁੜੇ।

**ਦੋਨਹੁ ਨਿਰਮਲ ਪੰਥ ਚਲਾਇ**—ਸ਼ੋਭਾ ਸੁਣ ਕੇ ਉਹ ਪੰਡਤ ਦੁਰਗਾ, ਜਿਸ ਪੈਰਾਂ ਵਿਚ ਪਦਮ ਦੇਖ ਕੇ ਚੱਕਰਵਰਤੀ ਰਾਜਾ ਜਾਂ ਦੀਨ ਦੁਨੀ ਦਾ ਮਾਲਕ ਹੋਣਾ ਕਿਹਾ ਸੀ, ਦਰਸ਼ਨਾਂ ਨੂੰ ਆਇਆ। ਆਪਣੀ ਗੱਲ ਯਾਦ ਕਰਾ ਕੇ ਬੇਨਤੀ ਕੀਤੀ ਕਿ ਹੁਣ ਕ੍ਰਿਪਾ ਕਰੋ। ਮਹਾਰਾਜ ਨੇ ਬਚਨ ਕੀਤਾ : 'ਜੇ ਦੁਨਿਆਵੀ ਪਦਾਰਥਾਂ ਦੀ ਲੋੜ ਹੈ ਤਾਂ ਹੁਣੇ ਹੀ ਦੇ ਦਿੰਦੇ ਹਾਂ ਅਤੇ ਜੇ ਕਲਯਾਨ ਦੀ ਲੋੜ ਹੈ ਤਾਂ ਦੱਸ।'

ਪੰਡਤ ਨੇ ਮੌਕਾ ਸੰਭਾਲ ਕੇ ਕਿਹਾ : ਤੁਸਾਂ ਤਾਂ ਆਪ ਹੀ ਗ੍ਰਿਹਸਤ ਵਿਚ ਉਦਾਸ ਹੋਣ ਦਾ ਵੱਲ ਦੁਨੀਆ ਨੂੰ ਦੱਸ ਰਹੇ ਹੋ। ਜੇ ਨਾਮ ਮੰਗਾਂ ਤਾਂ ਧਨ ਬਗੈਰ ਗ੍ਰਿਹਸਤ ਨਹੀਂ ਚਲਦਾ ਅਤੇ ਜੇ ਨਿਰਾ ਧਨ ਹੀ ਆਪ ਜੀ ਕੋਲੋਂ ਲੈ ਗਿਆ ਤਾਂ ਜਮਪੁਰ ਜਾਣ ਵੇਲੇ ਧੱਕੇ ਪੈਣਗੇ। ਆਪ ਜੀ ਅੱਗੇ ਮੈਂ ਹੁਣ ਕੀ ਬੇਨਤੀ ਕਰਾਂ? ਬਖ਼ਸ਼ਿਸ਼ ਕਰੋ ਤੇ ਦੋਵੇਂ ਹੀ ਦਾਤਾਂ ਝੋਲੀ ਵਿਚ ਪਾਓ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਨਾਮ ਦੇਹਿ, ਧਨ ਦੇਹਿ ਨ ਜਨ ਕੋ,*
*ਧਨ ਬਿਹੀਨ ਜਨ ਜਗ ਨ ਸੁਹਾਇ।*
*ਜੇ ਧਨ ਦੇਹਿ, ਨਾਮ ਨਹਿ ਦੇਵੈਂ,*
*ਨਾਮ ਬਿਨਾ ਜਨ ਜਮਪੁਰਿ ਜਾਇ।*
*ਤੁਮ ਪਹਿ ਕਹੀ ਨਹੀਂ ਬਣਿ ਆਵਹਿ,*
*ਜਯੋਂ ਭਾਵੈ ਤਯੋਂ ਬਨਤਿ ਬਨਾਇ।*
*ਗੁਰੂ ਅਮਰ ਦਾਸ, ਤੇਜੋ ਕੇ ਨੰਦਨ,*
*ਦੋਨਹੁ ਨਿਰਮਲ ਪੰਥ ਚਲਾਇ।"*[1]

ਗੁਰੂ ਅਮਰ ਦਾਸ ਜੀ ਇਹ ਸੁਣ ਕੇ ਮੁਸਕਰਾਏ ਤੇ ਫਿਰ ਕਿਹਾ : ਦੋਨਹੁ ਤੁਮ ਲੇਹੁ।' ਜਦ ਤਕ ਜ਼ਿੰਦਾ ਰਹੇਂਗਾ ਧਨ ਦੀ ਥੁੜ ਨਹੀਂ ਆਏਗੀ ਅਤੇ ਸਤਿਨਾਮ ਦਾ ਸਿਮਰਨ ਧਿਆਨ ਲਗਾ ਕੇ ਕਰਨਾ, 'ਅੰਤ ਸਮੈ ਜਮ ਨਹਿ ਦਰਸੈ ਹੋ।' ਇਸ ਤਰ੍ਹਾਂ ਦੁਰਗਾ ਰਾਹੀਂ ਸਿੱਖੀ ਮਾਰਗ ਵੀ ਦਰਸਾ ਦਿੱਤਾ ਕਿ ਕਿਰਤ ਕਰਦੇ, ਧਨ ਕਮਾਉਂਦੇ ਉਸ ਦੀ ਯਾਦ ਵਿਸਰਨ ਨਹੀਂ ਦੇਣੀ।

ਸਭ ਤੀਰਥਾਂ ਨੂੰ ਪਾਵਨ ਕਰਕੇ, ਧਰਮ ਦਾ ਰਾਹ ਦ੍ਰਿੜਾ ਕੇ, ਭਗਤੀ ਦਾ ਬੀਜ, ਅਨੇਕਾਂ ਦੇ ਮਨਾਂ ਵਿਚ ਪਾ ਕੇ, ਅਗਿਆਨ ਦਾ ਅੰਧੇਰਾ ਦੂਰ ਕਰਕੇ, 'ਆਏ ਗੋਇੰਦਵਾਲ ਸਭ ਜਗ ਭਇਆ ਨਾਲ।' ਇਸ ਯਾਤਰਾ 'ਤੇ ਤਕਰੀਬਨ ਇਕ ਮਹੀਨਾ ਲੱਗਾ।

● ● ●

---

1. ਰਾਸ ਪਹਿਲੀ। ਅੰਸ਼ੂ ੫੦

੬

# ਬਾਉਲੀ ਤੇ ਬਰਕਤਾਂ

**ਬਾਉਲੀ ਦੀ ਨੀਂਹ**—ਲੋਕਾਂ ਦਾ ਉੱਧਾਰ ਕਰਕੇ ਜਦ ਤੀਰਥਾਂ ਤੋਂ ਵਾਪਸ ਮੁੜੇ ਤਾਂ ਕੁਝ ਮਹੀਨੇ ਉਸਾਰੀ ਦੇ ਕੰਮਾਂ ਵਿਚ ਜੁਟੇ ਰਹੇ। ਸੰਗਤਾਂ ਵਹੀਰਾਂ ਪਾ ਕੇ ਆ ਰਹੀਆਂ ਸਨ। ਸੇਵਾ ਸਿਮਰਨ ਸਦਾ ਹੁੰਦਾ ਰਹਿੰਦਾ ਸੀ।

ਗੁਰੂ ਅਮਰ ਦਾਸ ਜੀ ਨੇ ਇਹ ਨਿਰਣਾ ਲਿਆ ਕਿ ਕੋਈ ਅਸਥਾਨ ਅਜਿਹਾ ਜ਼ਰੂਰ ਹੋਣਾ ਚਾਹੀਦਾ ਹੈ ਜਿਥੇ ਘੱਟ ਤੋਂ ਘੱਟ ਸਾਲ ਵਿਖੇ ਇਕ ਵਾਰੀ ਸਾਰੀ ਕੌਮ ਇਕੱਠੀ ਹੋਵੇ ਤੇ ਜੀਵਨ-ਰਾਹ ਪਾਏ।

ਉਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਦਾ ਹੁਕਮ ਯਾਦ ਸੀ : 'ਪੁਰਖਾ! ਪਾਰਬ੍ਰਹਮ ਦਾ ਪੰਥ ਕਰਨਾ।' ਪਾਰਬ੍ਰਹਮ ਦਾ ਪੰਥ ਕਰਨ ਲਈ ਹੀ ਸੰਗਤ ਤੇ ਪੰਗਤ ਜ਼ਰੂਰੀ ਕੀਤੀ ਸੀ ਪਰ ਗੁਰੂ ਅਮਰ ਦਾਸ ਜੀ ਦੇਖ ਰਹੇ ਸਨ ਕਿ ਲੋਕਾਂ ਵਿਚ ਅਜੇ ਵੀ ਭਿੱਟ ਸੁੱਚ ਦਾ ਖ਼ਿਆਲ ਹੈ। ਬਾਕੀ ਭਿੱਟਾਂ ਤਾਂ ਮਿਟ ਰਹੀਆਂ ਹਨ ਪਰ ਪਾਣੀ ਦੀ ਭਿੱਟ ਫਿਰ ਵੀ ਰਹਿੰਦੀ ਹੈ। ਜਦ ਤਕ ਅਜਿਹੀ ਬਿਰਤੀ ਨਾ ਬਣੇ ਕਿ ਸਭ ਪਾਰਬ੍ਰਹਮ ਦੇ ਜਾਏ ਹਨ, ਪੰਥ ਦੀ ਜਥੇਬੰਦੀ ਬਣਨੀ ਮੁਸ਼ਕਿਲ ਹੈ। ਸੋ ਬਾਉਲੀ ਸਾਜਣ ਦਾ ਨਿਰਣਾ ਇਸ ਪਾਸੇ ਦਾ ਇਕ ਹੋਰ ਮਹੱਤਵਪੂਰਨ ਕਰਮ ਸੀ। ਸਾਰੇ ਇਕੋ ਥਾਂ ਇਸ਼ਨਾਨ ਕਰਨ ਤੇ ਇਕ ਥਾਂ ਦਾ ਜਲ ਪੀਣ।

ਹੋਰ, ਦਰਿਆ ਦਾ ਪਾਣੀ ਚੁਮਾਸੇ ਵਿਚ ਪੀਣ ਦੇ ਲਾਇਕ ਨਹੀਂ ਰਹਿੰਦਾ। ਐਸਾ ਖੂਹ ਹੋਵੇ ਜਿਸ ਦਾ ਜਲ ਅਟੁੱਟ ਹੋਵੇ। ਹਰਟ ਵੀ ਚੱਲਣ ਅਤੇ ਲੋਕੀਂ ਵੀ ਜਲ ਛਕਣ, ਭਰਣ ਤੇ ਪਸ਼ੂ ਵੀ ਰੱਜ-ਰੱਜ ਪੀਣ। ਖੁੱਲ੍ਹੇ ਇਸ਼ਨਾਨ ਹੋਣ। ਪਾਠ ਧਿਆਨ ਕਰਨ ਵਾਲਿਆਂ ਲਈ ਇਕ ਸੁਹਾਵਣੀ ਥਾਂ ਵੀ ਬਣ ਜਾਏ। ਖੂਹ ਦੀ ਤਰਾਵਤ ਨਾਲ ਮੌਸਮ ਕੁਦਰਤੀ ਸੁਹਾਵਣਾ ਹੋ ਜਾਣਾ ਸੀ।

ਬਾਉਲੀ ਦੀਆਂ ੮੪ ਪਉੜੀਆਂ ਰੱਖੀਆਂ ਤਾਂਕਿ ਹਰ ਹਿਰਦੇ ਇਹ ਖ਼ਿਆਲ ਪ੍ਰਪੱਕ ਹੋ ਜਾਏ ਕਿ ਮੁਕਤੀ ਦਾਤਾ, ਜਨਮ ਮਰਨ ਕੱਟਣ ਵਾਲਾ, ਚੌਰਾਸੀ ਕੱਟਣ ਵਾਲਾ ਗੁਰ ਸ਼ਬਦ ਹੈ। ਇਹ ਹੁਕਮ ਹੋਇਆ ਸੀ ਕਿ ਜੋ ਇਕ ਮਨ ਚਿਤ ਇਨ੍ਹਾਂ ਪਉੜੀਆਂ ਤੇ

੮੪ ਜਪੁਜੀ ਦੇ ਪਾਠ ਕਰੇਗਾ ਉਸ ਦਾ ਜਨਮ ਮਰਨ ਕੱਟਿਆ ਜਾਏਗਾ।

*'ਬਾਰਿ ਚੁਰਾਸੀ ਕਰਹਿ ਸ਼ਨਾਨ।*
*ਇਤਨੇ ਜਪੁਜੀ ਪਾਠ ਬਖਾਨਿ।*
*ਸਤਿਗੁਰ ਮੂਰਤਿ ਕਰਿਕੈ ਧਯਾਨ।*
*ਮਿਟਹਿ ਚੁਰਾਸੀ ਆਵਨਿ ਜਾਨਿ।੫।*

(ਰਾਸ ੧, ਅੰਸ਼ ੫੮)

ਬਾਉਲੀ ਖੂਹ ਵਾਂਗ ਹੀ ਹੁੰਦੀ ਹੈ ਪਰ ਇਸ ਦੇ ਜਲ ਨੂੰ ਪਉੜੀਆਂ ਨਾਲ ਜੋੜਿਆ ਹੁੰਦਾ ਹੈ। ਪਉੜੀਆਂ ਵੀ ਬਹੁਤੇਰੀਆਂ ਖੁਲ੍ਹੀਆਂ ਅਤੇ ਚੌੜੀਆਂ ਹੁੰਦੀਆਂ ਹਨ। ਇਸ ਨੂੰ ਐਸਾ ਬਣਾਉਣ ਦਾ ਇਕ ਹੋਰ ਕਾਰਨ ਇਹ ਸੀ ਕਿ ਤੀਰਥਾਂ ਦਾ ਭਰਮ ਹੀ ਮੁੱਕ ਜਾਏ। ਅਸਲ ਤੀਰਥ ਸਤਿਗੁਰ ਹੈ। ਨਾਮ ਜਪਨਾ ਹੀ ਵੇਦ ਸ਼ਾਸਤਰ ਤੇ ਸਿਮ੍ਰਤ ਦਾ ਪਾਠ ਹੈ। ਗੰਗਾ ਗੁਰੂ ਦੇ ਚਰਨਾਂ ਵਿਚ ਹੈ।

*ਸ਼ਾਸਤਰ ਬੇਦ ਸਿਮ੍ਰਤ ਸਰ ਤੇਰਾ।*
*ਸੁਰਸਰੀ ਚਰਨ ਸਮਾਣੀ।*[1]

ਸਾਖੀ ਵੀ ਆਉਂਦੀ ਹੈ ਕਿ 'ਇਕ ਸਾਧ ਗੁਰ-ਮਿੱਤਰ' ਜਦ ਆਪ ਜੀ ਦਾ ਦਰਸ਼ਨ ਕਰਕੇ ਗੰਗਾ ਨੂੰ ਜਾਣ ਲੱਗਾ ਤਾਂ ਆਪ ਜੀ ਨੇ ਫ਼ਰਮਾਇਆ :

*ਤੁਮ ਕਸ਼ਟ ਕਰੋ ਕਾਹੇ ਮਮ ਪਿਆਰਾ।*
*ਬਾਵਲੀ ਮੋ ਗੰਗਾ ਮੈਂ ਆਨੀ।*
*ਇਹ ਕਰੋ ਸ਼ਨਾਨ ਬਚਨ ਮਮ ਮਾਨੀ।*

ਉਸ ਨੇ ਇਸ਼ਨਾਨ ਤਾਂ ਕਰ ਲਿਆ ਪਰ ਸ਼ੰਕਾ ਬਣੀ ਰਹੀ ਕਿ ਇਹ ਕਿਵੇਂ ਹੋ ਸਕਦਾ ਹੈ ? ਗੰਗਾ ਵੱਲ ਟੁਰ ਪਿਆ। ਉਥੇ ਇਸ਼ਨਾਨ ਕਰਦੇ ਉਸ ਦਾ ਲੋਟਾ ਗੰਗਾ ਵਿਚ ਗਿਰ ਗਿਆ। ਵਾਪਸ ਆਇਆ ਤਾਂ ਉਹ ਲੋਟਾ ਇਸ ਬਾਉਲੀ ਵਿਚ ਹੀ ਡਿੱਠਾ ਤੇ ਗੁਰੂ ਦੇ ਚਰਨਾਂ 'ਤੇ ਢੱਠਾ ਅਤੇ ਕਿਹਾ :

*ਮੈਂ ਅਜਾਨ ਮਹਿਮਾ ਨਹੀਂ ਜਾਨੀ।*
*ਬਾਵਲੀ ਮਹਿ ਗੰਗ ਪਰਮਾਨੀ।*[2]

ਟੱਕ—ਗੁਰੂ ਜੀ ਨੇ ਸਾਰੇ ਪਾਸੇ ਮੇਵੜੇ ਭੇਜ ਦਿੱਤੇ ਕਿ ਸੰਗਤਾਂ ਅਸੂ ਵਦੀ ਦਸਵੀਂ, (ਸਤੰਬਰ ੫) ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਵਾਲੇ ਦਿਹਾੜੇ ਗੋਇੰਦਵਾਲ ਪੁੱਜਣ। ਇਸ ਪ੍ਰਕਾਰ ਦਾ ਇਹ ਪਹਿਲਾ ਹੁਕਮਨਾਮਾ ਸੀ ਜੋ ਸੰਗਤਾਂ ਪਾਸ ਪੁੱਜਾ ਸੀ, ਸੀ, ਸੋ ਸੰਗਤਾਂ ਅਤਿਅੰਤ ਚਾਅ ਨਾਲ ਤਿਆਰੀ ਕਰਕੇ ਪੁੱਜੀਆਂ।

ਅੰਮ੍ਰਿਤ ਵੇਲੇ ਕੀਰਤਨ ਉਪਰੰਤ ਨਿਯਤ ਕੀਤੀ ਥਾਂ 'ਤੇ ਸਮੂਹ ਸੰਗਤਾਂ ਸਾਹਮਣੇ ਬਾਬਾ ਬੁੱਢਾ ਜੀ ਨੂੰ ਗੁਰੂ ਜੀ ਨੇ ਟੱਕ ਲਗਾਉਣ ਦੀ ਆਗਿਆ ਕੀਤੀ। ਉਨ੍ਹਾਂ ਕਹੀ

---

1. ਆਸਾ ਮਹਲਾ ਤੀਜਾ (ਅਸ਼ਟਪਦੀ)
2. ਮਹਿਮਾ ਪ੍ਰਕਾਸ਼, ਸਾਖੀ ੧੬, ਪਾਤਸ਼ਾਹੀ ਤੀਜੀ

ਨਾਲ ਟੱਕ ਲਗਾਇਆ :

*"ਟਕ ਲਵਨਿ ਕੀ ਆਇਸ ਦਈ।*
*ਬੁਢੇ ਪ੍ਰਥਮ ਕਹੀ ਕਰ ਗਹੀ।*

ਟੱਕ ਲਗਾਉਣ ਦੀ ਢਿਲ ਸੀ ਕਿ ਕਾਰ ਸੇਵਾ ਆਰੰਭ ਹੋ ਗਈ।

**ਸੇਵਾ ਹੀ ਤੱਪ ਹੈ**—ਸਿੱਖ ਦਰਸ਼ਨਾਂ ਨੂੰ ਆਉਂਦੇ ਤੇ ਕਈ ਕਈ ਦਿਨ ਖੂਹ ਪੁੱਟਣ ਦੀ ਸੇਵਾ ਵਿਚ ਜੁੱਟੇ ਰਹਿੰਦੇ। ਭਗਤੀ ਦ੍ਰਿੜ੍ਹ ਕਰਦੇ। ਸੀਸ 'ਤੇ ਮਿੱਟੀ ਦੀ ਟੋਕਰੀ ਚੁੱਕ ਕੇ ਇੰਜ ਮਹਿਸੂਸ ਕਰਦੇ ਜਿਵੇਂ ਦਸਮ ਦੁਆਰ ਦੇ ਕਪਾਟ ਖੁਲ੍ਹ ਰਹੇ ਹਨ। ਗੁਰੂ ਜੀ ਵੀ ਸਿੱਖਾਂ ਦੀ ਪ੍ਰੇਮ ਪ੍ਰਤਿੱਗਿਆ ਦੇਖ ਵਰ ਦਿੰਦੇ। ਭਾਈ ਪਾਰੋ ਜੀ, (ਗੁਰੂ) ਰਾਮ ਦਾਸ, ਭਾਈ ਸਾਧਾਰਣ, ਭਾਈ ਸੱਚ-ਨਿਸੱਚ ਤੇ ਇਕ ਮਾਈ ਦਾ ਜ਼ਿਕਰ ਸਿੱਖ ਇਤਿਹਾਸ ਨੇ ਖ਼ਾਸ ਕਰ ਕੀਤਾ ਹੈ।

ਮਹਿਮਾ ਪ੍ਰਕਾਸ਼ ਗੁਰੂ ਅਮਰ ਦਾਸ ਵਿਚ ਇਸ ਮਾਈ ਦਾ ਨਾਂ ਮਾਈ ਭਾਗੋ ਲਿਖਿਆ ਹੈ ਪਰ ਗੁਰਦੁਆਰਾ ਹਵੇਲੀ ਸਾਹਿਬ (ਗੋਇੰਦਵਾਲ) ਵਰਾਂਡੇ ਵਿਚ ਲੱਗੀ ਸੁਨਹਿਰੀ ਪੱਤੇ ਵਾਲੀ ਤਸ਼ਤਰੀ ਵਿਚ ਇਸ ਮਾਈ ਦਾ ਨਾਂ ਮਾਈ ਸੇਵਾਂ ਲਿਖਿਆ ਹੈ। ਇਹ ਨਾਂ ਠੀਕ ਲੱਗਦਾ ਹੈ ਕਿਉਂਕਿ ਇਸ ਮਾਈ ਨੂੰ ਗੁਰੂ ਜੀ ਨੇ ਮੰਜੀ ਵੀ ਬਖ਼ਸ਼ੀ ਸੀ ਅਤੇ ਇਥੇ ਬਾਈ ਮੰਜੀਆਂ ਵਿਚ ਇਕ ਇਸ ਦਾ ਵੀ ਜ਼ਿਕਰ ਹੈ। ਮਾਈ ਭਾਗੋ ਕਸ਼ਮੀਰ ਦੀ ਸੀ। ਮਾਈ ਸੇਵਾਂ ਕਾਬਲ ਦੀ ਰਹਿਣ ਵਾਲੀ ਸੀ।

ਹੁਕਮ ਪੁੱਜਾ ਕਿ ਸੇਵਾ ਦਾ ਯੱਗ ਲੱਗਾ ਹੈ ਤਾਂ ਮਾਈ ਸੇਵਾਂ ਇਹ ਸੰਗਤਿ ਨਾਲ ਦਰਸ਼ਨਾਂ ਨੂੰ ਆਈ। ਇਥੇ ਗੋਇੰਦਵਾਲ ਸੇਵਾ ਹੀ ਤੱਪ ਦੇਖ ਕੇ ਰੁਕ ਗਈ। ਬੱਚਾ ਨਿੱਕਾ ਸੀ ਇਸ ਲਈ ਘਰ ਛੱਡ ਆਈ ਸੀ। ਸੇਵਾ ਰਾਹੀਂ ਇਤਨੀਆਂ ਬਰਕਤਾਂ ਮਿਲੀਆਂ ਕਿ ਇਥੋਂ ਹੀ ਟੋਕਰੀ ਸਿਰ ਰੱਖੀ ਹੀ ਇਕ ਹੱਥ ਨਾਲ ਪੰਘੂੜੇ ਨੂੰ ਹਿਲਾ ਦਿੰਦੀ।

*ਜਿਮ ਕੋਊ ਪਲਨਾ ਝੁਲਾਵੇ।*
*ਤਿਉ ਮਾਈ ਇਕ ਹੱਥ ਚਲਾਵੈ।*

ਪਹਿਲਾਂ ਤਾਂ ਸੰਗਤਾਂ ਇਹ ਸਮਝਦੀਆਂ ਰਹੀਆਂ ਕਿ ਇਹ ਜਦ ਕੁਝ ਥੱਕ ਜਾਂਦੀ ਹੈ ਤਾਂ ਅਜਿਹਾ ਕਰਦੀ ਹੈ ਪਰ ਜਦ ਰੋਜ਼ ਨੇਮ ਨਾਲ ਅਜਿਹਾ ਕਰਦੇ ਡਿੱਠਾ ਤਾਂ ਪੁੱਛ ਹੀ ਬੈਠੀਆਂ। ਮਾਈ ਨੇ ਦੱਸਿਆ ਕਿ ਉਸ ਦੇ ਕੁੱਛੜ ਬੱਚਾ ਹੈ, ਜੋ ਪੰਘੂੜੇ ਵਿਚ ਪਿਆ ਹੈ ਤੇ ਜਦ ਉਹ ਰੋਣ ਲੱਗਦਾ ਹੈ ਜਾਂ ਪੰਘੂੜਾ ਰੁਕਦਾ ਹੈ ਤਾਂ ਉਹ ਹੱਥ ਨਾਲ ਹਿਲਾ ਦਿੰਦੀ ਹੈ।

ਸਾਰੇ ਪਾਸੇ ਉਤਸ਼ਾਹ ਦਾ ਹੜ੍ਹ ਆਇਆ ਹੋਇਆ ਸੀ। ਪਰ ਉਧਰ ਈਰਖਾਲੂ ਲੋਗ ਵਿਉਂਤਾਂ ਬਣਾ ਰਹੇ ਸਨ ਕਿ ਇਸ ਬਾਉਲੀ ਨੂੰ ਉਸਰਨ ਹੀ ਨਾ ਦਿੱਤਾ ਜਾਏ। ਕਈ ਸ਼ਿਕਾਇਤਾਂ ਲਾਹੌਰ ਕੀਤੀਆਂ ਪਰ ਹਰ ਕਿਸੇ ਨੂੰ ਮੂੰਹ ਦੀ ਖਾਣੀ ਪਈ।

(ਗੁਰੂ) ਰਾਮ ਦਾਸ ਜੀ ਇਸ ਸਾਰੇ ਕਾਰਜ ਦੀ ਨਿਰੀ ਨਿਗਰਾਨੀ ਹੀ ਨਹੀਂ ਸਨ ਕਰ ਰਹੇ ਸਗੋਂ ਦਿਨ ਰਾਤੀਂ ਹੱਥੀਂ ਸੇਵਾ ਕਰ, ਟੋਕਰੀ ਚੁੱਕ ਸੇਵਾ ਕਰਨ ਵਾਲਿਆਂ ਵਿਚ

ਨਵੀਂ ਰੂਹ ਫੂਕ ਰਹੇ ਸਨ। ਭਾਵੇਂ ਉਹ ਦੁਨਿਆਵੀ ਤੌਰ 'ਤੇ ਗੁਰੂ ਅਮਰ ਦਾਸ ਜੀ ਦੇ ਜਵਾਈ ਸਨ ਪਰ ਸਰਬ ਗਰਬ ਤੋਂ ਨਿਆਰੇ ਸਨ। ਨਾ ਸਮਾਜ, ਨਾ ਹੀ ਸ਼ਰੀਕੇ ਤੇ ਨਾ ਹੀ ਕਿਸੇ ਲੋਕ-ਲਾਜ ਦੀ ਪ੍ਰਵਾਹ ਉਨ੍ਹਾਂ ਦੇ ਹਿਰਦੇ ਵਿਚ ਸੀ।

*'ਨਿਜ ਕੁਲ ਕੀ ਲਜਾ ਕੋ ਪਰਹਰਿ।*
*ਸਨਬੰਧਿਨਿ ਕੀ ਆਨ ਨਹੀਂ ਧਰਿ।*
*ਸਭਿ ਜਗ ਕੀ ਰਾਖੀ ਮਹਿ ਕਾਨ।*
*ਸੇਵਾ ਕੇ ਤਤਪਰ ਸਾਵਧਾਨ।*

ਪਰ ਬਰਾਦਰੀ, ਸਮਾਜ, ਸ਼ਰੀਕਾ ਤੇ ਲੋਕ ਚੁੱਪ ਕਿਥੋਂ ਰਹਿਣ ਵਾਲੇ ਸਨ।

ਲਾਹੌਰ ਤੋਂ ਭਾਈ ਸਿਹਾਰੀ ਮੱਲ, ਜੋ ਗੁਰੂ ਰਾਮ ਦਾਸ ਜੀ ਦੇ ਸ਼ਰੀਕੇ ਵਿਚੋਂ ਚਾਚੇ ਦੇ ਪੁੱਤ-ਭਰਾ ਸਨ, ਸੰਗਤਿ ਸਮੇਤ ਸੇਵਾ ਦੇ ਲੱਗੇ ਕੁੰਭ 'ਤੇ ਪੁੱਜੇ ਤਾਂ ਉਨ੍ਹਾਂ ਪ੍ਰਸ਼ਾਦ ਛਕਣ ਵੇਲੇ ਵੀ (ਗੁਰੂ) ਰਾਮਦਾਸ ਜੀ ਨੂੰ ਨਾ ਡਿੱਠਾ। ਜਿਸ ਵੇਲੇ ਸੰਗਤਾਂ ਬਾਉਲੀ ਸਾਹਿਬ ਸੇਵਾ ਕਰਨ ਗਈਆਂ ਤਾਂ ਭਾਈ ਜੇਠਾ ਜੀ ਨੂੰ ਸਿਰ ਮਿੱਟੀ ਦੀ ਟੋਕਰੀ ਚੁੱਕੀ ਦੇਖ ਹੈਰਾਨ ਹੋਈਆਂ ਅਤੇ ਕਈ ਗੁੱਸੇ ਵਿਚ ਆ ਗਏ ਅਤੇ ਬਰਾਦਰੀ ਦੀ ਨਿਰਾਦਰੀ ਸਮਝੀ। ਭਾਈ ਜੇਠਾ ਜੀ ਨੂੰ ਬੁਰਾ ਭਲਾ ਕਿਹਾ। ਪਰ ਉਹ ਸੇਵਾ ਵਿਚ ਮਸਤ ਜੁਟੇ ਰਹੇ, ਸਿਰਫ਼ ਇਤਨਾ ਕਿਹਾ ਤੁਹਾਨੂੰ ਹੰਕਾਰ ਹੈ : 'ਮਿਥਿਆ ਹੰਕਾਰ, ਪ੍ਰਤਿਸ਼ਟਾ ਜਾਨੋ।'

ਪਰ ਬਰਾਦਰੀ ਚੁੱਪ ਕਿਵੇਂ ਰਹਿੰਦੀ। ਉਹ ਗੁਰੂ ਅਮਰ ਦਾਸ ਜੀ ਦੇ ਦਰਸ਼ਨਾਂ ਨੂੰ ਜਦ ਆਈ ਤਾਂ ਮੁਖੀਆ ਕਹਿਣ ਲੱਗਾ ਕਿ ਇਹ ਰਾਮ ਦਾਸ ਕੈਸਾ ਸਾਡੀ ਬੰਸ ਵਿਚ ਪੈਦਾ ਹੋਇਆ ਹੈ, 'ਜਿਸ ਲਾਜ ਗਵਾਈ ਸਾਰੇ'। ਇਸ ਨੂੰ ਤਾਂ ਸਮਝ ਨਹੀਂ ਸੀ ਪਰ ਤੁਸੀਂ ਤਾਂ ਸਿਆਣੇ ਸਾਉ। ਕੁਝ ਵਿਚਾਰਨਾ ਸੀ। ਅਸੀਂ ਸ਼ਰੀਕੇ ਵਿਚੋਂ ਹਾਂ, ਇਸ ਲਈ ਇਹ ਕਹਿ ਰਹੇ ਹਾਂ।'

ਗੁਰੂ ਅਮਰ ਦਾਸ ਜੀ ਨੇ ਇਹ ਗੱਲਾਂ ਸੁਣ ਕੇ ਸਭ ਤੋਂ ਪਹਿਲਾਂ (ਗੁਰੂ) ਰਾਮਦਾਸ ਜੀ ਵੱਲ ਡਿੱਠਾ ਤਾਂ ਤੀਜੇ ਪਾਤਸ਼ਾਹ ਅਨੁਭਵ ਕੀਤਾ ਕਿ ਉਥੇ ਤਾਂ ਪ੍ਰੇਮ ਦੀ ਨਦੀ ਵਗ ਰਹੀ ਹੈ। ਸਭ ਕੁਝ ਸੁਣ-ਸੁਣ ਕੇ ਗੁਰੂ ਜੀ ਕਹਿਣ ਲੱਗੇ : ਤੁਸੀਂ ਕਹਿੰਦੇ ਹੋ ਇਸ ਲਾਜ ਗਵਾਈ ਹੈ ਪਰ ਮੈਂ ਜੇ ਇਹ ਕਹਾਂ ਕਿ ਇਹ ਤੁਹਾਡੀ ਕੁਲ ਵਿਚ ਜਨਮ ਨ ਲੈਂਦਾ ਤਾਂ ਤੁਹਾਡੀ ਕੁਲ ਨਰਕਾਂ ਵਿਚ ਹੀ ਸੜਦੀ ਰਹਿਣੀ ਸੀ। ਤੁਹਾਨੂੰ ਪ੍ਰੇਮ ਦੀ ਕੀ ਸਾਰ ਹੈ। ਪਕਾਈ ਹੋਈ ਭੇਡ ਚਾਲ ਹੀ ਜਾਣਦੇ ਹੋ। ਭਗਤ ਪਛਾਣੋ ਜੋ ਅਸਲ ਵਸਤੂ ਹੈ।

*ਦਿੜ ਭੇਡਾ ਚਾਲ, ਨਹੀਂ ਭਗਤ ਪਛਾਨੋ।*

ਤੁਸੀਂ ਸ਼ਰੀਕੇ ਦੀ ਗੱਲ ਕਰਦੇ ਹੋ—

*ਰਾਮਦਾਸ ਕਾ ਕੋਊ ਸ਼ਰੀਕ।*
*ਰਹੈਂ ਹੈ ਨਾਂਹਿ ਜਗਤ ਮੈਂ ਠੀਕ।*

ਉਸ ਵੇਲੇ (ਗੁਰੂ) ਰਾਮ ਦਾਸ ਜੀ ਵੱਲ ਮੂੰਹ ਕਰਕੇ ਕਹਿਣ ਲੱਗੇ :

*ਤੁਮ ਬਿਨ ਕੋਊ ਨ ਮੋਕੋ ਬੂਝੇ।*
*ਮੈ ਤੋ ਕੋ, ਤੂ ਮੋ ਕੋ ਸੁਝੈ।*

ਹੁਣ ਮੌਕਾ ਸੰਭਾਲ (ਗੁਰੂ) ਰਾਮ ਦਾਸ ਜੀ ਨੇ ਗੁਰੂ ਅਮਰ ਦਾਸ ਜੀ ਦੇ ਚਰਨ ਪਕੜ ਲਏ ਤੇ ਕਿਹਾ : 'ਇਹ ਵਿਚਾਰੇ ਕੀ ਜਾਣਦੇ ਹਨ। ਇਨ੍ਹਾਂ ਦੇ ਕੁਝ ਵੱਸ ਨਹੀਂ। ਇਹ ਦੁਨਿਆਵੀ ਬੰਦੇ ਹਨ। ਪ੍ਰੇਮ ਤੇ ਗੁਰੂ ਦੀ ਬਖ਼ਸ਼ਿਸ਼ ਨੂੰ ਬਰਾਦਰੀ ਦੇ ਜਾਲਾਂ ਵਿਚ ਫਸਿਆਂ ਨੂੰ ਕੀ ਪਤਾ ਹੈ ? ਇਹ ਬਚਨ ਸੁਣ ਕੇ ਸਾਰੀ ਸੰਗਤ ਧੰਨ ਧੰਨ ਕਰਨ ਲੱਗੀ ਤੇ ਬਰਾਦਰੀ ਨੂੰ ਵੀ ਹੋਸ਼ ਆਈ ਕਿ ਉਹ ਕੀ ਪਏ ਕਹਿੰਦੇ ਸਨ।

**ਬਾਉਲੀ ਸੰਪੂਰਨ**—ਬਾਉਲੀ ਦੀਆਂ ਪੌੜੀਆਂ ਤੇ ਹੋਰ ਖੁਦਾਈ ਦਾ ਕੰਮ ਤਾਂ ਤਕਰੀਬਨ ਪੂਰਾ ਹੋ ਗਿਆ ਪਰ ਜਲ ਤਕ ਪੁੱਜ ਕੇ ਚਟਾਨ ਆ ਗਈ ਉਸ ਨੂੰ ਤੋੜਨ ਦੇ ਕਿਤਨੇ ਹੀ ਜਤਨ ਕੀਤੇ ਪਰ ਉਹ ਨ ਟੁੱਟੀ। ਉਸ ਨੂੰ ਤੋੜੇ ਬਗੈਰ ਪਾਣੀ ਦਾ ਖੂਹ ਵਿਚ ਭਰਨਾ ਅਸੰਭਵ ਸੀ। 'ਤਿਸ ਤੋੜੈ ਬਿਨ ਜਲ ਨਿਕਸਤ ਨਾਹੀ।' ਸਭ ਜਤਨ ਕਰ ਕਰ ਥੱਕ ਹਟੇ। ਭਾਈ ਪਾਰੋ ਜੀ ਨੇ ਗੁਰੂ ਜੀ ਨੂੰ ਸਾਰੀ ਸੂਚਨਾ ਦਿੱਤੀ ਕਿ ਇਸ ਪੱਥਰ ਨੂੰ ਹਟਾਏ ਜਾਂ ਤੋੜੇ ਬਗੈਰ ਜਲ ਦਾ ਭਰਿਆ ਜਾਣਾ ਸੰਭਵ ਨਹੀਂ ਲੱਗਦਾ। ਗੁਰੂ ਜੀ ਆਪ ਉਸ ਅਸਥਾਨ 'ਤੇ ਪੁੱਜੇ। ਕੋਲ ਖੜ੍ਹੇ ਇਕ ਮਾਣਕ ਚੰਦ ਨਾਂ ਦੇ ਸਿੱਖ ਨੂੰ ਹਥੌੜਾ ਪਕੜਾ ਕੇ ਫ਼ਰਮਾਇਆ :

*ਹੇ ਮਾਣਕ ਚੰਦ, ਹੱਥ ਲੇਹ ਵਿਦਾਨ।*
*ਕੰਕਰ ਪਰ ਮਾਰੋ ਬਲ ਤਾਨ।*

ਉਸ ਜਦ ਜ਼ੋਰ ਦਾ ਹਥੌੜਾ ਮਾਰਿਆ ਤਾਂ ਪਾਣੀ ਉੱਚਾ ਫੁਹਾਰਾ ਬਣ ਵਹਿ ਤੁਰਿਆ। ਸਭ ਪਾਸੇ ਖ਼ੁਸ਼ੀ ਦੇ ਜੈਕਾਰੇ ਬੋਲ ਉਠੇ। ਦੇਖਦੇ ਹੀ ਦੇਖਦੇ ਜਲ ਬਹੁਤ ਉੱਚਾ ਹੋ ਗਿਆ ਅਤੇ ਮਾਣਕ ਚੰਦ ਨਿਕਲਦੇ ਨਿਕਲਦੇ ਹੀ ਵਿਚ ਡੁਬ ਗਿਆ। ਉਸ ਦੀ ਮਾਂ ਦੌੜਦੀ ਦੌੜਦੀ ਪੁੱਤ ਦੇ ਡੁੱਬਣ ਦੀ ਆਵਾਜ਼ ਸੁਣ ਕੇ ਜਦ ਆਈ ਤਾਂ ਗੁਰੂ ਜੀ ਨੇ ਉਸਨੂੰ ਤਸੱਲੀ ਦਿੱਤੀ ਪਰ ਉਹ ਸੁਣਨ 'ਤੇ ਹੀ ਨਾ ਆਏ। ਮਹਾਰਾਜ ਨੇ ਪੁੱਛਿਆ ਕਿ ਬੇਟੇ ਦਾ ਨਾਂ ਕੀ ਆ। ਜਦ ਉਸ ਕਿਹਾ : ਮਾਣਕ! ਤਾਂ ਮਹਾਰਾਜ ਨੇ ਬਚਨ ਕੀਤਾ : ਕਦੇ ਮਾਣਕ ਵੀ ਡੁਬੇ ਹਨ। 'ਮਾਣਕ ਹੁਇ ਮਰਤੋ ਨਾਹੀ'। ਇਤਨਾ ਉਚਾਰਨਾ ਸੀ ਕਿ 'ਮਾਣਕ ਚੰਦ' ਤਰ ਉੱਤੇ ਆ ਗਿਆ। ਥੋੜ੍ਹੀ ਜਿਹੀ ਸਾਵਧਾਨੀ ਵਰਤਣ ਨਾਲ ਉਹ 'ਨੌ ਬਰ ਨੌ' ਹੋ ਗਿਆ। ਮਹਾਰਾਜ ਨੇ ਉਸ ਨੂੰ 'ਜੀਵੜਾ' ਦਾ ਵਰ ਦਿੱਤਾ ਜੋ ਹੁਣ ਤਕ ਉਸ ਦੇ ਖ਼ਾਨਦਾਨ ਦੇ ਜੀਅ ਆਪਣੇ ਨਾਂ ਨਾਲ ਲਗਾਂਦੇ ਹਨ।

ਭਾਈ ਮਾਣਕ ਚੰਦ ਦੀ ਜਾਤ ਹੀ ਪਥਰੀਆ ਸੀ। ਇਹ ਵੈਰੋਵਾਲ ਦਾ ਰਹਿਣ ਵਾਲਾ ਸੀ। ਮਾਈ ਦਾਸ, ਜਿਸਨੂੰ ਆਪਣੀ ਵਿੱਦਿਆ ਦਾ ਤੇ ਵੈਸ਼ਨੋ ਹੋਣ ਦਾ ਮਾਣ ਸੀ, ਉਸਨੂੰ ਇਸੇ ਮਾਣਕ ਚੰਦ ਪਾਸ ਟਿਕ ਤੇ ਸਿੱਖੀ ਦ੍ਰਿੜ੍ਹ ਕਰਨ ਲਈ ਹੁਕਮ ਕੀਤਾ ਸੀ।

ਮਾਈ ਦਾਸ ਪੱਕਾ ਵੈਸ਼ਨੋ ਸੀ। ਪੰਗਤਿ ਵਿਚ ਬੈਠੇ ਪ੍ਰਸ਼ਾਦ ਪਾਇ ਬਿਨਾਂ ਦਰਸ਼ਨ

ਨਾ ਦੇਣ ਦਾ ਹੁਕਮ ਹੋ ਚੁੱਕਾ ਸੀ। ਇਹ ਬਗ਼ੈਰ ਦਰਸ਼ਨ ਹੀ ਦਵਾਰਕਾ ਉੱਠ ਚਲਿਆ। ਇਸ ਜਾਤਾ ਕਿ ਸ਼ਾਸਤਰ ਰੀਤੀ ਤੁਟਣ ਨਾਲ ਧਰਮ ਨਸ਼ਟ ਹੁੰਦਾ ਹੈ। ਦਵਾਰਕਾ ਦੇ ਰਾਹ ਵਿਚ ਸੋਝੀ ਆਈ ਕਿ ਇਹ ਸ਼ਾਸਤਰ ਰੀਤੀ ਤਾਂ ਹੋ ਸਕਦੀ ਹੈ ਪਰ ਧਰਮ ਨਹੀਂ। ਧਰਮ ਤਾਂ ਵਿੱਥਾਂ ਵਿਖੇਵੇਂ ਮਿਟਾਉਣ ਦਾ ਨਾਮ ਹੈ। ਸੋਝੀ ਇਹ ਸੀ ਕਿ ਪ੍ਰੇਮ ਤੇ ਨੇਮ ਦੋ ਅੱਡ-ਅੱਡ ਚੀਜ਼ਾਂ ਹਨ। ਨੇਮ ਪ੍ਰੇਮ ਤਕ ਜਾਂਦਾ ਹੈ। ਅੱਗੋਂ ਦੇਸ਼ ਪ੍ਰੇਮ ਦਾ ਹੈ। ਉਥੇ ਨੇਮ ਪ੍ਰੇਮ ਤੋਂ ਸਦਕੇ ਕਰੀਦਾ ਹੈ :

*ਜਹਾਂ ਪ੍ਰੇਮ ਤਹਾ ਨੇਮ ਨ ਛੁਰੇ।*
*ਜਹਾਂ ਨੇਮ ਪ੍ਰੇਮ ਤਬ ਦੂਰੇ।*

ਉਨ੍ਹੀਂ ਪੈਰੀਂ ਹੀ ਵਾਪਸ ਮੁੜ ਆਇਆ। ਪ੍ਰਸ਼ਾਦ ਛਕਿਆ ਤੇ ਦਰਸ਼ਨ ਕੀਤਾ।

ਉਸ ਦਾ ਹੰਕਾਰ ਹੀ ਮਿਟਾਉਣ ਲਈ ਕਿਹਾ ਕਿ ਤੇਰਾ ਸਿੱਖਿਆ ਦਾਤਾ ਅੱਠਾਂ ਦਿਨਾਂ ਪਿੱਛੋਂ ਪ੍ਰਗਟ ਹੋਵੇਗਾ :

*ਆਠ ਦਿਵਸ ਜਬ ਹੋਇ ਬਿਤੀਤ।*
*ਪ੍ਰਗਟ ਕਰੋਂ ਤੁਮਾਰੋ ਗੁਰ ਮੀਤ।*

ਭਾਈ ਮਾਣਕ ਚੰਦ ਪਾਸ ਸਿੱਖੀ ਦੇ ਮੁੱਢਲੇ ਅਸੂਲ ਸਮਝਣ ਲਈ ਉਸ ਨੂੰ ਭੇਜਿਆ। ਇਹ ਸਿਰਫ਼ ਇਸ ਲਈ ਕਿ ਉਸ ਦਾ ਕਈ ਵਰ੍ਹਿਆਂ ਤੋਂ ਬਣਿਆ ਵਿਖੇਵੇਂ ਵਾਲਾ ਸੁਭਾਅ ਮੁੱਕ ਜਾਏ। ਸੇਵਾ ਕਰ ਕੇ ਮਨ ਨਿਰਮਲ ਕਰੇ। ਦੂਜੇ, ਮਾਈ ਦਾਸ ਸਰਗੁਨ ਭਗਤੀ ਦਾ ਉਪਾਸਕ ਸੀ। ਉਸ ਨੂੰ ਨਿਰਗੁਣ ਸ਼ਬਦ ਦੀ ਚਾਸ਼ਣੀ ਚਾੜ੍ਹਨੀ ਸੀ। ਇਸ ਲਈ 'ਗੁਰ-ਮੀਤ' ਪਾਸ ਟਿਕਣ ਲਈ ਕਿਹਾ।

**ਇਕ ਇਤਿਹਾਸਕ ਭੁੱਲ**—ਇਕ ਭੁਲੇਖਾ ਹੋਰ ਕਈ ਸਾਖੀਕਾਰਾਂ ਪਾਇਆ ਹੈ। ਅਕਬਰ ਬਾਦਸ਼ਾਹ ਨੇ ਕਈ ਜਤਨ ਕੀਤੇ ਪਰ ਚਿਤੌੜ ਦਾ ਕਿਲ੍ਹਾ ਜਿੱਤਿਆ ਨਾ ਗਿਆ। ਉਸ ਗੁਰੂ ਘਰ ਅਰਦਾਸਾ ਭੇਜਿਆ ਤਾਂ ਗੁਰੂ ਅਮਰ ਦਾਸ ਜੀ ਨੇ ਹੁਕਮ ਕੀਤਾ ਕਿ ਜਦ ਬਾਉਲੀ ਦਾ ਕੜ ਟੁੱਟੇਗਾ, ਚਿਤੌੜ ਵੀ ਜਿੱਤਿਆ ਜਾਏਗਾ। ਇਹ ਇਕ ਇਤਿਹਾਸਕ ਭੁੱਲ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਗੁਰੂ ਅਮਰ ਦਾਸ ਜੀ ਅਜਿਹਾ ਵਰ ਦੇ ਹੀ ਨਹੀਂ ਸਨ ਸਕਦੇ। ਅਕਬਰ ਮਸਾਂ ੨੪ ਜਨਵਰੀ, ੧੫੫੬ ਨੂੰ ਤਖ਼ਤ 'ਤੇ ਬੈਠਾ ਸੀ ਅਤੇ ਬਾਉਲੀ ਦਾ ਕਾਰਜ ਸੰਨ ੧੫੫੩ ਦਾ ਆਰੰਭ ਸੀ ਜਿਸ ਵੇਲੇ ਅਜੇ ਹਿਮਾਯੂੰ ਵੀ ਤਖ਼ਤ 'ਤੇ ਮੁੜ ਨਹੀਂ ਸੀ ਬੈਠਾ। ਬਾਉਲੀ ਦਾ ਕੜ ਵਿਸਾਖੀ ਵਾਲੇ ਦਿਹਾੜੇ ੧੫੫੯ ਨੂੰ ਟੁੱਟਾ ਸੀ ਅਤੇ ਖੂਹ ਵਿਚ ਜਲ ਭਰ ਆਇਆ ਸੀ। ਚਿਤੌੜ ਦਾ ਕਿਲ੍ਹਾ ਕਿਧਰੇ ਜਾ ਕੇ ੧੫੬੭ ਈਃ ਵਿਚ ਜਿੱਤਿਆ ਗਿਆ ਸੀ। ਨੌਂ ਸਾਲ ਪਿੱਛੋਂ ਹੋਈ ਘਟਨਾ ਨੂੰ ਇਸ ਕੜ ਟੁੱਟਣ ਨਾਲ ਜੋੜਨਾ ਇਕ ਇਤਿਹਾਸਕ ਭੁੱਲ ਹੈ। ਇੰਜ ਲੱਗਦਾ ਹੈ ਕਿ ਸਾਖੀਕਾਰਾਂ ਨੇ ਪ੍ਰਸੰਗ ਨੂੰ ਰੌਚਕ ਬਣਾਉਣ ਲਈ ਇਹ ਵਾਰਤਾ ਜੋੜੀ ਹੈ।

ਇਹ ਵੀ ਯਾਦ ਰਵ੍ਹੇ ਕਿ ਵਿਸਾਖੀ ਵਾਲੇ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਇਕੋ ਬਾਟੇ ਸਭ ਨੂੰ ਅੰਮ੍ਰਿਤ ਛਕਾ ਕੇ ਕੁਲ-ਨਾਸ, ਕਿਰਤ-ਨਾਸ, ਕਰਮ-ਨਾਸ ਤੇ ਧਰਮ-

ਨਾਸ ਹੋਇਆ ਕਿਹਾ ਸੀ। ਬਾਉਲੀ ਬਣਾ ਕੇ, ਇਕ ਥਾਵੇਂ ਇਸ਼ਨਾਨ ਕਰਵਾ ਕੇ, ਇਕ ਥਾਵੇਂ ਜਲ ਛਕਵਾ ਕੇ, ਪੱਥਰੀਆ ਵਰਗੀ ਜਾਤ ਵਾਲੇ ਨੂੰ ਜੀਵੜਾ ਤੇ ਫਿਰ ਸਿੱਖਿਆ ਦਾਤਾ ਬਣਾ ਕੇ, ਮਾਈ ਦਾਸ ਵਰਗਿਆਂ ਦਾ ਹੰਕਾਰ ਤੁੜਵਾ ਕੇ ਗੁਰੂ ਅਮਰ ਦਾਸ ਜੀ ਨੇ ਸੰਗਤ ਨੂੰ ਇਕ ਬਾਟੇ ਅੰਮ੍ਰਿਤ ਪਾਨ ਕਰਨ ਲਈ ਹੀ ਤਿਆਰ ਕੀਤਾ ਸੀ।

ਮਹਿਮਾ ਪ੍ਰਕਾਸ਼, ਇਸੇ ਲਈ ਬਾਉਲੀ ਦੇ ਬਣ ਜਾਣ ਨੂੰ 'ਭਗਤ ਛੇਤਰ' ਕਹਿੰਦਾ ਹੈ :

*"ਮਜਨ ਤਾਹਿ ਕੀਏ ਭ੍ਰਮ ਨਾਸਤ,*
*ਜਿਉ ਅਘਨਾਤ ਗੰਗ ਨਿਵਾਸੀ।*
*ਸੇਵਾ ਦਾਨ ਤਹਾ ਤਤਫੁਰ।*
***ਇਮ ਭਗਤ ਛੇਤ੍ਰ ਫਲ ਗਿਆਨ ਪ੍ਰਕਾਸੀ।"***

**ਭਾਈ ਸੰਤ ਸਾਧਾਰਣ**—ਗੁਰੂ ਅਮਰ ਦਾਸ ਜੀ ਨੇ ਹਰ ਉਸ ਸਿੱਖ. ਸ਼ਰਧਾਲੂ, ਸੇਵਾਦਾਰ ਤੇ ਪ੍ਰੇਮੀ ਨੂੰ ਜਿਸ ਤਨ ਮਨ ਧਨ ਨਾਲ ਦਿਨ ਰਾਤ ਇਕ ਰਸ ਸੇਵਾ ਕੀਤੀ ਸੀ ਬਖ਼ਸ਼ਿਸ਼ਾਂ ਨਾਲ ਨਿਵਾਜਿਆ। ਬਰਕਤਾਂ ਨਾਲ ਝੋਲੀਆਂ ਭਰੀਆਂ।

ਜਿਨ੍ਹਾਂ ਵੀ ਪ੍ਰੇਮ ਤੇ ਪਰਤੀਤੀ ਕਰ ਕਾਰ ਕਮਾਈ ਸੀ, ਉਨ੍ਹਾਂ ਨੂੰ ਮਜ਼ਦੂਰੀ ਵਜੋਂ ਗੁਰੂ ਘਰ ਤੋਂ ਧਨ ਨਹੀਂ ਮੁਕਤ ਤੇ ਭੁਗਤ ਦੀ ਦਾਤ ਮਿਲੀ :

*ਪ੍ਰੇਮ ਪ੍ਰਤੀਤ ਜਿਨ ਕਾਰ ਕਮਾਈ।*
*ਮੁਕਤ ਅਉ ਭੁਗਤ ਮਜੂਰੀ ਪਾਈ।*

ਐਸੇ ਹੀ ਇਕ ਸਨ, ਭਾਈ ਸਾਧਾਰਣ ਜੀ, (ਬਾਬਾ) ਬਕਾਲਾ ਦੇ ਰਹਿਣ ਵਾਲੇ ਪਰ ਗੋਇੰਦਵਾਲ ਦੀ ਉਸਾਰੀ ਵੇਲੇ ਹੀ ਕਿਰਤ ਕਾਰ ਲਈ ਗੋਇੰਦਵਾਲ ਆ ਵੱਸੇ ਸਨ।

'ਏਕ ਲੁਹਾਰ ਕਾਰ ਤਹ ਕਰੀ' ਦਾ ਜ਼ਿਕਰ ਆਇਆ ਹੈ।

ਫਿਰ ਜਦ ਬਾਉਲੀ ਸੇਵਾ ਦਾ ਕੁੰਭ ਲੱਗਾ ਤਾਂ ਪ੍ਰੇਮ ਨਾਲ ਇਥੇ ਸੇਵਾ ਕਰਨ ਲੱਗਾ। ਪਹਿਲਾਂ ਲੱਕੜੀ ਦੀਆਂ ਪਉੜੀਆਂ ਬਣਾਈਆਂ। ਸਾਰੀਆਂ ਹੀ ਭਾਈ ਜੀ ਨੇ ਘੜੀਆਂ ਤੇ ਸਵਾਰੀਆਂ। ਪਾਣੀ ਵਿਚ ਬਣਾਉਣੀਆਂ ਜ਼ਰਾ ਕਠਿਨ ਸਨ ਪਰ ਉਨ੍ਹਾਂ ਨੇ ਬੜੀ ਲਗਨ ਨਾਲ ਸੱਤ ਪੌੜੀਆਂ ਜਲ ਵਿਚ ਬਣਾ ਕੇ ਲੋਹਾ ਤੇ ਮੇਖਾਂ ਲਗਾ ਕੇ ਪੱਕੀਆਂ ਕਰ ਦਿੱਤੀਆਂ। ਐਸੀਆਂ ਪੱਕੀਆਂ ਤੇ ਸੁਹਣੀਆਂ ਇਹ ਪੌੜੀਆਂ ਬਣੀਆਂ ਕਿ ਜ਼ਲ ਲੈਣ ਵਾਲੇ ਨੂੰ ਬੜੀ ਹੀ ਸਹੂਲਤ ਹੁੰਦੀ ਸੀ। ਹਰ ਕੋਈ ਸਿਫ਼ਤ ਕਰਦਾ :

*"ਸੀਢੀ ਬਨੀ ਸੁੰਦਰ ਜਲ ਮਾਹਿ।*
*ਅਤਿ ਸੁਖੈਨ ਜਲ ਲੀਜੈ ਤਾਹਾ।*

ਗੁਰੂ ਅਮਰ ਦਾਸ ਜੀ ਨੇ ਜਦ ਡਿੱਠਾ ਕਿ ਸੇਵਾ ਕਰਦੇ ਸਾਧਾਰਣ ਆਪਾ ਹੀ ਭੁੱਲ ਜਾਂਦਾ ਹੈ। ਮੈਂ ਮੇਰੀ ਮੁਕਾ ਲਈ ਸੂ। ਨਿਰੀ ਪ੍ਰੀਤ ਹੀ ਪ੍ਰੀਤ ਰਹਿ ਗਈ ਸੂ ਤਾਂ ਉਸ ਨੂੰ ਇਕ ਦਿਨ ਪਾਸ ਬੁਲਾ ਕੇ ਥਾਪੜਾ ਦਿੱਤਾ ਅਤੇ ਬਚਨ ਕੀਤਾ :

ਤੂੰ ਮੈਂ ਮੇਰੀ ਛੱਡ ਸੇਵਾ ਕੀਤੀ ਹੈ। ਅਬ ਤੂੰ ਸੰਤ ਹੋਇਆ। ਹੁਣ ਘਰ ਜਾਓ ਤੇ ਉਥੇ ਹੀ ਸਭ ਨੂੰ ਸਤਿਨਾਮ ਦਾ ਮੰਤਰ ਜਪਾਓ।

*"ਤੁਮਰੀ ਟਹਲ ਪਰੀ ਸਭ ਥਾਇ।*
*ਕਰੋ ਭਜਨ ਗ੍ਰਿਹ ਮੋ ਅਬ ਜਾਇ।"*

ਮੰਜੀਆਂ ਦੀ ਸਥਾਪਨਾ ਵੇਲੇ ਭਾਈ ਸਾਧਾਰਣ ਜੀ ਨੂੰ ਮੰਜੀ ਵੀ ਸੌਂਪੀ। ਉਨ੍ਹਾਂ ਦੀ ਔਲਾਦ ਵਿਚੋਂ ਅੱਜ ਵੀ ਕੁਝ ਦਮਦਮਾ ਸਾਹਿਬ (ਖਡੂਰ ਸਾਹਿਬ) ਅਤੇ ਕਈ ਮਹਿਤਪੁਰ ਜ਼ਿਲ੍ਹਾ ਜਲੰਧਰ ਵਿਚ ਹਨ।

ਭਾਈ ਮਹੇਸ਼ਾ—ਬਾਉਲੀ ਦੀ ਸੇਵਾ ਦਾ ਯੱਗ ਲੱਗਾ ਸੁਣ ਸੁਲਤਾਨਪੁਰ ਦੇ ਰਹਿਣ ਵਾਲੇ ਭਾਈ ਮਹੇਸ਼ਾ ਜੀ, ਜੋ ਉੱਘੇ ਵਪਾਰੀ ਧਨੀ ਤੇ ਬਹੁਤ ਬਾਹਾਂ ਵਾਲੇ, ਵੱਡ-ਪਰਵਾਰੇ ਸਨ, ਗੋਇੰਦਵਾਲ ਆਏ। 'ਬਡਾ ਧਨਾਢਨ ਬਹੁ ਬਾਹੀ ਬੀਰ' ਕਰ ਕੇ ਮਹਿਮਾ ਪ੍ਰਕਾਸ਼ ਨੇ ਲਿਖਿਆ ਹੈ।

ਗੁਰੂ ਅਮਰ ਦਾਸ ਜੀ ਦੇ ਪਾਸ ਭਾਈ ਮਹੇਸ਼ਾ ਜੀ ਨੇ ਬੇਨਤੀ ਕੀਤੀ ਕਿ ਉਸ ਨੂੰ ਬਲ ਬਖ਼ਸ਼ਣ ਤਾਂ ਕਿ ਉਹ ਵੀ ਸੇਵਾ ਨਿਭਾ ਸਕੇ। ਮਹਾਰਾਜ ਜੀ ਨੇ ਕਿਹਾ : "ਗੁਰੂ ਘਰ ਦੀ ਸੇਵਾ ਇਤਨੀ ਸੌਖੀ ਨਹੀਂ। ਸੇਵਾ ਇਕ ਚਿੱਤ ਹੁੰਦੀ ਹੈ ਅਤੇ ਅਜਿਹਾ ਕਰਦਿਆਂ ਤੇਰੇ ਚਲਦੇ ਵਪਾਰ ਨਹੀਂ ਰਹਿਣੇ। ਮਾਇਆ ਸਾਥ ਛੱਡ ਜਾਏਗੀ, ਜਿਨ੍ਹਾਂ ਬਾਹਾਂ ਦਾ ਤੈਨੂੰ ਮਾਣ ਹੈ, ਇਹ ਵੀ ਟੁੱਟ ਜਾਣਗੀਆਂ, ਸੋਚ ਲੈ।" ਮਹੇਸ਼ਾ ਜੀ, ਜੋ ਆਤਮ-ਸਵਾਦ ਚੱਖ ਚੁੱਕੇ ਸਨ ਤੇ ਪਰਮ ਧਨ ਦੇ ਵਪਾਰੀ ਬਣਨ ਆਏ ਸਨ, ਕਹਿਣ ਲੱਗੇ : ਪਾਤਸ਼ਾਹ! ਪਦਾਰਥ ਰਹਿਣ ਨਾ ਰਹਿਣ, ਪਰਮਾਰਥ ਦੀ ਦਾਤ ਹੁਣ ਤੁਸਾਂ ਹੀ ਝੋਲੀ ਵਿਚ ਪਾਉਣੀ ਹੈ। ਸਭ ਬਲ ਤੁਸੀਂ ਹੀ ਬਖ਼ਸ਼ਣੇ ਹਨ :

*"ਅਬ ਹਮ ਕੋ ਨਹੀਂ ਧਨ ਕੀ ਆਸਾ।*
*ਕਰ ਕਿਰਪਾ ਕੀਜੈ ਚਰਨ ਨਿਵਾਸਾ।"*

ਗੁਰੂ ਪਾਤਸ਼ਾਹ ਨੇ ਰਹਿਮਤ ਦਾ ਹੱਥ ਧਰ ਕੇ ਸੇਵਾ ਵਿਚ ਲਗਾ ਦਿੱਤਾ।

ਸੇਵਾ ਕਰਦਿਆਂ ਉਸ ਨੂੰ ਘਰ ਦੀ ਯਾਦ ਵਿਸਰ ਗਈ। ਵਪਾਰ ਵੀ ਜਾਂਦਾ ਰਿਹਾ। ਮਿੱਤਰ ਛੱਡ ਗਏ। ਸੰਬੰਧੀ ਨੱਸ ਗਏ। ਉਹ ਜੋ ਨੇੜੇ ਢੁੱਕ-ਢੁੱਕ ਬਹਿੰਦੇ ਸਨ ਹੁਣ ਠੱਠੇ ਮਜ਼ਾਕ ਕਰਨ ਲੱਗੇ :

*"ਤੁਮ ਸਿੱਖ ਹੋਇ ਕਹੁ ਕਿਆ ਲੀਨਾ।*
*ਧਨ ਸੰਗਤ ਤੇ ਭਇਆ ਬਿਹੀਨਾ।"*

ਉਨ੍ਹਾਂ ਸਭਨਾਂ ਨੂੰ ਮਹੇਸ਼ਾ ਜੀ ਇਹ ਕਹਿੰਦੇ ਕਿ "ਇਹ ਸਭ ਨਾ ਰਹਿਣ ਵਾਲੀਆਂ ਹੀ ਵਸਤੂਆਂ ਹਨ। ਗੁਰੂ ਦੇ ਚਰਨ ਮਿਲਣ ਨਾਲ ਪਰਮ ਆਨੰਦ ਮਿਲਦਾ ਹੈ ਅਤੇ ਕੋਈ ਦੁੱਖ ਨਹੀਂ ਰਹਿੰਦਾ।" ਉਨ੍ਹਾਂ ਦਾ ਵਿਸ਼ਵਾਸ ਦਿਨੋ-ਦਿਨ ਹੋਰ ਪੱਕਾ ਹੁੰਦਾ ਰਿਹਾ। ਸਾਬਤ ਕਦਮ ਰਹੇ। ਗਿਆਨੀ ਗਿਆਨ ਸਿੰਘ ਜੀ ਨੇ ਠੀਕ ਲਿਖਿਆ ਹੈ ਕਿ ਬੇਸ਼ਕ ਸਭ ਕੁਝ ਚਲਾ ਗਿਆ ਪਰ ਮਨ ਅਚੱਲ ਹੋ ਗਿਆ। ਚਿੱਤ ਦਾ ਸੁਖ ਘਨੇਰਾ ਤੇ ਨਾਸ਼

ਰਹਿਤ ਧਨ ਮਿਲ ਗਿਆ :

*"ਸੁਖ ਚਿਤ ਬਿਤ ਅਮਿਤ*
*ਅਖੈਜ ਲਹਯੋ ਹਸ ਸੋ ਹੈਸ।"*

ਗੁਰੂ ਪਾਤਸ਼ਾਹ ਨੇ ਜਦ ਡਿੱਠਾ ਕਿ ਉਸ ਦਾ ਮਨ ਬਚ ਕਰਮ ਇੱਕੋ ਹੀ ਹੈ ਤਾਂ ਪਾਸ ਬੁਲਾ ਬਖ਼ਸ਼ਿਸ਼ ਕੀਤੀ ਅਤੇ ਫ਼ਰਮਾਇਆ : *"ਮਾਇਆ ਤੂੰ ਜਿੱਤ ਲਈ ਹੈ। ਗਈ ਦਾ ਤੂੰ ਅਫ਼ਸੋਸ ਨਹੀਂ ਕੀਤਾ ਅਤੇ ਆਈ ਦਾ ਹੁਣ ਤੈਨੂੰ ਹੰਕਾਰ ਨਹੀਂ ਹੋਣ ਲੱਗਾ।* ਧੀਰਜ ਦੀ ਤੁਸੀਂ ਹੁਣ ਮੂਰਤ ਹੋ। ਕਸਵੱਟੀ ਸਹਾਰ ਕੇ ਬਾਰਹ ਵੰਨੀ ਸੋਨਾ ਹੋ ਗਏ ਹੋ।" ਸਾਰੀ ਸੰਗਤ ਨੂੰ ਕਿਹਾ :

*ਇਹ ਤੋ ਮੇਰਾ ਪੂਰਾ ਸਿੱਖ।*
*ਇਸ ਕੇ ਮਨ ਨਾਹੀ ਮਾਇਆ ਵਿੱਖ।*

ਕੋਲੋਂ ਬਰਕਤ ਦੇ ਕੇ ਘਰ ਵਪਾਰ ਕਰਨ ਲਈ ਭੇਜਿਆ। ਵਪਾਰ ਸੁੱਚਾ ਸੀ। 'ਧਨ ਸੰਪਤ ਤਾ ਕੇ ਗ੍ਰਿਹ ਆਈ।' ਇਤਨੀ ਮਾਇਆ ਹੋਈ ਕਿ ਵੰਡ-ਵੰਡ ਖ਼ੁਸ਼ੀਆਂ ਲਏ। ਸੁਭਾਅ ਧੀਰਜ ਵਾਲਾ ਸੀ, ਨਾਂ ਹੀ 'ਧੀਰ' ਪੈ ਗਿਆ।

ਇਨ੍ਹਾਂ ਨੂੰ ਵੀ ਪਿੱਛੋਂ ਮੰਜੀ ਬਖ਼ਸ਼ੀ ਗਈ। ਦੁਆਬੇ ਵਿਚ ਇਨ੍ਹਾਂ ਦੇ ਪਰਚਾਰ ਸਦਕਾ ਸਿੱਖੀ ਦੀ ਲਾਗ ਲੱਗੀ।

**ਮਾਪਿਆਂ ਅੱਗੇ ਪੁੱਤ ਨ ਮਰਸੀ**—ਗੋਇੰਦਵਾਲ ਨੂੰ ਕਲ੍ਯਸਹਾਰ ਨੇ ਗੋਬਿੰਦਪੁਰੀ ਗੋਬਿੰਦਵਾਲ ਸਮ ਕਹਿ ਕੇ ਉਪਮਾ ਕੀਤੀ ਹੈ। ਸੱਚ-ਮੁੱਚ ਹੀ ਇਹ ਪਾਰਬ੍ਰਹਮ ਦੀ ਨਗਰੀ ਬਣ ਗਈ। ਦਿਨ ਰਾਤ ਨਾਮ ਵਰਤਦਾ ਰਹਿੰਦਾ ਤੇ ਭਗਤੀ ਦ੍ਰਿੜ੍ਹ ਹੁੰਦੀ ਰਹਿੰਦੀ। ਕੋਈ ਜਗਿਆਸੂ ਆਉਂਦਾ, ਜੀਵਨ ਘੜ ਕੇ ਹੀ ਮੁੜਦਾ।

ਇਕ ਦਿਨ ਗੁਰੂ ਅਮਰ ਦਾਸ ਜੀ ਇਕਾਂਤ ਵਿਚ ਬੈਠੇ ਸਿਮਰਨ ਪਏ ਕਰਦੇ ਸਨ ਕਿ ਕੰਨਾਂ ਵਿਚ ਉੱਚੀ-ਉੱਚੀ ਕਿਸੇ ਦੀ ਧਾਹਾਂ ਮਾਰਨ ਦੀ ਆਵਾਜ਼ ਪਈ। ਆਪ ਜੀ ਨੇ ਭਾਈ ਬਲੂ ਜੀ ਨੂੰ ਜਾ ਦੇਖਣ ਦੀ ਆਗਿਆ ਕੀਤੀ। ਉਸ ਆ ਕੇ ਦੱਸਿਆ ਕਿ ਗੋਇੰਦਵਾਲ ਦੀ ਇਕ ਮਾਈ ਦਾ ਜਵਾਨ ਪੁੱਤਰ ਚੜ੍ਹਾਈ ਕਰ ਗਿਆ ਹੈ ਅਤੇ ਉਹ ਰੋ-ਰੋ ਫਾਵੀ ਹੋ ਰਹੀ ਹੈ। ਦਇਆ-ਸਿੰਧ ਗੁਰੂ ਅਮਰ ਦਾਸ ਜੀ ਨੇ ਸਹਿਜ ਸੁਭਾਅ ਬਚਨ ਕੀਤਾ : 'ਗੁਰੂ ਕੇ ਰਾਜ ਵਿਚ ਮਾਪਿਆਂ ਅੱਗੇ ਪੁਤ ਨ ਮਰਸੀ। ਵਿਧਵਾ ਨਾਰ ਨ ਸਤਿਗੁਰ ਕਰਸੀ।' ਆਪ ਜੀ ਨੇ ਰੋਂਦੀ ਮਾਂ ਨੂੰ ਤਸੱਲੀ ਦਿੱਤੀ ਤੇ ਮੋਏ ਪੁੱਤ ਨੂੰ ਜਦ ਚਰਨ ਛੁਹ ਬਖ਼ਸ਼ੀ ਤਾਂ ਉਹ 'ਗੁਰੂ-ਗੁਰੂ' ਜਪਦਾ ਉੱਠ ਖਲੋਤਾ।

ਸਾਰੇ ਗੋਇੰਦਵਾਲ ਕੀ, ਸਾਰੇ ਜਗਤ ਵਿਚ ਦੋਹੀ ਫਿਰ ਗਈ। ਬੰਸਾਵਲੀਨਾਮਾ ਵਾਲਾ ਲਿਖਦਾ ਹੈ ਕਿ :

*'ਮਹਿਮਾ ਜਗ ਵਿਚ ਵੱਡੀ ਹੋਈ,*
*ਜੋ ਕੋਈ ਸੁਣੈ ਦਰਸ਼ਨ ਆਵੈ ਸੋਈ।'*

ਗੋਇੰਦਵਾਲ ਅੱਗੇ ਹੀ ਰੌਣਕਾਂ ਰਹਿੰਦੀਆਂ ਸਨ। ਹੁਣ ਲੋਕੀਂ ਟੱਬਰਾਂ ਸਮੇਤ ਉੱਥੇ

ਵਸੇਬਾ ਕਰਨ ਲੱਗੇ। ਇਤਨਾ ਵੱਡਾ ਕੇਂਦਰ ਗੋਇੰਦਵਾਲ ਬਣ ਗਿਆ ਕਿ ਭਾਵੇਂ ਅੰਮ੍ਰਿਤਸਰ ਵਸ ਗਿਆ, ਵਸੋਂ ਵੀ ਚੋਖੀ ਹੋ ਗਈ, ਪਰ ਗੁਰੂ ਗੋਇੰਦਵਾਲ ਵਾਲੇ ਹੀ ਕਹਿਲਾਂਦੇ ਰਹੇ। ਸੁਜਾਨ ਰਾਇ ਭੰਡਾਰੀ ਨੇ ਗੋਇੰਦਵਾਲ ਨੂੰ ਪ੍ਰਸਿੱਧ ਨਗਰਾਂ ਵਿਚ ਲਿਖਿਆ ਹੈ। ਮਹਿਮਾ ਪ੍ਰਕਾਸ਼ ਨੇ ਵੀ ਲਿਖਿਆ ਹੈ ਕਿ ਬਾਈ ਵਰ੍ਹੇ ਗੁਰੂ ਜੀ ਨੇ ਉਥੇ ਗੁਰ ਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਰੱਖੀ ਪਰ ਕਿਸੇ ਦਾ ਜਵਾਨ ਪੁੱਤ ਮਰਿਆ ਨਾ ਸੁਣਿਆ :

*"ਬਾਈਸ ਬਰਖ ਤਹਾ ਗੁਰ ਤਨ ਰਾਖਾ।*
*ਨਹੀਂ ਕੋਊ ਮੂਆ ਨ ਕਾਹੂ ਭਾਖਾ।"[1]*

ਅਸਲ ਗੱਲ ਇਹ ਹੈ ਕਿ ਜਿੱਥੇ ਵੀ ਸਤਿਗੁਰੂ ਹੈ ਉੱਥੇ ਚਿੰਤਾ, ਰੋਗ ਤੇ ਆਫ਼ਤਾਂ ਨੇੜੇ ਨਹੀਂ ਆਉਂਦੀਆਂ :

*"ਜਹਾਂ ਬਿਰਾਜੈ ਸਤਿਗੁਰ ਸਾਧ।*
*ਲਗੇ ਨ ਆਧ ਵਿਆਧ ਉਪਾਧ।"*

**ਵੈਸਾਖੀ ਕੇ ਦਿਨ ਆਵੈ ਸਭ ਕੋਈ**—ਪਾਰਬ੍ਰਹਮ ਦਾ ਪੰਥ ਸਾਜਿਆ ਜਾ ਰਿਹਾ ਸੀ। ਸਿੱਖੀ ਦੀ ਖ਼ੁਸ਼ਬੂ ਤੇ ਸੋਇ ਦੂਰ-ਦੂਰ ਤਕ ਪੁੱਜ ਰਹੀ ਸੀ। ਸੋ ਭਾਈ ਪਾਰੋ ਜੀ ਨੇ ਇਕ ਦਿਨ ਬੇਨਤੀ ਕੀਤੀ ਕਿ ਪਾਤਸ਼ਾਹ ਤੁਸੀਂ ਆਗਿਆ ਦੇਵੋ ਤਾਂ ਐਸਾ ਪ੍ਰਬੰਧ ਕੀਤਾ ਜਾਵੇ ਅਤੇ ਸਾਲ ਵਿਚ ਇਕ ਦਿਨ ਐਸਾ ਨੀਯਤ ਹੋਵੇ ਕਿ ਸਰਬ ਸਿੱਖ ਗੁਰੂ ਦਰਸ਼ਨਾਂ ਨੂੰ ਗੋਇੰਦਵਾਲ ਪੁੱਜਣ ਤੇ ਦਰਸ਼ਨ ਕਰ ਕੇ, ਸ਼ੰਕੇ ਮਿਟਾ ਕੇ, ਸੰਸਾਰ ਸਾਗਰ ਤੋਂ ਤਰਨ ਦੀ ਜਾਚ ਸਿੱਖਣ। ਇਕ ਤਾਂ ਅਜਿਹਾ ਹੋਣ ਨਾਲ ਹਰ ਇਕ ਵਿਚ ਇਕ ਥਾਵੇਂ ਇਕੱਠੇ ਹੋਣ ਦਾ ਚਾਅ ਪੈਦਾ ਹੋਵੇਗਾ ਅਤੇ ਧੁਰੇ ਤੋਂ ਪਰ੍ਹਾਂ ਨਹੀਂ ਜਾਣਗੇ। ਦੂਜੇ, ਸਿੱਖ-ਸਿੱਖ ਨਾਲ ਪ੍ਰੇਮ ਵਧੇਗਾ, ਇਕ ਦੂਜੇ ਦੇ ਨੇੜੇ ਹੋਣਗੇ ਤੇ ਪੂਰਨ ਮਰਯਾਦਾ ਦੀ ਸੋਝੀ ਸਭ ਨੂੰ ਹੋ ਜਾਏਗੀ। ਉਤਸ਼ਾਹ ਹੋਰ ਵਧੇਗਾ। ਸਤਿਗੁਰ ਕੀ ਮਹਿਮਾ ਨੂੰ ਜਾਨਣਗੇ :

*"ਸਰਬ ਸਿੱਖ ਗੁਰ ਦਰਸ਼ਨ ਆਵੈ।*
*ਗੁਰ ਦਰਸ ਪ੍ਰਤਾਪ ਭਵ ਪਾਰ ਪਰਾਵੈ।*
*ਅਰ ਸਿਖ ਸਿਖ ਗੁਰ ਧਾਰੇ ਪ੍ਰੇਮ।*
*ਬਢੇ ਭਗਤ, ਹੋਇ ਪੂਰਨ ਨੇਮ।"*

ਗੁਰੂ ਅਮਰ ਦਾਸ ਜੀ ਨੇ ਇਸ ਵਿਚਾਰ ਨੂੰ ਸ਼ੁਭ ਕਿਹਾ ਅਤੇ ਫ਼ਰਮਾਇਆ ਕਿ ਇਹ ਦਿਨ ਵਿਸਾਖੀ ਹੀ ਠੀਕ ਹੈ। ਇਹ ਹੁਕਮ ਕੀਤਾ :

*'ਬਿਸੋਆ ਕੇ ਦਿਨ ਆਵੈ ਸਭ ਕੋਈ।'*

ਇਕ ਤਾਂ ਉਸ ਦਿਨ ਬਾਉਲੀ ਦਾ ਕੜ ਟੁੱਟਾ ਸੀ ਤੇ ਜਲ ਭਰ ਆਇਆ ਸੀ ਅਤੇ ਯਾਦ ਬਣੀ ਰਵ੍ਹੇਗੀ ਕਿ ਬਾਉਲੀ ਸੰਪੂਰਨ ਹੋਣ ਨਾਲ ਭਰਮ ਗੜ੍ਹ ਵੀ ਟੁੱਟਾ ਹੈ। ਦੂਜੇ, ਵਿਸਾਖੀ ਵਾਲੇ ਦਿਨ ਹੀ ਗੁਰੂ ਨਾਨਕ ਦੇਵ ਜੀ ਨੇ ਹਰਿਦੁਆਰ ਪੁੱਜ ਲੋਕਾਈ

1. ਮਹਿਮਾ ਪ੍ਰਕਾਸ਼, ਸਾਖੀ ੨੪, ਪਾਤਸ਼ਾਹੀ ਤੀਜੀ

ਦੀ ਚੰਮ ਦ੍ਰਿਸ਼ਟੀ ਹਟਾ ਦਿਬ ਦ੍ਰਿਸ਼ਟੀ ਬਖ਼ਸ਼ੀ ਸੀ। ਇਸ ਇਕ ਦਿਨ ਤੇ ਇਕ ਥਾਂ ਇਕੱਠੇ ਹੋਣ ਨਾਲ ਕੌਮ ਵਿਚ ਏਕੇ ਦੀ ਭਾਵਨਾ ਜਾਗੀ। ਬੜਾ ਉਤਸ਼ਾਹ ਭਰਿਆ ਗਿਆ :

*"ਸਭਹਨ ਬਿਸੋਆ ਦਿਨ, ਮਨ ਸਰਸਨ।*
*ਬਡੇ ਭਾਗ ਪਾਵੈ ਗੁਰ ਦਰਸ਼ਨ।"*

ਇਹ ਸਭ ਬਾਉਲੀ ਸਾਹਿਬ ਦੀਆਂ ਹੀ ਬਰਕਤਾਂ ਸਨ ਕਿ ਸਿੱਖਾਂ ਵਿਚ ਸੇਵਾ ਦਾ ਇਕ ਐਸਾ ਉਤਸ਼ਾਹ ਉਮਡਿਆ ਕਿ ਉਹ ਤਨ ਮਨ ਦੀਆਂ ਮੈਲਾਂ ਗੁਰੂ ਦਰਸ਼ਨ ਕਰ ਕੇ ਹਰਦੀਆਂ ਅਤੇ ਗੁਰੂ ਦਰੋਂ ਬ੍ਰਹਮ ਗਿਆਨ ਦੀ ਸ਼ਕਤੀ ਪ੍ਰਾਪਤ ਕਰ ਕੇ ਮੁੜਦੀਆਂ ਸਨ।

● ● ●

੭

# ਗੁਰਬਚਨ ਨਾਵ ਚੜ੍ਹ ਸਿੱਖ ਹੋਇ ਪਾਰੇ

**ਗੁਰ ਦੇ ਬਚਨ ਨਾਵ ਨਿਆਈਂ**—ਮਹਿਮਾ ਪ੍ਰਕਾਸ਼ ਵਿਚ ਖ਼ੂਬ ਲਿਖਿਆ ਹੈ ਕਿ ਗੁਰੂ ਦੇ ਬਚਨ ਬੇੜੀ ਸਮਾਨ ਹਨ ਜਿਸ ਨੂੰ ਪ੍ਰੇਮ ਰੂਪੀ ਮਲਾਹ ਚਲਾ ਰਿਹਾ ਹੈ। ਜੋ ਇਸ ਬੇੜੀ ਵਿਚ ਬੈਠ ਗਿਆ, ਗੁਰੂ ਉਸ ਨੂੰ ਪਾਰ ਲੰਘਾ ਦੇਂਦਾ ਹੈ, ਭਾੜੇ ਦੇ ਰੂਪ ਵਿਚ ਗੁਰੂ ਮਨ ਲੈਂਦਾ ਹੈ। ਹਰੀ ਕੀਰਤਨ ਦੀ ਹਵਾ ਬਾਦਬਾਨ ਵਿਚ ਭਰੀ ਜਾਂਦੀ ਹੈ ਅਤੇ ਕਿਸ਼ਤੀ ਮੁਕਤੀ ਦੇ ਘਾਟ ਦੇ ਕਿਨਾਰੇ ਲੱਗ ਜਾਂਦੀ ਹੈ। ਫਿਰ ਪਾਪ ਪੁੰਨ, ਜਿਨ੍ਹਾਂ ਨੇ ਆਮ ਜੀਵਾਂ ਨੂੰ ਜਕੜਿਆ ਹੋਇਆ ਹੈ ਤੇ ਉਨ੍ਹਾਂ ਵਿਚ ਬੱਧੇ ਜੀਵ ਭਰਮਾਂ ਵਿਚ ਭੁੱਲਦੇ ਰਹਿੰਦੇ ਹਨ, ਹੁਣ ਨਹੀਂ ਪਹੁੰਚੇ। ਕੋਈ ਜਮ ਬਪੁੜਾ ਨੇੜੇ ਨਹੀਂ ਢੁੱਕ ਸਕਦਾ :

*"ਗੁਰਬਚਨ ਨਾਵ ਚੜਿ ਸਿੱਖ ਹੋਇ ਪਾਰੇ।*
*ਪ੍ਰੇਮ ਰੂਪ ਖੇਵਟ ਤਿਸ ਖੇਵੈ।*
*ਵੇ ਤਨ ਮਨ ਤਹਾ ਮਜ਼ੂਰੀ ਲੇਵੈ।*
*ਹਰਿ ਕੀਰਤਨ ਜਬ ਚਲੋ ਬਿਆਰ।*[1]
*ਬਿਨ ਪ੍ਰਯਾਸ ਨਾਵ ਹੋਇ ਪਾਰ॥ ੩॥*
*ਮੁਕਤ ਘਾਟ ਨਾਵ ਜਬ ਲਾਗੀ।*
*ਪਾਪ ਪੁੰਨ ਕੀ ਇਛਿਆ ਭਾਗੀ।*
*ਤਹਾ ਧਰਮ ਅਧਰਮ ਜਗਾਤੀ ਨਾਹੀ।"*[2]

ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ ਕਿ ਗੁਰ ਦੇ ਬਚਨ ਰਤਨ ਨਿਆਈਂ ਹਨ ਜਿਨ੍ਹਾਂ ਦਾ ਮੁੱਲ ਜੌਹਰੀ ਹੀ ਜਾਣ ਸਕਦਾ ਹੈ। ਉਹ ਬੋੜ੍ਹ ਦੇ ਬੀਜ ਵਾਂਗ ਦੇਖਣ ਨੂੰ ਤਿਲ ਸਮਾਨ ਲਗਦੇ ਹਨ ਪਰ ਜਦ ਕੋਈ ਹਿਰਦੇ ਤਲ 'ਤੇ ਬੀਜ ਦੇਂਦਾ ਹੈ ਤਾਂ ਵੱਡੇ ਹੋ ਕੇ ਛਾਇਆਦਾਰ ਦਰੱਖਤ ਬਣ ਜਾਂਦੇ ਹਨ।

ਕਿਤਨੇ ਹੀ ਗੁਰ ਬਚਨਾਂ ਦੀ ਨਾਵ 'ਤੇ ਚੜ੍ਹ ਕੇ ਪਾਰ ਹੋਏ। ਉਨ੍ਹਾਂ ਸਭਨਾਂ ਦਾ ਵੇਰਵਾ ਲੱਭਣਾ ਤੇ ਫਿਰ ਲਿਖਣਾ ਕਠਿਨ ਜਿਹਾ ਕਰਮ ਹੈ। ਅਨੇਕਾਂ ਹੀ ਦਰੋਂ ਘਰੋਂ

1. ਹਵਾ
2. ਸਾਖੀ ੮, ਪਾਤਸ਼ਾਹੀ ਤੀਜੀ, ਮਹਿਮਾ ਪ੍ਰਕਾਸ਼

ਬਖ਼ਸ਼ਿਸ਼ਾਂ ਲੈ ਕੇ ਗਏ। ਅਨੇਕਾਂ ਨੇ ਜੀਵਨ ਰਾਹ ਤੇ ਫਿਰ ਜੀਵਨ ਪਦਵੀ ਪਾਈ। ਉਨ੍ਹਾਂ ਉੱਘੇ ਸਿੱਖਾਂ ਦਾ ਵਰਨਣ ਸਭ ਤੋਂ ਪਹਿਲਾਂ ਭਾਈ ਗੁਰਦਾਸ ਜੀ ਨੇ ਗਿਆਰਵੀਂ ਵਾਰ ਦੀ ਪੰਦਰਵੀਂ ਪਉੜੀ ਵਿਚ ਕੀਤਾ। ਫਿਰ ਭਾਈ ਮਨੀ ਸਿੰਘ ਜੀ ਨੇ ਉਸ ਦਾ ਵਿਸਥਾਰ ਦਿੱਤਾ। ਫਿਰ ਮਹਿਮਾ ਪ੍ਰਕਾਸ਼ ਨੇ ਉਨ੍ਹਾਂ ਦੀ ਕਰਨੀ ਨੂੰ ਉਜਾਗਰ ਕੀਤਾ ਅਤੇ ਪਿੱਛੋਂ ਗੁਰੂ ਪ੍ਰਤਾਪ ਸੂਰਜ ਗ੍ਰੰਥ ਨੇ ਕਈ ਹੋਰ ਸਿੱਖਾਂ ਦੀ ਘਾਲ ਕਮਾਈ ਲਿਖੀ। ਇਸ ਅਧਿਆਇ ਵਿਚ ਉਨ੍ਹਾਂ ਪੁੱਗਿਆਂ ਹੋਇਆਂ ਵਿਚੋਂ ਕੁਝ ਦਾ ਹੀ ਵਰਨਣ ਕਰਨਾ ਹੈ ਤਾਂ ਕਿ ਗੁਰੂ ਅਮਰ ਦਾਸ ਜੀ ਦੇ ਬਚਨਾਂ ਦੇ ਬਾਣਾਂ ਦੇ ਕੁਝ ਕੁ ਸਾਰ ਦਾ ਪਤਾ ਲੱਗ ਜਾਏ।

**ਡਲੇ ਦੀ ਸੰਗਤਿ**—ਭਾਈ ਗੁਰਦਾਸ ਜੀ ਨੇ ਡਲਾ ਨਿਵਾਸੀ ਸੰਗਤਿ ਨੂੰ 'ਭਾਰੀ' ਕਹਿ ਕੇ ਸਨਮਾਨ ਦਿੱਤਾ ਹੈ। ਗੁਰ ਬਚਨ ਸੁਣ ਮੰਨ ਜਿਵੇਂ ਉਨ੍ਹਾਂ ਸਿੱਖਾਂ ਨੇ ਜੀਅ ਦਾਨ ਪ੍ਰਾਪਤ ਕੀਤਾ ਉਸ ਦਾ ਵੇਰਵਾ ਭਗਤ ਮਾਲਾ ਨੇ ਉਚੇਚੇ ਤੌਰ 'ਤੇ ਦਿੱਤਾ ਹੈ। ਮਹਿਮਾ ਪ੍ਰਕਾਸ਼ ਦਾ ਕਹਿਣਾ ਹੈ :

*ਸਿੱਖ ਬਹਤਰ ਡਲੇ ਮੋ ਭਏ।*
*ਕੁਝ ਮਹਿਮਾ ਤਾਂ ਕੀ ਜਾਤ ਨ ਕਹੇ।*

ਗੁਰੂ ਅਮਰ ਦਾਸ ਜੀ ਪਹਿਲਾਂ ਇਕ ਵਾਰੀ ਪਾਰੋ ਪਰਮਹੰਸ ਜੀ ਦੀ ਬੇਨਤੀ 'ਤੇ ਕੁਰੂਕਸ਼ੇਤਰ ਜਾਂਦਿਆਂ ਡਲੇ ਰੁਕੇ ਸਨ ਤੇ ਉਪਦੇਸ਼ ਦਿੱਤਾ ਸੀ। ਉਦੋਂ ਦੀ ਸੰਗਤਿ ਬਹੁਤ ਹੀ ਸ਼ਰਧਾਵਾਨ ਅਤੇ ਸਿਦਕੀ ਹੋ ਗਈ ਸੀ। ਗੁਰੂ ਜੀ ਨੇ ਇਕ ਵਾਰੀ ਫਿਰ ਚਰਨ ਪਾਏ ਤੇ ਪ੍ਰਸਿੱਧ ਸਿੱਖਾਂ ਨੂੰ ਉਪਦੇਸ਼ ਦਿੱਤੇ।

**ਜਾਤਿ ਪਾਤ ਗੁਰ ਕੀ ਨਾਹ ਕੋਇ**—ਜਿਵੇਂ (ਗੁਰੂ) ਰਾਮਦਾਸ ਜੀ ਦੇ ਸ਼ਰੀਕ ਭਰਾਵਾਂ ਨੂੰ ਸਮਝਾਇਆ ਸੀ ਕਿ ਗੁਰੂ ਦਾ ਕੋਈ ਸ਼ਰੀਕ ਨਹੀਂ ਤੇ ਨਾ ਹੀ ਕੋਈ ਸ਼ਰੀਕਾ ਗੁਰੂ ਨਾਲ ਕਰਨ ਵਾਲਾ ਰਹਿੰਦਾ ਹੈ ਤਿਵੇਂ ਹੀ ਜਾਤ ਦਾ ਗਰਬ ਤੇ ਗੁਰੂ ਨਾਲ ਤੁਲਨਾ ਕਰਨ ਵਾਲਿਆਂ ਨੂੰ ਤਾੜਨਾ ਕੀਤੀ। ਇਹ ਤਾੜਨਾ ਉਨ੍ਹਾਂ ਲਈ ਵੀ ਸੀ ਜੋ ਆਪਣੇ ਆਪ ਨੂੰ ਗੁਰੂ ਅੰਸ਼ ਜਾਂ ਗੁਰੂ ਦੀ ਜਾਤ ਦਾ ਹੋਣਾ ਕਹਿੰਦੇ ਸਨ।

ਭਾਈ ਪ੍ਰਿਥਾ ਮੱਲ ਤੇ ਭਾਈ ਤੁਲਸਾ ਜੀ ਭੱਲਾ ਜਾਤ ਦੇ ਖੱਤਰੀ ਸਨ ਅਤੇ ਇਸ ਗੱਲ ਦਾ ਅਭਿਮਾਨ ਕਰਦੇ ਸਿੱਖਾਂ ਨੂੰ ਕਹਿੰਦੇ ਵੀ ਰਹਿੰਦੇ ਸਨ ਕਿ ਉਨ੍ਹਾਂ ਦੀ ਜਾਤ ਉਹ ਹੀ ਹੈ ਜੋ ਗੁਰੂ ਤੀਜੇ ਪਾਤਸ਼ਾਹ ਦੀ ਹੈ। ਡਲੇ ਵਿਖੇ ਜਦ ਗੁਰੂ ਜੀ ਨੇ ਚਰਨ ਪਾਏ ਤਾਂ ਸਭ ਨੂੰ ਕਹਿਣ : "ਦੇਖੋ ਗੁਰੂ ਜੀ ਵੀ ਭੱਲੇ ਖੱਤਰੀ ਅਤੇ ਉਹ ਵੀ ਭੱਲੇ ਖੱਤਰੀ।" ਇਥੋਂ ਤਕ ਹੰਕਾਰੀ ਹੋਏ ਕਿ ਜਦ ਉਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਦੁਹਰਾ ਕੇ ਕਿਹਾ : 'ਏਕੋ ਜਾਤਿ ਹਮਾਰ ਤੁਮਾਰੀ' ਤਾਂ ਉਸ ਸਮੇਂ ਗੁਰੂ ਅਮਰ ਦਾਸ ਜੀ ਨੇ ਫ਼ਰਮਾਇਆ : 'ਜਾਤ ਪਾਤ ਗੁਰ ਕੀ ਨਹਿ ਕੋਇ।' ਗੁਰ ਕੀ ਕੋਈ ਜਾਤ ਨਹੀਂ। *ਜਾਤ ਤਾਂ ਸਰੀਰਾਂ ਦੀ ਹੁੰਦੀ ਹੈ ਅਤੇ ਗੁਰੂ ਕੋਈ ਸਰੀਰ ਨਹੀਂ, ਜੋਤ ਹੈ।*

ਫਿਰ ਸਮਝਾਂਦੇ ਕਿਹਾ : ਇਹ ਭੁਲੇਖਾ ਤੁਹਾਨੂੰ ਤਾਂ ਹੀ ਲੱਗਾ ਹੈ ਜਦ ਤੁਸੀਂ ਸਰੀਰ ਵੱਲ ਦੇਖਦੇ ਹੋ। ਗੁਰੂ ਸਰੀਰ ਨਹੀਂ ਹੈ। ਗੁਰੂ ਜੋਤ ਦਾ ਨਾਂ ਹੈ। ਇਹ ਭਰਮ ਕਿਸੇ ਨੂੰ

ਨਹੀਂ ਹੋਣਾ ਚਾਹੀਦਾ।

ਇਹ ਭਰਮ ਵੀ ਕੱਢ ਦਿੱਤਾ ਕਿ ਕਿਸੇ ਜਾਤ ਦੀ ਅਖੌਤੀ ਉੱਚਤਾ ਜਾਂ ਨੀਵੇਂ-ਪਣ ਕਾਰਨ ਕੋਈ ਮੁਕਤ ਹੋ ਸਕਦਾ ਹੈ ਜਾਂ ਪਕੜਿਆ ਜਾਏਗਾ। ਜਾਤ ਕਰਕੇ ਜਾਂ ਜਾਤ ਭਾਈ ਕਰਕੇ ਕਿਸੇ ਨਹੀਂ ਛੱਡਣਾ। 'ਅਗੈ ਜਾਤਿ ਨਾ ਜੋਰੁ ਹੈ, ਅਗੈ ਜੀਉ ਨਵੇ', ਗੁਰੂ ਨਾਨਕ ਜੀ ਫ਼ਰਮਾ ਗਏ ਸਨ। ਸਿਮਰਨ, ਸੇਵਾ ਕਰ ਸੇਵਕ ਬਣੋਗੇ ਤਾਂ ਹੀ ਦਰਗਾਹ ਪਤਿ ਮਿਲੇਗੀ :

*'ਸਿਮਰਯੋ ਜਿਨ ਸਤਿਨਾਮ ਸਦੀਵਾ।*
*ਸਿਖਨ ਸੇਵਾ ਕਰੀ ਮਨ ਨੀਵਾ।*
*ਤਿਨ ਕੀ ਪਤਿ ਲੇਖੇ ਪਰਿ ਜਾਇ।*
*ਜਾਤਿ ਕੁਜਾਤਿ ਨ ਪਰਖਹਿ ਕਾਇ॥ ੧੨॥'*[1]

"ਜਿਨ੍ਹਾਂ ਨਾਮ ਜਪਿਆ ਅਤੇ ਸੇਵਾ ਨਿਮਰਤਾ ਸਹਿਤ ਕੀਤੀ, ਉਹ ਹੀ ਪਾਰ ਹੋਏ ਹਨ। ਕੋਈ ਜਾਤ ਦਾ ਅਭਿਮਾਨ ਜਾਂ ਕਿਸੇ ਦੀ ਸਿਫ਼ਾਰਸ਼ ਬੰਨੇ ਨਹੀਂ ਲਗਾਉਣ ਲੱਗੀ। ਧਨ-ਬਲ, ਬਾਹੂ-ਬਲ, ਜਾਤਿ ਅਭਿਮਾਨ ਨੇ ਛੁਟਕਾਰਾ ਨਹੀਂ ਦਿਲਵਾਉਣਾ। ਸੁਖ ਲੋੜਦੇ ਹੋ ਤਾਂ ਜਾਤਿ ਅਭਿਮਾਨ ਛੱਡ ਸੇਵਾ ਵਿਚ ਜੁੱਟ ਜਾਓ।" ਉਨ੍ਹਾਂ ਨੇ ਫਿਰ ਕਦੇ ਜਾਤ ਦਾ ਅਭਿਮਾਨ ਨ ਕੀਤਾ ਅਤੇ ਹਰ ਇਕ ਦੀ ਨਿਮਰਤਾ ਨਾਲ ਸੇਵਾ ਕਰਦੇ ਰਹੇ ਅਤੇ ਸੱਚੀ ਖ਼ੁਸ਼ੀ ਪਾਈ। ਭਾਈ ਗੁਰਦਾਸ ਜੀ ਨੇ ਇਨ੍ਹਾਂ ਪ੍ਰਤੀ *'ਸੇਵਾ ਹਿਤਕਾਰੀ'* ਦੇ ਸ਼ਬਦ ਲਿਖੇ।

**ਤਿਯਾਗ ਹੰਕਾਰਾ, ਸੰਤਨ ਸੇਵਹੁ**—ਇਹ ਬਚਨ ਪਏ ਹੁੰਦੇ ਸਨ ਕਿ ਭਾਈ ਮਲ੍ਹਣ ਨੇ ਆ ਕੇ ਮੱਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ, ਐਸਾ ਉਪਦੇਸ਼ ਬਖ਼ਸ਼ੋ, ਜਿਸ ਨਾਲ ਜੀਵਨ ਰਾਹ ਮਿਲ ਜਾਏ।

ਤੀਜੇ ਪਾਤਸ਼ਾਹ ਨੇ ਬਚਨ ਕੀਤਾ : 'ਚਿੱਤ ਲਗਾ ਕੇ ਭਲੇ ਪੁਰਸ਼ਾਂ ਦੀ ਸੇਵਾ ਕਰਨੀ। ਜਿਸ ਹੰਕਾਰ ਤਜ, ਲੋੜਵੰਦ ਦੀ ਲੋੜ ਪੂਰੀ ਕੀਤੀ, ਉਨ੍ਹਾਂ ਨੂੰ ਜੀਵਨ ਰਾਹ ਮਿਲ ਗਿਆ। ਸਿਮਰਨ ਅਤੇ ਸੇਵਾ ਕਰਦੇ ਕਦੇ ਅਹੰਕਾਰ ਨਹੀਂ ਕਰਨਾ।'

ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਸਤਿਗੁਰ ਕਹਯੋ : ਤਯਾਗ ਹੰਕਾਰਾ।*
*ਸੰਤਨ ਸੇਵੋ, ਹੋਹਿ ਸੁਖਾਰਾ।*

ਭਾਈ ਮਲ੍ਹਣ ਜੀ ਲੋਚ ਕੇ ਹਰ ਇਕ ਲੋੜਵੰਦ ਦੀ ਲੋੜ ਪੂਰੀ ਕਰਦੇ। ਐਸੀ ਖ਼ੁਸ਼ੀ ਮਿਲੀ ਕਿ ਉਨ੍ਹਾਂ ਦੀ ਕਰਨੀ ਦੇਖ ਕਈਆਂ ਨੇ ਜੀਵਨ-ਰਾਹ ਪਾਇਆ।

**ਅੰਮ੍ਰਿਤ ਵੇਲਾ ਕਰਿਹੁ ਇਸ਼ਨਾਨ**—ਸੰਗਤ ਵਿਚ ਬੈਠੇ ਹੋਏ ਭਾਈ ਰਾਮੂ, ਭਾਈ ਦੀਪਾ ਜੀ, ਉਗ੍ਰਸੈਨ ਜੀ ਅਤੇ ਨਗਉਰੀ, ਜੋ ਕਿਰਤੀ ਸਿੱਖ ਸਨ, ਨੇ ਉੱਠ ਕੇ ਬੇਨਤੀ ਕੀਤੀ ਕਿ ਗੁਰੂ ਪਾਤਸ਼ਾਹ ਅਸੀਂ ਦੁਨੀਆਦਾਰ ਹਾਂ, ਧੰਦਿਆਂ ਵਿਚ ਲੱਗੇ ਰਹਿੰਦੇ ਹਾਂ,

---

1. ਰਾਸ ੧, ਅੰਸੂ ੪੦

ਸਾਡੀ ਵੀ ਕਦੇ ਕਲਿਆਣ ਹੋਵੇਗੀ। ਐਸੇ ਬਚਨ ਬਖਸ਼ੋ ਕਿ ਜੀਵਨ ਘੜਿਆ ਜਾਏ।

ਗੁਰੂ ਮਹਾਰਾਜ ਨੇ ਫ਼ਰਮਾਇਆ : *ਅੰਮ੍ਰਿਤ ਵੇਲਾ ਨਹੀਂ ਖੁੰਝਾਉਣਾ ਭਾਵੇਂ* ਕੁਝ ਹੋ ਜਾਏ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਗੁਰੂ ਸ਼ਬਦ ਦੀ ਵਿਚਾਰ ਕਰਨਾ। *ਜਿਸ ਵੇਲੇ ਵੀ ਕੋਈ ਸਿੱਖ ਆਏ ਉਸੇ ਸਮੇਂ ਪ੍ਰਸ਼ਾਦ ਸ਼ਰਧਾ ਨਾਲ ਤਿਆਰ ਕਰਕੇ ਛਕਾਉਣਾ।* ਕਿਰਤ ਬੇਸ਼ਕ ਦਿਨ ਰਾਤ ਕਰੋ, ਇਸ ਦੀ ਸਿੱਖ ਘਰ ਵਿਚ ਮਨਾਹੀ ਨਹੀਂ ਹੈ।'

ਇਹ ਬਚਨ ਸੁਣ ਕੇ ਇਕ ਨੇ ਪੁੱਛਿਆ : 'ਪਾਤਸ਼ਾਹ ਚਾਰ ਘੜੀਆਂ ਅੰਮ੍ਰਿਤ ਵੇਲੇ ਦੇ ਹੀ ਧਿਆਨ ਨਾਲ ਕਿਵੇਂ ਪਾਰ ਹੋ ਜਾਵਾਂਗੇ?'

ਮਹਾਰਾਜ ਨੇ ਵਿਆਖਿਆ ਕਰਦੇ ਕਿਹਾ : ਬੇੜੀ ਨਦੀ ਵਿਚ, ਭਾਰ ਤੇ ਜੀਵਾਂ ਨਾਲ ਭਰੀ ਹੋਈ ਹੁੰਦੀ ਹੈ ਪਰ ਚਾਰ ਉਂਗਲ ਜਲ ਤੋਂ ਬਾਹਰ ਦੇਖੀਦੀ ਹੈ। ਜੇ ਚਾਰ ਉਂਗਲ ਵੀ ਨਾ ਰਵ੍ਹੇ ਤਾਂ ਡੁੱਬ ਹੀ ਜਾਏ। ਜੇ ਚਾਰ ਘੜੀ ਮਨ ਨੂੰ ਜਗਤ ਤੋਂ ਉਤਾਂਹ ਕਰਕੇ ਸਿਮਰੋਗੇ ਤਾਂ ਪਾਰ ਹੋ ਜਾਵੋਗੇ। ਜੇ ਹਰ ਸਮੇਂ ਧੰਦਿਆਂ ਵਿਚ ਹੀ ਗ਼ਲਤਾਨ ਰਵ੍ਹੋਗੇ ਤਾਂ ਭਾਰ ਨਾਲ ਹੀ ਬੇੜੀ ਡੁੱਬ ਜਾਏਗੀ।

*"ਭਰੀ ਭਾਰ ਸੋਂ ਉਤਰਹਿ ਪਾਰ।*
*ਤਿਮਿ ਜਗ ਕਾਰਜ ਕੇ ਬਿਵਹਾਰ।*
*ਨਿਸ ਦਿਨ ਕਰਿਹੁ ਧਰਮ ਕੀ ਕਿਰਤਿ।*
*ਚਤੁਰ ਘਟੀ ਦਿਹੁ ਗੁਰ ਮਹਿ ਬਿਰਤਿ*[1] *।੨੧।"*

'ਜੋ ਅੰਮ੍ਰਿਤ ਵੇਲੇ ਨਾਮ ਬੀਜਦੇ ਹਨ, ਉਨ੍ਹਾਂ ਦਾ ਸਵਾਸ ਸਵਾਸ ਆਪੇ ਸਿਮਰਨ ਆਰੰਭ ਹੋ ਜਾਏਗਾ। *ਅੱਠੇ ਪਹਿਰ, ਜਿਨ੍ਹਾਂ ਨੂੰ ਮਾਇਆ ਦੀ ਘੂਕੀ ਚੜ੍ਹੀ ਰਹਿੰਦੀ ਹੈ ਜੇ ਉਹ ਵੀ ਅੰਮ੍ਰਿਤ ਵੇਲਾ ਸੰਭਾਲ ਲੈਣ ਤਾਂ ਮਾਇਆ ਦੇ ਪ੍ਰਭਾਵ ਤੋਂ ਛੁਟ ਜਾਣ।* ਨਿਰਣਾ ਗੁਰੂ ਨਾਨਕ ਜੀ ਨੇ ਹੀ ਕਰ ਦਿੱਤਾ ਸੀ। ਜਦ ਕਿਸੇ ਪੁੱਛਿਆ ਸੀ : 'ਮੁੱਖ ਕੀ ਰੱਖੀਏ? ਮੁੱਖੋਂ ਕੀ ਬੋਲੀਏ ਕਿ ਉਹ ਸੁਣ ਕੇ ਪਿਆਰ ਕਰੇ ਤੇ ਰੀਝ ਜਾਏ।' ਉੱਤਰ ਸੰਕੋਚਵਾਂ ਸੀ : ਅੰਮ੍ਰਿਤ ਵੇਲਾ, ਸਚੁ ਨਾਉ, ਵਡਿਆਈ ਵੀਚਾਰੁ।

'ਮਹਾਰਾਜ ਨੇ ਸੰਧਿਆ ਨ ਕਹਿ ਕੇ ਅੰਮ੍ਰਿਤ ਵੇਲੇ ਕਿਹਾ ਸੀ। ਸੰਧਿਆ ਦਾ ਭਾਵ ਹੈ, ਨਾ ਇਥੋਂ ਦਾ, ਨਾ ਉਥੋਂ ਦਾ, ਨ ਇਸਦਾ, ਨ ਉਸਦਾ। ਅੰਮ੍ਰਿਤ ਵੇਲਾ ਦਰਸਾਉਂਦਾ ਹੈ ਕਿ ਤੁਸੀਂ ਅੰਮ੍ਰਿਤ ਦੇ ਨੇੜੇ ਹੋ, ਸਰੀਰ ਤੋਂ ਦੂਰ ਹੋ। ਉਸ ਸਮੇਂ ਉਸ ਦੀ ਮਹਿਮਾ ਗਾਓ।'

ਭਾਈ ਰਾਮੂ ਜੀ, ਦੀਪਾ ਜੀ ਤੇ ਹੋਰਨਾਂ ਸਭਨਾਂ ਨੇ ਗੱਲ ਪੱਲੇ ਬੰਨ੍ਹ ਲਈ। ਅੰਮ੍ਰਿਤ ਵੇਲੇ ਉੱਠਦੇ, ਇਸ਼ਨਾਨ ਕਰਦੇ, ਕੀਰਤਨ ਕਰਦੇ, ਸ਼ਬਦ ਦੀ ਵਿਚਾਰ ਕਰਦੇ ਅਤੇ ਫਿਰ ਕਿਰਤ ਕਾਰ ਕਰਨ ਚਲੇ ਜਾਂਦੇ। ਇਨ੍ਹਾਂ ਸਭਨਾਂ ਨੂੰ ਭਾਈ ਗੁਰਦਾਸ ਜੀ ਨੇ *"ਗੁਰ ਸ਼ਬਦ ਵੀਚਾਰੀ"* ਲਿਖਿਆ ਹੈ।

**ਹਉਮੈ ਕਰਿ ਬੰਧਨ ਕੋ ਲਹਯੋ**—ਭਾਈ ਗੋਪੀ ਦਾਸ ਜੀ, ਭਾਈ ਰਾਮੂ ਮਹਿਤਾ, ਭਾਈ ਮੋਹਨ ਮੱਲ ਜੀ ਅਤੇ ਭਾਈ ਅਮਰੂ ਜੀ ਨੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਸਿਮਰਨ

---

1. ਰਾਸ ਪਹਿਲੀ, ਅੰਸ਼ ੪੦

ਕਰਦੇ ਸਮੇਂ ਹੋ ਗਏ ਹਨ ਪਰ ਰਸ ਨਹੀਂ ਆਇਆ। ਇੰਜ ਪ੍ਰਤੀਤ ਹੁੰਦਾ ਹੈ ਕਿ ਅਜੇ ਵੀ ਜਕੜੇ ਹੋਏ ਹਾਂ। ਖ਼ਾਲੀ ਖ਼ਾਲੀ ਹਾਂ। ਗੁਰੂ ਅਮਰ ਦਾਸ ਜੀ ਨੇ ਮਿਹਰ ਦੀ ਦ੍ਰਿਸ਼ਟੀ ਕੀਤੀ ਤੇ ਫਿਰ ਫ਼ਰਮਾਇਆ : 'ਸਭ ਬੰਧਨਾਂ ਦਾ ਮੂਲ ਹਉਮੈ ਹੈ। ਇਹ ਅਣਹੋਣੀ ਹੀ ਬਣ ਖਲੋਂਦੀ ਹੈ। ਪ੍ਰਮੇਸ਼ਰ ਵਲੋਂ ਇਹ ਹੀ ਛਡਾਂਦੀ ਹੈ। ਇਹ ਵਿਚੋਂ ਦੂਰ ਹੋ ਜਾਏ ਤਾਂ ਪ੍ਰਮੇਸ਼ਰ ਨਾਲ ਗੰਢ ਪੈ ਜਾਏ। ਇਸ ਨੂੰ ਬੁੱਝਣਾ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਦਾ ਵਾਕ ਹੈ, 'ਹਉਮੈ ਬੂਝੈ ਤਾ ਦਰਿ ਸੂਝੈ।' ਜਦ ਸਿੱਖਾਂ ਪੁੱਛਿਆ ਕਿ ਕਿਵੇਂ ਬੁੱਝੀਏ ਤਾਂ ਬਚਨ ਹੋਇਆ : 'ਸਰੀਰ ਨੂੰ ਝੂਠਾ ਜਾਣਨਾ। ਜੇ ਕੋਈ ਬੁਰਾ ਭਲਾ ਕਹੇ ਤਾਂ ਸਹਾਰਨਾ। ਸਹਿਨਸ਼ੀਲਤਾ ਤੇ ਖਿਮਾ ਧਾਰਨ ਕਰਨੀ। ਕਠੋਰ ਵਾਕ ਨਹੀਂ ਬੋਲਣਾ। ਜਦੋਂ ਅੰਦਰੋਂ ਈਰਖਾ ਘਟੇਗੀ ਤਾਂ ਸਰਬਤ ਦਾ ਭਲਾ ਚਿਤਵਾਂਗੇ ਤੇ ਵਿਤਕਰੇ ਵਿੱਥਾਂ ਘਟ ਜਾਣਗੀਆਂ। ਹਉਮੈ ਵੀ ਘਟ ਜਾਏਗੀ :

*ਸਹਿਨ ਸ਼ੀਲਤਾ ਛਿਮਾ ਧਰੀਜੈ।*
*ਕਿਸ ਕੇ ਸੰਗ ਨ ਦਵੈਸ਼ ਰਚੀਜੈ।*
*ਬਾਕ ਕਠੋਰ ਅਨਾਦਰ ਕਰੇ।*
*ਸੁਨ ਕਰ ਤਪਹਿ ਨ, ਰਿਸਿ ਕਬਿ ਧਰੇ।*

"ਫਿਰ ਖ਼ੁਦਗਰਜ਼ੀ ਘਟ ਜਾਏਗੀ। ਖ਼ੁਦਗਰਜ਼ੀ ਹਉਮੈ ਦਾ ਦੂਜਾ ਰੂਪ ਹੈ, ਨਾਮ ਦੀ ਕਮਾਈ ਕੀਤਿਆਂ ਸਰੀਰ ਤੁੱਛ ਲੱਗੇਗਾ। ਸਰੀਰ ਤੁੱਛ ਦਿੱਸਿਆ ਨਹੀਂ ਕਿ ਹਉਮੈ ਭੱਜੀ ਨਹੀਂ ਹਉਮੈ ਸਰੀਰ ਨਾਲ ਹੈ, ਸੋ ਇਹ ਹਟ ਜਾਏਗੀ।"

ਉਨ੍ਹਾਂ ਇਹ ਬਚਨ ਪੱਲੇ ਬੰਨ੍ਹ ਲਏ ਅਤੇ ਐਸੀ ਨਿਮਰਤਾ ਧਾਰੀ ਕਿ ਹੋਰ ਵੀ ਕਿਤਨੇ ਸਿੱਖ ਜੋ ਉਨ੍ਹਾਂ ਲਾਗੇ ਆਏ, ਨਾਮ ਵੱਲ ਲੱਗੇ। ਭਾਈ ਗੁਰਦਾਸ ਜੀ ਨੇ ਇਨ੍ਹਾਂ ਮਹਾਂਪੁਰਸ਼ਾਂ ਦਾ ਸਤਿਕਾਰ *'ਨਠਾਈ ਹਉਮੈ ਭਾਰੀ'* ਕਹਿ ਕੇ ਕੀਤਾ ਹੈ।

**ਵੰਡ ਖਾਹੁ ਧਰਿ ਭਉ ਪ੍ਰਬੀਨ**—ਗੁਰੂ ਅਮਰ ਦਾਸ ਜੀ ਜਿਹੋ ਜਿਹੀ ਜਗਿਆਸੂ ਦੀ ਅਵਸਥਾ ਦੇਖਦੇ ਵੈਸਾ ਹੀ ਬਚਨ ਕਰਕੇ ਉਸ ਨੂੰ ਰਾਹ 'ਤੇ ਪਾ ਦਿੰਦੇ ਜਾਂ ਅਟਕ ਹਟਾ ਦੇਂਦੇ ਤਾਂਕਿ ਸਿੱਧਾ ਰਾਹ ਪਾ ਲਿਆ ਜਾਵੇ। ਜੇ ਡਿੱਠਾ ਢੂੰਡਾਊ ਹੈ ਤਾਂ ਮੰਜ਼ਲ ਦੱਸ ਦਿੱਤੀ।

ਭਾਈ ਗੰਗੂ ਜੀ, ਭਾਈ ਸਹਾਰੂ ਤੇ ਭਾਈ ਭਾਗੂ, ਜੋ ਰਹਿੰਦੇ ਡੱਲਾ ਹੀ ਸਨ ਪਰ ਪੂਜਦੇ ਮੜ੍ਹੀਆਂ, ਰੱਖਦੇ ਬਰਤ ਤੇ ਸਿਰ ਬੁੱਤਾਂ ਅੱਗੇ ਨਿਵਾਂਦੇ ਸਨ, ਜਦ ਗੁਰੂ ਜੀ ਦੀ ਸ਼ਰਨ ਆਏ ਤਾਂ ਆਪ ਜੀ ਨੇ ਫ਼ਰਮਾਇਆ :

"ਮੁਰਦਾ-ਪ੍ਰਸਤੀ ਛੱਡੋ। ਜਿਊਂਦਿਆਂ ਨਾਲ ਭਾਉ ਕਰੋ। ਮੱਠ, ਮੜ੍ਹੀ, ਕਬਰ, ਟੋਭਰੀ ਦਾ ਸੇਵੀ ਨਹੀਂ ਹੋਣਾ। ਜੋ ਕਮਾਂਦੇ ਹੋ, ਉਸ ਨੂੰ ਪ੍ਰੇਮ ਨਾਲ ਵੰਡ ਕੇ ਛਕਣਾ, ਸਿੱਖਾਂ ਨਾਲ ਭਾਉ ਭਗਤ ਕਰਨੀ, ਪ੍ਰਸ਼ਾਦ ਵਰਤਾ ਕੇ ਪਿੱਛੋਂ ਛਕਣਾ। ਇਸ ਤਰ੍ਹਾਂ ਕਰਨ ਨਾਲ ਇਕ ਤਾਂ ਇੱਛਾ ਮਰੇਗੀ ਦੂਜੇ ਨਿਮਰਤਾ ਆਵੇਗੀ। ਤੀਜੇ, ਦੂਜੇ ਦੀ ਖ਼ੁਸ਼ੀ ਮਿਲੇਗੀ। ਫਿਰ ਨਾਮੀ ਪੁਰਸ਼ ਦੀ ਅਸੀਸ ਬਰਕਤ ਪਾਉਂਦੀ ਹੈ ਅਤੇ ਨਾਮ ਜਪਣ ਵਿਚ ਸਫਲਤਾ

ਮਿਲਦੀ ਹੈ।

*'ਸਿੱਖਨ ਕੋ ਪ੍ਰਥਮ ਅਚਾਵਹੁ।*
*ਸ਼ੇਸ਼ ਰਹੈ ਭੋਜਨ ਤੁਮ ਪਾਵਹੁ।'*[1]

ਇਹ ਉਪਦੇਸ਼ ਧਾਰਨ ਕਰਕੇ ਤਿੰਨਾਂ ਹੀ ਸਿੱਖਾਂ ਨੇ ਮੱਠ ਢਾਹ ਦਿੱਤੇ। ਕਬਰਾਂ ਅਤੇ ਮੜ੍ਹੀਆਂ 'ਤੇ ਫੁੱਲ ਚੜ੍ਹਾਉਣੇ ਛੱਡ ਦਿੱਤੇ। ਬੁੱਤ ਪੂਜਾ ਦੀ ਥਾਂ ਰੋਜ਼ ਸੰਗਤਿ ਕਰਦੇ ਅਤੇ ਕੀਰਤਨ ਵਿਚ ਜੁੜਦੇ। ਆਏ ਗਏ ਦੀ ਸੰਭਾਲ ਉਨ੍ਹਾਂ ਆਪਣੇ ਜ਼ਿੰਮੇ ਹੀ ਲੈ ਲਈ। ਐਸਾ ਨੇਮ ਇਨ੍ਹਾਂ ਬਣਾਇਆ ਕਿ ਹਰ ਕੋਈ ਆਇਆ ਪ੍ਰਸੰਨ ਜਾਂਦਾ ਅਤੇ ਅਸੀਸਾਂ ਨਾਲ ਝੋਲੀਆਂ ਭਰ ਦੇਂਦਾ।'

ਭਾਈ ਗੁਰਦਾਸ ਜੀ ਨੇ ਇਨ੍ਹਾਂ ਦਾ ਸਤਿਕਾਰ *'ਭਗਤ ਹੈ ਪਿਆਰੀ'* ਕਹਿ ਕੇ ਕੀਤਾ ਹੈ।

**ਗ੍ਰਹਿਸਤ ਬਿਖੇ ਸੁਖ ਲਹੋ ਸੁਖਾਰੈ**—ਸਾਰਾ ਸਿੱਖ ਜਗਤ ਹੀ ਉਦਾਸੀ ਹੋ ਜਾਂਦਾ ਜੇ ਗੁਰੂ ਅੰਗਦ ਦੇਵ ਜੀ ਕਰੜੇ ਸ਼ਬਦਾਂ ਵਿਚ ਉਦਾਸੀ ਹੋਣ ਦੀ ਨਿਖੇਧੀ ਨ ਕਰਦੇ। ਐਸੇ ਲੋਕਾਂ ਨੂੰ, ਜੋ ਉਦਾਸੀ ਹੋਣਾ ਧਰਮ ਸਮਝਦੇ ਸਨ ਗੁਰੂ ਅੰਗਦ ਜੀ ਨੇ ਕੂੜੇ ਕੀਤਾ। ਗੁਰੂ ਰਾਮਦਾਸ ਜੀ ਨੇ ਇਸੇ ਪ੍ਰਥਾਇ ਬੜੀ ਭਾਵਪੂਰਤ ਤੁਕ 'ਗੁਰ ਅੰਗਦਿ ਕੀਤੇ ਕੂੜਿਆਰੇ' ਉਚਾਰੀ।

ਗੁਰੂ ਅਮਰ ਦਾਸ ਜੀ ਨੇ ਉਸੇ ਹੀ ਲੈਅ ਵਿਚ ਬਚਨ ਕਹੇ ਕਿ 'ਜੋ ਕੋਈ ਉਦਾਸੀ ਹੋਵੇਗਾ, ਉਸ ਦਾ ਕਦੇ ਨ ਭਲਾ ਹੋਗਾ।' ਆਪ ਜੀ ਗ੍ਰਹਿਸਤ ਵਿਚ ਟਿਕਿਆਂ ਹੀ ਜਗਤ ਨੂੰ ਉਸ ਪ੍ਰਭੂ ਨੂੰ ਪਾਉਣ ਦਾ ਰਾਹ ਦਰਸਾ ਰਹੇ ਸਨ। ਆਪ ਜੀ ਦਾ ਫ਼ਰਮਾਨ ਸੀ :

*ਜੇ ਘਰ ਤਜੇ ਮਿਲੇਹਿ ਭਗਵਾਨ।*
*ਕਯੋ ਫ਼ਕੀਰ ਪੁਰਪੁਰਿ ਮਹਿ ਮਾਨ।*

ਫਿਰ ਭਾਈ ਜਗਾ ਧਰਨੀ ਦੀ ਇਕ ਪੁੱਛ ਦੇ ਉੱਤਰ ਵਿਚ ਵੀ ਫ਼ਰਮਾਇਆ ਸੀ ਕਿ ਗ੍ਰਹਿਸਤੀ ਤਾਂ ਬਹੁਤ ਹੀ ਉੱਚਾ ਹੈ। ਉਸ ਪਾਸ ਤਾਂ ਸੁਭਾਵਕ ਦੋਵੇਂ ਕਮਾਈਆਂ ਆ ਜਾਂਦੀਆਂ ਹਨ। ਇਕ ਉਸ ਦੀ ਆਪਣੀ ਜੋ ਉਹ ਨਿਤਨੇਮ ਰਾਹੀਂ ਹਾਸਲ ਕਰਦਾ ਹੈ। ਦੂਜੇ, ਗ੍ਰਹਿਸਤੀ ਨਾਮੀ ਪੁਰਸ਼ ਦੀ ਸੇਵਾ ਕਰਕੇ ਉਸ ਦੇ ਆਤਮ ਸੁਖ ਦਾ ਹਿੱਸਾ ਵੰਡਾ ਲੈਂਦਾ ਹੈ ਜਿਵੇਂ ਕੋਈ ਗਾਂ ਨੂੰ ਖੁਆ ਪਿਲਾ ਕੇ ਉਸ ਕੋਲੋਂ ਦੁੱਧ ਚੋ ਲੈਂਦਾ ਹੈ :

*"ਗ੍ਰਹਿਸਤੀ ਅਪਨੋ ਪੁੰਨ ਨ ਦੇਤਿ।*
*ਸੇਵਾ ਠਾਂਨਿ ਅਪਰ ਤੇ ਲੇਤਿ।੧੧।*
*ਜਥਾ ਧੇਨੁ ਕੋ ਘਾਸ ਖਲਾਵੈ।*
*ਤਿਸ ਕੇ ਪਲਟੇ ਪੈ ਪੁੰਨ ਪਾਵੈ।"*

ਭਾਈ ਖਾਨੂ ਛੁਰਾ, ਭਾਈ ਬੇਗ ਪਾਸੀ, ਭਾਈ ਨੰਦ ਸੂਦਨ, ਭਾਈ ਪੂਰੋ, ਭਾਈ ਉਗਰੂ, ਭਾਈ ਤਾਰੂ ਅਤੇ ਭਾਈ ਝੰਡਾ ਨੇ ਹੱਥ ਜੋੜ ਬੇਨਤੀ ਕੀਤੀ ਕਿ ਜੋਗੀ ਉਦਾਸੀ,

---

1. ਰਾਸ ਪਹਿਲੀ, ਅੰਸੂ ੪੦

ਸੰਨਿਆਸੀ ਆਖੀ ਫਿਰਦੇ ਹਨ ਕਿ ਕਦੇ ਗ੍ਰਹਿਸਤੀ ਨੂੰ ਵੀ ਪ੍ਰਭੂ ਮਿਲ ਸਕਦਾ ਹੈ? ਗ੍ਰਹਿਸਤੀ ਤਾਂ ਟੱਬਰ ਦੇ ਮੋਹ ਵਿਚ ਫਸੇ ਹੋਏ ਹਨ। ਮੋਹ, ਬਿਨਾਂ ਯੱਗ ਕਰਵਾਏ ਹਟ ਹੀ ਨਹੀਂ ਸਕਦਾ।

ਗੁਰੂ ਅਮਰ ਦਾਸ ਜੀ ਨੇ ਫ਼ਰਮਾਇਆ : ਇਸ ਕਲਿਯੁਗ ਵਿਚ ਜੋ ਰੀਝ ਕੇ ਗੁਰੂ ਕੇ ਸਿੱਖਾਂ ਨੂੰ ਪ੍ਰਸ਼ਾਦ ਖਵਾਂਦਾ ਹੈ, ਉਸ ਦਾ ਫਲ ਯਗ ਸਮਾਨ ਹੈ। *ਕਲਿਯੁਗ ਦਾ ਯਗ ਵੰਡ ਖਾਵਨਾ ਹੀ ਹੈ।*

*ਹੋਮਤਿ ਦੇਵਤਾਨ ਤ੍ਰਿਪਤੰਤੇ।*
*ਤਿਹ ਸਮ ਫਲ ਸਿੱਖ ਦੇਹੁ ਅਹਾਰਾ।*

ਵਾਹਿਗੁਰੂ ਨੂੰ ਹਿਰਦੇ ਵਿਚ ਵਸਾ ਕੇ ਗ੍ਰਹਿਸਤ ਦੇ ਸੁੱਖ ਮਾਣਦੇ ਰਹਿਣਾ ਐਸਾ ਹੀ ਹੈ ਜਿਵੇਂ ਵਣ ਵਿਚ ਤਪ ਹੈ। ਗ੍ਰਹਿਸਤ ਤੋਂ ਵੱਡਾ ਕੋਈ ਧਰਮ ਨਹੀਂ ਅਤੇ ਗ੍ਰਹਿਸਤੀ ਤੋਂ ਵੱਡਾ ਕੋਈ ਧਰਮੀ।

ਉਨ੍ਹਾਂ ਸਿੱਖਾਂ ਨੇ ਹਿਰਦੇ ਵਿਚ ਪ੍ਰੇਮ ਨੂੰ ਹੋਰ ਪੱਕਿਆਂ ਕੀਤਾ ਤੇ ਭਰਮ ਦੂਰ ਕਰਕੇ ਨਿਰਸਵਾਰਥ ਸੇਵਾ ਕਰਦੇ ਰਹਿੰਦੇ। ਭਾਈ ਗੁਰਦਾਸ ਜੀ ਨੇ 'ਕਰਨ ਸਾਰੀ' ਕਰਕੇ ਸਤਿਕਾਰ ਦਿੱਤਾ। ਗਿਆਨੀ ਗਿਆਨ ਸਿੰਘ ਜੀ ਨੇ ਉਚੇਚੇ ਤੌਰ 'ਤੇ ਭਾਈ ਖਾਨੂ ਛੁਰਾ ਜੀ ਦੀ ਕਰਨੀ ਦਾ ਜ਼ਿਕਰ ਕਰਦੇ ਲਿਖਿਆ ਹੈ :

*ਕਰਵਾਇ ਦਰਸ, ਦਿਲਾਇ ਭੇਟਾ,*
*ਜਪਾਇ ਨਾਮ ਬਧੇਰ।*

**ਸਿੱਖਨ ਸੇਵਾ ਕਰਹੁ ਵਿਸ਼ੇਸ਼**—ਸੀ. ਐਚ. ਪੇਨ ਨੇ ਗੁਰੂ ਨਾਨਕ ਦੀ ਵੱਡੀ ਵਡਿਆਈ ਹੀ ਇਹ ਲਿਖੀ ਹੈ ਕਿ ਉਨ੍ਹਾਂ ਸਿਖਾਇਆ ਕਿ ਧਰਮ ਉਹ ਹੀ ਜ਼ਿੰਦਾ ਰਹਿ ਸਕਦਾ ਹੈ ਜੋ ਵਰਤੋਂ ਸਿਖਾਲੇ, ਜੋ ਇਹ ਨ ਸਿਖਾਲੇ ਕਿ ਦੁਨੀਆ ਤੋਂ ਨੱਸਣਾ ਕਿਵੇਂ ਹੈ, ਸਗੋਂ ਸਿਖਾਲੇ ਕਿ ਦੁਨੀਆ ਵਿਚ ਚੰਗੀ ਤਰ੍ਹਾਂ ਰਹਿਣਾ ਕਿਵੇਂ ਹੈ। ਜੋ ਕਿਰਤ ਦੀ ਨਿਰਾਦਰੀ ਨ ਸਿਖਾਏ ਸਗੋਂ ਕਿਰਤ ਦੀ ਉੱਤਮਤਾ ਦਰਸਾ ਕੇ ਸੱਚ ਤੱਕ ਪਹੁੰਚਾਣ ਦਾ ਰਾਹ ਦਰਸਾਏ।

ਭਾਈ ਮਲੀਆ ਤੇ ਭਾਈ ਸਹਾਰੂ ਜੀ ਕਿਰਤ ਕਾਰੋਂ ਛੀਂਬੇ ਸਨ। ਉਨ੍ਹਾਂ ਨੇ ਜਦ ਨਾਮ ਦੀ ਦਾਤ ਮੰਗੀ ਤਾਂ ਮਹਾਰਾਜ ਨੇ ਫ਼ਰਮਾਇਆ : 'ਤੁਹਾਡੇ ਲਈ ਸੁਖੈਨ ਰਾਹ ਹੈ ਕਿ *ਤੁਸੀਂ ਸਿੱਖਾਂ ਦੇ ਮੈਲੇ ਬਸਤਰ ਧੋ ਦੇਣੇ ਅਤੇ ਪਾਟੇ ਸੀ ਵੀ ਦੇਣੇ। ਤੁਸੀਂ ਵੀ ਉੱਜਲ ਹੋਵੋਗੇ ਅਤੇ ਗੁਰੂ ਨਾਲ ਗੰਢ ਪਵੇਗੀ। ਸਿੱਖ ਅਰਦਾਸ ਕਰਕੇ ਤੁਹਾਡੇ ਰਿਦੇ ਦੀ ਮੈਲ ਧੋ ਦੇਣਗੇ :*

*ਉਜਲ ਆਛੇ ਕਰਿ ਕਰਿ ਦੇਹੁ।*
*ਉਰ ਉੱਜਲਤਾ ਪੁਨ ਤੁਮ ਲੇਹੁ*[1] *॥ ੩੯॥*

ਹਿਰਦਾ ਸ਼ੁੱਧ ਹੁੰਦਿਆਂ ਹੀ ਨਾਮ ਦੀ ਦਾਤ ਮਿਲ ਜਾਏਗੀ।

---

1. ਰਾਸ ਪਹਿਲੀ, ਅੰਸ਼ੂ ੪੦

ਭਾਈ ਮਲੀਆ ਤੇ ਭਾਈ ਸਹਾਰੂ ਜੀ ਜੀਵਨ ਭਰ ਸਿੱਖਾਂ ਨੂੰ ਢੂੰਡ-ਢੂੰਡ ਕੇ ਉਨ੍ਹਾਂ ਦੇ ਬਸਤਰ ਧੋ ਕੇ ਦੇਂਦੇ। ਉਹ ਆਪ ਐਸੇ ਉੱਜਲ ਹੋਏ ਕਿ ਉਨ੍ਹਾਂ ਦੀ ਸੰਗਤ ਕਰਕੇ ਹੀ ਕਈਆਂ ਦੀ ਕਲਿਆਣ ਹੋਈ ਅਤੇ ਮੈਲ ਹਰੀ।

**ਪੋਥੀ ਲਿਖੋ ਸਫ਼ਲ ਗੁਰਬਾਣੀ**—ਭਾਈ ਬੂਲਾ ਜੀ, ਜੋ ਪਾਂਧੇ ਸਨ, ਗੁਰੂ ਜੀ ਦੀ ਸ਼ਰਨ ਆਏ ਅਤੇ ਬੇਨਤੀ ਕੀਤੀ ਕਿ ਸੁਣਿਆ ਹੈ ਸਿੱਖ ਘਰ ਸੇਵਾ ਹੀ ਤਪ ਹੈ ਅਤੇ ਉਹ ਕੋਈ ਕਰੜੀ ਸੇਵਾ ਹੱਥੀਂ ਨਹੀਂ ਕਰ ਸਕਦੇ। ਸੋ ਇਹ ਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਉਸ ਦੀ ਕਲਿਆਣ ਕਿਵੇਂ ਹੋਵੇਗੀ। ਮਹਾਰਾਜ ਨੇ ਫ਼ਰਮਾਇਆ : 'ਗੁਰਾਂ ਕੀ ਬਾਣੀ ਕਥਾ ਕੀਰਤਨ ਕਰਕੇ ਸਿੱਖਾਂ ਨੂੰ ਸੁਣਾਵਨੀ। ਪੋਥੀ ਲਿਖ ਕੇ ਵੰਡਣੀ ਅਤੇ ਅੱਖਰ ਬੋਧ ਦੇਣਾ। ਜੇ ਕੋਈ ਪ੍ਰਾਰਬੱਧ ਆਪੇ ਦੇ ਜਾਵੇ ਤਾਂ ਵਰਤ ਲੈਣਾ, ਆਪ ਮੰਗਣਾ ਨਾਹੀ। ਤੇਰੀ ਇਹ ਹੀ ਸੇਵਾ ਹੈ।'

ਭਾਈ ਬੂਲਾ ਜੀ ਨੇ ਡੱਲੇ ਵਿਖੇ ਰੋਜ਼ ਸੰਗਤ ਵਿਚ ਜਾ ਕੇ ਸ਼ਬਦ ਦੀ ਕਥਾ ਕਰਨੀ ਅਤੇ ਬਾਣੀ ਕੰਠ ਕਰਾਉਣੀ ਅਤੇ ਜੇ ਕਿਸੇ ਨੇ ਗੁਟਕਾ ਜਾਂ ਪੋਥੀ ਮੰਗੀ ਉਸ ਨੂੰ ਲਿਖ ਕੇ ਚਾਅ ਨਾਲ ਦੇਣੀ। ਭਾਈ ਗੁਰਦਾਸ ਜੀ ਨੇ ਬੂਲਾ ਜੀ ਦਾ ਜ਼ਿਕਰ ਤੇ ਸਤਿਕਾਰ 'ਪਾਂਧਾ ਬੂਲਾ ਜਾਣੀਐ *ਗੁਰਬਾਣੀ ਗਾਇਣੁ ਲੇਖਾਰੀ*' ਕਰਕੇ ਕੀਤਾ।

ਇਸ ਫੇਰੀ ਨਾਲ ਡੱਲੇ ਦੀਆਂ ਸੰਗਤਾਂ ਵਿਚ ਨਵਾਂ ਉਤਸ਼ਾਹ ਭਰਿਆ ਗਿਆ। ਸਮੁੱਚੀ ਸੰਗਤ ਨੂੰ ਫਿਰ ਉਪਦੇਸ਼ ਦ੍ਰਿੜ੍ਹ ਕਰਾਂਦੇ ਹੋਏ ਕਿਹਾ ਕਿ ਕੋਈ ਗ਼ਰੀਬ ਸਿੱਖ ਹੋਇ ਜੇ ਉਸ ਪਾਸ ਬਸਤਰ ਨਹੀਂ, ਬਸਤਰ ਸਿਲਵਾ ਦੇਣਾ ਅਤੇ ਲੋੜਵੰਦ ਦੀ ਲੋੜ ਪੂਰੀ ਕਰਨੀ। ਇਹ ਹੀ ਗੁਰੂ ਜਸ ਹੈ ਅਤੇ ਗੁਰੂ ਦੀ ਨਿੱਜੀ ਸੇਵਾ। ਗੁਰਪੁਰਬ ਰਲ ਕੇ ਮਨਾਉਣਾ।

ਇਨ੍ਹਾਂ ਵਰੋਸਾਇਆਂ ਨੇ ਦੂਰ ਨੇੜੇ ਪ੍ਰਚਾਰ ਦੀ ਲਹਿਰ ਚਲਾ ਕੇ ਸਿੱਖੀ ਸੰਦੇਸ਼ ਥਾਂ-ਥਾਂ ਪਹੁੰਚਾਇਆ ਤੇ ਦ੍ਰਿੜ੍ਹ ਕਰਾਇਆ।

**ਹਰਿ ਰੰਗਨ ਲਾਲੂ ਰੰਗਿਆ**—ਭਾਈ ਪਾਰੋ ਜੀ ਪਰਮਹੰਸ ਦੀ ਸ਼ਰਧਾ ਅਤੇ ਅਨਿਨ ਭਗਤੀ ਦੇਖ ਕਿਤਨੇ ਹੀ ਜਗਿਆਸੂਆਂ ਨੇ ਗੁਰੂ ਸ਼ਰਨ ਲਈ। ਅਲਾਹ ਯਾਰ ਤਾਂ ਉਨ੍ਹਾਂ ਦੀ ਦ੍ਰਿੜ੍ਹ ਲਗਨ ਦੇਖ ਕੇ ਗੁਰੂ ਜੀ ਦਾ ਹੋ ਗਿਆ ਸੀ ਅਤੇ ਮੰਜੀ ਦੀ ਜ਼ਿੰਮੇਵਾਰੀ ਲੈ, ਉਸ ਲਾਹੌਰ ਆ ਟਿਕਾਣਾ ਕੀਤਾ ਸੀ।

ਇਕ ਅਜਿਹਾ ਹੀ ਹੋਰ ਨਾਂ *ਭਾਈ ਲਾਲੂ ਜੀ ਦਾ ਹੈ ਜਿਨ੍ਹਾਂ ਸੁਰਾਸ਼ਟਰ, ਗੁਜਰਾਤ ਅਤੇ ਸਿੰਧ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਸੀ* ਅਤੇ ਅਨੇਕਾਂ ਨੂੰ ਮਠ, ਮੜ੍ਹੀ, ਗੋਰ ਤੋਂ ਵਰਜ ਹਟਾ ਕੇ ਸ਼ਬਦ ਦੇ ਲੜ ਲਗਾਇਆ ਸੀ।

ਭਾਈ ਲਾਲੂ ਜੀ ਦਰਸ਼ਨ ਤਾਂ ਭਾਵੇਂ ਗੁਰੂ ਜੀ ਦੇ ਕਰ ਚੁੱਕੇ ਸਨ ਪਰ ਭਾਈ ਪਾਰੋ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਨਾਲ ਲੈ ਕੇ ਗੋਇੰਦਵਾਲ ਜਾਣ। ਚਰਨ ਛੂਹ ਕੇ ਲਾਲੂ ਜੀ ਗੁਰੂ ਜੀ ਦੇ ਨੈਣਾਂ ਵਲ ਹੀ ਦੇਖਦੇ ਰਹੇ। ਲਾਲੂ ਜੀ ਦਾ ਐਸਾ ਧਿਆਨ ਜੁੜਿਆ ਕਿ ਨਾਮ ਦੀ ਰੌ ਚਲ ਪਈ ਅਤੇ ਜਦ ਗੁਰੂ ਜੀ ਨੇ ਨਜ਼ਰ ਭਰ ਉਸ ਵੱਲ ਦੇਖਿਆ ਤਾਂ ਲਾਲੂ ਲਾਲੋ-ਲਾਲ ਹੋ ਗਿਆ :

*'ਅਤਿ ਹਰਿ ਰੰਗ ਚਲੂਲਯੋ ਲਾਲੂ।'*

ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਸਹਜ ਸੁਭਾਇ ਬਚਨ ਗੁਰ ਭਇਆ।*
*ਹਰਿ ਰੰਗਨ ਲਾਲੂ ਰੰਗਿਆ ਗਿਆ[1] । ੩੧।*

ਲਾਲੂ ਜੀ ਧਿਆਨ ਲਗਾ ਕੇ ਉਪਦੇਸ਼ ਸੁਣਦੇ ਅਤੇ ਸੁਰਤਿ ਐਸੀ ਜੁੜੀ ਕਿ ਰਿੱਧੀਆਂ ਸਿੱਧੀਆਂ ਫੁਰਨ ਲੱਗੀਆਂ ਅਤੇ ਫਿਰ ਸ਼ਕਤੀਆਂ ਦਾ ਮਾਲਕ ਹੀ ਹੋ ਗਿਆ :

*ਜੋ ਗੁਪਤ ਲੋਕ ਦ੍ਰਿਸ਼ਟੀ ਆਵੈ।*
*ਤੇ ਸਭ ਲਾਲੂ ਕੋ ਪੂਜ ਪੂਜਾਵੈ।*

ਇਥੋਂ ਤਕ ਗੁਰ ਬਖ਼ਸ਼ਿਸ਼ ਮਿਲੀ ਕਿ ਤਈਏ ਦੇ ਤਾਪ ਵਿਚ ਗ੍ਰਸਿਆ ਜੋ ਕੋਈ ਭਾਈ ਲਾਲੂ ਜੀ ਦੀ ਦੁਹਾਈ ਦੇਂਦਾ ਤਾਂ ਉਸ ਦਾ ਤਾਪ ਹਰ ਜਾਂਦਾ।

ਭਾਈ ਲਾਲੂ ਜੀ ਦੇ ਸਿੱਖੀ ਪ੍ਰਚਾਰ ਦਾ ਸਦਕਾ ਸਾਗਰਾਂ ਪਾਰ ਤੱਕ ਸਿੱਖੀ ਪਹੁੰਚੀ। ਸੌਦਾਗਰ ਭਾਵੇਂ ਹਿੰਦੂ ਹੋਣ ਜਾਂ ਮੁਸਲਮਾਨ, ਸਭ ਹੀ ਭਾਈ ਲਾਲੂ ਜੀ ਦੇ ਪ੍ਰਚਾਰ ਸਦਕਾ ਗੁਰੂ ਸੇਵਕ ਬਣੇ। ਇਤਨਾ ਧਨ ਵਪਾਰੀ ਤੇ ਸੌਦਾਗਰ ਭੇਟਾ ਵਜੋਂ ਦੇਂਦੇ ਕਿ ਕੋਈ ਥਾਹ ਹੀ ਨਹੀਂ ਸੀ ਰਹਿੰਦਾ ਪਰ ਭਾਈ ਸਾਹਿਬ ਲੋੜਵੰਦਾਂ ਨੂੰ ਵੰਡ ਦੇਂਦੇ, ਪਾਸ ਨਾ ਰੱਖਦੇ।

ਇਕ ਵਾਰੀ ਇਕ ਸਮੁੰਦਰ ਪਾਰ ਕਰਨ ਵਾਲੇ ਸੌਦਾਗਰ ਦਾ ਜਹਾਜ਼ ਰੇਤੇ ਵਿਚ ਜਾ ਖੁੱਭਿਆ। ਉਸ ਲਾਲੂ ਦੀ ਦੁਹਾਈ ਦਿੱਤੀ। ਜਹਾਜ਼ ਕਿਨਾਰੇ ਲੱਗਾ। ਸੌਦਾਗਰ ਨੇ ਭਾਈ ਜੀ ਨੂੰ ਦੋ ਕੀਮਤੀ ਰਤਨ ਭੇਟਾ ਕੀਤੇ। ਭਾਈ ਜੀ ਉਹ ਦੋਵੇਂ ਰਤਨ ਲੈ ਕੇ ਗੁਰੂ ਅਮਰ ਦਾਸ ਜੀ ਨੂੰ ਭੇਟ ਕਰਨ ਆਏ। ਮਹਾਰਾਜ ਨੇ ਡਿੱਠਾ ਕਿ ਲਾਲੂ ਵਿਚ ਹੰਕਾਰ ਦਾ ਅੰਸ਼ ਜਨਮ ਲੈ ਰਿਹਾ ਹੈ। ਮਤੇ ਇਹ ਹੰਕਾਰ ਸਭ ਕੁਝ ਸਾੜ ਸੁਆਹ ਹੀ ਨਾ ਕਰ ਦੇਵੇ, ਇਹ ਜਾਣ ਮਹਾਰਾਜ ਨੇ ਰਤਨ ਬਿਆਸਾ ਵਿਚ ਸੁੱਟਣ ਦਾ ਹੁਕਮ ਕੀਤਾ।

*'ਨਹੀਂ ਸੰਤਨ ਕੋ ਇਨ ਕਾ ਬਿਵਹਾਰ।*
*ਇਨ ਕੋ ਦੇਹੁ ਨਦੀ ਮੈ ਡਾਰ।'*

ਨਾਲ ਹੀ, ਬਚਨ ਕੀਤੇ, ਰਤਨ ਦੀ ਨਹੀਂ, ਨਾਮ ਰਤਨ ਹਿਰਦੇ ਵਿਚ ਟਿਕਾਉਣ ਦੀ ਲੋੜ ਹੈ।

*"ਰਾਮ ਰਤਨ ਹਿਰਦੇ ਮੈਂ ਰਾਖੋ।"* ਭਾਈ ਜੀ ਨੇ ਉਸੇ ਸਮੇਂ ਦੋਵੇਂ ਰਤਨ ਬਿਆਸਾ ਵਿਚ ਸੁੱਟ ਦਿੱਤੇ। ਐਸਾ ਕਰਦਿਆਂ ਲਾਲੂ ਨੂੰ ਸੱਚੀ ਖ਼ੁਸ਼ੀ ਪ੍ਰਾਪਤ ਹੋਈ ਜਿਸਨੂੰ ਕੋਈ ਨਹੀਂ ਖੋਹ ਸਕਦਾ ਸੀ ਅਤੇ ਨਾ ਹੀ ਚੁਰਾ। ਗੁਰੂ ਜੀ ਦੇਖ ਲੈਂਦੇ ਸਨ ਕਿ ਅਟਕਾ ਕਿਥੇ ਪੈਂਦਾ ਹੈ ਅਤੇ ਅਟਕੇ ਨੂੰ ਅੱਗੇ ਕਿਵੇਂ ਟੋਰਨਾ ਹੈ।

**ਭੱਟ ਭਾਈ ਭਿਖਾ ਜੀ**—ਭੱਟ ਭਾਈ ਭਿਖਾ ਜੀ ਸੁਲਤਾਨਪੁਰ ਦੇ ਹੀ ਰਹਿਣ ਵਾਲੇ ਸਨ। ਵੱਡੇ ਵਿਦਵਾਨ ਤੇ ਉੱਚ ਕੋਟੀ ਦੇ ਕਵੀ ਸਨ। ਇਹ ਜਿਉਂ-ਜਿਉਂ ਲੋਕਾਂ ਨੂੰ ਦੇਖਦੇ ਉਦਾਸ ਹੋ ਜਾਂਦੇ ਕਿਉਂਕਿ ਜਿੱਧਰ ਜਾਂਦੇ ਈਰਖਾ, ਨਫ਼ਰਤ ਸਾੜਾ ਹੀ ਦੇਖਦੇ। ਮਹਿਮਾ

---

1. ਸਾਖੀ ੯, ਪਾਤਸ਼ਾਹੀ ਤੀਜੀ

ਪ੍ਰਕਾਸ਼ ਦੇ ਕਥਨ ਅਨੁਸਾਰ : 'ਉਪਜੀ ਭਗਤ ਫਿਰੈ ਜਗਿਆਸੀ।' ਜਿਥੇ ਕਿਥੇ ਸਾਧੂ, ਸੰਨਿਆਸੀ, ਜੋਗੀ, ਜੰਗਮ, ਦਿਗੰਬਰ, ਪੰਡਤ ਸੁਣਦਾ ਉਥੇ ਪੁੱਜਦੇ ਪਰ ਜਾ ਕੇ ਨਿਰਾਸਤਾ ਹੀ ਮਿਲਦੀ 'ਸਿਵਾਇ ਕਹਿਤੀਅਹਿ ਕਹਿਤ' ਤੋਂ ਕੁਝ ਨ ਹੁੰਦਾ। ਕਰਨੀ ਵਾਲੀ ਗੱਲ ਨ ਦਿੱਸਦੀ। ਭਟਕਦੇ ਫਿਰਦੇ ਹੀ ਗੁਰੂ ਜੀ ਦੀ ਦੱਸ ਪਈ ਕਿ ਜਿਸ ਵਸਤੂ ਦੀ ਭਾਲ ਲਈ ਦਰ-ਦਰ ਫਿਰ ਰਿਹਾ ਹੈਂ ਉਹ ਤਾਂ ਸੁਲਤਾਨਪੁਰ ਦੇ ਨੇੜੇ ਗੋਇੰਦਵਾਲ ਬਿਰਾਜੀ ਹੈ। ਬੜੀ ਫਿਟਕਾਰ ਪਾਈ ਕਿ ਮਨਾ, ਘਰ ਹੁੰਦੀ ਵਸਤੂ ਪਾ ਨਹੀਂ ਸਕਿਆ। ਇੰਜੇ ਹੀ ਭਟਕਦਾ ਫਿਰਿਉਂ।

ਗੋਇੰਦਵਾਲ ਦਰਸ਼ਨਾਂ ਨੂੰ ਆਇਆ ਤੇ ਦਰਸ਼ਨ ਕਰਦਿਆਂ ਹੀ ਸਭ ਪੁਰਾਣੇ ਖ਼ਿਆਲ ਉੱਖੜ ਗਏ। ਨਵਾਂ ਉਤਸ਼ਾਹ ਭਰਿਆ ਗਿਆ। ਨਾਮ ਦੀ ਮਹਿਮਾ ਜਾਣੀ। ਪ੍ਰੇਮ ਦੀ ਨੈਂ ਵਗ ਤੁਰੀ। ਸਭ ਇੱਛਾਵਾਂ ਉਸ ਪਰਵਾਹ ਵਿਚ ਹੀ ਵਹਿ ਤੁਰੀਆਂ।

*ਪ੍ਰੇਮ ਪ੍ਰਵਾਹਿ ਘਟ ਮੈਂ ਚਾਲਿਓ, ਹਿਰਦੇ ਧਰਾ ਧਿਆਨ।*
*ਇੱਛਿਆ ਕਾਈ[1] ਬਹਿ ਗਈ ਨਿਰਮਲ ਭਯੋ ਗਯਾਨ।*

ਜੋ ਉਸ ਅਨੁਭਵ ਕੀਤਾ ਉਹ ਸ਼ਬਦਾਂ ਦਾ ਜਾਮਾ ਪਾ ਕੇ ਵਹਿ ਤੁਰਿਆ। ਉਸੇ ਨੂੰ ਗੁਰੂ ਅਰਜਨ ਦੇਵ ਜੀ ਨੇ ਪਿੱਛੋਂ ਸਵੱਈਏ ਮਹਲੇ ਤੀਜੇ ਕੇ ਸਿਰਲੇਖ ਹੇਠ ਗੁਰੂ ਗ੍ਰੰਥ ਸਾਹਿਬ ਵਿਚ ਆਦਰ ਯੋਗ ਥਾਂ ਦਿੱਤੀ। ਆਪਣੀ ਢੂੰਡ ਤੇ ਫਿਰ ਭਾਲ ਦਾ ਜ਼ਿਕਰ ਕਰਦੇ ਹੋਏ ਭਿਖਾ ਕਹਿੰਦਾ ਹੈ :

*ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ।*
*ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ।*
*ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ।*
*ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ।*
*ਹਰਿਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ।*
*ਗੁਰ ਦਯਿ ਮਿਲਾਯਉ ਭਿਖਿਆ ਜਿਵ ਤੂੰ ਰਖਹਿ ਤਿਵ ਰਹਉ॥ ੨॥ ੨੦॥*

ਨਿਜ ਦਾ ਤਜਰਬਾ ਦੱਸਦੇ ਕਿਹਾ : "ਮੈਨੂੰ ਉਹ ਗੁਰੂ ਮਿਲਿਆ ਹੈ ਜਿਸ ਦੀ ਮਹਿਮਾ ਅਪਾਰ ਹੈ, ਮੈਨੂੰ ਸਹਜ ਦੇ ਰੰਗ ਵਿਚ ਰੰਗ ਦਿੱਤਾ ਨੇ ਅਤੇ ਪੂਰਨ ਟਿਕਾ ਬਖ਼ਸ਼ ਦਿੱਤਾ ਨੇ।

*"ਗੁਰ ਮਿਲਿਉ ਸੋਇ ਭਿਖਾ ਕਹੈ,*
*ਸਹਜ ਰੰਗਿ ਦਰਸਨ ਦੀਅਉ।"*

ਸ਼ਬਦ ਸੁਰਤਿ ਵਿਚ ਜੁੜ ਗਈ ਅਤੇ ਹਿਰਦਾ ਖਿੜ ਗਿਆ ਹੈ ਅਤੇ ਸਮਾਧੀ ਦ੍ਰਿੜ੍ਹ ਹੋ ਗਈ ਹੈ। ਅਨਹਦ ਨਾਦ ਅੰਦਰ ਵੱਜਣ ਲੱਗਾ ਹੈ। ਹੁਣ ਪਿਆਰ ਹੀ ਪਿਆਰ ਅੰਦਰ ਹੈ :

*ਸੁਰਤਿ ਸ਼ਬਦ ਸਾਖੀ ਘਟ ਜਾਗੀ।*
*ਭਈ ਦ੍ਰਿੜ੍ਹ ਸਮਾਧ ਅਨਹਦ ਅਨੁਰਾਗੀ।*

1. ਮੈਲ ਜੋ ਪਾਣੀ ਵਹਿਣ ਨਾਲ ਲਗਦੀ ਹੈ।

ਭਿਖਾ ਜੀ ਗੋਇੰਦਵਾਲ ਹੀ ਟਿਕ ਸੇਵਾ ਕਰਦੇ ਰਹੇ। ਆਵਾਜ਼ ਬਹੁਤ ਸੁਰੀਲੀ ਸੀ। ਕੀਰਤਨ ਕਰਦੇ ਵਜਦ ਵਿਚ ਆ ਜਾਂਦੇ। ਇਨ੍ਹਾਂ ਦੇ ਉਚਾਰੇ ਦੋ ਸਵਈਏ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਪਹਿਲੇ ਵਿਚ ਨਿਜ ਹਡ ਵਰਤੀ ਦੱਸੀ ਸੀ ਅਤੇ ਦੂਜੇ ਵਿਚ ਗੁਰੂ ਅਮਰ ਦਾਸ ਜੀ ਦੀ ਪ੍ਰਭਾ, ਪ੍ਰਭਾਵ ਤੇ ਆਤਮਕ ਰੰਗ ਦਾ ਜ਼ਿਕਰ ਕੀਤਾ ਹੈ। ਭਿਖਾ ਜੀ ਕਹਿੰਦੇ ਹਨ: ਗੁਰੂ ਅਮਰ ਦਾਸ ਜੀ ਪੂਰਨ ਗਿਆਨ ਵਾਲੇ ਅਤੇ ਦ੍ਰਿੜ੍ਹ ਧਿਆਨ ਵਾਲੇ ਹਨ। ਉਨ੍ਹਾਂ ਆਪਣੀ ਆਤਮਾ ਨੂੰ ਪ੍ਰਮਾਤਮਾ ਨਾਲ ਇਕ ਮਿਕ ਕਰ ਲਿਆ ਹੈ। ਉਹ ਹਰੀ ਵਿਚ ਐਸੇ ਜੁੜੇ ਦਿਖਾਈ ਦੇਂਦੇ ਹਨ ਕਿ ਉਨ੍ਹਾਂ ਵਿਚ ਅਤੇ ਹਰੀ ਵਿਚ ਅੰਤਰ ਦਿਸ ਨਹੀਂ ਆਂਦਾ। ਉਨ੍ਹਾਂ ਦੀ ਲਿਵ ਸਦਾ ਹੀ ਹਰੀ ਵਿਚ ਹੈ। ਸ਼ਾਂਤ ਸਾਗਰ ਵਾਂਗ ਤੇ ਮਨ ਸਦਾ ਇਕਾਗਰ ਹੈ।

*ਗੁਰ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ।*
*ਸਚਿ ਸਚੁ ਜਾਣੀਐ, ਇਕ ਚਿਤਹਿ ਲਿਵ ਲਾਵੈ।*

ਕਾਮ ਕਰੋਧ, ਜੋ ਕਿਸੇ ਦੇ ਵੱਸ ਵਿਚ ਨਹੀਂ ਆਉਂਦੇ ਸਗੋਂ ਹਰ ਇਕ 'ਤੇ ਕਾਬੂ ਪਾ ਲੈਂਦੇ ਹਨ, ਗੁਰੂ ਅਮਰ ਦਾਸ ਜੀ ਦੇ ਵੱਸ ਵਿਚ ਰਹਿੰਦੇ ਹਨ। ਨਾ ਮਨ ਭਟਕਦਾ ਹੈ ਅਤੇ ਨ ਕਿਤੇ ਦੌੜਦਾ ਹੈ ਕਿਉਂਕਿ ਉਹ ਸਦਾ ਨਿਰੰਕਾਰ ਦੇ ਦੇਸ਼ ਟਿਕੇ ਰਹਿੰਦੇ ਹਨ। ਹੁਕਮ ਉਨ੍ਹਾਂ ਪਛਾਣ ਲਿਆ ਹੈ ਅਤੇ ਗਿਆਨ ਉਨ੍ਹਾਂ ਪਾਸ ਹੈ।

*ਕਾਮ ਕ੍ਰੋਧ ਵਸਿ ਕਰੈ, ਪਵਣੁ ਉਡੰਤ ਨ ਧਾਵੈ।*
*ਨਿਰੰਕਾਰ ਕੈ ਵਸੈ ਦੇਸਿ, ਹੁਕਮੁ ਬੁਝਿ ਬੀਚਾਰੁ ਪਾਵੈ।*

ਇਸ ਕਲਿਯੁਗ ਵਿਚ ਗੁਰੂ ਅਮਰ ਦਾਸ ਜੀ ਹੀ ਕਰਤਾ ਪੁਰਖ ਦਾ ਰੂਪ ਹਨ। ਕਰਤਾਰ ਨੇ ਆਪ ਹੀ ਇਹ ਅਚਰਜ ਖੇਲ ਰਚਾਇਆ ਹੈ ਤਾਂਕਿ ਕਲਿਯੁਗ ਦੇ ਜੀਵ ਛੇਤੀ ਪ੍ਰਭੂ ਨੂੰ ਪਾ ਲੈਣ। ਭਿਖਾ ਜੀ ਗਵਾਹੀ ਭਰਦੇ ਹਨ ਕਿ ਗੁਰੂ ਜੀ ਨੇ ਉਨ੍ਹਾਂ ਨੂੰ ਦਰਸ਼ਨ ਦੇ ਕੇ ਸਹਜ ਤੇ ਖਿੜਾਉ ਦਾ ਰੰਗ ਬਖ਼ਸ਼ਿਆ ਹੈ। ਹੁਣ ਭਟਕਣਾ ਨਹੀਂ ਰਹੀ:

*ਕਲਿ ਮਾਹਿ ਰੂਪ ਕਰਤਾ ਪੁਰਖੁ, ਸੋ ਜਾਣੈ ਜਿਨਿ ਕਿਛੁ ਕੀਅਉ।*
*ਗੁਰੂ ਮਿਲ੍ਹਿਉ ਸੋਇ, ਭਿਖਾ ਕਹੈ, ਸਹਜ ਰੰਗਿ ਦਰਸਨੁ ਦੀਅਉ॥ ੧॥ ੧੯॥*

ਪ੍ਰੇਮਾ ਭਗਤੀ ਦੇ ਰੰਗ—ਭਾਈ ਦੁਰਗਾ ਜੀਵੰਦਾ, ਜਗਾ ਜੀ, ਭਾਈ ਖਾਨੂ, ਭਾਈ ਮਾਈਆ ਅਤੇ ਗੋਵਿੰਦਾ ਜੀ ਗੁਰੂ ਅੰਗਦ ਦੇਵ ਜੀ ਕੋਲੋਂ ਸਿੱਖੀ ਦਾਨ ਪ੍ਰਾਪਤ ਕਰ ਚੁੱਕੇ ਸਨ, ਹੁਣ ਗੁਰੂ ਅਮਰ ਦਾਸ ਜੀ ਦੇ ਦਰਸ਼ਨਾਂ ਨੂੰ ਜਥਾ ਬਣਾ ਕੇ ਆਏ। ਗੁਰੂ ਜੀ ਨੇ ਉਨ੍ਹਾਂ ਦੀ ਸ਼ਰਧਾ ਭਗਤੀ ਦੇਖ 'ਸਿੱਖੀ ਨਿਹਾਲ' ਕਹੀ ਅਤੇ ਬਚਨ ਕਰਦੇ ਫ਼ਰਮਾਇਆ ਕਿ ਗ਼ਰੀਬ ਦੁਖੀ ਨੂੰ ਸਦਾ ਸੁਖ ਪਹੁੰਚਾਉਣਾ। ਉਥੇ ਇਹ ਆਗਿਆ ਵੀ ਕੀਤੀ ਕਿ ਕਿਧਰੇ ਵੀ ਦੁਖੀ ਦੇਖੋ ਤਾਂ ਨਾਂਹ ਨਾ ਕਰਨੀ। ਅਣਹੋਂਦਾ ਹੀ ਵੰਡਾ ਦੇਣਾ:

*'ਛੁਦਿਤ ਦੇਖ ਕਰ, ਨਾਹਿ ਨ ਕੀਜੈ।'*

ਭਗਤੀ ਦੇ ਪਹਿਲਾਂ ਨੌਂ ਰੰਗ ਦੱਸੇ। *ਸਰਵਣ*, ਜਿਸ ਨੂੰ ਗੁਰਬਾਣੀ ਵਿਚ ਸਰਵਨੀ

ਸੁਣਨਾ, *ਕੀਰਤਨ* ਜਿਸ ਦੀ ਵਿਆਖਿਆ ਹਰਿ ਕੀਰਤਨ ਸਾਧ ਸੰਗਤਿ ਕਰ ਕੇ ਕੀਤੀ ਹੈ। *ਸਿਮਰਨ* ਜਿਸ ਨੂੰ ਵਾਰ-ਵਾਰ ਸਿਮਰਉ ਸਿਮਰਿ ਆਖਿਆ ਹੈ। *ਪਗ ਸੇਵਨ* ਜਿਸ ਦਾ ਅਰਥ ਪਾਵ ਮਲੋਵਾ ਕੀਤਾ ਹੈ। *ਅਰਚਨਾ* ਜੋ ਸਿੱਖ ਘਰ ਹਰਿ ਕੀ ਪੂਜਾ ਹੋ ਗਿਆ ਹੈ, *ਵੰਦਨਾ* ਜਿਸ ਨੂੰ ਬੰਦਉ ਵਾਰ-ਵਾਰ। ਦਾਸ ਭਾਵ ਜਿਸ ਨੂੰ ਦਾਸਾ ਹੋਣਾ ਥਾਂ-ਥਾਂ ਲਿਖਿਆ ਹੈ। *ਮੈਤਰੀ ਭਾਵ*, ਤੂੰ ਮੇਰਾ ਬੰਧਪ, ਤੂੰ ਮੇਰਾ ਭਰਾਤਾ ਕਹਿ ਕੇ ਵਿਆਖਿਆ ਕੀਤੀ ਹੈ ਅਤੇ ਸਭ ਤੋਂ ਉੱਤੇ ਹੈ *ਆਤਮ ਨਵੇਦਨ* 'ਸਰਬਸ ਦੀਜੈ ਆਪੁਨਾ ਵਾਰੇ।' ਹਰ ਪ੍ਰਕਾਰ ਦੀ ਭਗਤੀ ਸਿੱਖੀ ਵਿਚ ਪਰਵਾਨ ਹੈ। ਇਹ ਹੀ ਪ੍ਰੇਮਾ ਭਗਤੀ ਦੇ ਨੌਂ ਰੰਗ ਹਨ। ਭਗਤੀ ਕਰਦਿਆਂ ਤਬਦੀਲੀ ਕਿਵੇਂ ਹੁੰਦੀ ਹੈ ਉਸ ਦੀ ਉਦਾਹਰਨ ਦੇਂਦੇ ਕਿਹਾ, ਜਿਵੇਂ ਦਰਖ਼ਤ ਦਾ ਫਲ ਹੁੰਦਾ ਹੈ। ਪਹਿਲਾਂ ਸਾਵਾ ਪਰ ਸਵਾਦ ਵਿਚ ਕੌੜਾ ਹੁੰਦਾ ਹੈ। ਫਿਰ ਪੀਲਾ ਹੁੰਦਾ ਹੈ ਪਰ ਤੁਰਸ਼ੀ ਰਹਿੰਦੀ ਹੈ। ਜੇ ਉਸ ਸਮੇਂ ਝੜ ਝੱਖੜ ਤੇ ਪੰਛੀਆਂ ਦੀਆਂ ਚੁੰਝੀਆਂ ਚੋਭਾਂ ਤੋਂ ਬਚ ਨਿਕਲੇ ਅਤੇ ਦਰਖ਼ਤ ਨਾਲ ਹੀ ਲੱਗਾ ਰਹੇ ਅਤੇ ਅੰਦਰੋਂ ਰਸ ਲੈਣ ਲੱਗ ਪਵੇ ਤਾਂ ਲਾਲ ਤੇ ਮਿੱਠਾ ਹੋ ਜਾਂਦਾ ਹੈ। ਫਿਰ ਸਵਾਦ ਹੀ ਸਵਾਦ ਹੈ। ਮਿਠਾਸ ਹੀ ਮਿਠਾਸ ਹੈ। ਇਸੇ ਤਰ੍ਹਾਂ ਭਗਤੀ ਕਰਦਿਆਂ ਪਹਿਲਾਂ ਬਿਰਹ ਦੀ ਚੋਟ ਪੈਂਦੀ ਹੈ ਸਭ ਕੁਝ ਕੌੜਾ-ਕੌੜਾ ਲਗਦਾ ਹੈ। ਸੰਸਾਰ ਦੀਆਂ ਵਸਤੂਆਂ ਤੁੱਛ ਲਗਦੀਆਂ ਹਨ। ਜੇ ਲੱਗਾ ਰਹੇ ਤਾਂ ਫਿਰ ਬਸੰਤ ਚੜ੍ਹਦਾ ਹੈ। ਜਿਥੇ ਪ੍ਰਭੂ ਦੀ ਬਾਤ ਹੋ ਰਹੀ ਹੋਵੇ ਉਥੇ ਹੀ ਦੌੜ ਪੁੱਜਦਾ ਹੈ। ਵਿਯੋਗ ਵਧ ਜਾਏ ਤਾਂ ਸਾਧ ਸੰਗਤਿ ਦਾ ਕੀਰਤਨ ਸੁਣ ਸ਼ਾਂਤੀ ਪਾਉਂਦਾ ਹੈ। ਅੰਦਰ ਬ੍ਰਿਤੀ ਟਿਕ ਜਾਂਦੀ ਹੈ। ਰਸ ਲੈਣ ਲਗ ਪੈਂਦਾ ਹੈ। ਲਾਲੀ ਚੜ੍ਹੀ ਰਹਿੰਦੀ ਹੈ। ਪਰਾ ਭਗਤੀ ਮਿਲ ਜਾਂਦੀ ਹੈ ਜੋ ਦ੍ਰਿਸ਼ਟਮਾਨ ਤੋਂ ਚੁੱਕ ਕੇ ਦ੍ਰਿਸ਼ਟਤਾ ਵੱਲ ਲੈ ਜਾਂਦੀ ਹੈ। *ਨਾਮ ਵੀ ਦ੍ਰਿਸ਼ਟਮਾਨ ਤੋਂ ਉਠਾ ਕੇ ਮਨ ਨੂੰ ਅਦ੍ਰਿਸ਼ਟਤਾ ਵਲ ਹੀ ਲੈ ਜਾਂਦਾ ਹੈ।*

**ਹਰਿ ਕਾ ਨਾਮ ਅਤਿ ਮੀਠਾ**—ਇਕ ਵਾਰੀ ਸੰਗਤ ਨੇ ਕੀਰਤਨ ਦਾ ਰਸ ਮਾਣਨ ਉਪਰੰਤ ਪੁੱਛਿਆ ਕਿ ਜਗਤ ਵਿਚ ਪਾਤਸ਼ਾਹ ਸਭ ਤੋਂ ਮਿੱਠੀ ਕਿਹੜੀ ਚੀਜ਼ ਹੈ। ਮਹਾਰਾਜ ਨੇ ਬਚਨ ਕੀਤਾ : ਮਿੱਠੀ ਤੋਂ ਮਿੱਠੀ ਚੀਜ਼ ਖਾਓ ਤੇ ਖਾਂਦੇ ਰਵ੍ਹੋ, ਉਹ ਕੌੜੀ ਲੱਗਣ ਲੱਗ ਪੈਂਦੀ ਹੈ। ਸਭ ਤੋਂ ਮਿੱਠਾ ਹੈ ਹਰਿ ਕਾ ਨਾਮ। ਹਰਿ ਨਾਮ ਦੇ ਅੱਗੇ ਸਭ ਫਿੱਕੇ ਹਨ। ਇਕ ਵਾਰੀ ਜਿਸ ਹਿਰਦੇ ਵਸਾਇਆ, ਉਸ ਨੂੰ ਅੰਤਾਂ ਦੀ ਮਿਠਾਸ ਮਿਲ ਜਾਂਦੀ ਹੈ। ਅੰਦਰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਗੰਨੇ ਦਾ ਰਸ ਚੋ ਰਿਹਾ ਹੈ।

ਹਰੀ ਦਾ ਨਾਮ ਸਭ ਤੋਂ ਮਿੱਠਾ ਹੈ ਅਤੇ ਇਸ ਮਿਠਾਸ ਨੂੰ ਅੰਦਰ ਅਨੁਭਵ ਕਰਨ ਕਰਕੇ ਜਨਮਾਂ ਜਨਮਾਂਤ੍ਰਾਂ ਦੀ ਕੁਝਿਤਨ, ਵਿਖੇਵੇਂ ਵਾਲਾ ਸੁਭਾਅ, ਡਰ ਦੂਰ ਹੋ ਜਾਂਦੇ ਹਨ। ਇਹ ਮਿਲਦੀ ਹੈ ਮਿਠਾਸ ਕੇਵਲ ਗੁਰੂ ਪਾਸ ਆ ਕੇ :

*"ਮਨ ਮੇਰੇ ਹਰਿ ਕਾ ਨਾਮ ਅਤਿ ਮੀਠਾ।*
*ਜਨਮ ਜਨਮ ਕੇ ਕਿਲ ਵਿਖ ਭਉ ਭੰਜਨ,*
*ਗੁਰਮੁਖਿ ਏਕੋ ਡੀਠਾ" ॥ ੧ ॥ ਰਹਾਉ ॥*

(ਸਾਰੰਗ ਮਹਲਾ ੩)

**ਅਨਿੰਨ ਭਗਤ ਕਲਜੁਗ ਕਾ ਧਰਮ**—ਵਿੱਦਿਆ ਦੇ ਹੰਕਾਰ ਵਿਚ ਪੰਡਤ ਬੇਣੀ

ਪੁਸਤਕਾਂ ਦੇ ਭੰਡਾਰ ਊਠਾਂ 'ਤੇ ਲੱਦ ਕੇ ਥਾਂ-ਥਾਂ ਫਿਰਦਾ ਰਹਿੰਦਾ ਸੀ। ਚਾਰੇ ਵੇਦ, ਅਠਾਰਾਂ ਪੁਰਾਣ ਅਤੇ ਛੇ ਸ਼ਾਸਤਰ ਉਸ ਨੂੰ ਜ਼ਬਾਨੀ ਯਾਦ ਹਨ। ਜਿੱਥੇ ਕਿਤੇ ਕਿਸੇ ਪੰਡਤ ਦੀ ਸੂਹ ਮਿਲਦੀ ਉਸ ਨੂੰ ਜਾ ਕੇ ਵੰਗਾਰਦਾ ਅਤੇ ਸ਼ਾਸਤਰ ਅਰਥਾਂ ਵਿਚ ਹਰਾ ਕੇ ਉਸ ਦੀਆਂ ਸਾਰੀਆਂ ਪੁਸਤਕਾਂ ਤਕ ਖੋਹ ਲੈਂਦਾ :

*ਜਹਾਂ ਪੰਡਿਤ ਹੋਇ ਗੁਨਿ ਤਹਾ ਜਾਵੈ।*
*ਜੀਤ ਸੰਬਾਦ ਪੁਸਤਕ ਛੀਨਾਵੈ।*

ਐਸਾ ਕਰ ਕੇ ਉਸ ਪਾਸ ਮਣਾਂ-ਮੂੰਹੀ ਪੁਸਤਕਾਂ ਹੋ ਗਈਆਂ ਸਨ। ਇਸੇ ਹੰਕਾਰ ਵਿਚ ਗੋਇੰਦਵਾਲ ਆਇਆ ਕਿ ਗੁਰੂ ਅਮਰ ਦਾਸ ਜੀ ਤੇ ਆਪਣੀ ਵਿੱਦਿਆ ਦਾ ਪ੍ਰਭਾਵ ਪਾਵਾਂਗਾ। ਪਰ ਜਦ ਗੋਇੰਦਵਾਲ ਪੁੱਜਾ ਤਾਂ ਹੋਰ ਹੀ ਵਾਤਾਵਰਨ ਡਿੱਠਾ। ਉਥੇ *ਨਾ ਕੋਈ ਚਰਚਾ ਨਾ ਅਰਚਾ, ਨਾ ਬਰਤ ਨਾ ਭਰਮ, ਨਾ ਸ਼ਾਸਤ੍ਰਾਂ ਦੇ ਚੁੰਝਾਂ ਪਹੁੰਚੇ, ਨਾ ਪੁਰਾਣਾਂ ਦੀਆਂ ਅਠਖੇਲੀਆਂ, ਨਾ ਵੇਦਾਂ ਦੀਆਂ ਗੁੰਝਲਾਂ, ਨਾ ਦਿਮਾਗ਼ੀ ਘੁਣਤਰਾਂ।* ਦੇਖ ਹੈਰਾਨ ਹੀ ਹੋ ਉਠਿਆ। ਉਸ ਡਿੱਠਾ ਕਿ ਗੁਰੂ ਜੀ ਬਚਨ ਬੋਲਦੇ ਹਨ ਤਾਂ ਲੋਕ ਤਸੱਲੀ ਦੇ ਘਰ ਚਲੇ ਜਾਂਦੇ ਹਨ। ਉਸ ਨੂੰ ਖਿਝ ਤਾਂ ਬਹੁਤ ਆਵੇ ਪਰ ਕੁਝ ਕਰ ਨਾ ਸਕੇ। ਇਕ ਦਿਨ ਸ਼ਾਮ ਦੇ ਲੱਗੇ ਦੀਵਾਨ ਵਿਚ ਗੁਰੂ ਜੀ ਨੂੰ ਕਹਿ ਹੀ ਬੈਠਾ ਕਿ ਕੀ ਬਣੇਗਾ ਤੁਹਾਡੇ ਸਿੱਖਾਂ ਦਾ! ਨਾ ਤਪ, ਨਾ ਤੀਰਥ, ਨਾ ਬਰਤ, ਨਾ ਦਾਨ, ਨਾ ਪੂਜਾ, ਨਾ ਯਗ, ਨਾ ਕਰਮ, ਨਾ ਸ਼ਗਨ। ਇਨ੍ਹਾਂ ਤੋਂ ਬਗ਼ੈਰ ਮਨ ਸ਼ੁੱਧ ਕਿਵੇਂ ਹੋਵੇਗਾ?

*'ਹੇ ਗੁਰੂ ਜੀ, ਸਿੱਖ ਜੋ ਆਹਿ।*
*ਨਹ ਤੀਰਥ, ਬਰਤ, ਖਟ ਕਰਮ ਕਮਾਹਿ।*
*ਕਵਨ ਭਾਤ ਇਨ ਕੀ ਗਤਿ ਹੋਇ।*
*ਯਹ ਬਿਧ ਪ੍ਰਗਟ ਸਮਝਾਵੋ ਮੋਹਿ'*[1] ॥ ੫॥

ਗੁਰੂ ਜੀ ਨੇ ਦੋ ਟੁਕ ਹੀ ਉੱਤਰ ਦਿੱਤਾ ਕਿ ਪੰਡਤ ਜੀ ਤੁਸੀਂ ਤਿੰਨਾਂ ਜੁਗਾਂ ਦਾ ਧਰਮ ਲੋਕਾਂ ਨੂੰ ਦੱਸ ਰਹੇ ਹੋ। ਜਿਸ ਦਾ ਰਾਜ ਉਸੇ ਦਾ ਧਰਮ। ਜੋ ਤੁਸੀਂ ਨੇਮ ਦਰਸਾ ਰਹੇ ਹੋ ਇਹ ਪਿਛਲੇ ਜੁਗਾਂ ਦੇ ਧਰਮ ਹਨ। ਇਹ ਕਲਿਜੁਗ ਹੈ ਤੇ ਇਸ ਦਾ *ਧਰਮ ਸਿਰਫ਼ ਇਕ ਦੀ ਹੀ ਪੂਜਾ ਹੈ। ਹੋਰ ਕਿਸੇ ਦੀ ਪੂਜਾ ਪ੍ਰਵਾਨ ਨਹੀਂ।*

*ਆਨਿੰਨ ਭਗਤ ਕਲਜੁਗ ਕਾ ਧਰਮ।*
*ਗੁਰ ਸੇਵਾ ਕਰਮਨ ਸਿਰ ਕਰਮ।*

ਬਗੈਰ ਭਗਤੀ ਤੋਂ ਸਭ ਕੁਝ ਝੂਠਾ ਹੈ। ਕਰਮ ਧਰਮ ਤਾਂ ਚਉਪਫ਼ ਦੀਆਂ ਨਰਦਾਂ ਹਨ। ਮਨੁੱਖ ਨੂੰ ਭਰਮ ਭੁਲੇਖੇ ਪਾਉਣ ਲਈ ਇਹ ਜਾਲ ਵਿਛਾਏ ਹਨ ਸ਼ਾਤਰਾਂ ਨੇ :

*"ਤੀਰਥ ਬਰਤ ਨਹੀਂ ਕਲਿ ਕਾ ਧਰਮ।*
*ਤੁਮ ਪੜ ਬਿਦਿਆ ਦ੍ਰਿੜ ਕੀਨਾ ਭਰਮੁ।"*

ਬੇਣੀ ਨੂੰ ਬਾਣ ਲੱਗਾ, ਜਾਗ ਖੁੱਲ੍ਹੀ। ਉਹ ਵਿੱਦਿਆ ਦੇ ਹੰਕਾਰ ਰੂਪੀ ਸਾਗਰ ਵਿਚ

---

1. ਮਹਿਮਾ ਪ੍ਰਕਾਸ਼, ਸਾਖੀ ੨੨

ਗੋਤੇ ਹੀ ਖਾ ਰਿਹਾ ਸੀ। ਉਸ ਨੂੰ ਕਦੇ ਕਿਨਾਰਾ ਨਹੀਂ ਸੀ ਮਿਲਿਆ। ਹੁਣ ਜਦ ਬਚਨਾਂ ਰੁਪੀ ਨਾਵ ਨਜ਼ਰੀਂ ਪਈ ਤਾਂ ਚੜ੍ਹ ਦੇਖਿਆ ਅਤੇ ਕਿਨਾਰਾ ਵੀ ਨਜ਼ਰੀਂ ਆ ਗਿਆ। ਸੂਝ ਮਿਲੀ ਕਿ ਪੜ੍ਹ-ਪੜ੍ਹ ਤਾਂ ਉਹ ਅਭਿਮਾਨੀ ਹੀ ਹੁੰਦਾ ਰਿਹਾ। ਗੁਰੂ ਦਾ ਦਰ ਨਿਮ੍ਰਤਾ ਵਾਲਾ ਹੈ। ਭਗਤੀ ਕਰ ਕੇ ਪਿਆਰ ਉਪਜਦਾ ਹੈ ਅਤੇ ਵਾਹਿਗੁਰੂ ਮਿਲਾਪ ਮਿਲਦਾ ਹੈ।

ਹੁਣ ਜਦ ਵਿੱਦਿਆ ਹੰਕਾਰ ਦੀ ਘੂਕ ਲੱਥੀ ਤਾਂ ਗੁਰੂ ਜੀ ਨੇ ਮੂਲ ਪ੍ਰਸ਼ਨ ਕੀਤਾ ਕਿ ਪੰਡਤ ਜੀ ਇਹ ਦੱਸੋ ਕਿ ਇਨਸਾਨ ਦਾ ਮਨ ਗ੍ਰਿਹਸਤੀ ਹੈ ਜਾਂ ਉਦਾਸੀ ? ਇਹ ਮਨ ਕਿਸੇ ਵਰਣਾਸ਼੍ਰਮ ਦੀ ਕੈਦ ਵਿਚ ਹੈ ਜਾਂ ਆਜ਼ਾਦ ? ਇਹ ਮਨ ਨਾਸ਼ ਹੋਣ ਵਾਲਾ ਹੈ ਜਾਂ ਅਵਿਨਾਸ਼ੀ ? ਇਹ ਮਨ ਚੰਚਲ ਹੈ ਜਾਂ ਵੈਰਾਗਵਾਨ, ਇਕਾਗਰ ? ਜੇ ਇਹ ਮਨ ਸ਼ੁੱਧ ਹੈ ਤਾਂ ਮੈਲ ਕਿਥੋਂ ਲੱਗ ਗਈ ? ਉਨ੍ਹਾਂ ਸਵਾਲਾਂ ਨੂੰ ਗੁਰੂ ਜੀ ਨੇ ਬਾਣੀ ਵਿਚ ਇਸ ਤਰ੍ਹਾਂ ਅਲੰਕਤ ਕੀਤਾ :

*ਇਹੁ ਮਨੁ ਗਿਰਹੀ ਕਿ ਇਹ ਮਨ ਉਦਾਸੀ।*
*ਕਿ ਇਹ ਮਨੁ ਅਵਰਨੁ, ਸਦਾ ਅਵਿਨਾਸੀ॥ ੧॥*
*ਕਿ ਇਹ ਮਨੁ ਚੰਚਲੁ, ਕਿ ਇਹ ਮਨੁ ਬੈਰਾਗੀ॥*
*ਇਸੁ ਮਨ ਕਉ ਮਮਤਾ ਕਿਥਹੁ ਲਾਗੀ॥ ੧॥*
*ਪੰਡਿਤ ਇਸ ਮਨ ਕਾ ਕਰਹੁ ਬੀਚਾਰੁ।*
*ਅਵਰੁ ਕਿ ਬਹੁਤਾ ਪੜਹਿ, ਉਠਾਵਹਿ ਭਾਰੁ॥ ਰਹਾਉ॥*

(ਮਲਾਰ ਮਹਲਾ ੩, ਘਰ ੨, ਪੰਨਾ ੧੨੬੧)

ਪੰਡਤ ਬੇਣੀ ਨੇ ਕਿਹਾ ਕਿ ਤੁਸੀਂ ਹੀ ਕ੍ਰਿਪਾ ਕਰੋ। ਵਿੱਦਿਆ ਕੋਲ ਇਸ ਦਾ ਜੁਆਬ ਨਹੀਂ ਹੈ। ਗੁਰੂ ਜੀ ਨੇ ਕਿਹਾ : ਹੁਕਮ ਕਰ ਕੇ ਇਹ ਸ੍ਰਿਸ਼ਟੀ ਰਚੀ ਗਈ ਅਤੇ ਹੁਕਮ ਕਰ ਕੇ ਹੀ ਜੀਅ ਉਪਜਾਏ। ਮਨ ਵੀ ਉਸ ਨੇ ਦਿੱਤਾ। ਮਮਤਾ ਵੀ ਉਸ ਨੇ ਲਾਈ। ਇਹ ਉਸ ਦਾ ਖੇਲ ਹੈ। ਬਸ ਸਾਨੂੰ ਲੋੜੀਂਦਾ ਹੈ ਕਿ ਉਸ ਨਾਲੋਂ ਟੁੱਟੀਏ ਨਾ। ਸਰੀਰ ਦੀ ਪਾਲਣਾ ਰੱਖਿਆ ਕਰੀਏ ਪਰ ਆਪਣੇ ਰਚਣਹਾਰ ਨੂੰ ਨਾ ਵਿਸਾਰੀਏ। ਯਾਦ ਦੁਆਰਾ ਉਸ ਨਾਲ ਲੱਗੇ ਰਹੀਏ। ਕੁਸ਼ਲਤਾ ਖੇੜਾ ਉਸ ਦੇ ਨਾਲ ਲਗਨ ਨਾਲ ਹੈ। ਉਸ ਦੀ ਸ਼ਰਨ ਵਿਚ ਹੈ :

*"ਮਾਇਆ ਮਮਤਾ ਕਰਤੈ ਲਾਈ।*
*ਇਹੁ ਹੁਕਮੁ ਕਰਿ ਸ੍ਰਿਸਟਿ ਉਪਾਈ।*
*ਗੁਰ ਪਰਸਾਦੀ ਬੂਝਹੁ ਭਾਈ।*
*ਸਦਾ ਰਹਹੁ ਹਰਿ ਕੀ ਸਰਣਾਈ।"*

ਫਿਰ ਸਮਝਾਇਆ ਕਿ ਜਗਤ ਤ੍ਰੈ ਗੁਣਾਂ ਵਿਚ ਰਚਿਆ ਹੈ ਅਤੇ ਤ੍ਰੈ ਗੁਣਾਂ ਦਾ ਭਾਰ ਤਾਂ ਹੀ ਉਤਰਦਾ ਹੈ, ਜੇ ਇਨਸਾਨ ਸਦਾ ਉਸ ਦੀ ਯਾਦ ਪਕਾ ਲਵੇ। ਹਉਮੈ ਨੇੜੇ ਨਾ ਜਾਇ। ਆਪਣੀ ਮਤੁ ਤੇ ਨਾ ਚਲੈ। ਐਸਾ ਪੰਡਤ ਨਿਰਬਾਣ ਪਦਵੀ ਪਾ ਲਵੇਗਾ।

ਕਿਤਨਾ ਆਸਾਨ ਰਾਹ ਹੈ :

*"ਸੋ ਪੰਡਿਤ ਜੋ ਤਿਹਾ ਗੁਣਾਂ ਕੀ ਪੰਡ ਉਤਾਰੈ।*
*ਅਨਦਿਨੁ ਏਕੋ ਨਾਮੁ ਵਖਾਣੈ।*
*ਸਤਿਗੁਰ ਕੀ ਓਹੁ ਦੀਖਿਆ ਲੇਇ।*
*ਸਤਿਗੁਰ ਆਗੈ ਸੀਸੁ ਧਰੇਇ।*
*ਸਦਾ ਅਲਗ ਰਹੇ ਨਿਰਬਾਣੁ।*
*ਸੋ ਪੰਡਿਤ ਦਰਗਹ ਪਰਵਾਣੁ।੩।"*

ਪੰਡਤ ਬੇਣੀ ਜੀ ਨੂੰ ਨਿਜ ਸਰੂਪ ਦੀ ਸੋਝੀ ਹੋਈ। ਅੱਖਾਂ ਬੰਦ ਹੋ ਗਈਆਂ। ਸਮਾਧੀ ਲੱਗ ਗਈ। ਜਦ ਕਾਫ਼ੀ ਚਿਰ ਤੋਂ ਬਾਅਦ ਅੱਖਾਂ ਖੋਲ੍ਹੀਆਂ ਤਾਂ ਗੁਰੂ ਜੀ ਨੇ ਬਚਨ ਕੀਤੇ ਕਿ ਹੁਣ ਤੁਹਾਡਾ ਮਨ ਹੌਲਾ ਹੋ ਗਿਆ ਹੈ। ਧੰਨ ਹੋ ਤੇ ਹੁਣ ਇਸ ਭਗਤੀ ਨੂੰ ਦ੍ਰਿੜ੍ਹ ਕਰੋ :

*ਨਿਜ ਸਰੂਪ ਆਤਮ ਰਸ ਪਾਗਾ।*
*ਜਨਮ ਜਨਮ ਕਾ ਸੋਇਆ ਜਾਗਾ।*
*ਸਹਜੇ ਸੇਜ ਸੈਨ ਤਿਨ ਕੀਆ।*
*ਧੁਨ ਅਨਹਦ ਸ਼ਬਦ ਪਿਆਲਾ ਪੀਆ।*

ਪਹਿਲਾ ਕਰਮ ਉਸ ਇਹ ਕੀਤਾ ਕਿ ਸਾਰੀਆਂ ਪੁਸਤਕਾਂ, ਜੋ ਨਾਲ ਰੱਖਦਾ ਸੀ, ਨਦੀ ਵਿਚ ਰੋੜ੍ਹ ਦਿੱਤੀਆਂ :

*"ਨੌ ਭਾਰ ਉਸਟ ਪੁਸਤਕ ਭਰੇ, ਦੀਨੇ ਨਦੀ ਬਹਾਇ।"*

ਰੋਜ਼ ਸਤਿਸੰਗ ਵਿਚ ਜੁੜਦਾ, ਕੀਰਤਨ ਸੁਣਦਾ ਤੇ ਮੈਲ ਲਹਿੰਦੀ ਗਈ। ਕੰਚਨ ਹੋਇਆ। ਮਹਾਰਾਜ ਨੇ ਮੰਜੀ ਦੀ ਬਖ਼ਸ਼ਿਸ਼ ਕੀਤੀ ਅਤੇ ਚੂਹਣੀਆਂ ਲਾਹੌਰ ਵਿਚ ਹੋਰਨਾਂ ਨੂੰ ਸਿੱਖੀ ਦ੍ਰਿੜ੍ਹ ਕਰਾਉਣ ਲੱਗੇ।

**ਧਰਮਸਾਲ ਕਰ ਥਾਪੋ**—ਭਾਈ ਫਿਰਿਆ ਅਤੇ ਕਟਾਰਾ ਜੀ ਦੁਆਬੇ ਦੇ ਰਹਿਣ ਵਾਲੇ ਸਨ। ਉਸ ਇਲਾਕੇ ਤੇ ਜੋਗੀਆਂ ਦਾ ਬਹੁਤ ਪ੍ਰਭਾਵ ਸੀ। ਸਾਰੇ ਦੁੱਖਾਂ ਦੇ ਮਾਰੇ ਮੰਤਰ ਜੰਤਰ ਵਿਚ ਹੀ ਲੱਗੇ ਹੋਏ ਸਨ। ਨਾ ਜਪ, ਨਾ ਤਪ, ਨਾ ਕੋਈ ਕੀਰਤਨ ਕਰਦਾ ਤੇ ਨਾ ਹੀ ਸਤਿਸੰਗ ਹੁੰਦਾ। ਵਾਹਿਗੁਰੂ ਨੂੰ ਭੁਲਾ ਕੇ ਗੋਰਖ-ਗੋਰਖ ਹੀ ਕਰਦੇ ਰਹਿੰਦੇ ਸਨ। ਜੋਗੀ ਭੈ ਪਾ ਕੇ ਲੋਕਾਂ ਨੂੰ ਵਸ ਕਰ ਲੈਂਦੇ ਸਨ। ਉਹ ਦੋਵੇਂ ਤਾਂ ਗੋਇੰਦਵਾਲ ਗੁਰੂ ਦੀ ਸ਼ਰਨ ਆ ਗਏ ਪਰ ਵਿਚੋਂ ਦੁਖੀ ਸਨ ਕਿ ਕੋਈ ਉਪਰਾਲਾ ਹੋਵੇ ਅਤੇ ਇਲਾਕੇ ਦੇ ਲੋਕੀਂ ਜੋਗੀਆਂ ਦੇ ਪ੍ਰਭਾਵ ਹੇਠੋਂ ਨਿਕਲਣ। ਗੁਰੂ ਜੀ ਨੇ ਜਦ ਡਿੱਠਾ ਕਿ ਇਹ ਦ੍ਰਿੜ੍ਹ ਚਿਤ ਤੇ ਭਗਤੀ ਭਾਵ ਵਿਚ ਆ ਗਏ ਹਨ ਤਾਂ ਉਨ੍ਹਾਂ ਦੋਵਾਂ ਨੂੰ ਸਤਿਨਾਮ ਦਾ ਉਪਦੇਸ਼ ਦ੍ਰਿੜ੍ਹ ਕਰਾਉਣ ਲਈ ਅਤੇ ਗੁਰਮੁਖ ਪੰਥ ਤੇ ਟੋਰਨ ਲਈ ਨਿਸ਼ੰਗ ਹੋ ਕੇ ਪ੍ਰਚਾਰ ਕਰਨ ਲਈ ਭੇਜਿਆ। 'ਜੰਤਰ ਮੰਤਰ ਦੀ ਜਕੜ ਵਿਚ ਫਸੇ ਲੋਕਾਂ ਨੂੰ ਉਹ ਕਿਵੇਂ ਕੱਢ ਸਕਣਗੇ' ਦੀ ਜਦ ਉਨ੍ਹਾਂ ਮਜਬੂਰੀ ਦੱਸੀ ਤਾਂ ਮਹਾਰਾਜ ਨੇ ਬਖ਼ਸ਼ਿਸ਼ ਕਰਦੇ ਫ਼ਰਮਾਇਆ ਕਿ

ਜੇ ਤੁਸੀਂ ਬਚਨ ਵੀ ਕਰੋਗੇ ਜਾਂ ਕਲਪਨਾ ਵੀ ਕਰੋਗੇ, ਮੰਤਰ ਜੰਤਰ ਨੱਸ ਜਾਣਗੇ। ਮੰਤਰ ਜੰਤਰ ਦਾ ਪ੍ਰਭਾਵ ਕਮਜ਼ੋਰ ਮਨ 'ਤੇ ਹੀ ਪੈਂਦਾ ਹੈ। ਮੱਠਾਂ ਦੇ ਟਾਕਰੇ 'ਧਰਮ ਸਾਲ ਕਰ ਥਾਪੋ ਤਾਹਿ' ਅਤੇ ਜੋਗੀਆਂ ਦੀ ਜੁਗਤ ਦੀ ਥਾਂ ਸਿੱਖੀ ਰੀਤ ਦ੍ਰਿੜ੍ਹਾਉ। ਨਾਮ ਜਪਾਉਣ ਤੇ ਕੀਰਤਨ ਕਰਨ ਨਾਲ ਜੋਗੀਆਂ ਦਾ ਪ੍ਰਭਾਵ ਮਿਟ ਜਾਏਗਾ। ਨਾਮ ਦਾਨ ਇਸ਼ਨਾਨ ਲੋਕਾਂ ਨੂੰ ਦ੍ਰਿੜ੍ਹ ਕਰਾਓ ਤੇ ਸਤਿਨਾਮ ਦਾ ਮੰਤਰ ਦਿਓ ਜਿਸ ਅੱਗੇ ਹੋਰ ਕੋਈ ਮੰਤਰ ਟਿਕ ਹੀ ਨਹੀਂ ਸਕਦਾ।

*'ਨਾਮ ਦਾਨ ਇਸ਼ਨਾਨ ਕੀ ਸਤਮਤ ਕਰ ਉਪਦੇਸ਼।*
*ਸਤਿਨਾਮ ਮੰਤਰ ਦੇ, ਕਰੋ ਪਵਿੱਤ੍ਰ ਦੇਸ।*

ਉਨ੍ਹਾਂ ਜੁਰਅੱਤ ਵਾਲੇ ਪਰਚਾਰਕਾਂ ਨੇ ਪਹਿਲਾ ਹੱਲਾ ਹੀ ਜੋਗੀ ਦੇ ਵੱਡੇ ਮੱਠ 'ਤੇ ਬੋਲਿਆ। ਜੋਗੀਆਂ ਨੇ ਮੰਤਰਾਂ ਤੇ ਜੰਤਰਾਂ ਦੇ ਸਹਾਰੇ ਭੈ-ਭੀਤ ਕਰਨਾ ਚਾਹਿਆ ਪਰ ਸਿੱਖ ਅਡੋਲ ਰਹੇ। ਭਾਈ ਫਿਰਿਆ ਤੇ ਕਟਾਰਾ ਜੀ ਦਾ ਐਸਾ ਪ੍ਰਭਾਵ ਪਿਆ ਕਿ ਸਭ ਜੋਗੀ ਮਠ ਛੱਡ ਹੀ ਭੱਜ ਗਏ। ਉਹਨਾਂ ਦੇ ਪਾਪ ਭੀਤਰ ਕੰਬਣ ਲੱਗ ਪਏ। ਜਿਵੇਂ ਸ਼ੇਰ ਨੂੰ ਗੱਜਦਾ ਦੇਖ ਮਿਰਗ ਨੱਸ ਜਾਂਦੇ ਹਨ, ਇਵੇਂ ਜੋਗੀ ਭੱਜੇ।

*'ਤਿਹ ਦਰਸ ਦੇਖ ਜੋਗੀ ਉਠ ਭਾਗੇ।*
*ਜਨੁ ਮ੍ਰਿਗ ਚਲੇ, ਕੇਹਰੀ ਗਾਜੇ।'*

ਉਨ੍ਹਾਂ ਦੋਵਾਂ ਮਰਜੀਵੜਿਆਂ ਨੇ ਮਠ ਗਿਰਾ ਕੇ ਧਰਮਸਾਲ ਉਸਾਰੀ। ਇਹ ਮਠ ਕੋਈ ਭਜਨ, ਜਪ ਤਪ ਦੇ ਟਿਕਾਣੇ ਨਹੀਂ ਸਨ। ਨ ਕਿਸੇ ਗ਼ਰੀਬ ਨੂੰ ਕੋਈ ਥਾਂ ਆਸਰਾ ਦੇਣ ਦੇ ਦੇਹੁਰੇ ਸਨ। ਇਹ ਪ੍ਰਮੇਸ਼ਰ ਤੋਂ ਬੇਮੁੱਖ ਕਰਨ ਦੇ ਟਿਕਾਣੇ ਸਨ। ਕੁਕਰਮ ਹੁੰਦੇ ਤੇ ਮੱਠਾਂ ਦੇ ਪਜ ਪਤਾਂ ਲੁਟੀਂਦੀਆਂ ਸਨ। ਸਿੱਖਾਂ ਦੀ ਭਗਤੀ ਅੱਗੇ ਉਹ ਟਿਕ ਨਹੀਂ ਸਕੇ। ਭੱਜਦਿਆਂ ਵਾਰ ਨਾ ਆਈ। ਲੋਕਾਂ ਨੂੰ ਜੰਤਰਾਂ ਮੰਤਰਾਂ ਤੋਂ ਉੱਚਾ ਕਰ ਕੇ ਧਰਮਸਾਲ ਬਣਾਈ ਜਿਥੇ ਉਹ ਆਪ ਕੀਰਤਨ ਕਰਦੇ, ਨਾਮ ਜਪਾਂਦੇ ਅਤੇ ਲੋੜਵੰਦ ਨੂੰ ਬਸਤਰ ਤੇ ਭੋਜਨ ਦੇਂਦੇ।

*'ਕੀਰਤਨ ਭਜਨ ਕਰਨੇ ਲਗੇ ਫਿਰ ਕਟਾਰਾ ਆਪ।*
*ਸੁਨਤ ਮਗਨ ਸਗਲੇ ਭਏ, ਮਿਟ ਗਏ ਸਭ ਸੋਕ ਸੰਤਾਪ।*

ਐਸਾ ਪ੍ਰਭਾਵ ਪਿਆ ਕਿ ਸਾਰਾ ਦੇਸ਼ ਹੀ ਗੁਰੂ ਚਰਨੀਂ ਆਣ ਲੱਗਾ। ਭਰਮ ਮੁੱਕ ਗਿਆ ਅਤੇ ਸਭ ਦੇਸ ਨਿਹਾਲ ਹੋਇਆ।

*'ਗੁਰਮੁਖ ਭਇਆ ਸਭ ਦੇਸ਼।*
*ਗਈ ਭਰਮ ਕੀ ਲਵਲੇਸ।'*

ਐਸੀ ਜੁਰਅੱਤ ਭਰ ਦਿੱਤੀ ਸੀ ਗੁਰੂ ਦੇ ਬਚਨਾਂ ਨੇ ਸਿੱਖਾਂ ਦੇ ਮਨਾਂ ਵਿਚ।

ਸੰਤ ਰਹਿਤ—ਇਕ ਵਾਰੀ ਸੰਗਤ ਪੁੱਛ ਬੈਠੀ ਕਿ ਉਨ੍ਹਾਂ ਨੂੰ ਸੰਤ ਰਹਿਤ ਦੀ ਸੋਝੀ ਦਿਓ ਤਾਂ ਕਿ ਉਹ ਭੇਖੀ ਭਗਤਾਂ ਤੇ ਪਖੰਡੀ ਸੰਤਾਂ ਤੋਂ ਬਚ ਸਕਣ।

ਮਹਾਰਾਜ ਦਾ ਬਚਨ ਹੋਇਆ : ਸੰਤ ਭਗਤ ਉਹ ਹੀ ਹੈ ਜੋ ਸਦਾ ਨਾਮ ਜਪਦਾ

ਤੇ ਉਸ ਦੇ ਰੰਗ ਵਿਚ ਰਹਿੰਦਾ ਹੈ। ਜੋ ਪਸਾਰਾ ਨਹੀਂ ਖਿਲਾਰਦਾ ਅਤੇ ਹੰਕਾਰ ਦੇ ਨੇੜੇ ਨਹੀਂ ਜਾਂਦਾ। ਸਰੀਰ ਤੋਂ ਉਤਾਂਹ ਹੋ ਦੇਖਦਾ ਹੈ ਤੇ ਨੂਰ ਉਸ ਦੇ ਮੁੱਖ ਤੇ ਟਪਕਦਾ ਹੈ। ਵਿਕਾਰ ਉਸ ਨੂੰ ਨਹੀਂ ਪੋਹ ਸਕਦੇ। ਵਾਸ਼ਨਾਵਾਂ ਉਸ ਵੱਸ ਕੀਤੀਆਂ ਹੋਈਆਂ ਹੁੰਦੀਆਂ ਹਨ। ਉਹ ਜੀਵਨ ਮੁਕਤ ਹੁੰਦਾ ਹੈ ਅਤੇ ਬੇਪ੍ਰਵਾਹ ਹੁੰਦਾ ਹੈ। ਉਸ ਦਾ ਹਰ ਕਰਮ ਸੁਹਾਵਾ ਹੁੰਦਾ ਹੈ, ਜਸ ਹਰ ਥਾਵੇਂ ਉਸ ਦਾ ਹੁੰਦਾ ਹੈ ਪਰ ਉਹ ਨਿਰਲੇਪ ਰਹਿੰਦਾ ਹੈ। ਉਸਤਤਿ ਨਿੰਦਾ ਤੋਂ ਉੱਚਾ। ਸੰਸਾਰੀ ਦਿਖਾਈ ਦੇਂਦਾ ਹੋਇਆ ਵੀ ਸੰਸਾਰ ਤੋਂ ਉੱਚਾ ਹੁੰਦਾ ਹੈ।

ਇਹ ਬਚਨ ਸਾਡੇ ਲਈ ਪੂਰਨੇ ਸਨ ਤਾਂ ਕਿ ਅਸੀਂ ਕਿਸੇ ਦੇ ਜਾਲ ਵਿਚ ਨ ਫਸੀਏ।

**ਇਨਸਾਨੀ ਜੀਵਨ ਦੀ ਕਦਰ**—ਕਈ ਦਿਨਾਂ ਪਿਛੋਂ ਬਾਰਸ਼ ਹੋ ਕੇ ਰੁਕੀ ਸੀ। ਗੋਇੰਦਵਾਲ ਵਿਖੇ ਮਹਾਰਾਜ ਜੀ ਦੇ ਨਿਵਾਸ ਅਸਥਾਨ ਲਾਗੇ ਗਲੀ ਵਿਚ ਹੀ ਇਕ ਦੀਵਾਰ ਬਾਰਸ਼ ਦੀ ਮਾਰ ਖਾ ਕੇ ਜਰਜਰੀ ਹੋ ਗਈ ਸੀ। ਮਹਾਰਾਜ ਜੀ ਜਦ ਘੋੜੇ 'ਤੇ ਸਵਾਰ ਹੋ ਉਸ ਗਲੀ ਤੋਂ ਦੀਵਾਨ ਅਸਥਾਨ ਬਾਉਲੀ ਸਾਹਿਬ ਆਉਣ ਲੱਗੇ ਤਾਂ ਉਸ ਢਹਿੰਦੀ ਦੀਵਾਰ ਨੇੜਿਉਂ ਘੋੜਾ ਜ਼ਰਾ ਤਿੱਖਾ ਕਰ ਲਿਆ। ਸੰਗਤਾਂ, ਜੋ ਨਾਲ ਸਨ, ਇਸ ਕੌਤਕ ਨੂੰ ਦੇਖ ਰਹੀਆਂ ਸਨ।

ਦੀਵਾਨ ਦੀ ਸਮਾਪਤੀ ਉਪਰੰਤ ਆਪਣੇ ਸ਼ੰਕੇ ਦੀ ਨਵਿਰਤੀ ਲਈ ਇਕ ਸਿੱਖ ਨੇ ਬੇਨਤੀ ਕੀਤੀ ਕਿ ਤੁਸਾਂ ਹੀ ਮਾਝ ਰਾਗ ਵਿਚ ਫ਼ਰਮਾਇਆ ਹੈ, 'ਜਮ ਕਾਲ ਤਿਸ ਨੇੜਿ ਨ ਆਵੈ ਜੋ ਹਰਿ ਹਰਿ ਨਾਮ ਧਿਆਵਣਿਆ' ਅਤੇ ਤੁਸੀਂ ਰੋਜ਼ ਹੁਕਮ ਕਰਦੇ ਹੋ :

*ਮਰਣੈ ਕੀ ਚਿੰਤਾ ਨਹੀਂ,*
*ਜੀਵਣ ਕੀ ਨਹੀਂ ਆਸ।*
*ਤੂੰ ਸਰਬ ਜੀਆ ਪ੍ਰਤਿਪਾਲਹੀ,*
*ਲੇਖੈ ਸਾਸ ਗਿਰਾਸ।'*

ਤਾਂ ਉਸ ਡਿੱਗਦੀ ਦੀਵਾਰ ਤੋਂ ਭੈਅ ਕਾਹਦਾ ਸੀ, ਇਤਨੀ ਕਾਹਲੀ ਕਿਉਂ ਕੀਤੀ ?

ਮਹਾਰਾਜ ਜੀ ਨੇ ਕਿਹਾ : ਇਹ ਮੈਂ ਜਾਣ ਬੁਝ ਕੇ ਕੀਤਾ ਸੀ ਤਾਂ ਕਿ ਸੰਗਤਾਂ ਨੂੰ ਮਨੁੱਖਾ ਜੀਵਨ ਦੀ ਮਹੱਤਤਾ ਅਤੇ ਕਦਰ ਦੀ ਸੋਝੀ ਆ ਜਾਏ। ਮਨੁੱਖਾ ਦੇਹੀ ਨੂੰ ਪ੍ਰਾਪਤ ਕਰਨ ਲਈ ਦੇਵਤੇ ਵੀ ਤਰਸਦੇ ਹਨ। ਸਾਨੂੰ ਬੜੇ ਭਾਗਾਂ ਨਾਲ ਮਿਲੀ ਹੈ ਇਹ ਦੇਹ। ਇਸ ਨੂੰ ਇੰਜੇ ਵਿਅਰਥ ਗਵਾ ਦੇਣਾ, ਸਿੱਖੀ ਨਹੀਂ ਹੈ। ਘੋਰ ਤਪਾਂ ਤੇ ਪਹਾੜਾਂ ਦੀਆਂ ਕੰਦਰਾਂ ਵਿਚ ਸਮਾਂ ਜ਼ਾਇਆ ਕਰਨ ਤੋਂ ਵੀ ਤਾਂ ਹੀ ਵਰਜਿਆ ਹੈ। ਇਸ ਨੂੰ ਪਾਲਣਾ, ਰੱਖਿਆ ਕਰਨੀ ਤੇ ਅਰੋਗ ਰੱਖਣਾ ਸਾਡਾ ਧਰਮ ਹੈ। ਜਿਵੇਂ ਕਿਸੇ ਬ੍ਰਿਛ ਨੂੰ ਸੰਭਾਲ ਕੇ ਰੱਖੀਏ ਤਾਂ ਉਹ ਕਈ ਵਾਰ ਪੱਤੇ, ਫਲ ਤੇ ਫੁੱਲ ਦੇਂਦਾ ਹੈ, ਤਿਵੇਂ ਜੇ ਸਰੀਰ ਦੀ ਪਾਲਣਾ ਤੇ ਰੱਖਿਆ ਕੀਤੀ ਜਾਏ ਤਾਂ ਇਹ ਪਰਉਪਕਾਰ ਲਈ ਕੰਮ ਆਉਂਦਾ ਹੈ। ਪਰਮਾਤਮਾ ਪ੍ਰਤੀ, ਜੋ ਫ਼ਰਜ਼ ਹੈ, ਉਹ ਵੀ ਇਸੇ ਸਰੀਰ ਨੂੰ ਕਾਇਮ ਰੱਖਿਆਂ ਪੂਰਾ ਹੋ ਸਕਦਾ ਹੈ। ਸੱਦਾ ਪੈਣ 'ਤੇ ਖਿੜੇ ਮੱਥੇ ਟੁਰ ਪੈਣਾ ਚਾਹੀਦਾ ਹੈ ਪਰ ਆਪੂੰ ਇਸ ਦਾ

ਘਾਤ ਕਰਨਾ ਯੋਗ ਨਹੀਂ।

ਇਸੇ ਸਰੀਰ ਰਾਹੀਂ ਪਰਉਪਕਾਰ ਕਰਦੇ, ਭਲਾ ਲੋਚਦੇ ਅਤੇ ਮੁਕਤੀ ਤਕ ਪ੍ਰਾਪਤ ਕਰਦੇ ਹਾਂ।

*"ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੈ ਭੰਡਾਰਾ।*
*ਇਸੁ ਕਾਇਆ ਅੰਦਰ ਨਉਖੰਡ ਪ੍ਰਿਥਮੀ, ਹਾਟ ਪਟਣ ਬਾਜਾਰਾ।*
*ਇਸ ਕਾਇਆ ਅੰਦਰ ਨਾਮ ਨਉ ਨਿਧਿ,*
*ਪਾਈਐ ਗੁਰ ਕੈ ਸਬਦਿ ਵੀਚਾਰਾ।"*[1]

ਫਿਰ ਫ਼ਰਮਾਇਆ : ਤੁਸਾਂ ਦੇਖ ਲਿਆ ਕਿ ਦੀਵਾਰ ਮੇਰੇ ਲੰਘਦੇ ਸਾਰ ਹੀ ਗਿਰ ਗਈ, ਜੀਵਨ ਦੀ ਕਦਰ ਕਦੇ ਨਹੀਂ ਘਟਾਉਣੀ।

**ਭਰਮਾਂ ਵਹਿਮਾਂ ਤੇ ਸੱਟਾਂ**—ਭਰਮਾਂ ਵਹਿਮਾਂ ਵਿਚ ਮਨੁੱਖ ਐਸਾ ਫਸਾ ਦਿੱਤਾ ਗਿਆ ਸੀ ਕਿ ਉਹ ਬ੍ਾਹਮਣ ਦੀ ਜਕੜ ਵਿਚੋਂ ਨਿਕਲਣਾ ਚਾਹੇ ਤਾਂ ਵੀ ਨਹੀਂ ਸੀ ਨਿਕਲ ਸਕਦਾ। ਕਬੀਰ ਜੀ ਨੇ ਇਸ ਨੂੰ 'ਕਾਗਦ ਦੀ ਓਬਰੀ', ਸਿਮ੍ਤੀ ਸ਼ਾਸਤਰਾਂ ਦੀ ਕੈਦ ਦਰਸਾਇਆ ਤੇ ਆਖਿਆ ਸੀ।

ਇਕ ਵਾਰੀ ਐਸਾ ਹੋਇਆ ਕਿਸੇ ਨੇ ਬ੍ਰਹਮ ਭੋਜ ਕੀਤਾ। ਜਦ ਬ੍ਰਹਮ ਭੋਜ ਵਰਤਾਇਆ ਜਾਣ ਲੱਗਾ ਤਾਂ ਉਸ ਦੇ ਘਰ ਬੱਚੇ ਦਾ ਜਨਮ ਹੋ ਗਿਆ। ਬ੍ਾਹਮਣ ਪੰਗਤਾਂ ਵਿਚ ਬੈਠੇ ਹੀ ਭੱਜ ਉਠੇ ਕਿ ਘਰ ਅਪਵਿੱਤਰ ਹੋ ਗਿਆ ਹੈ। ਐਸੀ ਦਸ਼ਾ ਵਿਚ ਉਸ ਗੁਰੂ ਸ਼ਰਨ ਤੱਕੀ। ਗੁਰੂ ਜੀ ਨੇ ਸੰਗਤਾਂ ਨੂੰ ਪ੍ਰਸ਼ਾਦ ਛਕਣ ਲਈ ਭੇਜਿਆ। ਬ੍ਾਹਮਣਾਂ ਨੇ ਜਦ ਇਹ ਸੁਣਿਆ ਤਾਂ ਗੁਰੂ ਜੀ ਨੂੰ ਆ ਕੇ ਕਿਹਾ ਕਿ ਤੁਹਾਡੇ ਸਿੱਖਾਂ ਨੇ ਸੂਤਕਿਆ ਹੋਇਆ ਭੋਜਨ ਖਾਧਾ ਹੈ। ਉਨ੍ਹਾਂ ਦਾ ਜਨਮ ਭ੍ਰਿਸ਼ਟ ਹੋ ਗਿਆ ਹੈ। ਮਹਾਰ੍ਰਾਜ ਨੇ ਫ਼ਰਮਾਇਆ ਕਿ ਇਹ ਸਭ ਭਰਮ ਭੁਲੇਖੇ ਹਨ। ਸੂਤਕ ਹੈ ਮੋਹ ਤੇ ਜਾਤੀ ਦਾ ਹੰਕਾਰ। ਪਾਣੀ, ਪੌਣ ਅਤੇ ਅਗਨੀ ਵਿਚ ਹਰ ਸਮੇਂ ਹੀ ਜੀਵ ਮਰ ਜੰਮ ਰਹੇ ਹਨ। ਰੋਜ਼ ਜੋ ਖਾਂਦੇ ਹਾਂ ਇਹ ਵੀ ਸੂਤਕ ਹੈ। ਕਰਮਾਂ 'ਤੇ ਜ਼ੋਰ ਦੇਣ ਨਾਲ ਕਦੇ ਮੁਕਤੀ ਨਹੀਂ ਹੋਣੀ। ਮੁਕਤੀ ਉਸ ਦੇ ਪਾਵਨ ਨਾਮ ਵਿਚ ਹੈ :

*"ਸਭੋ ਸੂਤਕੁ ਜੇਤਾ ਮੋਹੁ ਆਕਾਰੁ।*
*ਮਰਿ ਮਰਿ ਜੰਮੈ ਵਾਰੋ ਵਾਰ॥੨॥*
*ਸੂਤਕਿ ਅਗਨਿ ਪਉਣੈ ਪਾਣੀ ਮਾਹਿ।*
*ਸੂਤਕੁ ਭੋਜਨੁ ਜੇਤਾ ਕਿਛੁ ਖਾਹਿ।*
... ... ... ... ...
*ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ।*
*ਵਿਣੁ ਨਾਵੈ ਕੋ ਮੁਕਤਿ ਨ ਹੋਇ॥੬॥*

(ਗਉੜੀ ਗੁਆਰੇਰੀ ਮਹਲਾ ੩, ਪੰਨਾ ੨੨੯)

---

1. ਸੂਹੀ ਮਹਲਾ ਤੀਜਾ

ਇਸੇ ਤਰ੍ਹਾਂ ਸ਼ਗਨ ਅਪਸ਼ਗਨ ਨੇ ਧਰਤੀ ਦੇ ਸਰਦਾਰ ਨੂੰ ਪੰਖੀਆਂ, ਜੀਵਾਂ, ਸਿਤਾਰਿਆਂ, ਦਿਹਾੜਿਆਂ, ਸੂਰਜ, ਚੰਨ ਗ੍ਰਹਿਆਂ ਦਾ ਹੀ ਗ਼ੁਲਾਮ ਬਣਾ ਦਿੱਤਾ ਸੀ। ਸ਼ਗਨ ਅਪਸ਼ਗਨ ਵਿਚ ਯਕੀਨ ਤਿੰਨਾਂ ਕਾਰਨਾਂ ਕਰਕੇ ਹੀ ਸੀ। *ਇਕ ਭੈਅ, ਦੂਜੇ ਅਗਿਆਨ ਤੀਜੇ ਵੇਦ ਰੀਤੀ।* ਮਨੁੱਖ ਨੂੰ ਸਦਾ ਹੀ ਰੋਗ, ਮ੍ਰਿਤੂ ਦਾ ਭੈਅ, ਜੰਗਲੀ ਜੀਵਾਂ ਦਾ ਭੈਅ, ਭੁੱਖ ਦੁੱਖ ਦਾ ਭੈਅ, ਕਾਲ ਸੁਕਾਲ ਦਾ ਭੈਅ, ਬਣਿਆ ਰਹਿੰਦਾ ਸੀ। ਦੂਜੇ, ਅਗਿਆਨ ਵਿਚ ਫਸੇ ਕਾਰਨ ਸੀ। ਜਿਵੇਂ ਬਿਜਲੀ ਕੜਕੀ ਤੇ ਉਸ ਜਾਣਿਆ ਕਿ ਕਰੋਪੀ ਹੋਣ ਲੱਗੀ ਹੈ। ਔੜ ਲੱਗੀ ਤਾਂ ਉਹ ਭੱਜ ਬ੍ਰਾਹਮਣ ਕੋਲ ਗਿਆ ਤੇ ਤੀਜੇ, ਵੇਦ ਅਥਰਬਣ ਵਿਚ ਹਰ ਕਰਮ ਲਈ ਸ਼ਗਨ ਅਪਸ਼ਗਨ ਮਿਥੇ ਸਨ। ਗੁਰ ਪਾਤਸ਼ਾਹ ਨੇ ਇਹ ਭਾਰ ਉਤਾਰ ਕੇ ਸਿੱਖਾਂ ਨੂੰ ਹੌਲਾ ਫੁੱਲ ਕਰ ਦਿੱਤਾ। ਭਾਈ ਗੁਰਦਾਸ ਜੀ ਨੇ ਇਸੇ ਲਈ ਪਹਿਲੀ ਵਾਰ ਵਿਚ ਉਚੇਚਾ ਲਿਖਿਆ ਹੈ 'ਗੁਰਮੁਖ ਭਾਰ ਅਥਰਬਣੁ ਤਾਰਾ।' ਗੁਰੂ ਨਾਨਕ ਦੇਵ ਜੀ ਨੇ ਜੰਤਰਾਂ ਮੰਤਰਾਂ ਤੇ ਸ਼ਗਨ ਅਪਸ਼ਗਨ ਦੇ ਵੇਦ ਅਥਰਬਣ ਦਾ ਭਾਰ ਮਨੁੱਖਤਾ ਦੇ ਸਿਰ ਤੋਂ ਉਤਾਰ ਕੇ ਮਨੁੱਖ ਸੁਤੰਤਰ ਕਰ ਦਿੱਤਾ।

ਸਿੱਖਾਂ ਨੇ ਗੁਰੂ ਅਮਰ ਦਾਸ ਜੀ ਨੂੰ ਪੁੱਛਿਆ ਕਿ ਬ੍ਰਾਹਮਣ ਦੇ ਜੂਲੇ ਹੇਠੋਂ ਤਾਂ ਤੁਸਾਂ ਕਿਰਪਾ ਕਰਕੇ ਕੱਢ ਲਿਆ ਪਰ, ਹੁਣ ਇਹ ਵੀ ਰਹਿਮਤ ਕਰਕੇ ਦੱਸੋ ਕਿ ਮਹੂਰਤ ਕਿਹੜਾ ਚੰਗਾ ਹੈ ?ਮਹਾਰਾਜ ਦਾ ਬਚਨ ਹੋਇਆ : ਸਿੱਖਾਂ ਲਈ ਸਭ ਤੋਂ ਉੱਤਮ ਮਹੂਰਤ ਉਹ ਹੀ ਹੈ ਜਦ ਉਹ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ। ਹਰ ਕਾਰਜ ਦੇ ਆਰੰਭ ਵੇਲੇ ਗੁਰੂ ਦੇ ਸਿੱਖ ਲਈ ਜ਼ਰੂਰੀ ਹੈ ਕਿ ਨਿਮਰਤਾ ਸਹਿਤ ਅਰਦਾਸ ਕਰੇ। ਵਾਹਿਗੁਰੂ ਸਭ ਜਤਨ ਸਫਲ ਕਰੇਗਾ ਤੇ ਬਰਕਤਾਂ ਪਾਏਗਾ।

**ਕਸੂਰ ਦੀ ਫੇਰੀ**—ਤੀਰਥਾਂ ਤੋਂ ਆਏ ਕਈ ਸਾਲ ਹੋ ਗਏ ਸਨ ਤੇ ਸਾਰਾ ਸਮਾਂ ਉਸਾਰੀ ਤੇ ਸੰਗਠਨ ਵਿਚ ਲਗ ਰਿਹਾ ਸੀ। ਸਿੱਖ ਵਾਰ-ਵਾਰ ਬੇਨਤੀ ਕਰ ਰਹੇ ਸਨ ਕਿ ਬਾਸਰਕੇ ਅਤੇ ਲਾਗਲੇ ਪਿੰਡਾਂ ਵਿਚ ਆ ਚਰਨ ਪਾਉਣ। ਸਮਾਂ ਕੱਢ ਕੇ ਗੁਰੂ ਜੀ ਪਹਿਲਾਂ ਖਡੂਰ, ਫਿਰ ਬਾਸਰਕੇ, ਉਥੋਂ ਮਤੇ ਦੀ ਸਰਾਂ, ਫਿਰੋਜ਼ਪੁਰ ਅਤੇ ਫਿਰ ਕਸੂਰ ਪੁੱਜੇ।

ਕਸੂਰ ਵਿਚ ਇਕ ਜਾਤ ਅਭਿਮਾਨੀ ਨੇ ਇਸ ਕਾਰਨ ਗੁਰੂ ਜੀ ਦੇ ਬਾਗ ਵਿਚ ਸੰਗਤਾਂ ਦੇ ਡੇਰੇ ਨਾ ਲਗਾਉਣ ਦਿੱਤੇ ਕਿ ਉਹ ਨੀਵੀਆਂ ਜਾਤਾਂ ਨਾਲ ਬੈਠ ਲੰਗਰ ਪਾਉਂਦੇ ਹਨ। ਗੁਰੂ ਜੀ ਨੇ ਸੁਭਾਵਕ ਹੀ ਕਿਹਾ ਜਿਨ੍ਹਾਂ ਨੂੰ ਉਹ ਨੀਵੀਂ ਜਾਤ ਦਾ ਕਹਿੰਦਾ ਹੈ, ਉਹ ਹੀ ਕਲ ਰਾਜ ਕਮਾਉਣਗੇ ਅਤੇ ਇਹ ਉੱਚੀਆਂ ਜਾਤਾਂ ਵਾਲੇ ਉਨ੍ਹਾਂ ਦਾ ਪਾਣੀ ਭਰਨਗੇ। ਸਿੱਖ ਰਾਜ ਸਮੇਂ ਐਸਾ ਹੀ ਹੋਇਆ। ਉਥੋਂ ਦੇ ਉੱਚ ਜਾਤੀਏ ਚੋਬਦਾਰ ਬਣੇ।

ਆਪ ਜੀ ਦਾ ਨੂਰਾਨੀ ਚਿਹਰਾ ਤੇ ਜਲਵੇ ਦੀ ਰੌਸ਼ਨੀ ਦੇਖ ਇਕ ਗਰੀਬ ਪਠਾਣ ਨੇ ਬੇਨਤੀ ਕੀਤੀ ਕਿ ਗੁਰੂ ਜੀ ਉਸ ਦੀ ਝੌਂਪੜੀ ਨੂੰ ਭਾਗ ਲਗਾਉਣ। ਗੁਰੂ ਜੀ ਨੇ ਉਸ ਦੀ ਸ਼ਰਧਾ ਤੇ ਸੇਵਾ ਦੇਖ ਬਚਨ ਕੀਤਾ ਕਿ ਇਸ ਪਠਾਣ ਦੀ ਔਲਾਦ ਕਸੂਰ ਦੀ ਹੀ ਨਵਾਬ ਹੋਵੇਗੀ। ਉਸ ਨੂੰ ਬਖਸ਼ਿਸ਼ ਕਰਦੇ ਇਹ ਵੀ ਚੇਤਾਵਨੀ ਦਿੱਤੀ : 'ਇਹ ਕਦੇ ਨ ਭੁਲੀਂ ਕਿ ਅਤਿਆਚਾਰ ਕੀਤਿਆਂ ਸਭ ਕੁਝ ਖੁਸ ਜਾਵੇਗਾ। ਸਦਾ ਹਲੇਮੀ

ਰਾਜ ਰੱਖੀਂ।' ਜਦ ਤਕ ਪਠਾਣ ਦਾ ਖ਼ਾਨਦਾਨ ਹਲੀਮੀ ਤੇ ਲੋਕ ਭਲਾਈ ਦੇ ਕਾਰਜ ਕਰਦਾ ਰਿਹਾ, ਨਵਾਬੀ ਕਾਇਮ ਰਹੀ ਪਰ ਜਦ ਅਠਾਰਵੀਂ ਸਦੀ ਦੇ ਅਖ਼ੀਰ ਸੰਤਾਨ ਵਿਭਚਾਰੀ ਹੋ ਗਈ ਰਾਜ ਜਾਂਦਿਆਂ ਵੀ ਢਿਲ ਨ ਲੱਗੀ।

ਲਾਹੌਰ ਦੂਨੀ ਚੰਦ ਚੁਹੱਟੇ ਵਾਲੀ ਥਾਂ, ਜਿਥੇ ਗੁਰੂ ਨਾਨਕ ਜੀ ਨੇ ਉਸ ਨੂੰ ਸੋਝੀ ਦਿੱਤੀ ਸੀ, ਚਰਨ ਪਾ ਕੇ ਵਾਪਸ ਗੋਇੰਦਵਾਲ ਪੁੱਜੇ। ਲਾਹੌਰ ਕਈ ਫ਼ਕੀਰ ਦਰਸ਼ਨਾਂ ਨੂੰ ਆਏ।

**ਬਚਨਾਂ ਦਾ ਸਾਰੰਸ਼**—ਅਨੇਕਾਂ ਅਧਿਕਾਰੀਆਂ ਨੂੰ ਗੁਰੂ ਜੀ ਬਚਨ ਬਖ਼ਸ਼ਦੇ ਤੇ ਲੋਕ ਉਸ ਤੇ ਟੁਰ ਕੇ ਜੀਵਨ ਰਾਹ ਪਾ ਰਹੇ ਸਨ। ਇਕ ਦਿਨ ਸਮੁੱਚੀ ਸੰਗਤ ਨੇ ਬੇਨਤੀ ਕੀਤੀ ਕਿ ਮਹਾਰਾਜ ਜੋ ਲੱਖਣ ਤੁਸੀਂ ਆਪਣੇ ਸਿੱਖਾਂ ਵਿਚ ਦੇਖਣਾ ਚਾਹੁੰਦੇ ਹੋ ਉਨ੍ਹਾਂ ਦਾ ਇਕ ਵਾਰੀ ਵਰਣਨ ਜ਼ਰੂਰ ਕਰ ਦਿਓ। ਜੋ ਕਰਮ ਜ਼ਰੂਰੀ ਹਨ ਉਨ੍ਹਾਂ ਦਾ ਵਿਸਥਾਰ ਵੀ ਬਖ਼ਸ਼ਿਸ਼ ਕਰਕੇ ਸਮਝਾ ਦਿਓ।

ਮਹਾਰਾਜ ਨੇ ਫ਼ਰਮਾਇਆ : ਅੰਤਰੀਵ ਲੱਖਣ ਤਾਂ ਲਿਖੇ ਨਹੀਂ ਜਾ ਸਕਦੇ ਪਰ ਫਿਰ ਵੀ ਇਹ ਲੱਖਣ, ਜਿਸ ਵਿਚ ਦੇਖੋ ਜਾਣੋ ਉਹ ਗੁਰੂ ਦਾ ਸਿੱਖ ਹੈ, ਭਗਤ ਹੈ ਤੇ ਸ਼ਰਧਾਲੂ ਹੈ : *ਸਤੋ ਗੁਣੀ, ਸਮਦਰਸੀ, ਸ਼ਾਂਤ ਚਿਤ, ਉਦਾਰ, ਗੁਣ ਗ੍ਰਾਹੀ, ਨਿਰਭੈ, ਕੋਮਲ-ਚਿਤ, ਗੰਭੀਰ, ਸਭ ਦਾ ਸੱਜਨ, ਪ੍ਰਸੰਨ ਮੁੱਖ, ਹਰਿ ਗੁਰ ਭਗਤ,* ਲਾਭ-ਹਾਨਿ, ਸੁਖ-ਦੁਖ ਮਿਤ੍ਰ-ਸਤ੍ਰ, ਮਾਨ-ਅਪਮਾਨ ਵਿਚ ਵਿਆਕੁਲ ਨ ਹੋਣ ਵਾਲਾ, ਜ਼ਰੂਰੀ ਅੰਗ ਹਨ।

ਕਰਮ ਇਹ ਰੱਖੇ ਕਿ ਸਦਾ ਹੀ ਭਲਾ ਕਰਨਾ ਹੈ, ਮਨ ਬਚ ਕਰਮ ਕਰਕੇ। *ਸਿੱਖਿਆ ਦੇਣ ਨਾਲੋਂ, ਆਪਣੀ ਨੇਕ ਮਿਸਾਲ ਕਾਇਮ ਕਰਕੇ ਅਤੇ ਸਦਾ ਭਲਾ ਚਾਹੁਣ ਕਰਕੇ ਇਹ ਹੋ ਸਕਦਾ ਹੈ। ਆਸ ਕਦੇ ਨ ਕਿਸੇ 'ਤੇ ਰੱਖਣੀ।* ਇਹ ਕੁਟੰਬ ਦੀ ਸੇਵਾ ਵੀ ਇਵੇਂ ਹੀ ਕਰਨੀ ਜਿਵੇਂ ਦਾਈ ਪੁੱਤਰਾਂ ਨੂੰ ਪਾਲਦੀ ਜਾਂ ਰਾਖਾ ਖੇਤ ਰੱਖਦਾ ਹੈ। ਦਗ਼ਾ, ਛਲ, ਨਿੰਦਾ ਚੁਗਲੀ ਕਦੇ ਨਹੀਂ ਕਰਨੀ।

ਆਖ਼ਿਰ ਵਿਚ ਫ਼ਰਮਾਇਆ : ਮਨੁੱਖ ਪਾਸ ਸ਼ਰਧਾ ਦੇ ਕੰਨ ਨਹੀਂ, ਗਿਆਨ ਦੀਆਂ ਅੱਖਾਂ ਨਹੀਂ, ਅੰਦਰ ਤ੍ਰਿਸ਼ਨਾ ਰੂਪੀ ਅੱਗ ਹੈ, ਸੁਣਦੇ ਨਹੀਂ, ਇਸ ਵਾਸਤੇ ਬਾਣੀ ਸੁਰਤਿ ਨਾਲ ਸਮਝਦੇ ਨਹੀਂ। ਗਿਆਨਹੀਣ ਹਨ, ਇਸ ਵਾਸਤੇ ਸ਼ਬਦ ਦੁਆਰਾ ਹਿਰਦੇ ਵਿਚ ਪ੍ਰਕਾਸ਼ ਨਹੀਂ ਕਰ ਸਕਦੇ।

*"ਮਨਮੁਖ ਬੋਲੇ ਅੰਧੁਲੇ, ਤਿਸ ਮਹਿ ਅਗਨੀ ਕਾ ਵਾਸੁ।*
*ਬਾਣੀ ਸੁਰਤਿ ਨ ਬੁਝਣੀ, ਸ਼ਬਦਿ ਨ ਕਰਹਿ ਪ੍ਰਗਾਸੁ।*

ਸਭ ਸੰਗਤਾਂ ਧੰਨ ਗੁਰੂ ਅਮਰ ਦਾਸ ਕਹਿੰਦੀਆਂ ਆਪਣੇ ਘਰਾਂ ਨੂੰ ਗਈਆਂ।

● ● ●

੮

# ਬਖ਼ਸ਼ਿਸ਼ਾਂ ਅਤੇ ਮਰਯਾਦਾ ਬੰਨ੍ਹਣੀ

**ਰਹਿਮਤਾਂ**—ਗੁਰੂ ਅਮਰ ਦਾਸ ਜੀ ਦੀਆਂ ਰਹਿਮਤਾਂ ਤੇ ਬਖ਼ਸ਼ਿਸ਼ਾਂ ਦਾ ਕੋਈ ਅੰਤ ਨਹੀਂ ਪਾ ਸਕਦਾ। ਸੱਤਾ ਤੇ ਬਲਵੰਡ ਜੀ ਨੇ ਠੀਕ ਲਿਖਿਆ ਹੈ ਕਿ ਗੁਰੂ ਜੀ ਨੇ ਰਿੜਕ ਕੇ ਚੌਦਾਂ ਰਤਨ ਸਮੁੰਦਰ ਦੀ ਤਹਿ ਤੋਂ ਕੱਢ ਆਂਦੇ। ਨਿਕਾਲੇ ਸਾਰੇ ਰਤਨ ਹੀ ਸਿੱਖਾਂ ਨੂੰ ਬਖ਼ਸ਼ ਦਿੱਤੇ।

ਫਿਰ ਸਿੱਖੀ ਨੂੰ ਇਤਨਾ ਦ੍ਰਿੜ ਕਰ ਦਿੱਤਾ ਕਿ ਇਹ ਹਰ ਪੱਖੋਂ ਮਜ਼ਬੂਤ ਹੋ ਗਈ। ਗੁਰਬਾਣੀ ਦੀ ਸੰਭਾਲ ਲਈ ਪੋਥੀਆਂ ਲਿਖੀਆਂ ਲਿਖਵਾਈਆਂ, ਗੂੜ੍ਹ ਮਸਲਿਆਂ ਬਾਰੇ ਆਪਣੇ ਵਿਚਾਰ ਦੇ ਕੇ ਰਾਹ ਸਹਿਲਾ ਸੁਖੈਨ ਕਰ ਦਿੱਤਾ। ਦੂਰ ਵਸਦੀ ਸਿੱਖੀ ਲਈ ਮੰਜੀ ਦੀ ਪ੍ਰਥਾ ਜਾਰੀ ਕੀਤੀ। ਵੱਖਰੀ ਨਰੋਈ ਮਰਯਾਦਾ ਬੰਨ੍ਹੀ। ਕੁਰੀਤੀਆਂ ਵਿਰੁੱਧ ਕਰੜੇ ਹੁਕਮ ਹੀ ਨ ਦਿੱਤੇ ਸਗੋਂ ਰੋਕਿਆ। ਨਸ਼ਿਆਂ ਤੋਂ ਵਰਜਿਆ। ਸਤੀ ਦੀ ਭੈੜੀ ਚਾਲ ਨੂੰ ਬੰਦ ਕਰਾਇਆ, ਪਰਦੇ ਦੀ ਸਖ਼ਤ ਮਨਾਹੀ ਕੀਤੀ। ਉਦਾਸੀਆਂ ਦੇ ਪੰਜੇ ਵਿਚ ਪੰਥ ਨ ਫਸ ਜਾਏ ਇਸ ਲਈ ਕਰੜੇ ਹੁਕਮ ਦਿੱਤੇ। ਅੰਮ੍ਰਿਤਸਰ ਦੀ ਅਸਥਾਪਣਾ ਦਾ ਹੁਕਮ ਅਤੇ ਥਾਂ ਚੁਣ ਕੇ ਦਿੱਤੀ। ਜਿਨ੍ਹਾਂ ਦਾ ਕੋਈ ਨਹੀਂ, ਆਪਣਾ ਆਖਿਆ ਤੇ ਬਣਾਇਆ। ਐਸੀਆਂ ਕਈ ਹੋਰ ਬਖ਼ਸ਼ਿਸ਼ਾਂ ਤੀਜੇ ਪਾਤਸ਼ਾਹ ਨੇ ਕੀਤੀਆਂ ਜਿਨ੍ਹਾਂ ਦਾ ਵਰਣਨ ਜ਼ਰੂਰੀ ਹੈ।

**ਸਤੀ**—ਸਤੀ ਸ਼ਬਦ ਦਾ ਅਰਥ ਹੈ ਇਕ ਪਵਿੱਤਰ ਤੇ ਚਰਿਤਰਵਾਨ ਇਸਤਰੀ ਪਰ ਇਹ ਜੋੜੀ ਗਈ ਕੋਝੀ ਤੇ ਭੈੜੀ ਰੀਤ ਨਾਲ ਜਿਸ ਅਨੁਸਾਰ ਔਰਤ ਨੂੰ ਆਪਣੇ ਘਰ ਵਾਲੇ ਦੇ ਮ੍ਰਿਤਕ ਸਰੀਰ ਨਾਲ ਸੜਨ 'ਤੇ ਮਜਬੂਰ ਕੀਤਾ ਜਾਂਦਾ ਸੀ।

ਬਹੁਤ ਦੇਸ਼ਾਂ ਦੀਆਂ ਆਦਿਮ ਜਾਤੀਆਂ ਦਾ ਇਹ ਵਿਸ਼ਵਾਸ ਰਿਹਾ ਹੈ ਕਿ ਮੌਤ ਤੋਂ ਬਾਅਦ ਦਾ ਜੀਵਨ ਘੱਟ ਜਾਂ ਜ਼ਿਆਦਾ ਵਰਤਮਾਨ ਜੀਵਨ ਦਾ ਹੀ ਲਗਾਤਾਰ ਰੂਪ ਹੈ ਤੇ ਉਸ ਦੀਆਂ ਨਿੱਤ ਦੀਆਂ ਲੋੜਾਂ ਵੀ ਵਰਤਮਾਨ ਜ਼ਿੰਦਗੀ ਵਾਂਗਰ ਹੀ ਹਨ। ਇਸ ਲਈ ਮਰੇ ਮਨੁੱਖ ਨੂੰ ਪਰਲੋਕ ਵਿਚ ਵੀ ਆਪਣੀ ਔਰਤ ਦੀ ਲੋੜ ਹੈ। ਇਸ ਲਈ ਜਦ ਕੋਈ ਰਾਜਾ ਮਰਦਾ ਸੀ ਤਾਂ ਉਸ ਦੀਆਂ ਰਾਣੀਆਂ ਰਖੇਲਾਂ ਤੇ ਨੌਕਰਾਂ ਤਕ ਨੂੰ ਜ਼ਬਰਦਸਤੀ ਚਿਤਾ ਨਾਲ ਹੀ ਸਾੜ ਦੇਂਦੇ ਸਨ। ਇਹ ਕੁਪ੍ਰਥਾ ਭਾਰਤ, ਚੀਨ,

ਬੇਬੋਲੀਨੀਆ ਤੇ ਹੋਰ ਕਈ ਦੇਸ਼ਾਂ ਵਿਚ ਵੀ ਪ੍ਰਚਲਤ ਸੀ।

ਹਿੰਦੁਤਾਨ ਦੇ ਧਰਮ ਗ੍ਰੰਥਾਂ ਵਿਚ ਇਤਨੀ ਕੁ ਛੂਟ ਸੀ ਕਿ ਆਪਣੀ ਮਰਜ਼ੀ ਨਾਲ ਔਰਤ ਸਤੀ ਹੋਵੇ ਪਰ ਇਹ ਮਰਜ਼ੀ ਮਨਵਾ ਲਈ ਜਾਂਦੀ ਸੀ। ਇਸਤਰੀ ਨੂੰ ਪਤੀ ਦੀ ਚਿਤਾ ਤੇ ਸੜਨ ਨੂੰ ਹੀ ਪੁੰਨ ਕਿਹਾ ਗਿਆ। ਇਹ ਵੀ ਲਿਖਿਆ ਗਿਆ ਕਿ ਸਤੀ ਹੋਣ ਵਾਲੀ ਇਸਤਰੀ ਨਾ ਕੇਵਲ ਸਵਰਗ ਵਿਚ ਆਪਣੇ ਸਵਾਮੀ ਨਾਲ ਸਦਾ ਆਨੰਦ ਮਾਣਦੀ ਹੈ ਸਗੋਂ ਪਤੀ ਦੇ ਪਰਵਾਰ ਦੇ ਤਿੰਨਾਂ ਪੀੜ੍ਹੀਆਂ ਦੇ ਪਾਪਾਂ ਨੂੰ ਧੋ ਦੇਂਦੀ ਹੈ। ਇਸ ਤਰ੍ਹਾਂ ਦੀਆਂ ਆਸਾਂ ਉਮੀਦਾਂ ਦੁਆ ਕੇ ਹੀ ਔਰਤ ਨੂੰ ਸਤੀ ਹੋਣ ਲਈ ਪ੍ਰੇਰਿਆ ਜਾਂ ਮਜਬੂਰ ਕੀਤਾ ਜਾਂਦਾ ਸੀ।

ਜਕੋ-ਤੱਕੀ ਕਰਨ ਵਾਲੀਆਂ ਇਸਤਰੀਆਂ ਨੂੰ ਨਸ਼ੀਲੀਆਂ ਦਵਾਈਆਂ ਪਿਲਾ ਕੇ ਅੰਗ ਨਿਸਲ ਕਰ ਦਿੱਤੇ ਜਾਂਦੇ ਤੇ ਉਹ ਮਜਬੂਰ ਹੋ ਚਿਤਾ 'ਤੇ ਜਲ ਮਰਦੀਆਂ। ਇਹੋ ਜਿਹੀਆਂ ਕਈ ਘਟਨਾਵਾਂ ਹੁੰਦੀਆਂ ਕਿ ਚਿਤਾ ਦੀ ਅੱਗ ਦੀ ਤਪਸ਼ ਨਾਲ ਸਤੀ ਹੋਣ ਵਾਲੀ ਇਸਤਰੀ ਨੱਸ ਪੈਂਦੀ ਤਾਂ ਜ਼ਬਰਦਸਤੀ ਚੁੱਕ ਕੇ ਫੇਰ ਚਿਤਾ 'ਤੇ ਬਿਠਾਲ ਦਿੱਤੀ ਜਾਂਦੀ।

ਸਾੜਨ ਵਾਲੇ ਕਈ ਇਹਤਿਆਤਾਂ ਕਰਦੇ। ਇਕ ਇਹ ਸੀ ਕਿ ਉਹ ਵਿਧਵਾ ਦੇ ਸਰੀਰ ਨੂੰ ਲੱਕੜੀ, ਪੱਤਿਆਂ ਤੇ ਪੁਆਲ ਪਾ ਢੱਕ ਦੇਂਦੇ ਤੇ ਫਿਰ ਚਿਤਾ ਨੂੰ ਅੱਗ ਲਗਾਉਣ ਤੋਂ ਪਹਿਲਾਂ ਦੋ ਬਾਂਸਾਂ ਦੇ ਸਹਾਰੇ ਉਸ ਨੂੰ ਹੇਠਾਂ ਦਬਾਉਂਦੇ ਰਹਿੰਦੇ। ਨਾਲ ਹੀ ਨਾਲ ਨੜੋਆ ਬਿਜਲੀ ਦੇ ਕੜਕਣ ਤੋਂ ਵੱਧ ਸ਼ੋਰ ਮਚਾਂਦਾ ਤੇ ਢੋਲ ਢਮੱਕਾ ਕਰਦਾ ਤਾਂਕਿ ਵਿਚਾਰੀ ਵਿਧਵਾ ਕੁੜੀ ਦੀਆਂ ਦਰਦਨਾਕ ਆਵਾਜ਼ਾਂ ਕੋਈ ਸੁਣ ਨਾ ਲਵੇ। ਹੈਰਾਨੀ ਦੀ ਗੱਲ ਇਹ ਹੈ ਕਿ ਇਤਨੀ ਮਾੜੀ, ਕੋਈ, ਭਿਆਨਕ ਰੀਤ ਸਭਿਅ ਕਹਿਲਾਉਣ ਵਾਲੇ ਦੇਸ਼ ਵਿਚ ਚਲਦੀ ਕਿਵੇਂ ਰਹੀ?

ਕਿਤਨਾ ਕੁ ਕਠਨ ਸੀ ਇਸ ਨੂੰ ਹਟਾਉਣਾ, ਇਸ ਦਾ ਅੰਦਾਜ਼ਾ ਇਥੋਂ ਹੀ ਲਗਾਵੋ ਕਿ ਕਈ ਹਕੂਮਤਾਂ ਜੁਟੀਆਂ ਰਹੀਆਂ ਪਰ ਹਟਾ ਨਾ ਸਕੀਆਂ।

ਬ੍ਰਿਟਿਸ਼ ਸਰਕਾਰ ਨੇ ਪਹਿਲਾਂ-ਪਹਿਲਾਂ ਸਭਾ ਬੁਲਾ ਕੇ ਸਤੀ ਹੋਣ ਤੋਂ ਰੋਕਣਾ ਚਾਹਿਆ ਪਰ ੧੭੮੯ ਵਿਚ ਸ਼ਾਹਬਾਦ ਦੇ ਕੁਲੈਕਟਰ ਨੇ ਲਾਰਡ ਕਾਰਨਵਾਲਿਸ ਨੂੰ ਲਿਖਿਆ ਕਿ ਐਸੀ ਕੁ-ਪ੍ਰਥਾ ਨੂੰ ਜਾਰੀ ਰਹਿਣ ਦੇਣਾ ਮਨੁੱਖਤਾ ਦਾ ਕਤਲ ਹੈ ਪਰ ਉਸ ਨੇ ਉੱਤਰ ਵਜੋਂ ਲਿਖਿਆ : 'ਤੁਸੀਂ ਸਮਝਾਉਣ ਬੁਝਾਉਣ ਤਕ ਹੀ ਸੀਮਤ ਰਵ੍ਹੋ। ਕਰੜੇ ਉਪਾਵਾਂ ਦਾ ਸਹਾਰਾ ਨਹੀਂ ਲੈਣਾ।' ਸਰਕਾਰ ਤਕ ਜੁਰਅੱਤ ਕਰਨ ਤੋਂ ਝਿਜਕਦੀ ਸੀ। ਕਿਧਰੇ ੪ ਦਸੰਬਰ ੧੮੨੯ ਨੂੰ ਵਿਲਿਅਮ ਬੈਂਟਿਕ ਨੇ ਸਤਾਰਵਾਂ ਕਾਨੂੰਨ ਪਾਸ ਕਰਕੇ ਸਤੀ ਨੂੰ 'ਗ਼ੈਰ ਕਾਨੂੰਨੀ' ਕਰਾਰ ਦਿੱਤਾ। ਇਸ ਦਾ ਇਤਨਾ ਵਿਰੋਧ ਹੋਇਆ ਕਿ ਰੂੜ੍ਹੀਵਾਦੀ ਪ੍ਰਿਵੀ ਕੌਂਸਲ ਲੰਡਨ ਤਕ ਇਸ ਨੂੰ ਰੱਦ ਕਰਾਉਣ ਲਈ ਗਏ।

ਧੰਨ ਗੁਰੂ ਅਮਰਦਾਸ ਜੀ ਹਨ, ਜਿਨ੍ਹਾਂ ਪੰਜ ਸਦੀਆਂ ਪਹਿਲਾਂ ਪੰਜਾਬ ਨੂੰ ਇਸ ਭੈੜੀ ਵਾਦੀ ਤੋਂ ਮੁਕਤ ਕਰਾਇਆ।

**ਸਤੀ ਦੀ ਕੁਕ੍ਰਿਯਾ ਵਿਰੁੱਧ ਹੁਕਮ**—ਸਿੱਖ ਘਰ ਵਿਚ ਇਨਸਾਨੀ ਜੀਵਨ ਦੀ ਕਦਰ

ਸਭ ਤੋਂ ਪਹਿਲਾਂ ਹੈ। ਸਰੀਰ ਨੂੰ ਮੇਰ ਕਹਿ ਕੇ ਗੁਰੂ ਨਾਨਕ ਜੀ ਨੇ ਸਤਿਕਾਰ ਦਿੱਤਾ ਸੀ ਅਤੇ ਅਵਾਈਂ ਜੀਵਨ ਗਵਾਉਣ ਵਾਲੇ ਆਤਮ ਘਾਤੀ ਨੂੰ ਜਗਤ ਕਸਾਈ ਕਿਹਾ ਸੀ। ਮਨੁੱਖੀ ਸਰੀਰ ਨੇ ਕਈਆਂ ਦੇ ਕਾਰਜ ਸਵਾਰਨੇ ਹਨ ਇਸ ਲਈ ਜੋ ਇੰਞੇ ਹੀ ਗਵਾ ਦਿੰਦਾ ਹੈ ਉਹ ਜਗਤ ਕਸਾਈ (ਵਰਲਡ ਬੁੱਚਰ) ਹੈ। ਲੋਕਾਂ ਪ੍ਰਤੀ ਆਪਣਾ ਫ਼ਰਜ਼ ਨਾ ਪਛਾਣਨਾ ਕਸਾਈ-ਪੁਣਾ ਹੈ।

ਸਤੀ ਦੀ ਭੈੜੀ ਵਾਦੀ ਇਕ ਤਾਂ ਮਨੁੱਖਤਾ ਦੇ ਮੱਥੇ ਤੇ ਕਲੰਕ ਸੀ, ਦੂਜੇ ਮਰਦ ਦੀ ਇਸਤਰੀ ਤੇ ਅਜਾਰਾਦਾਰੀ ਦਰਸਾਂਦੀ ਸੀ। ਗੁਰੂ ਨਾਨਕ ਦੇਵ ਜੀ ਨੇ ਜਦ ਇਸਤਰੀ ਨੂੰ 'ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ' ਕਿਹਾ ਤਾਂ ਉਨ੍ਹਾਂ ਦਾ ਭਾਵ ਸੀ: ਦੇਖੋ ਇਹ ਅਨੋਖਾ ਨਿਆਂ ਕਿ ਜਿਸ ਨੇ ਨਿਹਕਲੰਕ ਰਾਜੇ ਨੂੰ ਜਨਮ ਦਿੱਤਾ ਹੈ ਉਹ ਤਾਂ ਕਲੰਕਣੀ ਪਰ ਉਸ ਦੀ ਕੁੱਖ ਤੋਂ ਜਨਮ ਲੈਣ ਵਾਲਾ ਰਾਜਾ ਨਿਹਕਲੰਕ।

ਕੁਝ ਅਜਿਹਾ ਹੀ ਸਤੀ ਕਰਨ ਤੇ ਹੋਣ ਵੇਲੇ ਹੋ ਰਿਹਾ ਸੀ। ਕਦੇ ਕਿਸੇ ਨੇ ਮਰਦ ਨੂੰ ਸਤੀ ਹੁੰਦੇ ਨਹੀਂ ਡਿੱਠਾ ਸੀ। ਇਹ ਵਿਚਾਰੀ ਹੀ ਮਾਂਗ ਵਿਚ ਸੰਧੂਰ ਪਾ ਕੇ, ਹੱਥ ਨਰੀਏਲ ਲੈ ਕੇ, ਢੋਲ ਢਮੱਕੇ ਤੇ ਸਾਜ਼ਾਂ ਦੀ ਘਨਘੋਰ ਤੇ ਧੂਪ, ਅਗਰਬਤੀਆਂ ਤੇ ਤੇਜ਼ ਸੁਗੰਧੀਆਂ ਤੇ ਸੁੱਧ ਬੁੱਧ ਭੁਲਾ ਕੇ ਚਿਖਾ ਤੇ ਬਿਠਲਾ ਦਿੱਤੀ ਜਾਂਦੀ ਸੀ। ਗੁਰੂ ਅਮਰ ਦਾਸ ਜੀ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਇਸ ਤਰ੍ਹਾਂ ਆਤਮ ਹੱਤਿਆ ਕੀਤੀ ਜਾਂ ਹੱਤਿਆ ਕਰਾਈ ਜਾਏ ਤੇ ਫੇਰ ਉਸ ਨੂੰ ਧਰਮ ਦਾ ਨਾਂ ਦਿੱਤਾ ਜਾਏ। ਉਨ੍ਹਾਂ ਪਹਿਲਾਂ ਸਮਝਾਇਆ ਕਿ ਸਤੀਆਂ ਉਹ ਨਹੀਂ ਹਨ ਜੋ ਮੜ੍ਹੀਆਂ ਵਿਚ ਜਾ ਸੜਦੀਆਂ ਹਨ, ਸਤੀਆਂ ਉਹ ਹਨ ਜੋ ਬਿਰਹੁ ਦੀ ਚੋਟ ਸਹਾਰਦੀਆਂ ਹਨ :

*ਸਤੀਆ ਏਹਿ ਨ ਆਖੀਅਨਿ,*
*ਜੋ ਮੜੀਆ ਲਗਿ ਜਲੰਨਿ।*
*ਨਾਨਕ ਸਤੀਆ ਜਾਣੀਅਨਿ,*
*ਜਿ ਬਿਰਹੇ ਚੋਟ ਮਰੰਨਿ॥ ੧॥* [1]

ਫਿਰ ਅਗਲੇ ਸਲੋਕ ਵਿਚ ਫ਼ਰਮਾਇਆ ਹੈ ਕਿ ਪਤੀ ਦੇ ਜਾਣ ਪਿੱਛੋਂ ਸੀਲ ਸੰਤੋਖ ਵਿਚ ਰਹਿਣਾ ਹੀ ਸਤੀ ਹੋਣਾ ਹੈ। ਮਿੱਠੀ ਯਾਦ ਵਿਚ ਜ਼ਿੰਦਗੀ ਕੱਟੀ ਜਾ ਸਕਦੀ ਹੈ :

*"ਭੀ ਸੋ ਸਤੀਆ ਜਾਣੀਅਨਿ,*
*ਸੀਲ ਸੰਤੋਖ ਰਹੰਨਿ।*
*ਸੇਵਨਿ ਸਾਈ ਆਪਣਾ,*
*ਨਿਤ ਉਠਿ ਸੰਮ੍ਾਲੰਨਿ॥ ੨॥*

(ਵਾਰ ਸੂਹੀ ਮਹਲਾ ੩)

ਤੀਜੇ ਪਾਤਸ਼ਾਹ ਫਿਰ ਇਕ ਹੋਰ ਦਲੀਲ ਦਿੰਦੇ ਹਨ ਕਿ ਜੇ ਇਸਤਰੀ ਵਿਚ ਪਿਆਰ ਹੈ ਤਦ ਤਾਂ ਉਹ ਪਤੀ ਦੇ ਮਰਨ 'ਤੇ ਹੀ ਦੁੱਖ ਸਹਿ ਲੈਂਦੀ ਹੈ, ਇਸ ਤਰ੍ਹਾਂ ਸੜ ਮਰਨ

1. ਸੂਹੀ ਕੀ ਵਾਰ, ਮਹਲਾ ਤੀਜਾ

ਨਾਲ ਕੋਈ ਵਧੇਰੇ ਦੁੱਖ ਨਹੀਂ ਹੋਣਾ। ਜੇ ਪਿਆਰ ਨਹੀਂ ਹੈ ਤਾਂ ਮਰਨ ਦਾ ਕੋਈ ਅਰਥ ਵੀ ਨਹੀਂ। ਜੀਵਨ ਜ਼ਾਇਆ ਨਹੀਂ ਕਰਨਾ ਚਾਹੀਦਾ।

*"ਕੰਤਾ ਨਾਲ ਮਹੇਲੀਆ, ਸੇਤੀ ਅਗਿ ਜਲਾਹਿ।*
*ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ।*
*ਨਾਨਕ ਕੰਤ ਨਾ ਜਾਣਨੀ, ਸੇ ਕਿਉ ਅਗਿ ਜਲਾਹਿ।*
*ਭਾਵੈ ਜੀਵਉ ਕੈ ਮਰਉ, ਦੂਰਹੁ ਹੀ ਭਜਿ ਜਾਹਿ। ੩।*

ਨਾਲ ਲਗਦੀ ਪਉੜੀ ਵਿਚ ਗੁਰੂ ਜੀ ਫ਼ਰਮਾਂਦੇ ਹਨ ਕਿ ਇਹ ਪਰਿਵਾਰ ਦੇ ਵਿਛੋੜੇ ਪ੍ਰਭੂ ਦੇ ਆਪਣੇ ਹੁਕਮ ਅਨੁਸਾਰ ਮਿਲਦੇ ਹਨ। ਇਨ੍ਹਾਂ ਨੂੰ ਦਾਤ ਕਰ ਕੇ ਮੰਨਣਾ ਚਾਹੀਦਾ ਹੈ। ਜਿਸ ਦਾਤ ਕਰ ਕੇ ਮੰਨ ਲਿਆ ਉਸ ਨੂੰ ਨਾਮ ਦਾਤ ਵੀ ਪ੍ਰਾਪਤ ਹੋ ਗਈ ਕਿਉਂਕਿ ਦੁੱਖ-ਸੁਖ ਸਮ ਕਰ ਜਾਣਨਾ ਹੀ ਉਸ ਦੀ ਦਾਤ ਦੀ ਨਿਸ਼ਾਨੀ ਹੈ ;

*"ਤੁਧੁ ਦੁਖੁ ਸੁਖ ਨਾਲਿ ਉਪਾਇਆ,*
*ਲੇਖ ਕਰਤੈ ਲਿਖਿਆ।*
*ਨਾਵੈ ਜੇਵਡ ਹੋਰ ਦਾਤਿ ਨਾਹੀ,*
*ਤਿਸ ਰੂਪੁ ਨ ਰਿਖਿਆ।"*

ਗੁਰੂ ਅਮਰ ਦਾਸ ਜੀ ਨੇ ਥਾਂ-ਥਾਂ ਹੁਕਮਨਾਮੇ ਭੇਜੇ ਕਿ ਕਿਸੇ ਔਰਤ ਨੂੰ ਵੀ ਸਤੀ ਨਾ ਹੋਣ ਦਿੱਤਾ ਜਾਏ। ਗੁਰੂ ਦਾ ਹੁਕਮ ਹੈ। ਉਲੰਘਣਾ ਕਰਨ ਵਾਲਾ ਬੇਮੁਖ ਹੈ।

ਅਕਬਰ ਬਾਦਸ਼ਾਹ ਨੇ ਪਿੱਛੋਂ ਕਿਧਰੇ ੧੫੯੪ ਈ: ਵਿਚ ਸਤੀ ਦੀ ਕੁਕ੍ਰਿਆ ਨੂੰ ਬੰਦ ਕਰਨ ਦਾ ਸ਼ਾਹੀ ਹੁਕਮ ਦਿੱਤਾ ਸੀ ਪਰ ਫ਼ਰਮਾਨ ਵਿਚ ਉਕਾਈ ਫਿਰ ਵੀ ਰਹੀ ਕਿਉਂਕਿ ਉਸ ਵਿਚ ਲਿਖਿਆ ਸੀ ਕਿ ਕੋਈ ਕਿਸੇ ਨੂੰ ਜਬਰੀ ਸਤੀ ਨਹੀਂ ਕਰ ਸਕਦਾ, 'ਮਰਜ਼ੀ' ਨਾਲ ਔਰਤ ਸਤੀ ਹੋ ਸਕਦੀ ਹੈ। ਇਹ 'ਮਰਜ਼ੀ' ਗੀਤਾਂ ਤੇ ਰਸਮਾਂ ਦੇ ਬੱਝੇ ਕਰਵਾ ਹੀ ਲੈਂਦੇ ਸਨ। ਗੁਰੂ ਜੀ ਨੇ ਮਰਜ਼ੀ ਜਾਂ ਨਾ ਮਰਜ਼ੀ ਦੀ ਗੱਲ ਹੀ ਮੁਕਾ ਦਿੱਤੀ ਸੀ। ਹੁਕਮ ਹੋਇਆ ਸੀ ਕਿ ਕਿਸੇ ਹਾਲਤ ਵਿਚ ਵੀ ਸਤੀ ਨਹੀਂ ਹੋਣ ਦੇਣਾ।

**ਵਿਧਵਾ ਵਿਆਹ**—ਗੁਰੂ ਜੀ ਨੇ ਇਹ ਵੀ ਅਨੁਭਵ ਕਰ ਲਿਆ ਸੀ ਕਿ ਕੋਈ ਵਿਰਲੀ ਹੀ ਸਤ ਸੰਤੋਖ ਦਾ ਜੀਵਨ ਬਤੀਤ ਕਰਦੀ ਹੈ। ਜੋ ਸਤੀ ਹੋਣ ਤੇ ਬਚ ਰਹਿੰਦੀਆਂ ਸਨ ਉਨ੍ਹਾਂ ਦੇ ਜੀਵਨ ਨੂੰ ਨਰਕ ਬਣਾ ਦਿੱਤਾ ਜਾਂਦਾ ਸੀ। 'ਵਿਧਵਾ ਆਪਣਾ ਤਨ ਪਰ ਕੋ ਦਈ' ਦੀਆਂ ਉਦਾਹਰਨਾਂ ਆਮ ਸਨ। ਮਨੂੰ ਦਾ ਵਿਧਾਨ ਇਸਤਰੀ ਲਈ ਬੰਧਨ ਰੂਪ ਸੀ। ਮਨੂੰ ਕਹਿ ਗਿਆ ਸੀ। "ਜੇ ਪਤੀ ਮਰ ਜਾਏ ਤਾਂ ਕੀ ਪਤਨੀ ਨੂੰ ਫਿਰ ਵਿਆਹ ਕਰਨ ਦਾ ਕੋਈ ਅਧਿਕਾਰ ਹੈ ?" ਉੱਤਰ ਸੀ : ਕਦਾਚਿਤ ਨਹੀਂ। ਕਿਸੇ ਸੂਰਤ ਵਿਚ ਫੇਰ ਵਿਆਹ ਨਹੀਂ ਕਰਾ ਸਕਦੀ। ਉਸ ਲਈ ਇਹ ਹੀ ਹੁਕਮ ਹੈ ਕਿ ਤਨ ਨੂੰ ਸੁਕਾ ਦੇਵੇ।

ਆਪ ਜੀ ਨੇ ਇਸ ਵਿਚਾਰ 'ਤੇ ਵੀ ਕਰਾਰੀ ਸੱਟ ਮਾਰੀ ਅਤੇ ਹੁਕਮ ਦਿੱਤਾ ਕਿ ਗੁਰੂ ਘਰ ਵਿਚ ਵਿਧਵਾ ਵਿਆਹ ਦੀ ਆਗਿਆ ਹੈ। ਫਾਰਸਟਰ[1] ਆਪਣੇ ਸਫ਼ਰਨਾਮੇ

---

1. ਫਾਰਸਟਰ, ਟ੍ਰੈਵੱਲਜ਼, (*i*) ਪੰਨਾ ੩੦੯

ਵਿਚ ਲਿਖਦਾ ਹੈ ਕਿ ਵਿਧਵਾ ਵਿਆਹ ਦੀ ਆਗਿਆ ਗੁਰੂ ਨਾਨਕ ਦੇਵ ਜੀ ਕਰ ਗਏ ਸਨ ਅਤੇ ਗੁਰੂ ਅਮਰ ਦਾਸ ਜੀ ਨੇ ਉਸੇ ਨੂੰ ਅਮਲੀ ਰੂਪ ਪਹਿਨਾਇਆ। ਇਹ ਇਕ ਕਰਾਂਤੀ ਸੀ ਜੋ ਉਸ ਸਮੇਂ ਪੰਜਾਬ ਤੇ ਹਿੰਦੁਸਤਾਨ ਵਿਚ ਲਿਆਂਦੀ ਗਈ। ਗੁਰੂ ਜੀ ਸਿੱਖ ਧਰਮ ਨੂੰ ਸੁਤੰਤਰ ਕਰ ਰਹੇ ਸਨ ਅਤੇ ਪ੍ਰੋਹਤਵਾਦ ਦੇ ਜੂਲੇ ਹੇਠੋਂ ਲੋਕਾਈ ਨੂੰ ਕੱਢ ਕੇ ਨਵੀਆਂ ਲੀਹਾਂ ਪਾ ਰਹੇ ਸਨ।

**"ਜੋ ਉਦਾਸੀ ਕਰੇਗਾ, ਤਿਸ ਕਾ ਬੁਰਾ ਹੋਵੇਗਾ"**—'ਗੁਰੂ ਨਾਨਕ ਜੀ ਨੇ ਉਦਾਸੀ ਕੀਤੀ' ਦਾ ਸਹਾਰਾ ਲੈ ਕੇ ਉਨ੍ਹਾਂ ਦੇ ਹੀ ਸਪੁੱਤ੍ਰ ਬਾਬਾ ਸ੍ਰੀ ਚੰਦ ਜੀ ਨੇ ਨਵ-ਲਗਾਏ ਸਿੱਖੀ ਦੇ ਬੂਟੇ ਨੂੰ ਸੱਟ ਮਾਰੀ ਪਰ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਸੇਬੇ ਦੇ ਪ੍ਰਤੱਖ ਦੇਖਣ ਕਾਰਨ ਸਿੱਖ ਸੁਚੇਤ ਰਹੇ। ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਪੁੱਜ ਕੇ ਭੇਖ ਉਦਾਸੀ ਸਗਲ ਉਤਾਰ ਦਿੱਤਾ ਸੀ ਅਤੇ ਸੰਸਾਰੀ ਕੱਪੜੇ ਪਹਿਨ ਲਏ ਸਨ। ਮੰਜੀ ਬੈਠ ਵਰਤਾਰਾ ਕਰਦੇ ਸਨ। *ਮੰਜੀ ਘਰ ਦਾ ਹੀ ਪ੍ਰਤੀਕ ਹੈ।* ਫੂਹੜੀ, ਆਸਨ, ਮਿਰਗਸ਼ਾਲਾ ਜਾਂ ਜੋ ਵੀ ਸੰਨਿਆਸੀ ਤੇ ਉਦਾਸੀ ਦੇ ਚਿੰਨ੍ਹ ਸਨ, ਉਨ੍ਹਾਂ ਦੀ ਵਰਤੋਂ ਹੀ ਨਹੀਂ ਕੀਤੀ। ਬਟਾਲਾ ਵਿਖੇ ਸਿੱਧਾਂ ਦੇ ਇਕ ਉੱਤਰ ਕਿ ਤੁਸਾਂ ਵੀ ਘਰ ਛੱਡਿਆ ਸੀ, ਉਦਾਸੀ ਬਣੇ ਸੀ ਅਤੇ ਭੇਖ ਧਾਰਿਆ ਸੀ, ਦਾ ਜੁਆਬ ਦਿੱਤਾ ਸੀ ਕਿ ਉਹ ਘਰੋਂ ਸਿਰਫ਼ ਗੁਰਮੁਖਾਂ ਦੀ ਖੋਜ ਕਰਨ ਨਿਕਲੇ ਸਨ ਤਾਂ ਕਿ ਗੁਰਮੁਖਿ ਇਕ ਥਾਂ ਇਕੱਠੇ ਬੈਠ ਸਾਧ ਸੰਗਤਿ ਬਣਾ ਲੈਣ। ਵੱਖ-ਵੱਖ ਦਰਸ਼ਨ (ਫ਼ਿਲਾਸਫ਼ੀਆਂ) ਨਾ ਰੱਖਣ। ਇਕੋ ਧਰਮ ਧੁਜਾ ਹੇਠਾਂ ਆ ਜਾਣ :

*"ਗੁਰਮੁਖਿ ਖੋਜਤੁ ਭਏ ਉਦਾਸੀ।*
*ਦਰਸ਼ਨ ਕੈ ਤਾਈ ਭੇਖ ਨਿਵਾਸੀ।"*

ਸੋ ਕਿਸੇ ਨੂੰ ਕੋਈ ਸ਼ੰਕਾ ਨਹੀਂ ਸੀ ਕਿ ਉਦਾਸੀ ਦੀ ਰੀਤ ਸਿੱਖੀ ਮਾਰਗ ਹੈ।

ਗੁਰੂ ਅੰਗਦ ਦੇਵ ਜੀ ਨੇ ਦ੍ਰਿੜ੍ਹ ਚਿੱਤ ਹੋ ਕੇ ਉਦਾਸੀ ਰੀਤ ਦੀ ਵਿਰੋਧਤਾ ਕੀਤੀ। ਉਨ੍ਹਾਂ ਸਪੱਸ਼ਟ ਲਫ਼ਜ਼ਾਂ ਵਿਚ ਕਿਹਾ : ਜੋ ਲੋਕ ਜੰਗਲਾਂ, ਪਰਬਤਾਂ ਜਾਂ ਤੱਟਾਂ 'ਤੇ ਧੂਣੀਆਂ ਰਮਾ ਲੈਂਦੇ ਹਨ, ਉਨ੍ਹਾਂ ਤੋਂ ਕਿਸੇ ਨੂੰ ਕੋਈ ਲਾਭ ਨਹੀਂ। ਫਿਰ ਸਭ ਤੋਂ ਹੈਰਾਨੀ ਇਹ ਕਿ ਮੰਗਣ ਗ੍ਰਹਿਸਤੀਆਂ ਦੇ ਘਰ ਹੀ ਜਾਂਦੇ ਹਨ। ਇਹ ਅਜੀਬ ਨਿਆਂ ਹੈ ਕਿ ਜਿਸ ਕੋਲੋਂ ਮੰਗ ਖਾਧਾ ਜਾਏ ਉਹ ਤਾਂ ਨਰਕ ਵਾਸੀ, ਜੋ ਦੇਂਦਾ ਹੈ, ਭੁੱਖ ਮਿਟਾਂਦਾ ਹੈ, ਉਹ ਨਰਕਧਾਰੀ ਪਰ ਜੋ ਮੰਗ ਖਾਏ ਉਹ ਸੁਰਗਾਂ ਦੇ ਲਾਇਕ :

*"ਦੇਂਦਾ ਨਰਕਿ, ਸੁਰਗਿ ਲੈਂਦੇ, ਦੇਖਹੁ ਇਹ ਧਿਙਾਣਾ।"*

ਗੁਰੂ ਅਮਰ ਦਾਸ ਜੀ ਨੇ ਜ਼ੋਰ ਹੀ ਗ੍ਰਹਿਸਤ ਤੇ ਦਿੱਤਾ। ਪਹਿਲਾ ਹੁਕਮ ਸੀ : *ਜੋ ਉਦਾਸੀ ਕਰੇਗਾ, ਤਿਸ ਦਾ ਬੁਰਾ ਹੋਵੇਗਾ।* ਜੋ ਸਿੱਖ ਗ੍ਰਹਿਸਤ ਵਿਚ ਅਰਾਧੇਗਾ, ਤਿਸ ਪਰਮੇਸਰ ਗੁਰੂ ਸੁਖੀ ਰੱਖੇਗਾ।"

ਫਿਰ ਐਸੇ ਹੁਕਮ ਦਿੱਤੇ ਜਿਸ ਨਾਲ ਘਰ ਵਿਚ ਹੀ ਉਦਾਸ ਹੋਣ ਦੀ ਜਾਚ ਸਿੱਖ ਨੂੰ ਆ ਜਾਵੇ। ਜਿਵੇਂ ਹੁਕਮ ਹੋਇਆ :

*ਅਨ ਬਹੁਤ ਭੁਖੈ ਲਗੀ ਜੇਵਣਾ।*
*ਭਰੇ ਉਤੇ ਭਰੇ ਨਾਹੀ।*
*ਅੰਨ ਨਾਹੀ ਛਡਨਾ।*
*ਸਵਨਾ ਤਾ ਜਾਂ ਬਹੁਤੀ ਨੀਂਦ ਆਵੈ।*
*ਨੀਂਦ ਬਿਗ਼ੈਰ ਸਵਣਾ ਨਾਹੀ।*
*ਗਾਫ਼ਲ ਹੋਇ ਕੇ ਦੇਹੀ ਕੋ ਦੁਖ ਨਾਹੀ ਦੇਵਣਾ।*
*ਬੋਲਣਾ ਬਹੁਤਾ ਨਾਹੀ।*
*ਅਕੈ ਬਾਣੀ ਅਕੈ ਗੁਰੂ ਜੀ ਦੀ ਗੱਲ ਬੋਲਣਾ।*
*ਅਕਾਰਥ ਬੋਲਣਾ ਨਾਹੀ।*
*ਇਨ੍ਹਾਂ ਗੱਲਾਂ ਨੂੰ ਮਨੈ ਨਾਲਿ ਰਖੈਗਾ,*
*ਮਹਾਪੁਰਖ ਹੋਵੈਗਾ,*
*ਉਸ ਕਾ ਲੇਖਾ ਸਗਲਾ ਨਿਬੜੇਗਾ,*
*ਉਸ ਕੇ ਸੰਗਿ ਸਗਲੇ ਤਰਹਿੰਗੇ।'*

ਬਾਣੀ ਵਿਚ ਵੀ ਇਹ ਹੀ ਫ਼ੁਰਮਾ ਰਹੇ ਸਨ ਕਿ ਜੋ ਪ੍ਰਾਣੀ ਗ੍ਰਿਹਸਤ ਦੇ ਫ਼ਰਜ਼ ਨਿਭਾਂਦਾ ਹੋਇਆ, ਉਦਾਸ ਬਿਰਤੀ ਰਾਹੀਂ ਮਾਇਆ ਦੀ ਜਕੜ ਵਿਚ ਨਹੀਂ ਆਉਂਦਾ, ਉਹ ਜੋਗੀਆਂ, ਉਦਾਸੀਆਂ, ਸੰਨਿਆਸੀਆਂ ਤੋਂ ਕਿਧਰੇ ਉੱਚਾ ਹੈ :

*"ਹਿਰਦੈ ਸੁਖੁ ਭਇਆ ਪਰਗਾਸੁ।*
*ਗੁਰਮੁਖਿ ਗਾਵਹਿ ਸਚੁ ਗੁਣਤਾਸੁ।*
*ਦਾਸਨ ਦਾਸ ਨਿਤ ਹੋਵਹਿ ਦਾਸੁ।*
*ਗ੍ਰਿਹਿ ਕੁਟੰਬ ਮਹਿ ਸਦਾ ਉਦਾਸੁ[1] ॥੨॥*

ਗੁਰੂ ਦਾ ਦਰਸ਼ਨ ਸ਼ਾਸਤਰਾਂ ਤੋਂ ਉੱਚਾ ਹੈ। ਗੁਰੂ ਦਾ ਦਰਸ਼ਨ ਕੀਤਿਆਂ ਪਾਰਲਾ ਕੰਢਾ ਮਿਲ ਜਾਂਦਾ ਹੈ ਅਤੇ ਗੁਰੂ ਸ਼ਬਦ ਦੀ ਵਿਚਾਰ ਤੇ ਅਮਲ ਹੀ ਬੈਰਾਗ ਹੈ :

*"ਗੁਰ ਕੈ ਸਬਦਿ ਸਚੈ ਬੈਰਾਗਿ।*
*ਖਟ ਦਰਸ਼ਨ ਵਰਤੈ ਵਰਤਾਰਾ।*
*ਗੁਰ ਕਾ ਦਰਸ਼ਨ, ਅਗਮ ਅਪਾਰਾ।"[2]*

ਫਿਰ ਇਹ ਵੀ ਦਰਸਾਇਆ ਹੈ ਕਿ ਸਭ ਕੁਝ ਇਸੇ ਸਰੀਰ ਵਿਚ ਹੈ। ਬਾਹਰ ਕਿਧਰੇ ਤਾੜੀ ਲਗਾਉਣ ਜਾਂ ਤਪ ਦੀ ਲੋੜ ਨਹੀਂ। ਇਹ ਸਰੀਰ ਹੀ ਹਰੀ ਦਾ ਮੰਦਰ ਹੈ :

*"ਕਾਇਆ ਹਰਿਮੰਦਰ ਹਰਿ ਆਪ ਸਵਾਰੇ।*
*ਤਿਸ ਵਿਚ ਹਰਿ ਜੀਉ ਵਸੈ ਮੁਰਾਰੇ।"*

ਇਸੇ ਸਰੀਰ ਵਿਚੋਂ ਅਸਲ ਰਸ ਸ਼ਬਦ ਦੀ ਵਿਚਾਰ ਨਾਲ ਪਾਇਆ ਜਾ ਸਕੀਦਾ

---

1. ਗਉੜੀ ਅਸ਼ਟਪਦੀ ਮਹਲਾ ੩, ਪੰਨਾ ੨੩੨
2. ਆਸਾ ਮਹਲਾ ਤੀਜਾ

ਹੈ। ਭਟਕਣ ਦੀ ਲੋੜ ਨਹੀਂ। *"ਸਭਿ ਰਸੁ ਦੇਹੀ ਅੰਦਰ ਪਾਏ"*। ਫਿਰ ਸਰੀਰ ਦੀ ਮਹੱਤਤਾ ਦ੍ਰਿੜ੍ਹਾ ਕੇ ਘਰ ਦੀ ਮਹਿਮਾ ਗਾਈ ਤਾਂ ਕਿ ਕੋਈ ਘਰ ਗ੍ਰਹਿਸਤੀ ਤੋਂ ਦੂਰ ਨਾ ਭੱਜੇ। 'ਘਰੈ ਅੰਦਰਿ ਕੋ ਘਰੁ ਪਾਇ' ਦੀ ਧੁਨੀ ਉਠਾਈ। 'ਘਰ ਮਹਿ ਵਸਤੁ ਅਗਮ ਅਪਾਰਾ' ਦੀ ਸੋਝੀ ਦਿੱਤੀ। ਤੱਤ ਦੀ ਗੱਲ ਸਲੋਕ ਵਾਰਾਂ ਤੋਂ ਵਧੀਕ ਵਿਚ ਕਹੀ :

*ਜੋਗ ਨ ਭਗਵੀ ਕਪੜੀ ਜੋਗ ਨ ਮੈਲੇ ਵੇਸਿ।*
*ਨਾਨਕ ਘਰਿ ਬੈਠਿਆਂ ਜੋਗੁ ਪਾਈਐ,*
*ਸਤਿਗੁਰ ਕੈ ਉਪਦੇਸਿ। ੬੪।*

'ਸਚ ਸੰਜਮ ਕਰਣੀ' ਨਾਲ ਨਾਮ ਦੀ ਦਾਤ ਘਰ ਬੈਠਿਆਂ ਹੀ ਮਿਲ ਜਾਂਦੀ ਹੈ।

ਸੁਹਾਗਣਿ ਤੇ ਦੁਹਾਗਣ ਦੇ ਲੱਛਣ ਦਰਸਾ ਕੇ ਘਰ ਵਿਚ ਹੀ ਟਿਕੇ ਰਹਿਣ ਦੀ ਮਹੱਤਤਾ ਦਰਸਾਈ। ਇਕ ਪਾਸੇ ਇਹ ਫ਼ਰਮਾਇਆ :

*'ਸੋਹਾਗਣੀ ਮਹਲੁ ਪਾਇਆ ਵਿਚਹੁ ਆਪ ਗਵਾਇ।*
*ਗੁਰ ਸਬਦੀ ਸੀਗਾਰਿਆ ਆਪਣੇ ਸਹਿ ਲਈਆ ਮਿਲਾਇ।'*

(ਆਸਾ ਮਹਲਾ ਤੀਜਾ)

ਦੂਜੇ ਪਾਸੇ 'ਦੁਹਾਗਣੀ ਮਹਲੁ ਨ ਪਾਇਨੀ ਨ ਜਾਣਨਿ ਪਿਰ ਕਾ ਸੁਆਉ' ਅਤੇ 'ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ,'

ਲਿਖ ਕੇ ਬਾਹਰ ਭਟਕਦਿਆਂ ਦਾ ਹਸ਼ਰ ਦੱਸਿਆ। ਆਦਰਸ਼ ਗ੍ਰਹਿਸਤੀ ਦਾ ਮੂਲ ਵੀ ਨਾਲ ਦਰਸਾ ਦਿੱਤਾ ਕਿ ਪਤੀ ਪਤਨੀ ਉਹ ਹੀ ਹਨ ਜਿਨ੍ਹਾਂ ਵਿਚ ਇਕ ਦੂਜੇ ਲਈ ਤੜਪ ਹੈ, ਅੰਦਰਲੀ ਖਿੱਚ ਹੈ :

*"ਧਨ ਪਿਰ ਇਹ ਨ ਆਖੀਅਨਿ,*
*ਬਹਨ ਇਕਠੇ ਹੋਇ।*
*ਏਕ ਜੋਤਿ ਦੁਇ ਮੂਰਤੀ, ਧਨ ਪਿਰ ਕਹੀਅਹਿ ਸੋਇ।"*

ਕਨਿੰਘਮ ਨੇ ਠੀਕ ਲਿਖਿਆ ਹੈ ਕਿ (ਗੁਰੂ) ਅਮਰ ਦਾਸ ਜੀ ਨੇ ਵਿਰਕਤ ਤੇ ਇਕਾਂਤੀ ਉਦਾਸੀਆਂ ਨਾਲੋਂ ਉਦਮੀ ਤੇ ਗ੍ਰਹਿਸਤੀ ਸਿੱਖਾਂ ਨੂੰ ਬਿਲਕੁਲ ਅੱਡ ਦਰਸਾ ਕੇ ਪੂਰਨ ਤੌਰ 'ਤੇ ਨਵ-ਜਨਮੇ ਧਰਮ ਜਾਂ ਠਾਠ ਨੂੰ ਅਨੇਖਾਂ ਭੇਖਾਂ ਵਿਚ ਅਲੋਪ ਹੋਣ ਤੋਂ ਬਚਾ ਲਿਆ।[1]

**ਪਰਦੇ ਦੀ ਗ਼ੁਲਾਮੀ ਤੋਂ ਛੁਟਕਾਰਾ**—ਜਿਥੇ ਗੁਰੂ ਅਮਰ ਦਾਸ ਜੀ ਨੇ ਭਰਮ ਸੰਗਲ ਭੰਨੇ ਤੋੜੇ, ਉਥੇ ਔਰਤ ਨੂੰ ਸੁਤੰਤਰਤਾ ਵੀ ਬਖ਼ਸ਼ੀ। ਪਰਦਾ ਗ਼ੁਲਾਮੀ ਦੀ ਰੀਤ ਸੀ। ਮੁਸਲਮਾਨੀ ਦੇਸ਼ਾਂ ਤੋਂ ਹੀ ਆਈ ਸੀ। ਮਰਦ ਵਿਚਕਾਰ ਪਰਦਾ, ਊਚ-ਨੀਚ ਦੀ ਦੀਵਾਰ

---

1. ਕਨਿੰਘਮ, ਹਿਸਟਰੀ ਔਫ ਦਾ ਸਿਖਸ ਪੰਨਾ ੪੪-੫੫। ਅਸਲ ਸ਼ਬਦ ਹਨ : (Guru) Amar Dass declared passive & recluse 'udasis' to be wholly separate from active and domestic 'sikhs', and thus finally preserved the infant Church of State from disappearing as one of many sects.

ਦਾ ਹੀ ਕੰਮ ਕਰ ਰਿਹਾ ਸੀ। ਕੋਈ ਔਰਤ ਬਿਨਾਂ ਪਰਦੇ ਬਾਹਰ ਨਿਕਲ ਨਹੀਂ ਸੀ ਸਕਦੀ। ਜੇ ਕਦੀ ਪਰਦਾ, ਬੁਰਕਾ ਲਹਿ ਵੀ ਗਿਆ ਤਾਂ ਉਸ ਔਰਤ ਨੂੰ ਸਾਰੀ ਜ਼ਿੰਦਗੀ ਜ਼ਿੱਲਤ ਦੀ ਜ਼ਿੰਦਗੀ ਜਿਊਣੀ ਪੈਂਦੀ ਸੀ। ਮੁਸਲਮਾਨੀ ਦੇਸ਼, ਸਾਊਦੀ ਅਰਬ ਵਿਚ ਤਾਂ ਹੁਣ ਤਕ ਔਰਤ 'ਤੇ ਇਤਨੀਆਂ ਪਾਬੰਦੀਆਂ ਹਨ ਕਿ ਉਹ ਇਕ ਪਾਲਤੂ ਵਸਤੂ ਤੋਂ ਕੁਝ ਨਹੀਂ। ਕਈ ਮੁਸਲਿਮ ਦੇਸ਼ਾਂ ਵਿਚ ਮਰਦ ਤੇ ਔਰਤ ਇਕੱਠੇ ਕਿਰਤ-ਕਾਰ ਵੀ ਨਹੀਂ ਕਰ ਸਕਦੇ। ਇਹ ਸਭ ਇਸੇ ਲਈ ਕੀਤਾ ਜਾ ਰਿਹਾ ਸੀ ਕਿਉਂਕਿ ਔਰਤ ਨੂੰ ਨਿੱਜੀ ਜਾਇਦਾਦ ਸਮਝਿਆ ਜਾਂਦਾ ਸੀ।

ਇਸ ਪਰਦੇ ਵਿਚੋਂ ਸੁਤੰਤਰ ਕਰਨ ਦਾ ਪਰਉਪਕਾਰ ਤੀਜੇ ਪਾਤਸ਼ਾਹ ਨੇ ਹੀ ਕੀਤਾ। ਆਪ ਨੇ ਹੁਕਮ ਕੀਤਾ ਕਿ ਕੋਈ ਦਰਬਾਰ ਵਿਚ ਪਰਦਾ ਜਾਂ ਘੁੰਡ ਕੱਢ ਕੇ ਨਾ ਆਵੇ। "ਬਦਨ ਅਛਾਦਯੋ ਨਹਿ ਕਿਸ ਬਾਸ।" ਸਾਦਾ ਸਫ਼ੈਦ ਕੱਪੜਿਆਂ ਵਿਚ, ਖੁੱਲ੍ਹੇ ਮੁੱਖ ਦਰਸ਼ਨਾਂ ਨੂੰ ਹਰ ਔਰਤ ਆਵੇ। ਕਿਸੇ ਪ੍ਰਕਾਰ ਦਾ ਸ਼ੰਕਾ ਤੇ ਸ਼ਰਮ ਇਸ ਪਾਸੇ ਰੱਖਣਾ ਦੁਰਮਤਿ ਤੇ ਮਨ ਮਤ ਹੈ :

*"ਧਰ ਬਸਤ੍ਰ ਸੁਏਤ ਖੁਲੇ ਮੁਖ ਆਵੈ।*
*ਕੁਝ ਸ਼ੰਕਾ ਲਾਜ ਨਾ ਮਨ ਮੋ ਲਿਆਵੈ।"*

ਇਥੋਂ ਤਕ ਕਿ ਜੇ ਕਿਸੇ ਰਾਣੀ ਵੀ ਹੁਕਮ ਦੀ ਉਲੰਘਣਾ ਕੀਤੀ ਤਾਂ ਆਪ ਜੀ ਨੇ ਉਸ ਨੂੰ ਕਮਲੀ ਤਕ ਕਿਹਾ। ਘੁੰਘਟ ਹਯਾ ਦਾ ਹੀ ਚਾਹੀਦਾ ਹੈ।

ਇਹ ਇਨਕਲਾਬੀ ਕਦਮ ਸਨ। ਪਰਦਾ ਕਰ ਕੇ ਹੀ ਹਿੰਦੁਸਤਾਨ ਦਾ ਇਕ ਅੰਗ ਸੁੱਤਾ ਹੀ ਰਿਹਾ। ਮਹਾਰਾਜ ਨੇ ਸਾਰੀ ਮਨੁੱਖਤਾ ਨੂੰ ਹੀ ਜਗਾ ਦਿੱਤਾ। ਡੋਰਥੀ ਫੀਲਡ ਨੇ ਖ਼ੂਬ ਲਿਖਿਆ ਹੈ ਕਿ ਪਰਦੇ ਦੇ ਜਬਰ ਤੋਂ ਵੀ ਗੁਰੂ ਅਮਰਦਾਸ ਜੀ ਨੇ ਬਚਾਇਆ।

**ਵਰਣ-ਭੇਦ ਜਾਤ-ਪਾਤ ਦੇ ਵਿਰੁੱਧ ਸਖ਼ਤ ਤਾੜਨਾ**—ਗੁਰੂ ਜੀ ਨੇ ਪ੍ਰਿਥਾ ਮਲ ਜੀ ਨੂੰ ਉਸੇ ਸਮੇਂ ਹੀ ਤਾੜਨਾ ਕਰ ਦਿੱਤੀ ਸੀ ਜਦ ਉਸ ਨੇ ਗੁਰੂ ਅਮਰ ਦਾਸ ਜੀ ਨੂੰ ਜਾਤ ਭਰਾ ਕਿਹਾ। ਗੁਰੂ ਜੀ ਦਾ ਫ਼ਰਮਾਨ ਸੀ ਕਿ ਗੁਰੂ ਦੀ ਕੋਈ ਜਾਤ ਨਹੀਂ। ਇਸੇ ਤਰ੍ਹਾਂ ਜਦ ਲਾਹੌਰ ਤੋਂ ਆਏ ਕੁਝ ਲੋਕਾਂ ਨੇ (ਗੁਰੂ) ਰਾਮ ਦਾਸ ਜੀ ਨੂੰ ਸ਼ਰੀਕੇ ਵਿਚੋਂ ਹੋਣਾ ਕਿਹਾ ਸੀ ਤਾਂ ਵੀ ਹੁਕਮ ਕੀਤਾ ਸੀ, ਰਾਮ ਦਾਸ ਦਾ ਕੋਈ ਸ਼ਰੀਕ ਨਹੀਂ।

ਸਿੱਖਾਂ ਨੂੰ ਵੀ ਹੁਕਮ ਕਰ ਰਹੇ ਸਨ ਕਿ ਕਿਸੇ ਜਾਤ ਬਰਾਦਰੀ ਦਾ ਮਾਣ ਨਹੀਂ ਕਰਨਾ। "ਅੱਗੇ ਜਾਤ ਨਾ ਜ਼ੋਰ ਹੈ", ਗੁਰੂ ਨਾਨਕ ਦਾ ਫ਼ਰਮਾਨ ਸਦਾ ਦੁਹਰਾਂਦੇ ਸਨ।

ਤਖ਼ਤ ਤੇ ਬੈਠਦਿਆਂ ਹੀ ਹੁਕਮ ਦੇ ਦਿੱਤਾ ਸੀ ਕਿ ਹਰ ਕੋਈ ਪੰਗਤ ਵਿਚ ਬੈਠ ਪ੍ਰਸ਼ਾਦ ਪਾਏ। ਬਗ਼ੈਰ ਲੰਗਰ ਵਿਚ ਪ੍ਰਸ਼ਾਦ ਛਕੇ ਉਹ ਕਿਸੇ ਨੂੰ ਦਰਸ਼ਨ ਨਹੀਂ ਦੇਣਗੇ। ਆਪ ਸਭ ਸੰਗਤਾਂ ਨੂੰ ਨਾਲ ਲੈ ਕੇ ਚੌਂਕੇ ਵਿਚ ਪੁੱਜਦੇ ਸਨ। ਬਾਉਲੀ ਬਣਾ ਕੇ ਭਿਟ ਸੁੱਚ ਦੀ ਤਮੀਜ਼ ਹੀ ਮੁਕਾ ਦਿੱਤੀ ਸੀ।

ਬ੍ਰਾਹਮਣਾਂ ਨੇ ਜਦ ਅਕਬਰ ਪਾਸ ਸ਼ਿਕਾਇਤ ਭੇਜੀ ਸੀ ਤਾਂ ਇਕ ਵੱਡਾ ਇਤਰਾਜ਼ ਇਹ ਹੀ ਲਗਾਇਆ ਸੀ ਕਿ ਉਨ੍ਹਾਂ ਨਵਾਂ ਪੰਥ ਉਜਾਗਰ ਕੀਤਾ ਹੈ ਜਿਸ ਵਿਚ ਬਰਨ-

ਜਾਤ ਭੇਦ ਮੁਕਾ ਦਿੱਤਾ ਹੈ। ਸਾਰੇ ਇਕ ਹੀ ਦੇਗ ਤੋਂ ਪ੍ਰਸ਼ਾਦ ਛਕਦੇ ਹਨ। ਇਕੋ ਜਿਹਾ ਸਤਿਕਾਰ ਹਰ ਇਕ ਨੂੰ ਮਿਲਦਾ ਹੈ :

*"ਪੰਥ ਨਵੀਨ ਪ੍ਰਕਾਸ਼ਨ ਕਰ੍ਯੋ।*
*ਭੇਦ ਬਰਤਨ 'ਜਾਤੀ ਪਰਹਰ੍ਯੋ'।*
*ਚਤੁਰ ਬਰਨ ਇਕ ਦੇਗ ਅਹਾਰਾ।*
*ਇਕ ਸਮ ਸੇਵਹਿ ਧਰਿ ਉਰ ਪਯਾਰਾ।*[1]

ਹੁਣ ਬ੍ਰਾਹਮਣ ਨੂੰ ਕੋਈ ਨਹੀਂ ਮੰਨਦਾ। *"ਅਬ ਦਿਜ ਕੋ ਨਹਿ ਮਾਨਹਿ ਕੋਇ।"* ਜਾਤਾਂ ਸਭ ਇਕ ਦੂਜੇ ਨਾਲ ਰਲ ਮਿਲ ਗਈਆਂ ਹਨ। "ਸ਼ੰਕਰਿ ਬਰਨ ਪੂਜਾ ਅਬਿ ਭਈ।"

ਇਸ ਦੇ ਉਲਟ ਜ਼ਰਾ ਕੁ ਤੁਲਸੀ ਰਾਮਾਇਣ ਵਿਚ ਜੋ ਪ੍ਰਚਾਰਿਆ ਜਾ ਰਿਹਾ ਸੀ ਪੜ੍ਹਨ ਨਾਲ, ਗੁਰੂ ਦੇ ਇਨਕਲਾਬੀ ਹੁਕਮਾਂ ਤੇ ਕਰਮਾਂ ਦੀ ਮਹਿਮਾ ਹੋਰ ਪ੍ਰਤੱਖ ਦਿਸ ਆਏਗੀ। ਬ੍ਰਾਹਮਣ ਦਾ ਜੂਲਾ ਇਤਨਾ ਭਾਰੀ ਸੀ ਕਿ ਰਾਜਾ ਵੀ ਉਸ ਦੀ ਗੱਲ ਨਹੀਂ ਸੀ ਟਾਲ ਸਕਦਾ। ਇੱਛਾ ਦੇ ਵਿਰੁੱਧ ਦਸ਼ਰਥ ਨੇ ਪੁੱਤਰਾਂ ਸ੍ਰੀ ਰਾਮ, ਲਛਮਣ ਜੀ ਨੂੰ ਵਿਸ਼ਵਾਮਿੱਤਰ ਨੂੰ ਸੌਂਪਿਆ। ਸੀਤਾ ਦਾ ਬ੍ਰਾਹਮਣ ਦੇ ਭੇਖ ਵਿਚ ਬਨ ਵਿਖੇ ਰਾਵਣ ਦਾ ਸਤਿਕਾਰ, ਰਾਮ ਦਾ ਪਰਸ ਰਾਮ ਤੇ ਅਮੋਘ ਸ਼ਸਤ੍ਰ ਨਾ ਚਲਾਣਾ, ਦਸ਼ਰਥ ਨੂੰ ਸਰਾਪ ਦਾ ਕਾਰਨ ਬ੍ਰਾਹਮਣ ਕੁਮਾਰ (ਸ਼ਰਵਣ ਕੁਮਾਰ) ਦੀ ਹੱਤਿਆ, ਸੁਮੰਤ੍ਰ ਦਾ ਕੱਕਈ ਨੂੰ ਭਰਤ ਦੇ ਰਾਜ ਵਿਚ ਬ੍ਰਾਹਮਣਾਂ ਦੇ ਨਾ ਰਹਿਣ ਦੀ ਧਮਕੀ ਦੇਣਾ, ਇਸ ਪਾਸੇ ਦੀਆਂ ਹੀ ਕੁਝ ਉਦਾਹਰਨਾਂ ਹਨ।

**ਗੁਰਬਾਣੀ ਸੰਗ੍ਰਹਿ**—ਸਿੱਖ ਧਰਮ ਸ਼ਬਦ ਤੇ ਸੰਗਤਿ ਦੀਆਂ ਦੋ ਥੰਮ੍ਹੀਆਂ 'ਤੇ ਖੜ੍ਹਾ ਹੈ। ਗੁਰ-ਗੱਦੀ ਦੀ ਜ਼ਿੰਮੇਵਾਰੀ ਜਦ ਵੀ ਸੌਂਪੀ ਜਾਂਦੀ 'ਸ਼ਬਦ ਦੀ ਅਸਥਾਪਨਾ' ਕਰਨ ਦੀ ਆਗਿਆ ਨਾਲ ਹੁੰਦੀ। ਇਹ ਗੱਲ ਨਿਰਣੇ ਕਰ ਜਾਣ ਲੈਣੀ ਚਾਹੀਦੀ ਹੈ ਕਿ ਗੁਰੂ ਪਾਤਸ਼ਾਹ ਕੇਵਲ ਇਸ ਲਈ ਆਏ ਕਿ ਸਾਨੂੰ ਸ਼ਬਦ ਦੇ ਲੜ ਲਗਾ ਜਾਣ।

ਗੁਰੂ ਨਾਨਕ ਦੇਵ ਜੀ ਪਾਸ ਜਿਸ ਕਿਤਾਬ (ਪੋਥੀ) ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਕੀਤਾ ਹੈ, ਉਸ ਵਿਚ ਉਨ੍ਹਾਂ ਦੇ ਆਪਣੇ ਉਚਾਰੇ ਸ਼ਬਦ ਤੇ ਭਗਤਾਂ ਦੀ ਸੰਗ੍ਰਹਿ ਕੀਤੀ ਬਾਣੀ ਹੀ ਸੀ। ਉਹ 'ਸ਼ਬਦ ਖ਼ਜ਼ਾਨਾ' ਗੁਰੂ ਅੰਗਦ ਦੇਵ ਜੀ ਨੂੰ ਸੌਂਪ ਗਏ। ਗੁਰੂ ਅੰਗਦ ਦੇਵ ਜੀ ਨੇ ਆਪਣੇ ਸਲੋਕ ਨਾਲ ਰਲਾ ਕੇ ਸਾਰਾ ਖ਼ਜ਼ਾਨਾ ਗੁਰੂ ਅਮਰ ਦਾਸ ਜੀ ਨੂੰ ਸੌਂਪ ਦਿੱਤਾ।

ਮੈਕਾਲਫ਼ ਵੀ ਇਹ ਹੀ ਕਹਿੰਦਾ ਹੈ ਕਿ ਗੁਰੂ ਅਮਰ ਦਾਸ ਜੀ ਨੇ ਇਹ ਹੁਕਮ ਹੀ ਕਰ ਦਿੱਤਾ ਸੀ ਕਿ ਗੁਰਬਾਣੀ ਲਗਨ ਤੇ ਸਾਵਧਾਨੀ ਨਾਲ ਇਕੱਤਰ ਕਰ ਕੇ ਅਤੇ ਰੱਬ ਦੇ ਨਾਂ ਸਿੱਖਾਂ ਨੂੰ ਬਿਨਾਂ ਮੋਖ ਭੇਟ ਕਰਨੀ ਅਤਿ ਪੁਨੀਤ ਕਰਮ ਹੈ।[2] ਸਿੱਖਾਂ ਨੇ

---

1. ਰਾਸ ਪਹਿਲੀ, ਅੰਸ ੪੩
2. ਮੈਕਾਲਫ, ਜਿਲਦ ਦੂਜੀ, ਪੰਨਾ ੯੫

ਇਸ ਹੁਕਮ ਦੀ ਪਾਲਣਾ ਕਰ ਕੇ ਖ਼ੁਸ਼ੀ ਲਈ। ਬਲੂ ਪਾਂਧਾ ਦੀ ਸਾਖੀ ਇਸ ਪਾਸੇ ਦਾ ਇਕ ਦ੍ਰਿਸ਼ਟਾਂਤ ਹੀ ਹੈ।

ਗੁਰੂ ਅਮਰ ਦਾਸ ਜੀ ਨੇ ਆਪੂੰ ਉਨ੍ਹਾਂ ਹੀ ਸਤ੍ਹਾਰਾਂ ਰਾਗਾਂ (ਸਿਵਾਇ ਤਿਲੰਗ ਅਤੇ ਤੁਖਾਰੀ ਦੇ) ਵਿਚ ਬਾਣੀ ਉਚਾਰੀ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਉਚਾਰੀ ਸੀ। ਕੁਲ ਸ਼ਬਦ, ਸਲੋਕ, ਪਉੜੀਆਂ ਤੇ ਛੰਦ ੯੭੦ ਹਨ। ਜਿਨ੍ਹਾਂ ਰਾਗਾਂ ਵਿਚ ਗੁਰੂ ਜੀ ਨੇ ਬਾਣੀ ਉਚਾਰੀ ਉਹ ਇਹ ਸਨ :

ਸਿਰੀ, ਮਾਝ, ਗਉੜੀ, ਆਸਾ, ਗੁਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲੁ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ। ਬਿਹਾਗੜਾ ਵਿਚ ਕੇਵਲ ਸਲੋਕ ਹਨ। ਚਾਰ ਵਾਰਾਂ ਉਚਾਰੀਆਂ ਜੋ ਗੁਜਰੀ, ਸੂਹੀ, ਰਾਮਕਲੀ ਅਤੇ ਮਾਰੂ ਰਾਗ ਵਿਚ ਹਨ। ੬੮ ਸਲੋਕ ਵਾਰਾਂ ਤੋਂ ਵਧੀਕ ਵਿਚ ਦਰਜ ਹਨ। ਲੰਮੀਆਂ ਬਾਣੀਆਂ ਵਿਚ ਅਨੰਦ, ਅਲਾਹਣੀਆਂ ਅਤੇ ਪਟੀ ਪ੍ਰਸਿੱਧ ਹਨ।

ਆਪ ਜੀ ਦੀ ਰਚੀ ਬਾਣੀ ਪੜ੍ਹ ਕੇ ਸਪੱਸ਼ਟ ਪਿਆ ਦਿੱਸਦਾ ਹੈ ਕਿ ਆਪ ਜੀ ਪਾਸ ਸਾਰਾ ਸ਼ਬਦ ਖ਼ਜ਼ਾਨਾ ਸੀ। ਇਥੋਂ ਤਕ ਕਿ ਛੋ ਸ਼ਬਦਾਂ ਦਾ ਸਲੋਕ ਵੀ ਉਨ੍ਹਾਂ ਦੀ ਅੱਖੋਂ ਓਹਲੇ ਨਹੀਂ ਹੋਇਆ। ਗੁਰੂ ਨਾਨਕ ਜੀ ਨੇ ਫ਼ਰਮਾਇਆ ਸੀ : ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ। ਭਾਵ : ਬੜਾ ਅਜੀਬ ਹੈ ਲਾਹੌਰ ਸ਼ਹਿਰ ਜਿਥੇ ਅੰਮ੍ਰਿਤ ਵੇਲਾ ਹੀ ਕੋਈ ਨਹੀਂ। ਅੰਮ੍ਰਿਤ ਵੇਲੇ ਤੋਂ ਹੀ ਧੰਦੇ ਦਾ ਚੀਕ ਚਿਹਾੜਾ ਆਰੰਭ ਹੋ ਜਾਂਦਾ ਹੈ। ਜ਼ਿੰਦਗੀ ਵਿਚੋਂ ਅੰਮ੍ਰਿਤ ਵੇਲਾ ਕੱਢ ਦਿਓ, ਬਾਕੀ ਜ਼ਹਰ 'ਤੇ ਕਹਰ ਹੀ ਹੈ। ਗੁਰੂ ਅਮਰ ਦਾਸ ਜੀ ਅਗਲੇ ਸਲੋਕ ਨੰਬਰ ੨੮ ਵਿਚ ਲਿਖਦੇ ਹਨ ਹੁਣ ਐਸੀ ਹਾਲਤ ਨਹੀਂ। ਲਾਹੌਰ ਸ਼ਹਿਰ ਹੀ ਹੈ ਪਰ ਅੰਮ੍ਰਿਤਸਰ ਐਸਾਂ ਸਾਜ ਦਿੱਤਾ ਗਿਆ ਹੈ ਕਿ ਸਭ ਸਿਫਤੀ ਦੇ ਘਰੁ ਆਪ ਪੁੱਜ ਰਹੇ ਹਨ। ਸਿਫ਼ਤ ਸਲਾਹ ਕਰ ਕੇ ਜੀਵਨ ਸਵਾਰ ਰਹੇ ਹਨ। ਅੰਮ੍ਰਿਤ ਵੇਲਾ ਖੁੰਝਾ ਨਹੀਂ ਰਹੇ। 'ਲਾਹੌਰ ਸਹਰ ਅੰਮ੍ਰਿਤਸਰੁ ਸਿਫਤੀ ਦਾ ਘਰੁ'। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੀ ਦਸ਼ਾ ਵਰਣਨ ਕਰਦੇ ਹੋਇ ਮਾਝ ਰਾਗ ਵਿਚ ਫ਼ਰਮਾਇਆ ਸੀ :

*ਹਉ ਭਾਲਿ ਵਿਕੁੰਨੀ ਹੋਈ।*
*ਆਧੇਰੈ ਰਾਹੁ ਨ ਕੋਈ।*
*ਵਿਚਿ ਹਉਮੈ ਕਰਿ ਦੁਖੁ ਰੋਈ।*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ।*

ਗੁਰੂ ਅਮਰ ਦਾਸ ਜੀ ਨੇ ਅਗਲੇ ਸਲੋਕ ਵਿਚ ਹੀ ਲਿਖਿਆ, ਹੁਣ ਐਸਾ ਨਹੀਂ ਹੈ, ਗੁਰੂ ਨਾਨਕ ਜੀ ਦੀ ਕ੍ਰਿਪਾ ਦੁਆਰਾ ਰਾਹ ਲੱਭ ਪਿਆ ਹੈ ਅਤੇ ਸਭ ਸੁਖਾਲੀ ਵੁੱਠ ਰਹੇ ਹਨ। ਰਾਹ ਹੈ, ਹਰੀ ਜੱਸ, ਜਿਸ ਦਾ ਪਰਤੱਖ ਚਾਨਣਾ ਸਾਰੇ ਸੰਸਾਰ ਨੂੰ ਰੌਸ਼ਨ ਕਰ ਸਕਦਾ ਹੈ :

*"ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ।*
*ਗੁਰਮੁਖਿ ਕੋਈ ਉਤਰੈ ਪਾਰਿ।"*[1]

ਆਸਾ ਰਾਗ ਵਿਚ ਹੀ ਪਟੀ ਲਿਖਣੀ ਦੱਸਦਾ ਹੈ ਕਿ ਉਨ੍ਹਾਂ ਪਾਸ ਪਟੀ ਲਿਖੀ ਅਤੇ ਮਹਲਾ ਪਹਿਲਾ ਦੀ ਸਮੁੱਚੀ ਬਾਣੀ ਸੀ।

ਫਿਰ ਸਭ ਤੋਂ ਵੱਡੀ ਗਵਾਹੀ ਭਗਤ ਕਬੀਰ ਜੀ ਦੇ ਸਲੋਕ ਨਾਲ ਆਪਣਾ ਸਲੋਕ ਅਤੇ ਬਾਬਾ ਫ਼ਰੀਦ ਜੀ ਦੇ ਸਲੋਕਾਂ ਨਾਲ ਤਿੰਨ ਸਲੋਕ ਲਿਖਣੇ ਵੀ ਪ੍ਰਗਟ ਕਰਦਾ ਹੈ ਕਿ ਬਾਣੀ ਉਨ੍ਹਾਂ ਪਾਸ ਸੀ। ਜਿੱਥੇ ਗੱਲ ਸਪੱਸ਼ਟ ਹੋਣ ਤੋਂ ਰਹਿ ਗਈ ਸੀ ਜਾਂ ਰਹੱਸਮਈ ਢੰਗ ਨਾਲ ਆਖੀ ਗਈ ਸੀ, ਉਸ ਨੂੰ ਖੋਲ੍ਹ ਦਿਖਾਇਆ।

ਕਬੀਰ ਜੀ ਨੇ ਫ਼ਰਮਾਇਆ ਸੀ :

*ਕਬੀਰਾ ਮਰਤਾ ਮਰਤਾ ਜਗੁ ਮੂਆ ਮਰਿ ਭਿ ਨ ਜਾਨੈ ਕੋਇ।*
*ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ॥ ੧॥*

'ਐਸੀ ਮਰਨੀ' ਉਨ੍ਹਾਂ ਕਹਿ ਤਾਂ ਦਿੱਤੀ ਸੀ ਪਰ ਲਿਖੀ ਨਹੀਂ ਸੀ। ਗੁਰੂ ਅਮਰਦਾਸ ਜੀ ਨੇ 'ਐਸੀ ਮਰਨੀ' ਦੀ ਵਿਆਖਿਆ ਕਰ ਦਿੱਤੀ। ਵਾਹਿਗੁਰੂ ਨੂੰ ਜਿਸ ਨੇ ਸਾਰੀ ਜ਼ਿੰਦਗੀ ਨਹੀਂ ਵਿਸਾਰਿਆ ਤੇ ਗੁਰੂ ਦੇ ਹੁਕਮ ਵਿਚ ਆਯੂ ਗੁਜ਼ਾਰੀ ਹੈ, ਉਸੇ ਦਾ ਮਰਨਾ ਸਹਿਲਾ ਹੈ, ਸਫਲ ਹੈ, ਸੌਖਾ ਹੈ :

*"ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ।*
*ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾਂ ਸਹਿਲਾ ਮਰਣਾ ਹੋਇ।*
*ਮਰਣੈ ਤੇ ਜਗਤੁ ਡਰੈ, ਜੀਵਿਆ ਲੋੜੈ ਸਭੁ ਕੋਇ।*
*ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ।*
*ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ*[2]*॥ ੨॥"*

ਬਾਬਾ ਫ਼ਰੀਦ ਜੀ ਨੇ ਇਕ ਸਲੋਕ ਵਿਚ ਕਿਹਾ ਸੀ ਜਿਸ ਜਵਾਨੀ ਵਿਚ ਰੱਬ ਨੂੰ ਯਾਦ ਨਹੀਂ ਕੀਤਾ, ਬੁਢੇਪਾ ਆਉਣ ਵੇਲੇ ਕੋਈ ਵਿਰਲਾ ਹੀ ਕਰਦਾ ਹੈ। ਸਲੋਕ ਹੈ :

*ਫਰੀਦਾ ਕਾਲੀਂ ਜਿਨੀ ਨ ਰਾਵਿਆ, ਧਉਲੀ ਰਾਵੈ ਕੋਇ।*

ਗੁਰੂ ਅਮਰ ਦਾਸ ਜੀ ਨੇ ਪ੍ਰਥਾਇ ਅਗਲੇ ਹੀ ਸਲੋਕ ਵਿਚ ਫ਼ਰਮਾਇਆ ਕਿ ਭਾਵੇਂ ਜਵਾਨੀ ਹੋਇ ਜਾਂ ਬੁਢੇਪਾ, ਯਾਦ ਉਹ ਹੀ ਕਰ ਸਕਦਾ ਹੈ ਜਿਸ 'ਤੇ ਉਹ ਮਿਹਰ ਭਰਿਆ ਹੱਥ ਰੱਖੇ :

*ਫ਼ਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ, ਜੇ ਕੋ ਚਿਤਿ ਕਰੇਇ।*
*ਆਪਣਾ ਲਾਇਆ ਪਿਰਮੁ ਨ ਲਗਈ, ਜੇ ਲੋਚੈ ਸਭੁ ਕੋਇ।*
*ਏਹੁ ਪਿਰਮੁ ਪਿਆਲਾ ਖਸਮ ਕਾ, ਜੈ ਭਾਵੈ ਤੈ ਦੇਇ। ੧੩।*

ਇਸੇ ਤਰ੍ਹਾਂ ਜਦ ਫ਼ਰੀਦ ਜੀ ਨੇ ਲਿਖਿਆ ਕਿ ਜੋ ਰੱਬ ਦੇ ਰੰਗ ਵਿਚ ਰੰਗੇ ਹੁੰਦੇ

1. ਮਾਝ ਕੀ ਵਾਰ, ਪੰਨਾ ਗੁਰੂ ਗ੍ਰੰਥ ਸਾਹਿਬ—੧੪੫
2. ਪੰਨਾ ੫੫੫, ਗੁਰੂ ਗ੍ਰੰਥ ਸਾਹਿਬ, ਸਲੋਕ ਮ: ੩

ਹਨ ਉਨ੍ਹਾਂ ਵਿਚ 'ਰਤ' ਲਹੂ ਨਹੀਂ ਹੁੰਦੀ ਤਾਂ ਮਹਾਰਾਜ ਨੇ 'ਰਤ' ਦੀ ਵਿਆਖਿਆ ਕਰਕੇ ਉਚਾਰਿਆ, ਰਤੁ ਤੋਂ ਫਰੀਦ ਜੀ ਦਾ ਭਾਵ 'ਲੋਭ ਰਤੁ' ਹੈ।

ਫ਼ਰੀਦ ਜੀ ਦਾ ਕਹਿਣਾ ਸੀ :

*ਜੋ ਤਨੁ ਰਤੇ ਰਬ ਸਿਉ,*
*ਤਿਨ ਤਨਿ ਰਤੁ ਨ ਹੋਇ॥ ੫੧॥*

ਗੁਰੂ ਅਮਰ ਦਾਸ ਜੀ ਨੇ ਫ਼ਰਮਾਇਆ :

*ਜੋ ਸਹ ਰਤੇ ਆਪਣੇ,*
*ਤਿਤੁ ਤਨਿ ਲੋਭੁ ਰਤੁ ਨ ਹੋਇ॥ ੫੨॥*

ਇਕ ਹੋਰ ਸਲੋਕ (੧੦੩) ਵਿਚ ਫ਼ਰੀਦ ਜੀ ਨੇ ਲਿਖਿਆ ਸੀ ਕਿ ਰੇਸ਼ਮੀ ਕੱਪੜੇ ਪਾੜ ਕੇ ਮੈਂ ਲੀਰਾਂ-ਲੀਰਾਂ ਕਰ ਦਿਆਂ, ਸਿਰਫ਼ ਕੰਬਲੀ ਹੀ ਰੱਖਾਂ, ਉਹ ਹੀ ਵੇਸ ਕਰਾਂ ਜਿਸ ਨਾਲ ਪਰਮਾਤਮਾ ਮਿਲ ਜਾਏ। ਗੁਰੂ ਅਮਰ ਦਾਸ ਜੀ ਨੇ ਅਗਲੇ ਸਲੋਕ ਵਿਚ ਲਿਖਿਆ : ਰੇਸ਼ਮੀ ਕੱਪੜਾ ਪਾੜ ਸੁੱਟਣ ਦੀ ਲੋੜ ਨਹੀਂ। ਨਾ ਹੀ ਪਾਟੀ ਕੰਬਲੀ ਪਾਉਣ ਦੀ ਲੋੜ ਹੈ, ਜੇ ਨੀਅਤ ਸਾਫ਼ ਹੈ ਤਾਂ ਘਰ ਬੈਠਿਆਂ ਹੀ ਪ੍ਰਭੂ ਮਿਲ ਜਾਂਦਾ ਹੈ।

*"ਕਾਇ ਪਟੋਲਾ ਪਾੜਤੀ, ਕੰਬਲੜੀ ਪਹਿਰੇਇ।*
*ਨਾਨਕ ਘਰ ਹੀ ਬੈਠਿਆ ਸਹੁ ਮਿਲੈ,*
*ਜੇ ਨੀਅਤਿ ਰਾਸਿ ਕਰੇਇ॥ ੧੦੪॥*

ਇਹ ਕਰੜੀ ਚੇਤਾਵਨੀ ਵੀ, ਗੁਰੂ ਅਮਰ ਦਾਸ ਜੀ ਨੇ ਹੀ ਪਹਿਲੀ ਵਾਰੀ ਦਿੱਤੀ ਕਿ 'ਸਤਿਗੁਰੂ ਬਿਨਾਂ ਹੋਰ ਕੱਚੀ ਹੈ ਬਾਣੀ। ਕਹਿੰਦੇ ਕਚੇ ਸੁਣਦੇ ਕਚੇ ਕਚਿਆ ਆਖਿ ਵਖਾਣੀ'। ਇਹ ਚੇਤਾਵਨੀ ਪਈ ਦੱਸਦੀ ਸੀ ਕਿ ਲੋਕ 'ਨਾਨਕ' ਛਾਪ ਹੇਠਾਂ ਹੋਰ ਰਚਨਾ ਲਿਖਣ ਲੱਗ ਪਏ ਸਨ। ਗੁਰੂ ਅਮਰਦਾਸ ਜੀ ਨੇ ਗੁਰਬਾਣੀ ਲਿਖਣ ਵੱਲ ਉਚੇਚਾ ਧਿਆਨ ਦਿੱਤਾ। ਗੁਟਕੇ ਲਿਖ ਕੇ ਥਾਂ-ਥਾਂ ਪਹੁੰਚਾਏ। ਬਾਣੀ ਦੀਆਂ ਪੋਥੀਆਂ ਲਿਖੀਆਂ ਤਾਂਕਿ ਕੋਈ ਖਾਇਕ ਰਲਾ ਨਾ ਪਾ ਸਕੇ। ਇਸ ਪੋਥੀਆਂ, ਗੁਟਕੇ ਲਿਖਣ ਦੇ ਉਚੇਚੇ ਕਾਰਜ ਲਈ ਆਪਣੇ ਹੀ ਪੋਤਰੇ, ਬਾਬਾ ਮੋਹਨ ਜੀ ਦੇ ਪੁੱਤਰ, ਸੰਸ ਰਾਮ ਨੂੰ ਲਗਾਇਆ। ਉਹ ਬਾਣੀ ਲਿਖਦੇ ਵੀ ਸਨ ਤੇ ਅਰਥ ਬੋਧ ਲੈਣਾ ਹੁੰਦਾ ਸੀ, ਉਨ੍ਹਾਂ ਕੋਲੋਂ ਲੈਂਦੇ ਵੀ ਸਨ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਸਤਿਗੁਰ ਕੀ ਬਾਨੀ ਸੋ ਲਿਖੇ।*
*ਜਿਨ ਸਰਧਾ ਹੋਇ ਸੋ ਇਨ ਸੋ ਸਿਖੇ।*

ਭਾਈ ਸੰਸ ਰਾਮ ਨਾਲ ਗੁਰੂ ਜੀ ਇਤਨਾ ਪਿਆਰ ਕਰਦੇ ਸਨ ਕਿ ਉਹ ਕਈ ਵਾਰੀ ਪ੍ਰਸ਼ਾਦ ਵੀ ਉਨ੍ਹਾਂ ਨਾਲ ਬੈਠੇ ਉਸੇ ਥਾਲੀ ਵਿਚੋਂ ਖਾਂਦੇ ਸਨ। ਉਚੇਚੀਆਂ ਬਖ਼ਸ਼ਿਸ਼ਾਂ ਉਸ 'ਤੇ ਕੀਤੀਆਂ ਸਨ।

*"ਥਾਲੀ ਏਕ ਸਤਗੁਰ ਸੰਗ ਖਾਏ।*
*ਸਰਬ ਸਿਧ ਬਿਧ ਤਾ ਤੇ ਪਾਏ। ੧੫।*[1]

---

1. ਮਹਿਮਾ ਪ੍ਰਕਾਸ਼, ਸਾਖੀ ੧੯, ਪਾਤਸ਼ਾਹੀ ਤੀਜੀ

ਹੁਣ ਇਹ ਸਮਝਣ ਵਿਚ ਵੀ ਕੋਈ ਖੇਚਲ ਨਹੀਂ ਰਵ੍ਹੇਗੀ ਕਿ ਬਾਣੀ ਦੀਆਂ ਪੋਥੀਆਂ ਬਾਬਾ ਮੋਹਨ ਜੀ ਕੋਲ ਹੋਣਗੀਆਂ ਕਿਉਂਕਿ ਉਨ੍ਹਾਂ ਦਾ ਪੁੱਤਰ ਹੀ ਲਿਖ ਲਿਖ ਸੰਗਤਾਂ ਤਕ ਪਹੁੰਚਾਂਦਾ ਸੀ। ਗੁਰੂ ਅਰਜਨ ਦੇਵ ਜੀ ਨੂੰ ਇਸ ਦਾ ਪਤਾ ਸੀ ਅਤੇ ਇਸੇ ਲਈ ਉਚੇਚੇ ਤੌਰ ਤੇ ਲੈਣ ਆਏ ਸਨ। ਬੰਸਾਵਲੀ ਨਾਮੇ ਦੇ ਲੇਖਕ ਨੇ ਇਕ ਬੜੀ ਭਾਵ-ਪੂਰਤ ਤੁਕ ਲਿਖੀ ਹੈ ਕਿ :

*'ਗੁਰੂ ਅਰਜਨ ਜੀ ਦਾ ਮੋਹਨ ਨਾਲ ਵੱਡਾ ਸੀ ਪਿਆਰ।*
*ਪੁਤਰ ਮਾਮੇ ਦਾ ਲਗੇ ਭਾਈ ਸਾਧ ਸੰਤ ਦਾ ਹਿਤਕਾਰ।'*[1]

ਸੋ ਹੋਰ ਗੱਲਾਂ ਵਾਧੂ ਹਨ ਕਿ ਗੁਰੂ ਅਰਜਨ ਜੀ ਜਦ ਪੋਥੀਆਂ ਲੈਣ ਆਏ ਤਾਂ ਉਸ ਚੁਬਾਰੇ ਦੇ ਦਰ ਬੰਦ ਕਰ ਲਏ। ਸਾਰੀ ਸੰਗ੍ਰਹਿ ਸੰਪਾਦ ਕੀਤੀ ਬਾਣੀ ਗੁਰੂ ਅਰਜਨ ਦੇਵ ਜੀ ਪਾਸ ਸੀ ਅਤੇ ਇਹ ਕਾਰਜ ਗੁਰੂ ਅਮਰਦਾਸ ਜੀ ਆਪ ਆਰੰਭ ਕਰ ਗਏ ਸਨ।

**ਨਿਧਰਿਆਂ ਦੀ ਧਿਰ**—ਜ਼ਿਲ੍ਹਾ ਲਾਹੌਰ ਪਿੰਡ ਖਾਈ ਦਾ ਰਹਿਣ ਵਾਲਾ ਇਕ ਸ਼ਾਹੂਕਾਰ ਪ੍ਰੇਮਾ ਖੱਤਰੀ ਸੀ। ਮਾਪੇ ਗੁਜ਼ਰ ਜਾਣ ਉਪਰੰਤ ਭੈੜੀ ਸੰਗਤ ਵਿਚ ਪੈ ਗਿਆ ਤੇ ਇਲਤਾਂ ਐਸੀਆਂ ਕੀਤੀਆਂ ਕਿ ਕੋਹੜੀ ਹੋ ਗਿਆ। ਹੁਣ ਉਹ ਹੀ ਜਿਨ੍ਹਾਂ ਭੈੜੇ ਕੰਮਾਂ ਵਿਚ ਪਾਇਆ ਸੀ, ਛੱਡ ਖਲੋਤੇ। ਰੋਟੀ ਦੇ ਦੋ ਟੁਕੜਿਆਂ ਤੋਂ ਵੀ ਮੁਹਤਾਜ ਹੋ ਗਿਆ। ਕਿਸੇ ਗਲ ਵਿਚ ਇਕ ਟਿੰਡ ਲਟਕਾ ਦਿੱਤੀ ਕਿ ਕੋਈ ਤਰਸ ਖਾ ਕੇ ਰੋਟੀ ਪਾ ਦੇਵੇਗਾ।

ਸਮਾਂ ਗੁਜ਼ਰਦਾ ਗਿਆ। ਉਸ ਨੇ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣੀ ਕਿ ਉਹ ਤਾਂ ਮੁਰਦਿਆਂ ਨੂੰ ਵੀ ਜੀਵਨ ਬਖ਼ਸ਼ ਰਹੇ ਹਨ। ਇਸੇ ਚਾਅ ਵਿਚ ਰਿੜ੍ਹਦਾ ਲੜਖੜਾਂਦਾ ਗੋਇੰਦਵਾਲ ਪੁੱਜਾ। ਉਥੇ ਸਮੇਂ ਸਿਰ ਲੰਗਰ ਮਿਲਣ ਲੱਗਾ। ਕੀਰਤਨ ਵੀ ਕੰਨੀਂ ਪੈਂਦਾ। ਬਾਉਲੀ ਦੇ ਬਾਹਰ ਬੈਠਾ ਰਹਿੰਦਾ ਤੇ ਖ਼ਾਲੀ ਟਿੰਡ ਵਜਾ ਕੇ ਕਹਿੰਦਾ :

*ਮੈਂ ਗਿਆ ਕਛੋਟਾ ਲਧਾ ਹੈ,*
*ਤੁਮ ਸੁਨੋ ਸਕਲ ਸੰਸਾਰ।*

ਕਈ ਵਾਰੀ ਇਤਨੇ ਵਜਦ ਵਿਚ ਆਉਂਦਾ ਕਿ ਘੁੰਮ-ਘੁੰਮ ਕੇ ਉੱਚੀ-ਉੱਚੀ ਗਾਂਦਾ। ਰੋਜ਼ ਚਰਨ ਧੂੜ ਸੰਗਤਾਂ ਦੀ ਮੱਥੇ ਲਗਾਂਦਾ। ਕਿਸੇ ਸਿੱਖ ਨੇ ਜਦ ਗੁਰੂ ਅਮਰ ਦਾਸ ਜੀ ਨੂੰ ਇਸ ਕੁਸ਼ਟੀ ਦੀ ਦਸ਼ਾ ਦੱਸੀ ਤਾਂ ਗਰੀਬ ਪਰਵਰ ਗੁਰੂ ਅਮਰ ਦਾਸ ਜੀ ਨੇ ਉਸ ਨੂੰ ਉਠਾ ਕੇ ਉਥੇ ਲੈ ਜਾਣ ਲਈ ਕਿਹਾ ਜਿਥੇ ਉਹ ਆਪੂੰ ਰੋਜ਼ ਇਸ਼ਨਾਨ ਕਰਦੇ ਸਨ। ਆਪ ਜੀ ਨੇ ਬਾਉਲੀ ਦੇ ਜਲ ਨਾਲ ਆਪੂੰ ਇਸ਼ਨਾਨ ਕਰਾਇਆ। ਸਵੱਛ ਕੱਪੜੇ ਪਹਿਨਾਏ ਤੇ ਕਿਰਪਾ ਦ੍ਰਿਸ਼ਟੀ ਕੀਤੀ। ਉਹ ਨਿਹਾਲ ਹੋ ਗਿਆ। ਨਰੋਆ ਤਨ ਹੋਇਆ। ਸੁੰਦਰ ਸਰੂਪ ਦਿਖਾਈ ਦੇਵੇ। ਆਪ ਜੀ ਨੇ ਉਸ ਦਾ ਨਾਮ ਵੀ 'ਮੁਰਾਰੀ' ਰੱਖਿਆ।

---

1. ਚਰਨ ਪੰਜਵਾਂ

ਉਸੇ ਸਮੇਂ ਇਹ ਹੁਕਮ ਵੀਂ ਕੀਤਾ ਕਿ ਕੋਈ ਇਸ 'ਮੇਰੇ ਬੇਟੇ' ਨੂੰ ਆਪਣੀ ਲੜਕੀ ਵੀ ਹੁਣ ਵਿਆਹ ਦੇਵੇ। ਭਾਈ ਸ਼ੀਹਾਂ ਉਪਲ ਜੀ ਨੇ ਜਿਨ੍ਹਾਂ ਸਿੱਖੀ ਗੁਰੂ ਨਾਨਕ ਦੇਵ ਜੀ ਵੇਲੇ ਧਾਰਨ ਕੀਤੀ ਸੀ, ਹੱਥ ਜੋੜ ਕੇ ਰਿਸ਼ਤਾ ਲੜਕੀ ਦਾ ਪ੍ਰਵਾਨ ਕਰਨ ਦੀ ਬੇਨਤੀ ਕੀਤੀ। ਜਦ ਸ਼ੀਹਾਂ ਉਪਲ ਜੀ ਅਜੇ ਇਹ ਕਹਿ ਹੀ ਰਹੇ ਸਨ ਤਾਂ ਉਸ ਦੀ ਘਰ ਵਾਲੀ, ਜੋ ਲੰਗਰ ਵਿਚ ਸੇਵਾ ਪਈ ਕਰਦੀ ਸੀ, ਨੂੰ ਜਾ ਕੇ ਕਿਸੇ ਦੱਸਿਆ ਤਾਂ ਉਹ ਦੌੜਦੀ ਆਈ ਤੇ ਕਹਿਣ ਲੱਗੀ : ਮਹਾਰਾਜ ਇਹ (ਸ਼ੀਹਾਂ) ਤਾਂ ਬੁੱਧ ਬਟੋਰ ਹੈ। ਜਿਸ ਨਾਲ ਲੜਕੀ ਵਿਆਹੁਣਾ ਚਾਹੁੰਦਾ ਹੈ, ਇਸ ਦਾ ਨਾ ਨਾਮ, ਨਾ ਮਾਤ, ਨਾ ਤਾਤ, ਨਾ ਕੁਲ ਹੈ, ਗੁਰੂ ਜੀ ਨੇ ਕਿਹਾ, ਤੈਨੂੰ ਬੱਚੀਏ ਭੁਲੇਖਾ ਲੱਗਾ ਹੈ। ਇਹ ਮੇਰਾ ਬੇਟਾ ਹੈ। ਮੁਰਾਰੀ ਇਸ ਦਾ ਨਾਂ ਹੈ। 'ਮੱਥੋ' ਤੇਰੀ ਸੁਤਾ ਹੈ। ਇਹ 'ਮਥੋ ਮੁਰਾਰੀ' ਦੀ ਜੋੜੀ ਹੈ :

*"ਜਾਨਹੁ ਮਮ ਸੁਤ ਇਹੁ ਜੁ ਮੁਰਾਰੀ।*
*ਬਯਾਹਯੋ ਤਨੁਜਾ ਸੰਗਿ ਤੁਮਾਰੀ।*
*ਤਵ ਤਨੁਜਾ ਕੋ ਨਾਮ ਮਥੋ ਹੈ।*
*ਨਾਮ ਮੁਰਾਰੀ ਯਾਂਹਿ ਕਥੋ ਹੈ।*[1]

ਫਿਰ ਦੋਨਾਂ ਨੂੰ ਬਖ਼ਸ਼ਿਸ਼ ਦੇ ਕੇ ਭੇਜਿਆ ਕਿ ਜਾ ਕੇ ਸਿੱਖੀ ਪਰਚਾਰ ਕਰੋ। ਸਤਿਨਾਮ ਦਾ ਉਪਦੇਸ਼ ਜਗ ਨੂੰ ਦ੍ਰਿੜ੍ਹ ਕਰਾਓ। ਤੁਹਾਡੇ ਬਚਨਾਂ ਵਿਚ ਸ਼ਕਤੀ ਹੋਵੇਗੀ। ਹਰ ਬਚਨ ਫਲੇਗਾ।

*"ਸਤਨਾਮ ਉਪਦੇਸ਼ ਜਗ ਕਰਨਾ।*
*ਕਰੋ ਪ੍ਰਸਿਧ ਪੰਥ ਆਚਰਨਾ।*
*ਜੋ ਕਰੋ ਬਚਨ ਜਗ ਮੋ ਸੋ ਫੁਰੇ।*
*ਤੁਮ ਸੰਗ ਮਿਲੇ ਸੁ ਭਵਨਿਧ ਤਰੇ।*

ਬਾਈ ਮੰਜੀਆਂ ਵਿਚੋਂ ਇਕੋ ਇਕ ਮੰਜੀ ਇਹ ਹੀ ਐਸੀ ਹੈ ਜੋ 'ਜੋੜੇ' ਦੰਪਤੀ ਨੂੰ ਦਿੱਤੀ ਗਈ।

**ਨਿਆਸਰਿਆਂ ਦਾ ਆਸਰਾ**—ਗੜ੍ਹਸ਼ੰਕਰ ਦਾ ਇਕ ਵਸਨੀਕ ਗੰਗੂ ਖੱਤਰੀ ਸੀ। ਸ਼ਾਹੂਕਾਰਾ ਕਰਦਾ ਸੀ ਪਰ ਕੰਮ ਐਸਾ ਵਿਗੜਿਆ ਕਿ 'ਜਿਨ ਧਨ ਲੀਆ ਸੋ ਫੇਰ ਨ ਦੇਵੇ ਅਤੇ ਜਿਨ ਧਰੀ ਅਮਾਨ, ਤਿਨ ਕੋ ਕਿਆ ਦੇਵੇ।' ਘਰ ਛੱਡ ਭੱਜ ਉਠਿਆ। ਦਰ-ਦਰ ਦੀਆਂ ਠੋਕਰਾਂ ਖਾ ਕੇ ਗੁਰੂ ਅਮਰ ਦਾਸ ਜੀ ਪਾਸ ਗੋਇੰਦਵਾਲ ਆਇਆ। ਲੰਗਰ ਵਿਚ ਪ੍ਰਸ਼ਾਦ ਪਾ ਕੇ ਜਦ ਸਭ ਦਰਸ਼ਨਾਂ ਨੂੰ ਆਏ ਤਾਂ ਇਹ ਝਕਦਾ ਪਿੱਛੇ ਬੈਠਾ ਰਿਹਾ। ਇਹ ਗੁੜ ਦੀ ਇਕ ਭੇਲੀ ਭੇਟਾ ਕਰਨ ਲਈ ਲਿਆਇਆ ਸੀ ਪਰ ਵੱਡੀਆਂ ਰਕਮਾਂ ਤੇ ਰਸਦਾਂ ਚੜ੍ਹਦੀਆਂ ਦੇਖ ਕੇ ਗੁੜ ਛੁਪਾਈ ਜਾਏ। ਗੁਰੂ ਜੀ ਨੇ ਪਾਸ ਬੁਲਾ ਕੇ ਉਸ ਦੀ ਭੇਟਾ ਸਵੀਕਾਰ ਕੀਤੀ। ਗੁੜ ਆਪੂੰ ਚਖਿਆ ਅਤੇ ਸੰਗਤ ਵਿਚ ਵਰਤਾਇਆ। ਆਪ ਜੀ ਨੇ ਉਸ ਨੂੰ ਆਗਿਆ ਕੀਤੀ ਕਿ ਅਬ ਤੁਮ ਦਿੱਲੀ ਜਾਉ

---

1. ਰਾਸ ਪਹਿਲੀ, ਅੰਸ਼ੂ ੬੦

ਤੇ ਉਥੇ ਹੀ ਸ਼ਾਹੂਕਾਰਾ ਕਰੋ। ਬਰਕਤ ਕੋਲੋਂ ਪਾਈ।

ਦਿੱਲੀ ਪੁਜਦਿਆਂ ਉਸ ਦਾ ਕਾਰਜ ਚੰਗਾ ਚਲ ਪਿਆ। ਇਕ ਮੁਗ਼ਲ ਨਵਾਬ ਨੇ ਜਦ ਲਾਹੌਰ ਵਿਚ ਇਕ ਲੱਖ ਮੁਹਰ ਦੀ ਇਕੋ ਹੁੰਡੀ ਚਾਹੀ ਤਾਂ ਕੋਈ ਦੇ ਨਾ ਸਕਿਆ। ਗੰਗੂ ਨੇ ਮੁਹਰਾਂ ਰੱਖ ਕੇ, ਦਰਸ਼ਨੀ ਹੁੰਡੀ ਪਹਿਲਾਂ ਹੀ ਪਹੁੰਚਾ ਦਿੱਤੀ। ਜਦ ਮੁਗ਼ਲ ਨੂੰ ਹੁੰਡੀ ਤੁਰੰਤ ਉਸੇ ਵੇਲੇ ਮਿਲ ਗਈ ਤਾਂ ਗੰਗੂ ਸ਼ਾਹ ਦੀ ਇੱਜ਼ਤ ਵਧ ਗਈ। ਬਹੁਤ ਧਨ ਕਮਾਇਆ ਪਰ ਸੁਰਤਿ ਵਿਸਰ ਗਈ।

ਗੁਰੂ ਅਮਰ ਦਾਸ ਜੀ ਪਾਸ ਦਿੱਲੀ ਦੇ ਹੀ ਇਕ ਲੋੜਵੰਦ ਨੇ ਲੜਕੀ ਦੇ ਵਿਆਹ ਲਈ ਮਦਦ ਦੀ ਯਾਚਨਾ ਕੀਤੀ ਤਾਂ ਗੁਰੂ ਜੀ ਨੇ ਪੰਜਾਹ ਰੁਪਿਆਂ ਦੀ ਹੁੰਡੀ ਗੰਗੂ ਦੇ ਨਾਂ ਲਿਖ ਦਿੱਤੀ। ਜਦ ਹੁੰਡੀ ਲੈ ਕੇ ਜ਼ਰੂਰਤਮੰਦ ਪੁੱਜਾ ਤਾਂ ਉਸ ਹੰਕਾਰੀ ਨੇ ਕਿਹਾ : 'ਗੁਰੂ ਦੇ ਖਾਤੇ ਵਿਚ ਤਾਂ ਕੁਝ ਨਹੀਂ।' ਹੁੰਡੀ ਵਾਪਸ ਕਰ ਦਿੱਤੀ। ਗੁਰੂ ਜੀ ਪਾਸ ਆ ਕੇ ਜਦ ਉਸ ਨੇ ਹੁੰਡੀ ਦਾ ਨਿਰਾਦਰ ਹੋਣਾ ਦੱਸਿਆ ਤਾਂ ਮਹਾਰਾਜ ਨੇ ਬਚਨ ਕੀਤੇ :

*'ਇਸ ਧਨ ਕਾ ਹੈ ਯਹੀ ਸੁਭਾਇ।*
*ਜਾ ਕੇ ਹੋਇ ਤਿਸ ਕੋ ਬੌਰਾਇ।'*

ਲੋੜਵੰਦ ਦੀ ਲੋੜ ਗੁਰੂ ਜੀ ਨੇ ਉਥੋਂ ਹੀ ਪੂਰੀ ਕਰ ਦਿੱਤੀ।

ਕਰਨਾ ਕਰਤਾਰ ਦਾ ਕਿ ਗੰਗੂ ਦੀ ਫਿਰ ਹਾਲਤ ਮਾੜੀ ਹੋ ਗਈ। 'ਧਨ ਅਲੋਪ ਸਕਲ ਹੋਇ ਗਿਆ।' ਹੁਣ ਹੋਸ਼ ਆਈ ਕਿ ਸਤਿਗੁਰੂ ਤੋਂ ਬੇਮੁਖ ਹੋਣ ਕਾਰਨ ਹੀ ਇਹ ਸਭ ਹੋਇਆ। ਫਿਰ ਗੋਇੰਦਵਾਲ ਆਇਆ। 'ਝਾੜੂ ਕਰੇ, ਸੀਸ ਜਲ ਭਰੇ', ਪਰ ਗੁਰੂ ਪਾਤਸ਼ਾਹ ਨੇ ਗੰਗੂ ਨੂੰ ਕੁਝ ਨ ਕਿਹਾ। ਸੇਵਾ ਕਰਕੇ ਹਉਮੈ ਦੀ ਮੈਲ ਜਦ ਤਕ ਨ ਹਰ ਲ਼ਈ ਉਤਨਾ ਚਿਰ ਤਕ ਕੋਲ ਵੀ ਨਾ ਬੁਲਾਇਆ। ਆਪਣੀ ਪਿੱਠ 'ਤੇ ਇੱਟਾਂ ਦਾ ਭਾਰ ਵੀ ਗੰਗੂ ਚੁੱਕਦਾ ਸੀ ਤੇ ਹਰ ਸਮੇਂ ਸੇਵਾ ਵਿਚ ਹੀ ਰਹਿੰਦਾ ਸੀ। ਖਾਣ ਪੀਣ ਦੀ ਸੁੱਧ ਵੀ ਨਹੀਂ ਸੀ। ਚਿਤ ਟਿਕ ਗਿਆ।

*"ਕਰੇ ਟਹਲ ਪ੍ਰੇਮ ਪ੍ਰਤੀਤ।*
*ਭਈ ਬੁਧ ਘਰੁ ਥਿਰੁ ਚੀਤ।"*

ਐਸੀ ਕਾਰ ਕਈ ਮਹੀਨੇ ਕਰਨ ਉਪਰੰਤ ਗੁਰੂ ਜੀ ਨੇ ਪਾਸ ਬੁਲਾਇਆ ਤੇ ਮਿਹਰ ਦੀ ਨਜ਼ਰ ਕੀਤੀ। ਉਸ ਹੱਥ ਜੋੜ ਖਿਮਾ ਮੰਗੀ ਕਿ ਉਹ ਮਾਇਆ ਵਿਚ ਹੀ ਡੁੱਬ ਗਿਆ ਸੀ। ਤੁਸਾਂ ਹੁਣ ਹੱਥ ਦੇ ਕੇ ਕੱਢ ਲਿਆ ਹੈ। ਮਹਾਰਾਜ ਨੇ ਸਵੱਛ ਕੱਪੜੇ ਪਹਿਨਾਏ ਅਤੇ ਘਰ ਜਾਣ ਦੀ ਆਗਿਆ ਕੀਤੀ ਅਤੇ ਫ਼ਰਮਾਇਆ :

*ਸਤਿਨਾਮ ਹਿਰਦੇ ਜਪੋ,*
*ਅਰੁ ਸੰਗਤ ਨਾਮ ਜਪਾਉ।*

ਉਸ ਨੂੰ ਵੀ ਪਿੱਛੋਂ ਮੰਜੀ ਬਖ਼ਸ਼ੀ ਤੇ ਸਿਰਮੌਰ ਦੀਆਂ ਰਿਆਸਤਾਂ ਵਿਚ ਸਿੱਖੀ ਦਾ ਪਰਚਾਰ ਕਰਨ ਲਈ ਲਗਾਇਆ।

**ਨਿਓਟਿਆਂ ਦੀ ਓਟ**—ਚੌਧਰੀ ਲੰਘਾਹ ਜਨਮ ਤੋਂ ਹੀ ਲੰਗੜਾ ਸੀ।[1] ਉਹ ਰੋਜ਼ ਆਪਣੇ ਪਿੰਡ ਤਲਵੰਡੀਉਂ, ਜੋ ਗੋਇੰਦਵਾਲ ਤੋਂ ਤਿੰਨ ਕੋਹ ਦੀ ਵਾਟ ਤੇ ਸੀ, ਫਾਹੁੜੀ ਸਹਾਰੇ ਦਹੀਂ ਲੈ ਕੇ ਗੁਰ ਦਰਬਾਰ ਪੁਜਦਾ। ਗੁਰੂ ਜੀ ਉਸ ਦੀ ਲਿਆਂਦੀ ਦਹੀਂ ਨਾਲ ਹੀ ਓਗਰਾ ਛਕਦੇ ਸਨ। ਕਈ ਸਾਲ ਲਗਾਤਾਰ ਪ੍ਰੇਮ ਸਹਿਤ ਸੇਵਾ ਨਿਭਾਂਦਾ ਰਿਹਾ। ਲੋਕੀਂ ਤਾਹਨੇ ਦੇਂਦੇ, ਪਰ ਉਸ ਦੀ ਭਗਤੀ ਵਿਚ ਰਤਾ ਵੀ ਫ਼ਰਕ ਨਾ ਪਿਆ।

ਇਕ ਦਿਨ ਜਦ ਉਹ ਦਹੀਂ ਲੈ ਕੇ ਗੋਇੰਦਵਾਲ ਆ ਰਿਹਾ ਸੀ ਤਾਂ ਪਿੰਡ ਦੇ ਚੌਧਰੀ ਨੇ ਉਸ ਦੀ ਫਾਹੁੜੀ ਖੋਹ ਲਈ ਤੇ ਮਖ਼ੌਲ ਕਰਨ ਲੱਗਾ। ਜਾਂਦੇ ਜਾਂਦੇ ਇਹ ਕਹਿ ਗਿਆ ਕਿ ਤੂੰ ਰੋਜ਼ ਦਹੀਂ ਲੈ ਕੇ ਗੁਰੂ ਪਾਸ ਜਾਂਦਾ ਹੈਂ :

*ਤੁਮਰੀ ਟਾਂਗ ਸਾਬਤ ਨਹੀਂ ਕਰੇ।*
*ਤੂ ਆਵਤ ਜਾਵਤ ਕਾਹੇ ਮਰੇ।*

ਬੜੀ ਮੁਸ਼ਕਲ ਨਾਲ ਉਹ ਕਿਸੇ ਹੋਰ ਲੱਕੜ ਦਾ ਸਹਾਰਾ ਲੈ ਕੇ ਗੋਇੰਦਵਾਲ ਪੁੱਜਾ। ਉਧਰ ਜਦ ਗੁਰੂ ਜੀ ਅੱਗੇ ਥਾਲ ਓਗਰੇ ਦਾ ਰੱਖਿਆ ਗਿਆ ਤੇ ਦਹੀਂ ਹੋਰ ਕਿਧਰੋਂ ਮੰਗਵਾ ਕੇ ਨਾਲ ਰੱਖ ਦਿੱਤੀ ਤਾਂ :

*'ਗੁਰੂ ਸਾਹਿਬ ਪਰਸਾਦ ਨ ਪਾਵੇ।*
*ਜਬ ਲਗ ਮਨ ਪ੍ਰੇਮੀ ਨਹੀਂ ਆਵੇ।'*

ਜਦ ਲੰਘਾਹ ਨੇ ਦੇਰੀ ਨਾਲ ਪੁੱਜਣ ਦੀ ਵਾਰਤਾ ਸੁਣਾਈ ਤਾਂ ਕਿਰਪਾ ਨਿਧਾਨ ਨੇ ਫ਼ਰਮਾਇਆ ਕਿ ਤੂੰ ਹੁਣ ਸ਼ਾਹ ਹੁਸੈਨ (ਲਾਹੌਰ) ਪਾਸ ਜਾ, ਉਹ ਤੇਰੀ ਟੰਗ ਬਣਾ ਦੇਵੇਗਾ।

ਸ਼ਾਹ ਹੁਸੈਨ ਮਲਾਮਤੀ ਸੀ। ਜਦ ਵੀ ਕੋਈ ਕੋਲ ਜਾਏ ਤਾਂ ਫਕੜ ਤਲਦਾ। ਲੰਘਾਹ ਗੁਰੂ ਦਾ ਹੁਕਮ ਮੰਨ ਕੇ ਸ਼ਾਹ ਹੁਸੈਨ ਪਾਸ ਪੁੱਜਾ ਤੇ ਆਉਣ ਦਾ ਕਾਰਨ ਦੱਸਿਆ। ਸੁਣਦੇ ਸਾਰ ਹੀ ਉਸ ਨੇ ਪਾਸ ਰੱਖੇ ਡੰਡੇ ਨਾਲ ਮਾਰ ਭਗਾਇਆ। ਲੰਘਾਹ ਉੱਠ ਨੱਸਿਆ ਤੇ ਕੀ ਡਿੱਠਾ ਕਿ ਲੱਤ ਤਾਂ ਸਾਬਤ ਹੋ ਗਈ ਹੈ। ਲੰਘਾਹ ਮੁੜ ਕੇ ਵਾਪਸ ਆਇਆ ਤੇ ਸ਼ਾਹ ਹੁਸੈਨ ਦੇ ਪੈਰੀਂ ਪਿਆ ਤਾਂ ਉਸ ਕਿਹਾ : ਸੁਣ ਲੰਘਾਹ ਕਰਨ ਕਰਾਵਨ ਅਉਰ ਹੈ। ਗੁਰੂ ਅਮਰ ਦਾਸ ਜੀ ਨੇ ਹੀ ਤੇਰੇ ਤੇ ਕਿਰਪਾ ਕੀਤੀ ਹੈ। ਉਸ ਦੇ ਹੀ ਚਰਨ ਪਕੜੋ। ਉਹ ਨਿਮ੍ਰਤਾ ਦਾ ਪੁੰਜ ਹੈ :

*'ਕਰਨ ਕਰਾਵਨ ਹਾਰ ਸੁਆਮੀ।*
*ਕਰੇ ਆਪ ਹਮ ਕੋ ਬਦਨਾਮੀ।'*

'ਮੇਰੇ ਵਰਗੇ ਤਾਂ ਕਰੋੜਾਂ ਹੀ ਉਸ ਦੇ ਦਾਸ ਹਨ। ਮੇਰੀ ਵੀ ਜਾ ਕੇ ਚਰਨ ਬੰਦਨਾ ਕਰਨੀ। ਕਿਸੇ ਹੋਰ ਤੇ ਕਦੇ ਵਿਸ਼ਵਾਸ ਨਾ ਲਿਆਉਣਾ।'

*ਹਮ ਸਮਾਨ ਕੋਟ ਤਿਨ ਦਾਸ।*
*ਮਨ ਧਰ ਸਦਾ ਸਤਿਗੁਰ ਬਿਸਵਾਸ।*

---

1. ਜਨਮ ਸੇ ਟਾਂਗ ਲੰਗੜੀ ਤਿਸ ਆਹੀ (ਮਹਿਮਾ ਪ੍ਰਕਾਸ਼, ਸਾਖੀ ੨੬)

ਇਹ ਲੰਘਾਹ ਹੀ ਫਿਰ ਚੌਧਰੀ ਬਣਿਆ। ਗੁਰੂ ਅਰਜਨ ਜੀ ਦੇ ਪੰਜ ਅਨਿਨ ਸਿੱਖਾਂ ਵਿਚੋਂ ਇਕ ਇਹ ਸੀ। ਇਸੇ ਦੇ ਪੁੱਤਰ ਸਕੰਦਰ ਨੇ ਗੁਰੂ ਹਰਿ ਰਾਇ ਜੀ ਦੀ ਸੇਵਾ ਕੀਤੀ। ਇਸੇ ਸਕੰਦਰ ਨੇ ਆਪਣੀਆਂ ਫ਼ੌਜਾਂ ਦੀ ਮਦਦ ਨਾਲ ਗੁਰੂ ਹਰਿ ਰਾਇ ਜੀ ਦੇ ਹੁਕਮ 'ਤੇ ਦਾਰਾ ਨੂੰ ਰਾਵੀ ਪਾਰ ਕਰਾਇਆ ਸੀ। ਪਰ ਉਹ ਬਦਕਿਸਮਤ ਦਾਰਾ ਆਪਣੇ ਹੀ ਬੰਦਿਆਂ ਦੇ ਹੱਥੋਂ ਕਾਬੂ ਕਰ ਲਿਆ ਗਿਆ। ਇਸੇ ਖ਼ਾਨਦਾਨ ਵਿਚ ਮਾਤਾ ਭਾਗੋ ਹੋਈ, ਜਿਸ ਸਨਮੁਖ ਹੋ ਕੇ ਬੇਦਾਵਾ ਦੇਣ ਵਾਲਿਆਂ ਨੂੰ ਤਾੜਿਆ ਅਤੇ ਕੋਸਿਆ।

**ਨਿਧਰਿਆਂ ਧਿਰ**—'ਨਿਧਰਿਆਂ ਧਿਰ ਅਮਰ ਗੁਰ, ਦੇਇ ਨਿਮਾਨੇ ਮਾਨ' ਮਹਿਮਾ ਪ੍ਰਕਾਸ਼ ਨੇ ਲਿਖਿਆ ਹੈ। ਇਸ ਦੀ ਇਕ ਉੱਘੀ ਮਿਸਾਲ ਭਾਈ ਹਿੰਦਾਲ ਜੀ ਹਨ।

ਭਾਈ ਹਿੰਦਾਲ ਜੀ ਜੰਡਿਆਲਾ ਦੇ ਰਹਿਣ ਵਾਲੇ ਸਨ ਤੇ ਲੰਗਰ ਦੀ ਸੇਵਾ ਇਕ ਚਿਤ ਕਰਦੇ ਸਨ। ਆਟਾ ਛਾਣਨ ਤੇ ਗੁੰਨ੍ਹਣ ਦੀ ਹੀ ਸੇਵਾ ਇਨ੍ਹਾਂ ਆਪਣੇ ਜ਼ਿੰਮੇ ਲਈ ਹੋਈ ਸੀ। ਬੜਾ ਸਾਦਾ ਜੀਵਨ ਸੀ। ਰਹਿੰਦੇ ਵੀ ਸਾਦਾ ਸਨ। ਬੁਧ ਪ੍ਰਕਾਸ਼ ਸੀ। ਸ਼ਬਦ ਹਰ ਸਮੇਂ ਪੜ੍ਹਦੇ ਰਹਿੰਦੇ ਸਨ। ਹਰ ਇਕ ਨਾਲ ਮਿੱਠਾ ਬੋਲਦੇ। ਲੋਭ ਨੇੜੇ ਨਹੀਂ ਸੀ। ਸਾਰੇ ਸੇਵਾਦਾਰ ਤੇ ਸੰਗਤਾਂ ਉਨ੍ਹਾਂ ਨਾਲ ਪ੍ਰੇਮ ਕਰਦੀਆਂ ਸਨ। ਖਾਣ-ਪਾਣ ਤਾਂ ਬਹੁਤ ਹੀ ਥੋੜ੍ਹਾ ਸੀ।

ਗੁਰੂ ਅਮਰ ਦਾਸ ਜੀ ਦੀ ਪ੍ਰਸੰਨਤਾ ਵੀ ਇਨ੍ਹਾਂ ਤੇ ਹੋ ਰਹੀ ਸੀ। ਇਕ ਵਾਰੀ ਗੁਰੂ ਅਮਰ ਦਾਸ ਜੀ ਇਸ਼ਨਾਨ ਕਰਦੇ ਹੀ ਇਧਰ ਲੰਗਰ ਵਿਚ ਆ ਗਏ। ਸਭ ਨੇ ਚਰਨ ਛੂਹੇ ਤੇ ਅਸੀਸਾਂ ਲਈਆਂ। ਪਰ ਹਿੰਦਾਲ ਜੀ ਉਸ ਸਮੇਂ ਆਟਾ ਛਾਣਦੇ ਪਏ ਸਨ। ਉਨ੍ਹਾਂ ਲਈ ਇਹ ਬੜੀ ਮੁਸ਼ਕਿਲ ਬਣੀ ਕਿ ਜੇ ਉਹ ਮੱਥਾ ਨਹੀਂ ਟੇਕਦੇ ਤਾਂ ਬੇਅਦਬੀ ਹੁੰਦੀ ਹੈ ਅਤੇ ਜੇ ਮੱਥਾ ਟੇਕਦੇ ਹਨ ਤਾਂ ਗੁਰੂ ਦੇ ਲੰਗਰ ਦਾ ਨਿਰਾਦਰ। ਕਿਉਂਕਿ ਮੱਥਾ ਟੇਕਣ ਵੇਲੇ ਆਟੇ ਨਾਲ ਭਰੇ ਹੱਥ ਜ਼ਮੀਨ 'ਤੇ ਲੱਗ ਜਾਣੇ ਸਨ। ਉਸ ਪ੍ਰੇਮ ਰੱਖਦੇ ਬੁੱਧ ਨੂੰ ਨਾ ਤਿਆਗਿਆ। ਭਾਵ ਨਾਲ ਭਗਤੀ ਕੀਤੀ। ਭਗਤੀ ਤੇ ਬੁੱਧੀ ਨੂੰ ਇਕੱਠੇ ਰੱਖਿਆ।

ਹਿੰਦਾਲ ਜੀ ਨੇ ਆਪਣੇ ਦੋਵੇਂ ਹੱਥ ਪਿੱਠ ਪਿੱਛੇ ਰੱਖ ਕੇ ਗੁਰੂ ਚਰਨਾਂ ਤੇ ਸੀਸ ਰੱਖ ਦਿੱਤਾ।

*"ਹਾਥ ਦੋਊ ਆਟੇ ਸੋ ਭਰੇ।*
*ਕਰ ਪੀਠ ਪੀਛੇ, ਗੁਰ ਚਰਨਨ ਪਰੇ। ੮।"*[1]

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਤਾਹਿ ਕੀ *ਭਗਤਿ ਬੁਧਿ* ਪੇਖ, ਗੁਰੂ ਜੀ ਬਹੁਤ ਹੀ ਪ੍ਰਸੰਨ ਹੋਏ ਤੇ ਫ਼ਰਮਾਇਆ : 'ਤੁਮਰਾ ਪ੍ਰੇਮ ਮੇਰੇ ਮਨ ਭਾਇਆ।' ਆਪ ਜੀ ਨੇ ਨਿਜ ਵਾਲਾ ਪਰਨਾ ਉਸ ਨੂੰ ਬਖ਼ਸ਼ਿਆ ਤੇ ਕਿਹਾ : *'ਜਤ ਰਖੀਂ'* ਉਸਨੇ ਜੰਡਿਆਲਾ ਦੇ ਇਲਾਕੇ ਵਿਚ ਸਿੱਖੀ ਪ੍ਰਚਾਰ ਦ੍ਰਿੜ੍ਹ ਕਰਾਇਆ ਪਰ ਉਸ ਦੀ ਸੰਤਾਨ ਦੇ ਇਕ ਜੀਅ ਨਿਰੰਜਨ ਦਾਸ ਨੇ ਜਤ ਦਾ ਪੱਲਾ ਛੱਡ ਦਿੱਤਾ ਅਤੇ ਪੰਥ ਧਰੋਹੀਆਂ

1. ਮਹਿਮਾ ਪ੍ਰਕਾਸ਼, ਸਾਖੀ ੨੧

ਦੇ ਨਾਲ ਜਾ ਰਲਿਆ। ਸਭ ਤੇਜ ਪ੍ਰਤਾਪ ਜਾਂਦਾ ਰਿਹਾ।

**ਮਰਯਾਦਾ ਬੰਨ੍ਹਣੀ**—ਮੁਹਸਨ ਫ਼ਾਨੀ ਦਾ ਕਹਿਣਾ ਹੈ ਕਿ ਜੋ ਗੁਰੂ ਨਾਨਕ ਜੀ ਦੇ ਨਾਮ ਲੇਵਾ ਹੋ ਜਾਂਦੇ ਸਨ ਉਨ੍ਹਾਂ ਨੂੰ ਸਿੱਖ ਨਾ ਕਹਿ ਕੇ 'ਕਰਤਾਰੀ' ਕਿਹਾ ਜਾਂਦਾ ਸੀ। ਉਹ ਕਰਤਾਰਪੁਰ ਦੀ ਮਰਯਾਦਾ ਅਪਨਾ ਲੈਂਦੇ ਸਨ ਤੇ ਉਸੇ ਦਾ ਪ੍ਰਚਾਰ ਕਰਦੇ ਸਨ। ਭਾਈ ਗੁਰਦਾਸ ਜੀ ਨੇ ਇਸ ਦਾ ਸੰਕੇਤ ਆਪਣੀਆਂ ਵਾਰਾਂ ਵਿਚ ਦਿੱਤਾ ਹੈ।

ਮੋਟੇ ਤੌਰ 'ਤੇ ਕਰਤਾਰਪੁਰ ਦੀ ਮਰਯਾਦਾ ਸੀ : ਅੰਮ੍ਰਿਤ ਵੇਲੇ ਉਠਣਾ, ਜਪੁਜੀ ਦਾ ਪਾਠ, ਕੀਰਤਨ, ਦਿਹਾੜੀ ਕਿਰਤ, ਸ਼ਾਮ ਨੂੰ ਗੋਸ਼ਟ ਚਰਚਾ ਤੇ ਸੋਦਰ ਅਤੇ ਰਾਤੀਂ ਆਰਤੀ ਸੋਹਿਲਾ। ਕਿਸੇ ਪ੍ਰਕਾਰ ਦਾ ਕੋਈ ਵਹਿਮ, ਭਰਮ, ਰੀਤ, ਰਿਵਾਜ, ਰਸਮ ਨਹੀਂ ਸੀ ਅਪਣਾਈ ਜਾਂਦੀ। ਅਥਰਬਣ (ਰੀਤਾਂ ਰਸਮਾਂ) ਦਾ ਭਾਰ ਗੁਰੂ ਨਾਨਕ ਦੇ ਬਚਨਾਂ ਨੇ ਉਤਾਰ ਸੁੱਟਿਆ ਸੀ।

ਸ਼ਬਦ ਦਾ ਹੀ ਪ੍ਰਚਾਰ ਦਿਨ ਰਾਤ ਹੁੰਦਾ ਸੀ :

*"ਬਾਣੀ ਮੁਖਹੁ ਉਚਾਰੀਐ, ਹੋਇ ਰੁਸ਼ਨਾਈ ਮਿਟੈ ਅੰਧਿਆਰਾ।*
*ਗਿਆਨ ਗੋਸ਼ਟ ਚਰਚਾ ਸਦਾ, ਅਨਹਦਿ ਸ਼ਬਦ ਉਠੇ ਧੁਨਕਾਰਾ।*
*ਸੋਦਰ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪੁ ਉਚਾਰਾ।*
*ਗੁਰਮੁਖਿ ਭਾਰ ਅਥਰਬਣਿ ਤਾਰਾ॥ ੩੮॥ ੧॥*

ਗੁਰੂ ਅਮਰਦਾਸ ਜੀ ਨੇ ਇਹ ਕਾਰਜ ਆਪਣੇ ਜ਼ਿੰਮੇ ਲੈ ਲਿਆ ਕਿ ਸਾਰੀ ਮਰਯਾਦਾ ਨੂੰ ਨਿਖੇੜ ਲਿਖਣਾ ਤੇ ਦੱਸਣਾ ਹੈ। ਜਨਮ, ਵਿਆਹ, ਮ੍ਰਿਤੂ ਸਬੰਧੀ ਮਰਯਾਦਾ ਬੰਨ੍ਹਣ ਦੀ ਲੋੜ ਨੂੰ ਗੁਰੂ ਜੀ ਨੇ ਅਨੁਭਵ ਕਰ ਲਿਆ। ਜਦ ਬ੍ਰਾਹਮਣਾਂ ਦਾ ਜੂਲਾ ਲਹਿ ਗਿਆ ਅਤੇ ਪ੍ਰੋਹਤਵਾਦ ਦਾ ਖਾਤਮਾ ਸਿੱਖ ਘਰ ਵਿਚ ਹੋ ਗਿਆ ਤਾਂ ਸਿੱਖ ਲਈ ਅਵੱਸ਼ ਕਰਮ ਕੀ ਹਨ, ਇਹ ਵੀ ਦਰਸਾਉਣੇ ਜ਼ਰੂਰੀ ਸਨ। ਮੇਲੇ, ਜੋ ਆਮ ਲੋਕਾਂ ਨੂੰ ਖਿੱਚ ਪਾਈ ਰੱਖਦੇ ਸਨ, ਦੀ ਥਾਵੇਂ ਦਿਨ ਦਿਹਾੜੇ ਨਿਯਤ ਕਰਨੇ ਹੋਰ ਵੀ ਜ਼ਰੂਰੀ ਹੋ ਗਏ ਸਨ ਕਿਉਂਕਿ ਸਿੱਖੀ ਦੂਰ-ਦੂਰ ਤਕ ਫੈਲ ਗਈ ਸੀ ਤੇ ਕੇਂਦਰ ਨਾਲ ਜੁੜੇ ਰੱਖਣ ਲਈ ਹੋਰ ਲੋੜ ਸੀ। ਆਪ ਜੀ ਨੇ ਮਰਯਾਦਾ ਬੰਨ੍ਹ ਦਿੱਤੀ, ਜਿਸ ਸਦਕਾ ਸਿੱਖੀ ਨਿੱਖੜ ਕੇ ਉਭਰੀ।

**ਜੁਗਤ ਗੁਰ ਸਿੱਖ**—ਸਭ ਤੋਂ ਪਹਿਲਾਂ ਆਪ ਨੇ ਉਹ ਜੁਗਤ ਦੱਸੀ ਜਿਸ ਦੁਆਰਾ ਸਿੱਖ ਜਗਤ ਵਿਚ ਵਿਚਰ ਸਕੇ। ਆਪ ਜੀ ਨੇ ਹੁਕਮ ਕੀਤਾ ਕਿ ਪਹਿਰ ਰਾਤ ਰਹਿੰਦੀ ਉਠੇ। ਇਸ਼ਨਾਨ ਕਰਕੇ ਇਕਾਂਤ ਵਿਚ ਬੈਠ ਜਾਏ। ਗੁਰਬਾਣੀ ਦੀ ਕੋਈ ਤੁਕ ਭਾਵ ਅਰਥ ਸਮੇਤ ਹਿਰਦੇ ਵਿਚ ਸਮੋਏ। ਮਨ ਦ੍ਰਿੜ੍ਹ ਰੱਖੇ ਤੇ ਚਿਤ ਨੂੰ ਇਕਾਗਰ ਕਰਨ ਤੇ ਲਗਾਏ ਪਰ ਨਿੰਦਾ ਅਤੇ ਝੂਠ ਦਾ ਕਦੇ ਸਹਾਰਾ ਨਾ ਲਵੇ। ਧਰਮ ਦੀ ਕਿਰਤ ਕਰੇ ਅਤੇ ਭਲੇ ਪੁਰਸ਼ਾਂ ਤੇ ਲੋੜਵੰਦਾਂ ਦੀ ਮਦਦ ਕਰੇ। ਪਰਾਈ ਇਸਤਰੀ ਵੱਲ ਨਜ਼ਰ ਭਰ ਕੇ ਨਾ ਵੇਖੇ। ਪਰ ਧਨ ਦਾ ਧਿਆਨ ਨਾ ਕਰੇ। ਭੁਖ ਲਗੀ ਹੀ ਖਾਵੈ। ਜਦ ਨੀਂਦ ਆਵੈ ਤਾਂ ਹੀ ਸੋਇ। ਬਗ਼ੈਰ ਨੀਂਦ ਤੋਂ ਪਲਸੇਟੇ ਮਾਰੀ ਜਾਣੇ ਆਲਸਪੁਣਾ ਤੇ ਗਾਫ਼ਲਪੁਣਾ ਹੈ। ਸਾਧ ਸੰਗਤਿ ਵਿਚ ਰੋਜ਼ ਜਾਏ। ਐਸਾ ਕਰਨ ਨਾਲ ਅਗਿਆਨ ਅੰਧੇਰਾ ਮਿਟੀ ਜਾਏਗਾ

ਅਤੇ ਭਗਤੀ ਭਾਵ ਇਕੱਠਾ ਹੋਈ ਜਾਏਗਾ।

ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ ਫ਼ਰਮਾਇਆ :

*ਪਹਰ ਰਾਤ੍ਰ ਪਿਛਲੀ ਜਬ ਰਹੈ।*
*ਕਰ ਇਸ਼ਨਾਨ ਇਕੰਤ ਹੋਇ ਬਹੈ।੪।*
*ਗੁਰ ਸਰੂਪ ਹਿਰਦੇ ਮੋ ਧਾਰੇ।*
*ਗੁਰਬਾਣੀ ਮਨ ਮਾਹਿ ਬਿਚਾਰੇ।*
*ਮਨ ਦ੍ਰਿੜ੍ਹ ਸੁਰਤ ਇਕਾਗਰ ਰਾਖੇ।*
*ਪਰ ਨਿੰਦਾ ਝੂਠ ਕਬਹੂੰ ਨਹੀਂ ਭਾਖੇ।੫*
*ਕਰ ਧਰਮ ਕਿਰਤ ਸੰਤਨ ਕੋ ਸੇਵੈ।*
*ਪਰ ਤ੍ਰੀਆ ਤਿਆਗ ਪਰ ਧਨ ਨਹੀਂ ਲੇਵੈ।*
*ਛੁਦਾ ਬਿਨਾ ਕਛੁ ਖਾਵੈ ਨਾਹੀ।*
*ਜਬ ਨੀਂਦ ਹੋਇ ਤਬ ਸੈਨ ਕਰਾਈ।੬।*
*ਇਨ ਤੇ ਗ਼ਫ਼ਲਤ, ਆਲਸ ਹੋਇ।.....।੭।*
*ਤਾ ਕੋ ਅਉਧ ਘਟੇ, ਦੁਖ ਹੋਇ।*
*ਤਾ ਤੇ ਸਤ ਪੁਰਖਨ ਸੰਗ ਕਰੈ।*
*ਮਿਟੈ ਅਗਿਆਨ ਭਗਤ ਸੰਚਰੈ।੮।*[1]

ਸੂਰਜ ਪ੍ਰਕਾਸ਼ ਵਿਚ ਇਨ੍ਹਾਂ ਉਪਦੇਸ਼ਾਂ ਨੂੰ ਸਿੱਖੀ ਕੀ ਰਹਿਣੀ ਕਰਕੇ ਇਸ ਤਰ੍ਹਾਂ ਲਿਖਿਆ ਮਿਲਦਾ ਹੈ : ਮੇਰੇ ਸਿੱਖਾਂ ਨੂੰ ਇਕ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਕੇ ਇਕਾਂਤ ਵਿਚ ਵਾਹਿਗੁਰੂ ਦੇ ਧਿਆਨ ਵਿਚ ਜਾਣਾ ਚਾਹੀਦਾ ਹੈ।[2] ਦਿਨ ਚੜ੍ਹੇ ਤੀਕ ਗੁਰਬਾਣੀ ਦੀ ਵਿਚਾਰ ਅਤੇ ਵਾਹਿਗੁਰੂ ਦੇ ਨਾਮ ਦਾ ਜਾਪ ਕਰਨਾ ਚਾਹੀਦਾ ਹੈ। ਧਰਮ ਦੀ ਆਪਣੀ ਕਿਰਤ ਵਿਚੋਂ ਸਿੱਖਾਂ ਸੰਤਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਪਰ ਇਸਤਰੀ ਅਤੇ ਪਰ ਧਨ ਨੂੰ ਕਦੇ ਵੀ ਹੱਥ ਨਹੀਂ ਲਗਾਉਣਾ। ਕਦੇ ਕੂੜਾ ਤੇ ਝੂਠਾ ਬਚਨ ਨ ਬੋਲਣਾ। ਨਾ ਹੀ ਚੁਗਲੀ ਨਿੰਦਾ ਕਰਨੀ। ਦੂਜਿਆਂ ਦੇ ਦੁੱਖ ਵਿਚ ਦੁਖੀ ਅਤੇ ਸੁਖ ਵਿਚ ਖ਼ੁਸ਼ੀ ਹੋਣਾ। ਭੁੱਖ ਤੋਂ ਬਿਨਾਂ ਖਾਣਾ ਨਹੀਂ, ਨੀਂਦ ਤੋਂ ਬਿਨਾਂ ਸੌਣਾ ਨਹੀਂ। ਜੋ ਲੋੜ ਤੋਂ ਬਿਨਾਂ ਖਾਂਦਾ ਹੈ ਉਸ ਨੂੰ ਰੋਗ ਲਗਦਾ ਹੈ ਅਤੇ ਜਿਹੜਾ ਲੋੜ ਤੋਂ ਬਿਨਾਂ ਸੌਂਦਾ ਹੈ, ਆਪਣੀ ਆਯੂ ਨੂੰ ਘਟਾਂਦਾ ਹੈ।[3] ਇਕ ਪਲ ਲਈ ਵੀ ਨਾਮ ਨਹੀਂ

---

1. ਮਹਿਮਾ ਪ੍ਰਕਾਸ਼, ਸਾਖੀ ੨੭
2. ਜਾਗਹਿ ਜਾਮ ਜਾਮਨੀ ਰਹੇ।
   ਮਜਨ ਕਰਿ ਇਕੰਤ ਹੁਇ ਬਹੇ। (ਰਾਸ ੧, ਅੰਸ ੬੪)
3. 'ਛੁਦਾ ਬਿਨਾ ਖੈਬੇ ਕਰੈ।'
   ਨੀਂਦ ਬਿਨਾਂ ਨਹਿ ਸੁਪਤਨ ਧਰੈ। ੪੧।
   ਜੇ ਸੁਪਤਹਿ ਨਿਜ ਅਵਧਿ ਘਟਾਵਹਿ।
   ਛੁਧਿ ਬਿਨ ਖ਼ਾਇ ਰੋਗ ਉਪਜਾਵਹਿ। (ਰਾਸ ੧, ਅੰਸ ੬੪)

ਵਿਸਾਰਨਾ। ਭਾਣਾ ਮਿੱਠਾ ਕਰ ਕੇ ਮੰਨਣਾ ਤੇ ਕਦੇ ਕਰਤਾਰ ਤੇ ਦੋਸ਼ ਨਾ ਦੇਣਾ।[1] ਮਨ ਦੀ ਪਵਿਤ੍ਰਤਾ ਸਭ ਤੋਂ ਉੱਤੇ ਸ਼ੈ ਹੈ। ਕਾਮ, ਕ੍ਰੋਧ, ਹੰਕਾਰ, ਮੋਹ ਅਤੇ ਲੋਭ ਨੂੰ ਜਿੱਤ ਲੈਣਾ ਹੀ ਵੱਡੀ ਜਿੱਤ ਹੈ। ਆਪਣੀ ਹੱਕ ਦੀ ਕਮਾਈ ਤੇ ਸੰਤੋਖ ਰੱਖਣਾ। ਆਪਣੇ ਭਲੇ ਕੰਮ ਪ੍ਰਗਟ ਨਹੀਂ ਕਰਨੇ। ਜੋ ਨਸ਼ਰ ਕਰਦੇ ਹਨ ਉਨ੍ਹਾਂ ਨੂੰ ਫਲ ਨਹੀਂ ਮਿਲਦਾ। ਝੂਠੀ ਵਡਿਆਈ ਪਾਪਾਂ ਵੱਲ ਲੈ ਜਾਂਦੀ ਹੈ।[2] ਗੁਰੂ ਅਤੇ ਪ੍ਰਮੇਸ਼ਵਰ ਦੀ ਨਿੰਦਾ ਨਹੀਂ ਸੁਣਨੀ।[3] ਕਪਟ, ਈਰਖਾ ਤੇ ਲਾਲਚ ਨੂੰ ਤਿਆਗਣਾ ਹੀ ਸਿੱਖੀ ਹੈ। ਮੁਕਤੀ ਲਈ ਕੇਵਲ ਵਾਹਿਗੁਰੂ ਅੱਗੇ ਅਰਾਧਨਾ ਤੇ ਅਰਦਾਸ ਕਰਨੀ। ਵਿਸ਼ਵਾਸ ਕਦੇ ਨਾ ਡੋਲਣ ਦੇਣਾ। ਅੱਗਾ ਕਦੇ ਨਾ ਭੁਲਾਉਣਾ। ਸੰਸਾਰਕ ਸੁਖਾਂ ਵਿਚ ਕਦੇ ਨਾ ਉਲਝਣਾ।[4] ਸਦਾ ਹੀ ਮਹਾਂਪੁਰਸ਼ਾਂ ਦੀ ਸੰਗਤ ਕਰਨੀ, ਗੁਰਬਾਣੀ ਨਾਲ ਪਿਆਰ ਅਤੇ ਗੁਰਬਾਣੀ ਨੂੰ ਪੜ੍ਹ ਸੁਣ ਕੇ ਪ੍ਰਸੰਨ ਹੋਣਾ। ਜਦ ਬਾਣੀ ਮਿੱਠੀ ਲੱਗਣ ਲੱਗ ਪਵੇ, ਇਹ ਸਮਝੇ ਕਿ ਕਲਿਆਣ ਦਾ ਦਰਵਾਜ਼ਾ ਖੁਲ੍ਹ ਗਿਆ ਹੈ।[5] ਜੀਵਨ ਗੁਰੂ ਦੇ ਬਚਨਾਂ ਅਨੁਸਾਰ ਢਾਲਣਾ। ਤਵਾਰੀਖ਼ ਗੁਰ ਖ਼ਾਲਸਾ ਦੇ ਲਿਖਾਰੀ ਨੇ ਇਨ੍ਹਾਂ ਉਪਦੇਸ਼ਾਂ ਨੂੰ ਸੁਖਾਲਾ ਜਿਹਾ ਰਸਤਾ ਕਰ ਕੇ ਇਸ ਤਰ੍ਹਾਂ ਲਿਖਿਆ ਹੈ :

'ਭਾਈ ਸਿੱਖੋ! ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ :

'ਕਰ ਸੁਕ੍ਰਿਤ ਧਰਮੁ ਧਰਮੁ ਕਮਾਈਐ।' ਵਡਿਆਈ ਵਡਾ ਪਾਇਆ। ਗ੍ਰਿਹਸਥ ਧਰਮ ਦਾ ਪਾਲਣ ਕਰਦੇ ਲੋਕ ਭਲਾਈ ਦੇ ਕਰਮ ਕਰਣੇ।

'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।'

ਦੇ ਬਚਨਾਂ ਵੱਲ ਹਰ ਵੇਲੇ ਧਿਆਨ ਰੱਖਣਾ। ਸਿੱਖੀ ਸਿੱਖਿਆ ਗੁਰ ਵੀਚਾਰ। ਗੁਰੂ ਦੇ ਉਪਦੇਸ਼ਾਂ ਦਾ ਵਿਚਾਰ ਕਰਨਾ। ਸ਼ੁੱਭ ਕਰਮ ਨਿਰ ਇੱਛਤ ਕਰਨੇ। ਧਨ, ਪੁੱਤਰ, ਇਸਤਰੀ, ਇੱਜ਼ਤ, ਬਡਾਈ ਸਭ ਵਾਹਿਗੁਰੂ ਦੀ ਦਾਤ ਮੰਨਣੀ। ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣਾ। ਸਾਧ ਸੰਗਤ ਦੀ ਸੇਵਾ ਕਰਨੀ। ਸਤਿਸੰਗ ਵਿਚ ਬੈਠਣਾ। ਕੁਸੰਗ ਦਾ ਤਿਆਗ। ਆਤਮਾ ਪਰਮਾਤਮਾ ਨੂੰ ਇਕ ਰੂਪ ਜਾਣਨਾ। ਗੁਰੂ ਪਰਮੇਸ਼ਵਰ ਤੋਂ ਬਿਨਾਂ ਹੋਰ ਕਿਸੇ ਪੀਰ, ਪੈਗੰਬਰ, ਦੇਵੀ ਦੇਵਤਾ, ਮੜ੍ਹੀ ਮਸਾਣ ਆਦਿਕ ਨੂੰ ਆਪਣੇ ਨਫ਼ੇ ਨੁਕਸਾਨ ਵਾਸਤੇ ਪੂਜਣਾ ਮੰਨਣਾ ਨਾਹੀ। ਕੇਵਲ ਅਕਾਲ ਪੁਰਖ ਦਾ ਜਾਪ ਧਿਆਨ ਕਰ ਕੇ

---

1. ਪਰਮੇਸੁਰ ਸੋ ਭਾਣੋ ਮਾਨਹਿ।
ਨਹੀਂ ਦੋਸ਼ ਪ੍ਰਭੁ ਮਹਿ ਕਬਿ ਠਾਨਹਿ।
2. ਆਛੇ ਕਰਮ ਦਿਖਾਇ ਨ ਚਾਹੈ।
ਲਾਭ ਘਟੈ, ਪਾਖੰਡ ਇਸ ਮਾਹੈ। ੫੧।
3. *ਹਰਿ, ਗੁਰ ਕੀ ਨਿੰਦਾ ਨਹਿ ਸੁਨੈ।*
4. ਜਗ ਸੁਖ ਮਹਿ ਉਰਝਹਿ ਨਹਿ ਕਦਾ। ੫੩।
5. *ਗੁਰਬਾਨੀ ਸੋ ਮਨ ਅਨੁਰਾਗਹਿ।*
*ਪਠਤਿ ਸੁਨਤਿ ਜਬ ਮੀਠੀ ਲਾਗਹਿ।*
ਤਬ ਜਾਨਹਿ—ਮਮ ਹੁਇ ਕਲਿਆਨਹਿ। (ਰਾਸਿ ੧, ਅੰਸ ੬੫)

ਪਰਉਪਕਾਰ ਦੇ ਕਰਮ ਕਰਨੇ। ਇਹ ਹੀ ਕਲਿਆਣ ਦਾ ਰਸਤਾ ਹੈ।'

ਪਰਉਪਕਾਰ ਦੀ ਵਿਆਖਿਆ ਕਰਦੇ ਫਰਮਾਇਆ :

"ਇਹ ਚਾਰ ਕਿਸਮ ਦੇ ਹਨ : ਨਿਰਧਨ ਗ੍ਰਿਸਤੀ ਲੋੜਵੰਦ ਦਾ, ਜਿਸ ਦਾ ਕਾਰਜ ਨਾ ਸਰਦਾ ਹੋਵੇ, ਧਨ ਕਰ ਕੇ ਨਿਬਾਹ ਦੇਣਾ, ਉੱਤਮ ਉਪਕਾਰ ਹੈ। ਨਹੀਂ ਤਾਂ ਸੰਗਤਿ ਨੂੰ ਬੇਨਤੀ ਕਰਾ ਕੇ ਕਰਾ ਦੇਣਾ, ਨੰਗੇ ਨੂੰ ਕੱਪੜਾ ਤੇ ਭੁੱਖੇ ਨੂੰ ਰੋਟੀ ਦੇਣਾ, ਆਪਣਾ ਕੰਮ ਛੱਡ ਕੇ ਗਰੀਬ ਦਾ ਕੰਮ ਕਰਾਉਣਾ। ਕਿਸੇ ਨੂੰ ਕਹਿ ਕੇ ਕਿਸੇ ਦਾ ਕੰਮ ਕਰਾ ਦੇਣਾ ਵੀ ਪਰਉਪਕਾਰ ਹੈ।

ਘਰ ਕਦੇ ਨਹੀਂ ਤਿਆਗਣਾ। ਤਿਆਗੇ ਕਦੇ ਭਗਤੀ ਨਹੀਂ ਲੱਭਦੀ। ਭਗਤੀ ਕਰਣੀ ਕਰ ਕੇ, ਪ੍ਰਾਪਤ ਹੁੰਦੀ ਹੈ।

ਨਿਮ੍ਰਤਾ ਰੱਖਣੀ। ਜਿਵੇਂ ਸਿਪ ਸਵਾਂਤੀ ਬੂੰਦ ਲੈ ਕੇ ਸਮੁੰਦਰ ਹੇਠ ਜਾ ਟਿਕਦਾ ਹੈ। ਤੈਸੇ ਹੀ ਸਿੱਖ ਗੁਰੂ ਉਪਦੇਸ਼ ਜਲ ਪਾ ਕੇ, ਮਨ ਨੂੰ ਇਸਥਿਤ ਕਰ ਕੇ ਭਜਨ ਵਿਚ ਜੁੜੇ ਅਤੇ ਤਨ, ਮਨ ਧਨ ਦਾ ਹੰਕਾਰ ਛੱਡ ਕੇ, ਸਭ ਕੁਝ ਈਸ਼ਵਰ ਦਾ ਮੰਨੇ। ਆਪਣੇ ਨਫ਼ੇ ਵਾਸਤੇ ਬਿਨਾਂ ਸਤਿਗੁਰ ਅਕਾਲ ਪੁਰਖ ਦੇ ਹੋਰ ਕਿਸੇ ਦੀ ਮੰਨਤ ਪੂਜਾ ਨਾ ਕਰੇ। ਕੋਈ ਨਸ਼ਾ ਨਹੀਂ ਕਰਨਾ। 'ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ।' ਸ਼ਰਾਬ ਪੀਣ ਨਾਲ ਮਤ ਟਿਕਾਣੇ ਨਹੀਂ ਰਹਿੰਦੀ :

*ਜਿਤ ਪੀਤੈ ਮਤਿ ਦੂਰਿ ਹੋਇ।*
*ਬਰਲ ਪਵੈ ਵਿਚ ਆਇ।*
*ਆਪਣਾ ਪਰਾਇਆ ਨ ਪਛਾਣਈ।*
*ਖਸਮਹੁ ਧਕੇ ਖਾਇ।*

ਸਿੱਖ ਦਾ ਜੀਵਨ ਸਹਿਜ ਦਾ ਅਤੇ ਪਰਉਪਕਾਰੀ ਹੈ।

ਜਦ ਸਿੱਖਾਂ ਚੰਗੇ ਮਹੂਰਤ ਬਾਰੇ ਪੁੱਛਿਆ ਤਾਂ ਆਪ ਜੀ ਦਾ ਫ਼ਰਮਾਨ ਸੀ : ਗੁਰਸਿੱਖ ਲਈ ਸਭ ਤੋਂ ਚੰਗਾ ਮਹੂਰਤ ਉਹ ਹੀ ਹੈ ਜਦ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਜਾਂਦੀ ਹੈ। ਸਭ ਕਾਰਜਾਂ ਦੇ ਆਰੰਭ ਵੇਲੇ ਗੁਰੂ ਦੇ ਸਿੱਖ ਮਨ ਨੀਵਾਂ ਕਰ ਕੇ ਅਕਾਲ ਪੁਰਖ ਪਾਸ ਅਰਦਾਸ ਕਰਨ ਨਾਲ ਸਭ ਕਾਰਜ ਸੁਹੇਲੜੇ ਥੀਵਣਗੇ।

**ਅਨੰਦ ਵਿਆਹ**—ਗਿਆਨੀ ਠਾਕੁਰ ਸਿੰਘ ਜੀ, ਗੁਰਦੁਆਰੇ ਦਰਸ਼ਨ ਦੇ ਪੰਨਾ ੪੯੬ 'ਤੇ ਲਿਖਦੇ ਹਨ ਕਿ ਭਾਈ ਹਿੰਦਾਲ ਜੀ ਦੇ ਭਰਾ ਭਾਈ ਦਿਆਲ ਜੀ ਦੀ ਸਪੁੱਤਰੀ ਵਰ ਯੋਗ ਹੋਈ ਤਾਂ ਉਹ ਵਿਆਹ ਸੁਧਾਣ ਲਈ ਪੰਡਤ ਪਾਸ ਗਏ। ਪੰਡਿਤ ਨੇ ਗੁੱਸੇ ਵਿਚ ਕਿਹਾ : "ਬੁਲਾਓ ਆਪਣੇ ਗੁਰੂ ਅਮਰ ਦਾਸ ਨੂੰ, ਜੋ ਤੇਰੀ ਲੜਕੀ ਦਾ ਵਿਆਹ ਕਰ ਜਾਵੇ। ਮੈਂ ਤਾਂ ਤੁਹਾਡਾ ਪਰਛਾਵਾਂ ਲੈਣ ਲਈ ਵੀ ਤਿਆਰ ਨਹੀਂ ਹਾਂ।" ਭਾਈ ਦਿਆਲ ਜੀ ਇਸੇ ਚਿੰਤਾ ਵਿਚ ਗੋਇੰਦਵਾਲ ਪੁੱਜੇ। ਸਾਰੀ ਵਾਰਤਾ ਸੁਣਾਈ। ਗੁਰੂ ਅਮਰਦਾਸ ਜੀ ਉਸੇ ਸਮੇਂ ਬਾਉਲੀ ਸਾਹਿਬ ਵਲ ਗਏ ਹੋਏ ਸਨ ਜਿੱਥੇ (ਗੁਰੂ) ਰਾਮ ਦਾਸ ਜੀ ਸੇਵਾ ਕਰਵਾ ਰਹੇ ਸਨ। ਉਨ੍ਹਾਂ ਨੂੰ ਭਾਈ ਹਿੰਦਾਲ ਜੀ ਅਤੇ ਭਾਈ ਦਿਆਲ ਜੀ ਨਾਲ ਭੇਜਿਆ ਕਿ ਆਸਾ ਦੀ

ਵਾਰ ਦੀ ਸਮਾਪਤੀ ਕਰ ਕੇ, ਮੂਲ ਮੰਤ੍ਰ ਜਪੁ ਜੀ ਪੜ੍ਹ ਕੇ, ਲਾਵਾਂ ਉਚਾਰ ਕੇ, ਫਿਰ ਸੂਹੀ ਛੰਤ ਮਹਲਾ ਪਹਿਲਾ, 'ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ। ਦਾਨਿ ਤੇਰੈ ਘਟ ਚਾਣਨਾ ਤਨਿ ਚੰਦੁ ਦੀਪਾਇਆ' ਦਾ ਛੰਤ ਅਤੇ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਪੜ੍ਹ ਕੇ, ਅਰਦਾਸ ਕਰ ਕੇ ਵਿਆਹ ਕਰਵਾ ਦੇਣਾ। ਐਸਾ ਹੀ ਕੀਤਾ ਗਿਆ ਤੇ ਅਨੰਦ ਵਿਆਹ ਦਾ ਮੁੱਢ ਬੱਝ ਗਿਆ।

ਇਹ ਹੀ ਮਰਯਾਦਾ, ਕੁਝ ਵੱਧ ਘੱਟ ਕਰ ਕੇ ਅਨੰਦ ਮੈਰਿਜ ਐਕਟ ਵਿਖੇ, ੨੨ ਅਕਤੂਬਰ, ੧੯੦੯ ਨੂੰ ਰੱਖੀ ਗਈ। ਡਾਕਟਰ ਤਾਰਾ ਚੰਦ ਨੇ ਲਿਖਿਆ ਕਿ ਇਹ ਅਨੰਦ ਮੈਰਜ ਐਕਟ ਦਾ ਲਾਗੂ ਹੋਣਾ ਨਵੀਆਂ ਸੁਧਾਰਕ ਲਹਿਰਾਂ ਵਿਚ ਮੀਲ ਪੱਥਰ ਨਿਆਈਂ ਸੀ। ਇਸ ਨਾਲ ਵਿਧਵਾ ਵਿਆਹ ਕਾਨੂੰਨੀ ਹੋਏ ਤੇ ਅੰਤਰ-ਜਾਤੀ ਵਿਆਹ ਨੂੰ ਬਾਕਾਇਦਾ ਕਰਾਰ ਦਿੱਤਾ ਗਿਆ। ਅਨੰਦ ਮੈਰਿਜ ਐਕਟ ਦਾ ਪ੍ਰਭਾਵ ਨਿਰਾ ਨਿੱਕੇ ਦਾਇਰੇ ਵਿਚ ਨਹੀਂ ਸੀ ਸਗੋਂ ਬਹੁਤ ਵਡੇਰਾ ਸੀ। ਇਸ ਨਾਲ ਉਹ ਖਿੜਕੀ ਖੁਲ੍ਹੀ ਜਿਸ ਦੁਆਰਾ ਖੁੱਲ੍ਹੇ ਚੌੜੇ ਜਗਤ ਦੀ ਤਾਜ਼ਾ ਹਵਾ ਝੁੱਲੀ। ਖੋਖਲੀਆਂ ਰੀਤਾਂ ਤੇ ਕੂੜੀਆਂ ਰਸਮਾਂ ਦੇ ਜੂਲੇ ਹੇਠੋਂ ਕੌਮ ਨਿਕਲੀ ਅਤੇ ਅਗਾਂਹ ਵਧਣ ਦੇ ਰਾਹ ਪੈਣ ਦੇ ਸਮਰੱਥ ਹੋਈ। ਇਸ ਸਦਕਾ ਹਿੰਦੂ ਧਰਮ ਨਾਲੋਂ ਸਿੱਖ ਧਰਮ, ਨਿੱਖੜ ਗਿਆ।[1]

**ਅੰਤਮ ਸੰਸਕਾਰ**—ਅੰਤਮ ਸੰਸਕਾਰ ਬਾਰੇ ਵੀ ਗੁਰੂ ਅਮਰ ਦਾਸ ਜੀ ਨੇ ਸਪੱਸ਼ਟ ਹੁਕਮ ਦਿੱਤੇ। ਮਰਨਾ ਪ੍ਰਭੂ ਦੇ ਹੁਕਮ ਵਿਚ ਹੈ। 'ਮਤ ਮੈਂ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ' ਉਨ੍ਹਾਂ ਦੇ ਅੰਤਮ ਬਚਨ ਸਨ। ਬਿਰਧ ਮਰਨ 'ਤੇ ਕਿਸੇ ਨੂੰ ਵੱਡਾ ਨਾ ਕਰਨਾ ਤੇ ਨਾ ਬਿਬਾਨ ਸਵਾਰਨਾ। ਸਰੀਰ ਨੂੰ ਅਗਨ ਸਾਥ ਸਾੜ ਦੇਣਾ। ਫੁਲ ਨਹੀਂ ਚੁਗਣੇ। ਰਾਖ ਨੂੰ ਨੇੜੇ ਦੀ ਨਦੀ ਵਿਚ ਪ੍ਰਵਾਹ ਕਰ ਦੇਣਾ। ਜੇ ਨਦੀ ਨਾ ਹੋਵੇ ਤਾਂ ਡੂੰਘਾ ਟੋਆ ਖੁੰਨ ਕੇ ਦਬਾ ਦੇਣਾ।

ਪਿੱਛੋਂ ਕਿਸੇ ਗਰੁੜ ਪੁਰਾਣ [2] ਦੀ ਕਥਾ ਆਦਿ ਨਹੀਂ ਕਰਨੀ। ਨਿਰੋਲ ਕੀਰਤਨ ਹੀ ਕਰਨਾ। ਹਰੀ ਦਾ ਜਸ ਹੀ ਗਾਣਾ। ਭਾਣੈ ਵਿਚ ਰਹਿਣਾ। ਜੋ ਭਾਣੈ ਵਿਚ ਰਹਿੰਦੇ ਹਨ, ਵਾਹਿਗੁਰੂ ਉਨ੍ਹਾਂ 'ਤੇ ਪ੍ਰਸੰਨ ਹੁੰਦਾ ਹੈ। ਗੁਰੂ ਨਾਨਕ ਜੀ ਹੁਕਮ ਕਰ ਗਏ ਸਨ ਕਿ ਸਨਬੰਧੀ ਦੇ ਮਰਨ 'ਤੇ ਜੋ ਔਰਤਾਂ ਹਾਇ-ਹਾਇ ਆਖਦੀਆਂ ਅਤੇ ਉਇ-ਉਇ ਕਰਦੀਆਂ ਹਨ, ਗੱਲ੍ਹਾਂ ਪਿਟਦੀਆਂ ਹਨ, ਸਿਰ ਦੇ ਵਾਲ ਖੁੰਹਦੀਆਂ ਹਨ, ਇਹ ਮਾੜਾ

---

1. This Constituted a distinct break with Hinduism.

(ਹਿਸਟਰੀ ਔਫ਼ ਦੀ ਫ਼ਰੀਡਮ ਮੂਵਮੈਂਟ ਇਨ ਇੰਡੀਆ, ਜਿਲਦ ਦੂਜੀ, ਪੰਨਾ ੩੯੬)

2. ਗਰੁੜ ਪੁਰਾਣ ਵਿਚ ਆਤਮਾ ਨਾਲ ਜੋ ਮਰਨ ਪਿੱਛੋਂ ਬੀਤਦੀ ਹੈ ਉਸ ਦਾ ਕਲਪਤ ਹਾਲ ਲਿਖਿਆ ਹੈ। ਜਿਵੇਂ ਮਰਨ ਪਿੱਛੋਂ ਜੀਵ ਪ੍ਰੇਤ ਜੂਨ ਵਿਚ ਪੈਂਦਾ ਹੈ ਅਤੇ ਇਸ ਦਾ ਸਰੀਰ ਅੰਗੂਠੇ ਜਿੰਨਾ ਹੋ ਜਾਂਦਾ ਹੈ। ਪਿੰਡ ਭਰਾਣ ਬਾਅਦ ਸਰੀਰ ਹੱਥ ਭਰ ਹੋ ਜਾਂਦਾ ਹੈ। ਪ੍ਰੇਤ ਕਰਮ ਕਰਾਉਣ ਲਈ ਮਰੇ ਦਾ ਪੁੱਤਰ ਤੇ ਹੋਰ ਨਜ਼ਦੀਕੀ ਸਨਬੰਧੀ ਮੁੰਡਨ ਕਰਨ। ਇਹ ਅਤੀ ਜ਼ਰੂਰੀ ਹੈ। ਤਿਲ ਤੇ ਘਿਓ ਦੀ ਅਹੂਤੀ ਦੇਣ। ਬਹੁਤ ਉੱਚੀ-ਉੱਚੀ ਰੋਣ। ਅਜਿਹਾ ਕਰਨ ਨਾਲ ਮਰੇ ਪਰਾਣੀ ਨੂੰ ਸੁਖ ਮਿਲਦਾ ਹੈ। ਇਧਰ ਗੁਰੂ ਦਾ ਹੁਕਮ ਸੀ : "ਮਤ ਮੈ ਪਿਛੈ ਕੋਈ ਰੋਵਸੀ, ਸੋ ਮੈ ਮੂਲਿ ਨ ਭਾਇਆ।" ਗਿਆਰਾਂ ਦਿਨ ਰਾਤ ਦੀਵਾ ਜਗਦਾ ਰਵ੍ਹੇ।

ਕਰਮ ਹੈ। ਜੋ ਉਸ ਸਮੇਂ ਵੀ ਪ੍ਰਮਾਤਮਾ ਦਾ ਨਾਮ ਜਪਦੇ ਹਨ, (ਗੁਰੂ) ਨਾਨਕ ਉਨ੍ਹਾਂ ਤੋਂ ਸਦਕੇ ਜਾਂਦਾ ਹੈ :

*ਹੈ ਹੈ ਕਰਿ ਕੈ ਓਹ ਕਰੇਨਿ।*
*ਗਲ੍ਹਾਂ ਪਿਟਨਿ ਸਿਰ ਖੋਹੇਨਿ।*
*ਨਾਉ ਲੈਨਿ ਅਰੁ ਕਰਨਿ ਸਮਾਇ।*
*ਨਾਨਕੁ ਤਿਨ ਬਲਿਹਾਰੈ ਜਾਇ।੬।*

ਗੁਰੂ ਨਾਨਕ ਜੀ ਨੇ ਅਲਾਹਣੀਆਂ ਇਸੇ ਲਈ ਉਚਾਰੀਆਂ ਸਨ ਕਿ ਲੋਕੀਂ ਇਸ ਪਿੱਟਣ ਰੋਣ ਵਾਲੀ ਬਦ-ਆਦਤ ਤੋਂ ਬਚ ਜਾਣ ਤੇ ਹੁਕਮ ਵਿਚ ਟਿਕਣ। ਗੁਰੂ ਅਮਰ ਦਾਸ ਜੀ ਨੇ ਵੀ ਉਸੇ ਰਾਗ ਵਡਹੰਸ ਵਿਚ ਅਲਾਹਣੀਆਂ ਉਚਾਰੀਆਂ।

ਜੋਤੀ ਜੋਤ ਸਮਾਉਣ ਵੇਲੇ ਗੁਰੂ ਅਮਰ ਦਾਸ ਜੀ ਨੇ ਜੋ ਆਖਿਆ ਉਹ ਵੀ ਪ੍ਰਚਲਤ ਹਿੰਦੂ ਰੀਤੀ ਨਾਲੋਂ ਸਿੱਖ ਨੂੰ ਨਿਖੇੜ ਵੱਖ ਕਰਦਾ ਹੈ। ਆਪ ਜੀ ਦਾ ਹੁਕਮ ਸੀ :

ਮੇਰੇ ਪਿਛੋਂ ਨਿਰੋਲ ਕੀਰਤਨ ਕਰਿਅਹੁ।

ਕੇਸੋ ਗੋਪਾਲ (ਪ੍ਰਭੂ ਪ੍ਰਮਾਤਮਾ) ਦੇ ਜਾਣੂ ਸਜਣਾਂ ਪੰਡਤਾਂ ਨੂੰ ਸੱਦ ਘੱਲਿਓ ਜੋ ਆ ਕੇ ਅਕਾਲ ਪੁਰਖ ਦੀ ਹੀ ਕਥਾ ਕਰਨ। ਅਕਾਲ ਪੁਰਖ ਦਾ ਨਾਮ ਹੀ ਸੁਣਨਾ। ਬੇਬਾਣ ਵੀ ਅਕਾਲ ਪੁਰਖ ਦਾ ਪਿਆਰ ਹੀ ਚੰਗਾ ਲੱਗਦਾ ਹੈ।ਗੁਰੂ ਤਾਂ ਪਿੰਡ ਪਤਲਿ, ਕਿਰਿਆ, ਦੀਵਾ ਅਤੇ ਫੁੱਲ, ਇਨ੍ਹਾਂ ਸਭਨਾਂ ਨੂੰ ਸਤਿਸੰਗ ਤੋਂ ਕੁਰਬਾਨ ਕਰਦਾ ਹੈ।ਭਾਵ ਇਹ ਕਦਾਚਿਤ ਨ ਕਰਨਾ। ਜੋ ਸਤਿਗੁਰੂ ਬੋਲਿਆ, ਗੁਰੂ ਸਿੱਖਾਂ ਮੰਨਿ ਲਈ ਰਜਾਇ ਜੀਉ।

*"ਅੰਤੇ ਸਤਿਗੁਰੁ ਬੋਲਿਆ,*
*ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।*
*ਕੇਸੋ ਗੋਪਾਲ ਪੰਡਿਤ ਸਦਿਅਹੁ,*
*ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ।*
*ਹਰਿ ਕਥਾ ਪੜੀਐ, ਹਰਿ ਨਾਮੁ ਸੁਣੀਐ,*
*ਬੇਬਾਣੁ, ਹਰਿ ਰੰਗੁ ਗੁਰ ਭਾਵਏ।*
*ਪਿੰਡੁ ਪਤਲਿ ਕਿਰਿਆ ਦੀਵਾ ਫੁਲ,*
*ਹਰਿ ਸਰਿ ਪਾਵਏ।"[1]*

*ਅਨੰਦ ਸਾਹਿਬ ਦੀ ਬਾਣੀ ਜਿਥੇ ਸਮਾਪਤ ਹੁੰਦੀ ਹੈ, ਉਸ ਦੇ ਨਾਲ ਹੀ ਰਾਮਕਲੀ ਸਦ ਜੋ ਬਾਬਾ ਸੁੰਦਰ ਜੀ ਨੇ ਲਿਖੀ ਸੀ, ਦਰਜ ਕਰ ਕੇ ਗੁਰੂ ਅਰਜਨ ਦੇਵ ਜੀ ਸਿੱਖਾਂ ਨੂੰ ਸਮਝਾ ਰਹੇ ਸਨ ਕਿ ਸਿੱਖ ਘਰ ਜਨਮ-ਮਰਨ, ਹਰਖ-ਸੋਗ ਉਸ ਦੇ ਹੁਕਮ ਵਿਚ ਹੈ।*ਇੰਦੂ ਭੂਸ਼ਨ ਬੈਨਰਜੀ ਨੇ ਠੀਕ ਲਿਖਿਆ ਹੈ ਕਿ ਸਿੱਖਾਂ ਲਈ ਮੌਤ ਨਾਲ ਸੰਬੰਧਤ ਸਾਰੀਆਂ ਹੀ ਫੋਕੀਆਂ ਰਸਮਾਂ ਮੁੱਕ ਗਈਆਂ।

● ● ●

1. ਰਾਮਕਲੀ ਸਦ

੯

# ਸ਼ਿਕਾਇਤਾਂ ਤੇ ਅਰਜ਼ੀਆਂ ਰਾਜ ਦਰਬਾਰ, ਆਮਦ ਅਕਬਰ ਗੁਰੂ ਦਰਸ਼ਨਾਂ

**'ਸਤਿਗੁਰ ਦੀ ਵਡਿਆਈ ਵੇਖਿ ਨ ਸਕਨ'**—ਗਉੜੀ ਕੀ ਵਾਰ ਮਹਲਾ ਚੌਥਾ ਇਤਿਹਾਸਕ ਘਟਨਾਵਾਂ ਦੇ ਵਰਣਨ ਨਾਲ ਭਰੀ ਪਈ ਹੈ। ਗੁਰੂ ਰਾਮ ਦਾਸ ਜੀ ਨੇ ਕੁਝ ਗੋਝ ਭਾਵਾਂ ਵਿਚ ਉਨ੍ਹਾਂ ਸਾਰੀਆਂ ਘਟਨਾਵਾਂ, ਵਾਰਤਾਵਾਂ ਤੇ ਸਾਖੀਆਂ ਦਾ ਜ਼ਿਕਰ ਕੀਤਾ ਹੈ ਜੋ ਗੁਰੂ ਅਮਰ ਦਾਸ ਜੀ ਦੇ ਗੁਰਗੱਦੀ ਬਿਰਾਜਮਾਨ ਹੋਣ 'ਤੇ ਪਹਿਲੇ ਦਹਾਕਿਆਂ ਵਿਚ ਵਾਪਰੀਆਂ।

ਇਕ ਸਲੋਕ ਵਿਚ ਗੁਰੂ ਰਾਮ ਦਾਸ ਜੀ ਲਿਖਦੇ ਹਨ ਕਿ ਨਿੰਦਕ ਲੱਖ ਯਤਨ ਕਰਨ, ਕੁਝ ਨਹੀਂ ਕਰ ਸਕਣਗੇ ਕਿਉਂਕਿ ਉਹ ਇਹ ਨਹੀਂ ਜਾਣਦੇ ਕਿ ਜਿਸ ਨੂੰ ਆਪਣੀ ਜ਼ਿੰਦਗੀ ਵਿਚ ਹੀ ਗੁਰੂ ਅੰਗਦ ਦੇਵ ਜੀ ਨੇ 'ਟਿੱਕ' ਦਿੱਤਾ ਹੋਵੇ, ਜ਼ਿੰਮੇਵਾਰੀ ਸੌਂਪ ਦਿੱਤੀ ਹੋਵੇ, ਉਸ ਦਾ ਕੋਈ ਕੁਝ ਨਹੀਂ ਵਿਗਾੜ ਸਕਦਾ। ਸਾਰਾ ਸੰਸਾਰ ਉਨ੍ਹਾਂ ਦੀ ਪੈਰੀਂ ਪੈ ਜਾਂਦਾ ਹੈ ਅਤੇ ਨਿਉਂਦਾ ਹੈ :

*'ਜਿ ਹੋਦੈ ਗੁਰੂ ਬਹਿ ਟਿਕਿਆ,*
*ਤਿਸ ਜਨ ਕੀ ਵਡਿਆਈ ਵਡੀ ਹੋਈ।*
*ਤਿਸ ਕਉ ਜਗਤੁ ਨਿਵਿਆ,*
*ਸਭ ਪੈਰੀ ਪਇਆ ਜਸੁ ਵਰਤਿਆ ਲੋਈ।'*

ਫਿਰ ਰਤਾ ਕੁ ਵਿਆਖਿਆ ਕਰਦੇ ਹੋਏ ਗੁਰੂ ਅਮਰ ਦਾਸ ਜੀ ਦਾ ਸੁਭਾਅ ਦੱਸਦੇ ਹਨ ਕਿ ਜਿਨ੍ਹਾਂ ਮਨੁੱਖਾਂ ਦਾ ਕਾਰਜ ਸਿਰਫ਼ ਊਜਾਂ ਲਗਾਉਣਾ, ਉਪੱਦਰ ਖੜ੍ਹੇ ਕਰਨੇ, ਸ਼ਰਾਰਤਾਂ ਅਪਨਾਉਣੀਆਂ, ਸ਼ਿਕਾਇਤਾਂ ਪਹੁੰਚਾਣੀਆਂ ਤੇ ਦਰਖਾਸਤਾਂ ਹੀ ਦੇਣਾ ਸੀ, ਐਸੇ ਲੋਕਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਆਪ ਮਨਮੁਖ ਕਰਾਰ ਦੇ ਦਿੱਤਾ ਸੀ ਅਤੇ ਐਸੇ ਹੰਕਾਰੀਆਂ ਨੂੰ ਗੁਰੂ ਅੰਗਦ ਦੇਵ ਜੀ ਨੇ ਝੂਠਾ ਮਿਥਿਆ ਸੀ। ਗੁਰੂ ਅਮਰ ਦਾਸ ਜੀ ਨੇ ਇਹ ਵਿਚਾਰ ਕੀਤੀ :

ਇਨ੍ਹਾਂ ਕੰਗਾਲਾਂ ਦੇ ਕੀਹ ਵੱਸ ਹੈ ?

*"ਗੁਰਿ ਬਾਬੇ ਫਿਟਕੇ ਸੇ ਫਿਟੇ*
*ਗੁਰਿ ਅੰਗਦਿ ਕੀਤੇ ਕੂੜਿਆਰੇ।*
*ਗੁਰਿ ਤੀਜੀ ਪੀੜੀ ਵੀਚਾਰਿਆ,*
*ਕਿਆ ਹਥਿ ਏਨਾ ਵਿਚਾਰੇ।"*

(ਗਉੜੀ ਕੀ ਵਾਰ ਮਹਲਾ ੪, ਪੰਨਾ ੩੦੭)

ਇਥੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਦੋਖੀਆਂ ਰਲ ਕੇ ਕਿਤਨੇ ਹੀ ਜਤਨ ਕੀਤੇ, ਪਰ ਕਿਸੇ ਨੂੰ ਵੀ ਕਾਮਯਾਬੀ ਨਾ ਮਿਲੀ। ਉਨ੍ਹਾਂ ਸਭ ਜਤਨਾਂ ਦਾ ਵੇਰਵਾ ਇਸ ਪਰਕਾਰ ਦਿੱਤਾ ਜਾ ਸਕਦਾ ਹੈ :

**ਪਹਿਲਾ ਜਤਨ**—ਪਹਿਲਾ ਜਤਨ ਉਨ੍ਹਾਂ ਈਰਖਾਲੂ ਲੋਕਾਂ ਦਾ ਇਹ ਸੀ ਕਿ ਗੁਰੂ ਅਮਰ ਦਾਸ ਜੀ ਨੂੰ ਗੋਇੰਦਵਾਲ ਵਸੇਬਾ ਹੀ ਨਾ ਕਰਨ ਦਿੱਤਾ ਜਾਵੇ। ਉਨ੍ਹਾਂ ਬੋਲੀਆਂ, ਪੱਥਰ, ਤੀਰ, ਗੋਲੀਆਂ, ਪੱਥਰ, ਵੱਟੇ, ਸਿੱਖਾਂ ਤੇ ਸੇਵਕਾਂ ਨੂੰ ਮਾਰੇ ਪਰ ਸ਼ਾਹੀ ਖ਼ਜ਼ਾਨੇ ਦੀ ਖੱਚਰ ਘਰ ਲੁਕਾਉਣ ਨਾਲ ਘਰ ਘਾਟ ਹੀ ਗਵਾ ਬੈਠੇ।

**ਦੂਜੀ ਕੋਸ਼ਿਸ਼**—ਫਿਰ ਮਰਵਾਹਾ ਗੋਇੰਦੇ[1] ਦੇ ਪੁੱਤਰ ਨੂੰ ਚੁੱਕਿਆ ਕਿ ਉਹ ਰਾਜ ਦਰਬਾਰ ਜਾਂ ਲਾਹੌਰ ਜਾ ਕੇ ਨਵਾਬ ਪਾਸ ਅਰਜ਼ੀ ਦਾਖਲ ਕਰੇ ਕਿ ਉਸ ਦੇ ਪਿਤਾ ਦੀ ਜ਼ਮੀਨ 'ਤੇ ਗੁਰੂ ਅਮਰਦਾਸ ਜੀ ਨੇ ਕਬਜ਼ਾ ਕਰ ਲਿਆ ਹੈ। ਇਹ ਯਾਦ ਰਵ੍ਹੇ ਕਿ ਮਰਵਾਹੇ ਦੇ ਇਕ ਪੁੱਤਰ ਨੂੰ ਤਾਂ ਸ਼ਾਹੀ ਫ਼ੌਜ ਨੇ ਖ਼ਜ਼ਾਨਾ ਲੁੱਟਣ ਦੇ ਦੋਸ਼ ਵਿਚ ਫਾਂਸੀ ਚੜ੍ਹਾ ਦਿੱਤਾ ਸੀ। ਦੂਜਾ ਵੀ ਉਨ੍ਹਾਂ ਮਾਰ ਮੁਕਾਉਣਾ ਸੀ ਪਰ ਉਸ ਦੀ ਮਾਂ ਗੁਰੂ ਸ਼ਰਨ ਲੈ ਕੇ ਆ ਗਈ ਸੀ ਅਤੇ ਗੁਰੂ ਜੀ ਨੇ ਬਚਾ ਲਿਆ ਸੀ। ਮਹਿਮਾ ਪ੍ਰਕਾਸ਼ ਨੇ ਲਿਖਿਆ ਹੈ ਕਿ :

*"ਵੈ ਕਰ ਬਿਚਾਰ ਸਤਿਗੁਰ ਪਹਿ ਗਈ।*
*ਲੇ ਲੜਕਾ ਚਰਨਨ ਪਰ ਪਈ।"*

ਗੁਰੂ ਰਾਮ ਦਾਸ ਜੀ ਨੇ ਗਉੜੀ ਦੀ ਵਾਰ ਵਿਚ ਇਸ ਘਟਨਾ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ, ਜਿਨ੍ਹਾਂ ਨਿਰਵੈਰਾਂ ਨਾਲ ਵੈਰ ਰਚਾਇਆ, ਉਨ੍ਹਾਂ ਸਾਰੇ ਸੰਸਾਰ ਦਾ ਪਾਪ ਹੀ ਸਿਰ 'ਤੇ ਉਠਾਇਆ ਹੈ। ਕਿਧਰੇ ਉਨ੍ਹਾਂ ਨੂੰ ਕਾਮਯਾਬੀ ਨ ਮਿਲੀ। ਨਿੰਦਾ ਕਰ-ਕਰ ਕੇ ਉਹ ਥੱਕ ਗਏ। ਐਸੇ ਮਨੁੱਖਾਂ ਨੇ ਸੋਨੇ ਨੂੰ ਜੇ ਹੱਥ ਪਾਇਆ ਤਾਂ ਉਹ ਵੀ ਮਿੱਟੀ ਹੋ ਗਿਆ ਪਰ ਗੁਰੂ ਦੀ ਵਡਿਆਈ ਦੇਖੋ ਕਿ ਐਸਾ ਪਾਪੀ ਵੀ ਜੇ ਗੁਰੂ ਕੀ

---

1. ਗਲਾਸਰੀ ਔਫ਼ ਪੰਜਾਬ ਟ੍ਰਾਈਬਜ਼ ਐਂਡ ਕਾਸਟ ਦੀ ਜਿਲਦ ਦੂਜੀ ਦੇ ਪੰਨਾ 924 'ਤੇ ਲਿਖਿਆ ਹੈ ਕਿ ਮਰਵਾਹ ਇਕ ਸਾਧੂ ਸੁਭਾਅ ਸੱਜਣ ਸੀ। ਉਸ ਦਾ ਵਸੇਬਾ ਇਸ ਜੂਹ ਵਿਚ ਸੀ। ਉਸ ਨੇ ਇਕ ਰਾਜੇ ਨੂੰ ਜੋ ਸ਼ਿਕਾਰ ਤੇ ਚੜ੍ਹਿਆ ਸੀ ਤੇ ਰਾਹ ਖੁੰਝ ਕੇ ਭੁੱਖ ਨਾਲ ਆਤੁਰ ਸੀ, ਖਾਣਾ ਖੁਆਇਆ ਅਤੇ ਉਸ ਨੇ ਖੁਸ਼ ਹੋ ਕੇ ਜਾਗੀਰ ਦਿੱਤੀ। ਪਿੱਛੋਂ ਰਾਜੇ ਦੀ ਸੰਤਾਨ ਨਾਲ ਝਗੜਾ ਹੋਇਆ ਅਤੇ ਮੁਕੱਦਮਾ ਦਿੱਲੀ ਤਕ ਗਿਆ ਅਤੇ ਉਸ ਨੇ ਇਹ ਪ੍ਰਣ ਕੀਤਾ ਸੀ ਕਿ ਜਿੱਤ ਜਾਣ ਦੀ ਸੂਰਤ ਵਿਚ ਅੱਧੀ ਜ਼ਮੀਨ ਗੁਰੂ ਅੰਗਦ ਦੇਵ ਜੀ ਨੂੰ ਧਰਮਸਾਲ ਥਾਪਣ ਲਈ ਦੇਵੇਗਾ। ਵਿਸਥਾਰ ਲਈ ਦੇਖੋ ਇਸੇ ਪੁਸਤਕ ਦਾ ਅਧਿਆਇ ਤੀਜਾ।

ਚਰਨੀਂ ਆ ਢੱਠਾ ਤਾਂ ਉਨ੍ਹਾਂ ਬਖ਼ਸ਼ ਦਿੱਤਾ :

*"ਨਿਰਵੈਰੈ ਨਾਲਿ ਜੇ ਵੈਰ ਰਚਾਏ,*
*ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ।*
*ਓਸੁ ਅਗੈ ਪਿਛੈ ਢੋਈ ਨਾਹਿ,*
*ਜਿਸ ਅੰਦਰਿ ਨਿੰਦਾ ਮੁਹਿ ਅੰਬੁ ਪਇਆ।*
*ਜੇ ਸੁਇਨੇ ਨੋ ਓਹੁ ਹਥ ਪਾਏ,*
*ਤਾ ਖੇਹੁ ਸੇਤੀ ਰਲਿ ਗਇਆ।*
*ਜੇ ਗੁਰ ਕੀ ਸਰਣੀ ਫਿਰਿ ਓਹ ਆਵੈ,*
*ਤਾ ਪਿਛਲੇ ਅਉਗਣ ਬਖਸਿ ਲਇਆ।*

(ਗਉੜੀ ਕੀ ਵਾਰ ਮਹਲਾ ੪, ਪੰਨਾ ੩੦੭)

ਹੁਣ ਉਸੇ ਪੁੱਤਰ ਨੇ ਚੁੱਕ ਵਿਚ ਆ ਕੇ ਦਰਖ਼ਾਸਤ ਦਿੱਤੀ ਕਿ 'ਮੇਰੇ ਬਾਪ ਮਰਵਾਹ ਗੋਇੰਦਾ ਨੇ ਆਪਣੇ ਪਿੰਡ ਵਿਚ ਇਕ ਸਾਧੂ ਵਸਾਇਆ ਸੀ। ਉਹ ਹੁਣ ਜ਼ਮੀਨ ਦਬਾ ਬੈਠਾ ਹੈ। ਬੇਦਖ਼ਲ ਕੀਤਾ ਜਾਏ।' ਅਕਬਰ ਤਖ਼ਤ 'ਤੇ ਬੈਠ ਚੁੱਕਾ ਸੀ ਅਤੇ ਲਾਹੌਰ ਦਾ ਗਵਰਨਰ ਨਵਾਬ ਖਿਜ਼ਰ ਖ਼੍ਵਾਜਾ ਖ਼ਾਨ ਸੀ।

ਨਵਾਬ ਖ਼੍ਵਾਜਾ ਖ਼ਾਨ ਆਪੂੰ ਗੋਇੰਦਵਾਲ ਆਇਆ। ਉਸ ਅੱਖੀਂ ਡਿੱਠਾ ਕਿ ਗੋਇੰਦਵਾਲ ਬਨਾਵਟ ਦਾ ਕੋਈ ਮੁਕਾਮ ਨਹੀਂ। ਸਭ ਅਸਲ਼ ਹੀ ਅਸਲ ਹੈ। ਦਿਖਾਵੇ ਦਾ ਜੀਵਨ ਨਹੀਂ। ਨੇਕੀ ਅਤੇ ਬੰਦਗੀ ਤੇ ਗੁਰੂ ਜੀ ਜ਼ੋਰ ਦੇ ਰਹੇ ਹਨ। ਸੰਗਤਿ ਪੰਗਤਿ ਵਿਚ ਬਰਾਬਰੀ ਰੱਖੀ ਜਾਂਦੀ ਹੈ। ਗੁਰੂ ਬੇਗਰਜ਼ ਤੇ ਰੱਬ ਦੇ ਰੂਪ ਹਨ। ਦਿਨ ਰਾਤ ਇਬਾਦਤ ਹੁੰਦੀ ਰਹਿੰਦੀ ਹੈ। ਗੁਰੂ ਜੀ ਦਾ ਕਿਸੇ ਨਾਲ ਵੈਰ ਵਿਰੋਧ ਨਹੀਂ ਹੈ ਸਗੋਂ ਉਨ੍ਹਾਂ ਨੇ ਹੀ ਇਸ ਮਰਵਾਹੇ ਦੇ ਪੁੱਤਰ ਨੂੰ ਆਪ ਵਿਚ ਪੈ ਕੇ ਮੌਤੋਂ ਬਚਾਇਆ ਸੀ ਤਾਂ ਉਸ ਅਰਜ਼ੀ ਖ਼ਾਰਜ ਕਰ ਦਿੱਤੀ। ਨਾਲ ਆਏ ਫ਼ੌਜਦਾਰ ਤਾਹਿਰ ਖ਼ਾਨ 'ਤੇ ਐਸਾ ਪ੍ਰਭਾਵ ਪਿਆ ਕਿ ਉਹ ਗੁਰੂ ਦਾ ਸਿੱਖ ਹੀ ਹੋ ਗਿਆ।

ਲਾਹੌਰ ਨਵਾਬ ਪਾਸ ਸਫ਼ਲਤਾ ਨਾ ਮਿਲਣ 'ਤੇ ਹੁਣ ਮਰਵਾਹੇ ਖੱਤਰੀ ਨੇ ਆਗਰੇ ਵੱਲ ਰੁਖ਼ ਕੀਤਾ। ਮਰਵਾਹਾ ਆਪਣੇ ਨਾਲ ਇਕ ਹੋਰ ਸਾਥੀ ਲੈ ਕੇ ਸ਼ਾਹੀ ਦਰਬਾਰ ਫ਼ਰਯਾਦੀ ਹੋਇਆ। ਰਸਤੇ ਵਿਚ ਜਿੱਥੇ ਇਹ ਦੋਵੇਂ ਜਾਣ ਝੂਠੀਆਂ ਦਾਸਤਾਨਾਂ ਘੜ-ਘੜ ਕੇ ਸੁਣਾਉਣ, ਪਰ ਕੋਈ ਕੰਨ ਨਾ ਦੇਵੇ।

ਸ਼ਾਹੀ ਦਰਬਾਰ ਦਾ ਦਸਤੂਰ ਸੀ ਕਿ ਜਿਸ ਨੇ ਫ਼ਰਯਾਦ ਕਰਨੀ ਹੁੰਦੀ, ਉਹ ਦਰਬਾਰ ਵਿਚ ਪਿਆ ਚੋਲਾ ਜੋ ਨੀਲੇ ਰੰਗ ਦਾ ਹੁੰਦਾ ਸੀ, ਪਾ ਕੇ ਆਪਣੀ ਪੀੜਾ ਦੱਸਦਾ। ਐਸੇ ਫ਼ਰਯਾਦੀ ਦਾ ਫ਼ੈਸਲਾ ਉਸੇ ਸਮੇਂ ਸੁਣਾ ਦਿੱਤਾ ਜਾਂਦਾ ਸੀ। ਕੁਦਰਤੀ ਸੀ ਕਿ ਐਸਾ ਨੀਲਾ ਚੋਲਾ ਨਿੱਤ ਪਾਉਣ ਨਾਲ ਮੈਲਾ ਅਤੇ ਗੰਦਾ ਹੋ ਜਾਏ। ਨੀਲੇ ਦੀ ਥਾਂ ਰੰਗ ਕਾਲਾ ਹੀ ਲੱਗਦਾ ਸੀ।

ਜਦ ਨੀਲਾ ਕਾਲਾ ਖਿਧੋਲੜਾ ਮਰਵਾਹ ਨੇ ਪਾ ਕੇ ਫ਼ਰਯਾਦ ਕੀਤੀ ਕਿ ਉਸ ਦੀ

ਜ਼ਮੀਨ 'ਤੇ ਗ਼ੈਰ ਦਾ ਕਬਜ਼ਾ ਹੈ ਤਾਂ ਅਕਬਰ ਦੇ ਪੁੱਛਣ 'ਤੇ ਅਹਿਲਕਾਰਾਂ ਦੱਸਿਆ ਕਿ 'ਮਰਵਾਹ ਦਾ ਕਹਿਣਾ ਗ਼ਲਤ ਹੈ। ਨਵਾਬ ਲਾਹੌਰ ਆਪ ਜਾ ਕੇ ਤਹਿਕੀਕਾਤ ਕਰ ਆਏ ਸਨ ਤੇ ਦਾਅਵਾ ਝੂਠਾ ਕਰਾਰ ਦਿੱਤਾ ਸੀ। ਖ਼ੁਫ਼ੀਆ ਖ਼ਬਰਾਂ ਤੋਂ ਵੀ ਇਹ ਪਰਗਟ ਹੁੰਦਾ ਹੈ ਕਿ ਮਰਵਾਹ ਝੂਠਾ ਹੈ। ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਗੁਰੂ ਅਮਰ ਦਾਸ ਜੀ ਹਨ ਜੋ ਬੜੇ ਮੁੱਤਕੀ, ਪਰਹੇਜ਼ਗਾਰ, ਸੁਲਹ ਕੁਲ, ਖ਼ੁਦਾ-ਪ੍ਰਸਤ, ਬਨੀ-ਨੌਅ ਇਨਸਾਨ ਦੇ ਦੋਸਤ ਤੇ ਮਦਦਗਾਰ ਹਨ। ਆਪ ਜੀ ਦਾ ਲੰਗਰਖ਼ਾਨਾ ਹਰ ਵਕਤ ਖੁਲ੍ਹਾ ਹੈ। ਹਿੰਦੂ, ਮੁਸਲਮਾਨ, ਸਾਧੂ, ਗ੍ਰਹਿਸਤੀ, ਫ਼ਕੀਰ, ਹਰ ਕੋਈ ਬਿਨਾਂ ਜਾਤ-ਪਾਤ ਦੀ ਰੋਕ ਟੋਕ ਦੇ ਖਾਣਾ ਮੁਫ਼ਤ ਪਾਂਦਾ ਹੈ।' ਅਕਬਰ ਨੇ ਫ਼ਰਯਾਦ ਨਾ-ਮਨਜ਼ੂਰ ਕੀਤੀ ਅਤੇ ਅਕਬਰ ਦਾ ਰੁਖ਼ ਦੇਖ ਕੇ ਅਹਿਲਕਾਰਾਂ ਧੱਕੇ ਮਾਰ ਕੇ ਦੋਹਾਂ ਨੂੰ ਬਾਹਰ ਕੱਢਿਆ। ਇਹ ਹੁਣ ਜਿੱਥੇ ਜਾਂਦੇ ਲੋਕੀਂ ਫਿਟਕਾਰਾਂ ਪਾਂਦੇ। ਆਪਣੇ ਰਿਸ਼ਤੇਦਾਰਾਂ ਦੇ ਘਰ ਦੋਵੇਂ ਗਏ ਪਰ ਉਨ੍ਹਾਂ ਨੇ ਵੀ ਮੂੰਹ ਨਾ ਲਗਾਇਆ। ਵਹੁਟੀ ਤੇ ਭਤੀਜਿਆਂ ਨੇ ਮਸਾਂ ਟਿਕਾਣਾ ਦਿੱਤਾ ਪਰ ਹੁਣ ਕਿਸੇ ਪਾਸੇ ਵੀ ਮੂੰਹ ਦਿਖਾਣ ਜੋਗਾ ਮਰਵਾਹ ਦਾ ਪੁੱਤਰ ਨਹੀਂ ਰਿਹਾ ਸੀ। ਵਾਹਿਗੁਰੂ ਨੇ ਆਪ ਹੀ ਇਹ ਨਿਆਂ ਕਰਾ ਦਿੱਤਾ। ਨਿੰਦਕ ਵੀ ਕੁਝ ਚਿਰ ਲਈ ਚੁੱਪ ਹੋ ਗਏ।

ਗੁਰੂ ਰਾਮ ਦਾਸ ਜੀ ਨੇ ਇਸ ਸਾਰੀ ਵਾਰਤਾ ਨੂੰ ਗਉੜੀ ਦੀ ਵਾਰ ਵਿਚ ਹੀ ਅੰਕਤ ਕੀਤਾ। ਸਲੋਕ ਦੇ ਸ਼ਬਦ ਹਨ :

*ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ,*
*ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।*
*ਪਾਸਿ ਨ ਦੇਈ ਕੋਈ ਬਹਿਣ ਜਗਤ ਮਹਿ,*
*ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ।*
*ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ,*
*ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ।*
*ਤੜ ਸੁਣਿਆ ਸਭਤੁ ਜਗਤੁ ਵਿਚਿ ਭਾਈ,*
*ਵੇਮੁਖੁ ਸਣੈ ਨਫ਼ਰੈ ਪਉਲੀ ਪਉਦੀ,*
*ਫਾਵਾ ਹੋਇ ਕੈ ਉਠ ਘਰਿ ਆਇਆ।*
*ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ,*
*ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ।*
*ਹਲਤੁ ਪਲਤੁ ਦੋਵੈ ਗਏ, ਨਿਤ ਭੁਖਾ ਕੂਕੇ ਤਿਹਾਇਆ।*

(ਗੁਰੂ ਗ੍ਰੰਥ ਸਾਹਿਬ, ਪੰਨਾ ੩੦੬)

ਇਹ ਵੀ ਚੇਤਾ ਰੱਖਣ ਵਾਲੀ ਗੱਲ ਹੈ ਕਿ ਇਸ ਸਲੋਕ ਤੋਂ ਪਹਿਲਾਂ ਜੋ ਗਉੜੀ ਕੀ ਵਾਰ ਮਹਲਾ ਚੌਥਾ ਵਿਚ ਸਲੋਕ ਦਰਜ ਹੈ ਉਹ

*'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮ ਧਿਆਵੈ।'*

ਦੀ ਮਰਯਾਦਾ ਦਰਸਾਉਣ ਵਾਲਾ ਹੈ। ਇਸ ਤੋਂ ਪਹਿਲਾਂ ਤਪੇ ਦੀ ਈਰਖਾ ਦਾ ਸਾਰਾ ਵਿਰਤਾਂਤ ਦਿੱਤਾ ਹੈ। ਜੋ ਦਰਸਾਂਦਾ ਹੈ ਕਿ ਅਸਲ ਸ਼ਿਕਾਇਤ ਦਾ ਕਾਰਨ ਨਵੀਂ ਮਰਯਾਦਾ ਆਰੰਭ ਹੋਣਾ ਸੀ।

**ਬ੍ਰਾਹਮਣਾਂ ਤੇ ਸਨਾਤਨੀ ਹਿੰਦੂਆਂ ਦੀ ਪੁਕਾਰ**—ਜ਼ਮੀਨ ਤੋਂ ਬੇਦਖ਼ਲ ਕਰਾਉਣ ਵਿਚ ਜਦ ਕਿਸੇ ਪਾਸਿਉਂ ਸਫ਼ਲਤਾ ਨਾ ਮਿਲੀ ਤਾਂ ਬ੍ਰਾਹਮਣਾਂ ਨੇ ਸਨਾਤਨੀ ਹਿੰਦੂਆਂ ਨਾਲ ਰਲ ਕੇ ਇਕ ਮਹਜਰ ਨਾਮਾ ਤਿਆਰ ਕੀਤਾ ਜਿਸ ਦਾ ਮੁੱਖ ਧੁਰਾ ਸੀ ਕਿ ਗੁਰੂ ਅਮਰ ਦਾਸ ਜੀ ਪੁਰਾਤਨ ਰੀਤਾਂ, ਸ਼ਾਸਤਰੀ ਰਿਵਾਜਾਂ ਅਤੇ ਵੇਦਕ ਰਸਮਾਂ ਨੂੰ ਤਲਾਂਜਲੀ ਦੇ ਕੇ ਹਿੰਦੂ ਧਰਮ ਤੇ ਸੱਟ ਮਾਰ ਰਹੇ ਹਨ।[1] ਨਵਾਂ ਪੰਥ ਚਲਾ ਲਿਆ ਹੈ। ਵਰਨ ਜਾਤ ਦਾ ਭੇਦ ਮਿਟਾ ਦਿੱਤਾ ਹੈ। ਇਕ ਦੇਗ ਤੇ ਇਕੋ ਥਾਂ ਬਿਠਾ ਕੇ ਲੰਗਰ ਛਕਾ ਰਹੇ ਹਨ। ਬ੍ਰਾਹਮਣ ਦੀ ਉੱਚਤਾ ਵੀ ਨਹੀਂ ਮੰਨਦੇ। ਧਰਮ ਨਸ਼ਟ ਹੋ ਰਿਹਾ ਹੈ :

*"ਪੰਥ ਨਵੀਨ ਪ੍ਰਕਾਸ਼ਨ ਕਰਯੋ।*
*ਭੇਦ ਬਰਨ ਜਾਤੀ ਪਰ ਹਰਯੋ।*
*ਚਤੁਰ ਬਰਨ ਇਕ ਦੇਗ ਅਹਾਰਾ।*
*ਇਕ ਸਮ ਸੇਵਹਿ ਧਰਿ ਉਰ ਪਯਾਰਾ।੨੯।*
*ਅਬ ਦਿਜ ਕੋ ਨਹਿ ਮਾਨਹਿ ਕੋਇ।*
*ਖੱਤ੍ਰੀ ਧਰਮ ਨਸ਼ਟ ਸਭਿ ਹੋਇ।੩੧।"*[2]

ਤੀਰਥਾਂ ਦਾ ਸਤਿਕਾਰ ਵੀ ਤੋੜ ਦਿੱਤਾ ਹੈ। ਗੰਗਾ ਗਾਇਤ੍ਰੀ ਨਹੀਂ ਮੰਨਦੇ। ਸਦੀਆਂ ਤੋਂ ਚਲ ਰਹੀ ਮਰਯਾਦਾ ਤੋੜ ਭੰਨ ਦਿੱਤੀ ਹੈ :

*ਯਹ ਗੰਗਾ ਗਾਇਤ੍ਰੀ. ਨਹੀਂ ਜਾਨੇ,*
*ਆਪਨਾ ਕੀਆ ਆਪ ਹੀ ਮਾਨੇ।੪੭।*[3]

ਬਾਦਸ਼ਾਹ ਸਭ ਧਰਮ ਦਾ ਰਾਖਾ ਹੈ, ਉਨ੍ਹਾਂ ਨੂੰ ਇਨਸਾਫ਼ ਦਿਲਾਇਆ ਜਾਏ।

ਅਕਬਰ, ਜੋ ੧੫੬੬ ਈ: ਵਿਚ ਮੁਹੰਮਦ ਹਕੀਮ ਮਿਰਜ਼ਾ ਦੀ ਬਗ਼ਾਵਤ ਦਬਾਉਣ ਲਈ ਲਾਹੌਰ ਆਇਆ ਹੋਇਆ ਸੀ ਅਤੇ ਹੁਣ ਜਿੱਤ ਦੀਆਂ ਖ਼ੁਸ਼ੀਆਂ ਲਾਹੌਰ ਵਿਖੇ ਮਨਾ ਰਿਹਾ ਸੀ, ਪਾਸ ਇਹ ਸ਼ਿਕਾਇਤਾਂ ਰੱਖੀਆਂ ਗਈਆਂ। ਅਕਬਰ ਨੇ ਪਰਵਾਨਾ ਭੇਜਿਆ ਕਿ ਬ੍ਰਾਹਮਣਾਂ ਸ਼ਿਕਾਇਤਾਂ ਕੀਤੀਆਂ ਹਨ, ਭਲਾ ਸਮਝੋ ਤਾਂ ਉੱਤਰ ਦੇਵੋ, ਨਹੀਂ ਤੇ ਕਿਸੇ ਨੂੰ ਭੇਜ ਦਿਓ। ਗੁਰੂ ਅਮਰ ਦਾਸ ਜੀ ਨੇ ਭਾਈ ਜੇਠਾ ਜੀ ਨੂੰ ਪਾਸ ਬੁਲਾ ਕੇ ਕਿਹਾ ਕਿ ਕਿਸੇ ਤੋਂ ਭੈਅ ਨਹੀਂ ਖਾਣਾ ਅਤੇ ਜੋ ਪੁੱਛੇ, ਉਸ ਦੀ ਤਸੱਲੀ ਕਰਾਉਣੀ :

---

1. ਸਤਿ ਸਿੰਮ੍ਰਿਤਿ ਕੇ ਰਾਹੁ ਨ ਚਾਲੇ॥
ਮਨ ਕੁਮਤਿ ਕਰਿ ਭਏ ਨਿਰਾਲੇ।
2. ਰਾਸਿ ੧, ਅੰਸੂ ੪੩
3. ਮਹਿਮਾ ਪ੍ਰਕਾਸ਼, ਸਾਖੀ ੭

*"ਕਾਹੂ ਕੋ ਮਨ ਭੈ ਨਹੀਂ ਕਰਨਾ।*
*ਜੋ ਪੂਛੈ ਉਤ੍ਰ ਦੇ ਮਨੁ ਭਰਨਾ।"*

ਵੇਦਾਂ ਤੇ ਸ਼ਾਸਤਰਾਂ ਦੇ ਕਰਤਾ ਵੀ ਤੁਹਾਡੇ ਤੁਲ ਨਹੀਂ ਹਨ। ਭਾਈ ਜੇਠਾ ਜੀ ਨੇ ਕਿਹਾ ਕਿ ਆਪ ਦੇ ਪਿਆਰ ਤੇ ਬਖ਼ਸ਼ਿਸ਼ ਸਦਕਾ ਕੋਈ ਖਾਇਕ ਕੁਝ ਨਹੀਂ ਵਿਗਾੜ ਸਕੇਗਾ।

ਭਾਈ ਜੇਠਾ ਜੀ ਲਾਹੌਰ ਪੁੱਜ ਕੇ ਚੂਨਾ ਮੰਡੀ ਆਪਣੇ ਜਨਮ-ਅਸਥਾਨ ਵਾਲੇ ਥਾਂ 'ਤੇ ਗਏ। ਅਕਬਰ ਦਰਬਾਰ ਸੁਨੇਹਾ ਘੱਲ ਦਿੱਤਾ। ਅਕਬਰ ਨੇ ਬੜੇ ਆਦਰ ਨਾਲ ਦਰਬਾਰ ਹਾਜ਼ਰ ਹੋਣ ਲਈ ਹਰਕਾਰਾ ਭੇਜਿਆ। ਬ੍ਰਾਹਮਣ ਵੀ ਇਕੱਠੇ ਹੋ ਗਏ ਸਨ। ਉਨ੍ਹਾਂ ਆਪਣੇ ਇਲਜ਼ਾਮ ਦੁਹਰਾਏ ਕਿ ਇਨ੍ਹਾਂ ਗਾਇਤ੍ਰੀ, ਗੰਗਾ, ਤ੍ਰੈਕਾਲ ਸੰਧਿਆ, ਸੰਸਕ੍ਰਿਤ ਵੇਦ ਬਾਣੀ, ਸ਼ਾਸਤ੍ਰ ਰੀਤੀ, ਵੇਦ ਰਸਮਾਂ ਤੇ ਮੂਰਤੀ ਪੂਜਾ ਛੱਡ ਦਿੱਤੀ ਹੈ।

ਭਾਈ ਜੇਠਾ ਜੀ ਨੇ ਸਭ ਤੋਂ ਪਹਿਲਾਂ ਨਿਸ਼ੰਕ ਹੋ ਕੇ ਦਰਬਾਰ ਵਿਖੇ 'ੴ' ਦੀ ਧੁਨੀ ਅਤਿ ਸੁਰੀਲੀ ਆਵਾਜ਼ ਵਿਚ ਉਠਾਈ। ਚਾਰੇ ਪਾਸੇ ਹੀ ਸ਼ਾਂਤੀ ਛਾ ਗਈ। ਸੁੱਚਤਾ ਦਾ ਵਾਤਾਵਾਰਨ ਪੈਦਾ ਹੋ ਗਿਆ। ਫਿਰ ਆਪ ਜੀ ਨੇ ਹਰ ਉਠਾਈ ਤਰਕ ਦਾ ਉੱਤਰ ਦਿੰਦੇ ਹੋਏ ਫ਼ਰਮਾਇਆ :

"ਇਨ੍ਹਾਂ ਲੋਕਾਂ ਨੇ ਓਂਕਾਰ ਨੂੰ ਤਿੰਨਾਂ ਹਿੱਸਿਆਂ ਵਿਚ ਵੰਡ ਦਿੱਤਾ ਹੈ ਅਤੇ ਫਿਰ ਤਿੰਨ ਦੇਵਤੇ ਬਣਾ ਕੇ ਪੂਜਾ ਸ਼ੁਰੂ ਕਰ ਦਿੱਤੀ ਹੈ। ਗੁਰੂ ਨਾਨਕ ਦਾ ਮਤਿ ਇਕ ਅਲਾਹ ਵਾਹਿਦ ਲਾ ਸ਼ਰੀਕ ਦੀ ਪੂਜਾ ਦੱਸਦਾ ਹੈ। ਇਸ ਲਈ ਉਂ ਨੂੰ ੴ ਬਣਾਇਆ ਹੈ।

"ਗਾਇਤ੍ਰੀ ਨੂੰ ਕੇਵਲ ਦ੍ਵਿਜ, ਬ੍ਰਾਹਮਣ, ਖੱਤ੍ਰੀ, ਵੈਸ਼ ਜਪ ਕਰਦੇ ਹਨ ਪਰ ਗੁਰੂ ਨਾਨਕ ਨੇ ਵਾਹਿਗੁਰੂ ਮੰਤ੍ਰ ਦਿੱਤਾ ਹੈ ਜੋ ਸਰਬ ਸਾਂਝਾ ਹੈ।

"ਫਿਰ ਗਾਇਤ੍ਰੀ ਕੇਵਲ ਸੂਰਜ ਦੀ ਹੀ ਪੂਜਾ ਦੀ ਲਖਾਇਕ ਹੈ [1] ਪਰ ਗੁਰੂ ਨਾਨਕ ਨੇ ਸੋ ਦਰ ਦੀ ਸੋਝੀ ਦਿੱਤੀ ਹੈ ਜਿੱਥੇ ਕਈ ਸੂਰਜ ਚੰਦ ਸਿਰ ਝੁਕਾ ਰਹੇ ਹਨ।

"*ਦੂਜੇ*, ਆਪਣੀ ਬੋਲੀ ਲੋਕੀਂ ਛੇਤੀ ਸਮਝ ਲੈਂਦੇ ਹਨ ਇਸ ਲਈ ਸਭ ਸਚਿਆਈਆਂ ਦਾ ਪਰਚਾਰ ਆਪਣੀ ਹੀ ਬੋਲੀ ਵਿਚ ਕੀਤਾ ਹੈ। ਬਾਣੀ ਖਸਮ ਕੀ ਬਾਣੀ ਹੈ। ਸਰਵ ਸਾਧਾਰਨ ਮਨੁੱਖਾਂ ਤੇ ਖਲਕ ਦੇ ਲਾਭ ਲਈ ਗੁਰੂ ਪਾਤਸ਼ਾਹ ਨੇ ਇਹ ਰਾਹ ਅਪਣਾਇਆ ਹੈ।

"*ਤੀਜੇ*, ਤੀਰਥ ਮਹਾਂ ਪੁਰਖਾਂ ਦੇ ਤਪ ਕਰ ਕੇ ਹੀ ਪਵਿੱਤ੍ਰ ਹੋਏ ਹਨ। ਹੁਣ ਤੀਰਥਾਂ ਦੀ ਹਾਲਤ ਇਹ ਹੈ ਕਿ 'ਹਰਿ ਕੇ ਸੰਤਾਂ' ਨੂੰ ਮਾਰ ਭਜਾਇਆ ਜਾਂਦਾ ਹੈ। ਇਸ ਲਈ ਗੁਰੂ ਸਾਹਿਬਾਨ ਨੇ ਪ੍ਰਮੇਸ਼ਰ ਦੇ ਨਾਮ ਦਾ ਤਪ ਦਿੱਤਾ ਹੈ। ਜਿੱਥੇ ਨਾਮ ਹੋਵੇਗਾ ਉਹ

---

1. ਗਾਇਤ੍ਰੀ ਦਾ ਅਰਥ ਭਾਵ ਹੈ ਕਿ ਜੋ ਸੂਰਜ ਦੇਵਤਾ ਸਭ ਨੂੰ ਜਿਵਾਲਦਾ ਹੈ, ਦੁੱਖਾਂ ਤੋਂ ਛੁਡਾਂਦਾ ਹੈ, ਪ੍ਰਕਾਸ਼ ਰੂਪ ਹੈ। ਬੇਨਤੀ ਕਰਨ ਯੋਗ ਹੈ, ਪਾਪ ਨਾਸ਼ਕ ਹੈ, ਜੋ ਸਾਡੀਆਂ ਬੁੱਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧਿਆਨ ਧਰਦੇ ਹਾਂ।

ਥਾਂ ਪਵਿੱਤਰ ਹੋ ਜਾਏਗੀ।

"ਚੌਥੇ, ਜਾਤ-ਪਾਤ ਇਕ ਸ਼੍ਰੇਣੀ ਦਾ ਜੂਲਾ ਪੱਕਾ ਕਰਨ ਲਈ ਹੈ। ਗੁਰੂ ਨਾਨਕ ਜ਼ਾਤ-ਪਾਤ ਜਨਮ ਤੋਂ ਨਹੀਂ ਮੰਨਦੇ। ਕਰਮ ਤੋਂ ਮੰਨਦੇ ਹਨ। ਜਨਮ ਤੋਂ ਜਾਤ ਮੰਨਣ ਨਾਲ ਦਿਲ ਵਿਚ ਨਫ਼ਰਤ ਉਪਜਦੀ ਹੈ। ਗੁਰੂ ਜੀ ਦਿਲਾਂ ਵਿਚ ਅੱਲਾਹ ਨਾਲ ਪ੍ਰੇਮ ਅਤੇ ਅੱਲਾਹ ਦੀ ਰਚੀ ਦੁਨੀਆ ਨਾਲ ਪ੍ਰੇਮ ਸਿਖਾਲ ਰਹੇ ਹਨ ਗੁਰੂ ਅਮਰ ਦਾਸ ਜੀ ਇਕ ਅੱਲਾਹ ਦੀ ਨਿਰਾਲੀ ਭਗਤੀ ਦ੍ਰਿੜ੍ਹ ਕਰਾ ਰਹੇ ਹਨ। ਜਿਸ ਦੁਆਰਾ ਇਕ ਦੂਜੇ ਨਾਲ ਪਿਆਰ ਤਾਂ ਬਣਦਾ ਹੀ ਹੈ ਸਗੋਂ ਜੀਵਨ ਵੀ ਖੇੜੇ ਵਾਲਾ ਹੋ ਜਾਂਦਾ ਹੈ। ਹਰ ਵੇਲੇ ਬਸੰਤ ਬਹਾਰ ਬਣੀ ਰਹਿੰਦੀ ਹੈ।

"ਪੰਜਵੇਂ, ਹਿੰਦੂ ਤ੍ਰੈ ਕਾਲ ਸੰਧਿਆ ਮੰਨਦਾ ਹੈ। ਸਾਡੇ ਵਿਚ ਮੂਲ ਵਸਤੂ ਹਰ ਵੇਲੇ ਸਾਈਂ ਦੇ ਹਜ਼ੂਰ ਵਿਚ ਰਹਿਣਾ ਹੈ ਅਤੇ ਉਸ ਦੀ ਹਜ਼ੂਰੀ ਦਾ ਸਵਾਦ ਮਾਣਨਾ ਹੈ। ਇਸ ਨੂੰ ਨਾਮ ਕਿਹਾ ਹੈ।

"ਮੂਰਤੀ ਪੂਜਾ ਅਸੀਂ ਨਹੀਂ ਕਰਦੇ। ਖ਼ੁਦਾ ਨੂੰ ਹਰ ਥਾਂ ਵਿਆਪਕ ਸਮਝਦੇ ਹਾਂ। ਬੁੱਤ ਪੱਥਰ ਹੈ, ਨਿਰਜਿੰਦ ਹੈ। ਬੁੱਤ-ਪ੍ਰਸਤੀ ਅਸਲ ਵਿਚ ਬੋਧੀਆਂ ਦੀ ਸ਼ੈਅ ਹੈ। ਉਹ ਵਿਆਪਕ ਵਾਹਿਗੁਰੂ ਦੇ ਉਪਾਸ਼ਕ ਨਾ ਹੋਣ ਕਾਰਨ ਆਪਣੇ ਬਜ਼ੁਰਗ ਦੀ ਮੂਰਤੀ ਨਾਲ ਪ੍ਰੇਮ ਕਰਦੇ ਹਨ। ਜਿਨ੍ਹਾਂ ਪਾਸ ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ ਅੱਲਾਹ ਹੈ, ਉਨ੍ਹਾਂ ਨੂੰ ਮੂਰਤੀ ਪੂਜਾ ਦੀ ਕੀ ਲੋੜ?"

ਇਹ ਸੁਣਨਾ ਸੀ ਕਿ ਸਭ ਸ਼ਾਂਤ ਹੋ ਗਏ ਅਤੇ ਕਿਸੇ ਦੇ ਮੂੰਹੋਂ ਕੋਈ ਗੱਲ ਹੀ ਨਾ ਨਿਕਲੇ :

*"ਭਏ ਲੋਕ ਸੀਤਲ ਗਾਤ।*
*ਕਹਨੀ ਨ ਆਵੈ ਬਾਤ।"*

ਅਕਬਰ ਨੇ ਫ਼ੈਸਲਾ ਸੁਣਾਂਦੇ ਹੋਏ ਕਿਹਾ ਕਿ ਇਹ ਦਰਵੇਸ਼ ਫ਼ੱਕਰ ਮੌਲਾ ਦੀ ਹੀ ਜ਼ਾਤ ਹੁੰਦੇ ਹਨ। ਇਨ੍ਹਾਂ ਨਾਲ ਚਰਚਾ ਕਰਨੀ ਹੀ ਨਹੀਂ ਸੋਭਦੀ। ਮੌਲਾ ਤੇ ਵਲੀ ਦਾ ਕੋਈ ਭੇਦ ਨਹੀਂ ਹੁੰਦਾ। ਵੇਦ ਪਾਠ ਤਾਂ ਸੰਸਾਰੀ ਗੀਤ ਹੁੰਦੀ ਹੈ। ਇਹ ਵੇਦਾਂ ਤੋਂ ਉੱਚੇ ਹੁੰਦੇ ਹਨ :

*"ਯਹ ਫ਼ਕਰ ਮੌਲਾ ਜਾਤ।*
*ਨਹੀਂ ਚਲੇ ਇਨ ਸੇ ਬਾਤ।*
*ਮੌਲਾ ਵਲੀ ਨਹੀਂ ਭੇਦ।*
*ਕਿਆ ਹੋਇ ਪੜਿਐ ਬੇਦ॥ ੫੫॥*

**ਗੁਰੂ-ਸਿੱਖ ਭੇਦ ਨਾਹੀ**—ਸਭ ਸ਼ਿਕਾਇਤੀ ਝੂਠੇ ਕਰਕੇ ਘਰ ਭੇਜੇ ਅਤੇ ਅਕਬਰ ਨੇ ਦਰਸ਼ਨਾਂ ਦੀ ਚਾਹ ਪ੍ਰਗਟ ਕੀਤੀ। (ਗੁਰੂ) ਰਾਮ ਦਾਸ ਜੀ ਦੋ ਦਿਨ ਹੋਰ ਲਾਹੌਰ ਠਹਿਰ ਕੇ ਵਾਪਸ ਮੁੜੇ। ਲਾਹੌਰ ਵਿਚ ਬੇ-ਮੌਸਮੀ ਅੰਬ ਦੇਖ ਕੇ ਗੁਰੂ ਚਰਨਾਂ 'ਤੇ ਭੇਟ ਕਰਨ ਲਈ ਖ਼ਰੀਦ ਲਿਆ। ਭੈਰੋਵਾਲ ਤਕ ਪੁੱਜੇ ਸਨ ਕਿ ਤਾਅ ਲੱਗਾ ਅਤੇ ਅੰਬ

ਦਾ ਰਸ ਚੋਣ ਲੱਗ ਪਿਆ।

ਭਾਈ ਜੇਠਾ ਜੀ ਨੇ ਗੁਰੂ ਜੀ ਦਾ ਧਿਆਨ ਕਰ ਕੇ ਚੂਪ ਲਿਆ। ਗੁਰੂ ਤੇ ਸਿੱਖ ਓਤਿ ਪੋਤਿ ਹਨ। ਗੁਰੂ-ਚੇਲੇ ਦਾ ਕੋਈ ਅੰਤਰ ਨਹੀਂ। ਜੋਤ ਤਾਂ ਉਹੋ ਹੈ, ਜੁਗਤਿ ਹੀ ਵੱਖਰੀ ਹੈ। ਸਾਡਾ ਇਤਿਹਾਸ ਕਹਿੰਦਾ ਹੈ ਕਿ ਗੁਰੂ ਅਮਰ ਦਾਸ ਜੀ ਨੂੰ ਪੂਰਨ ਰਸ ਆਇਆ ਸੀ। ਭਾਈ ਜੇਠਾ ਜੀ ਨੇ ਗੁਰੂ ਜੀ ਨੂੰ ਲਾਹੌਰ ਵਿਚ ਵਾਪਰੀ ਸਾਰੀ ਗੱਲਬਾਤ ਦਾ ਵੇਰਵਾ ਦਿੱਤਾ ਅਤੇ ਜਦ ਗੁਰੂ ਜੀ ਨੇ ਪੁੱਛਿਆ ਕਿ ਲਾਹੌਰ ਤੋਂ ਭੇਟਾ ਉਚੇਚੀ ਜੋ ਲਿਆਏ ਸੋ ਉਹ ਵੀ ਦੇਵੋ ਤਾਂ ਆਪ ਜੀ ਨੇ ਸਾਰਾ ਵਰਤਾਂਤ ਸੁਣਾਇਆ ਕਿ ਜਦ ਅੰਬ ਦਾ ਰਸ ਚੋਣ ਲੱਗ ਪਿਆ ਤਾਂ ਆਪ ਜੀ ਦਾ ਧਿਆਨ ਧਰ ਕੇ 'ਨਿੱਜ ਮੁੱਖ ਪਾਇਆ ਸੰਕ ਨ ਕਰਾ' ਗੁਰੂ ਜੀ ਨੇ ਵੀ ਕਿਹਾ ਜੋ ਤੁਸੀਂ ਪ੍ਰੀਤ ਕਰ ਕੇ ਆਪ ਖਾਧਾ ਹੈ, ਉਹ ਮੈਨੂੰ ਪੁੱਜ ਗਿਆ ਹੈ :

*ਸਤਿਗੁਰ ਨਿਤ ਭਾਉ ਅਧੀਨਾ ਹੈ।*
*ਜੋ ਪ੍ਰੇਮ ਖੇਲ ਸਤਿਗੁਰ ਸੇ ਖੇਲੇ।*
*ਤਾ ਕੋ ਨਿੱਜ ਪਦ ਸਤਿਗੁਰ ਮੇਲੈ।*

**ਆਮਦ ਅਕਬਰ ਗੋਇੰਦਵਾਲ**—ਜਲਾਲ-ਉਲ-ਦੀਨ ਅਕਬਰ ਜਦ ੧੫੫੬ ਈ: ਵਿਚ ਤਖ਼ਤ 'ਤੇ ਬੈਠਾ ਤਾਂ ਉਸ ਦੀ ਕੁਲ ਆਯੂ ੧੩ ਸਾਲ ਨੌਂ ਮਹੀਨੇ ਦੀ ਸੀ। ਬੈਰਮ ਖ਼ਾਨ ਉਸ ਦਾ ਸਰਬਰਾਹ ਸੀ। ਬੈਰਮ ਖ਼ਾਨ ਦੀ ਅਗਵਾਈ ਹੇਠਾਂ ਹੀ ਉਸ ਹੀਮੂ ਨੂੰ ਪਾਨੀਪਤ ਵਿਖੇ ਪਛਾੜਿਆ। ਸਕੰਦਰ ਸ਼ਾਹ ਸੂਰ ਨੂੰ ਹਰਾਇਆ ਅਤੇ ਲਾਹੌਰ ਦੇ ਨਵਾਬ ਅਬੁੱਲ-ਮੁਆਲੀ ਨੂੰ ਹਟਾ ਕੇ ਖਿਜ਼ਰ ਖ਼ਾਨ ਨੂੰ ਨਵਾਬੀ ਸੌਂਪੀ।

ਬੈਰਮ ਖ਼ਾਨ ਰਾਜ ਪ੍ਰਬੰਧ ਤਕ ਹੀ ਸੀਮਤ ਰਹਿੰਦਾ ਤਾਂ ਸ਼ਾਇਦ ਅਕਬਰ ਉਸ ਨੂੰ ਏਨੀ ਛੇਤੀ ਨਾ ਟੋਕਦਾ ਪਰ ਉਸ ਨੇ ਨਿੱਜੀ ਮੁਆਮਲਿਆਂ ਵਿਚ ਵੀ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ ਸੀ। ਜਿਵੇਂ ਮੁੱਲਾਂ ਪੀਰ ਮੁਹੰਮਦ ਨੂੰ ਹਟਾ ਕੇ ਆਪਣਾ ਬੰਦਾ ਨਿਯੁਕਤ ਕਰ ਦਿੱਤਾ। ਅਕਬਰ ਨੂੰ ਇਹ ਨਾ ਭਾਇਆ ਅਤੇ ਉਸ ਨੇ ਬੈਰਮ ਖ਼ਾਨ ਨੂੰ ਮੀਰ ਅਬਦੁਲ ਲਤੀਫ਼ ਹੱਥ ਸੁਨੇਹਾ ਭੇਜਿਆ : 'ਹੁਣ ਤਕ ਮੁੱਢਲੀ ਵਿੱਦਿਆ ਗ੍ਰਹਿਣ ਕਰਨ ਤੇ ਸਿੱਖਣ ਸਿਖਾਲਣ ਵਿਚ ਰੁੱਝਿਆ ਹੋਇਆ ਸਾਂ। ਮੇਰੀ ਮਰਜ਼ੀ ਅਨੁਸਾਰ ਹੀ ਤੁਸੀਂ ਕੰਮ ਕਰਦੇ ਰਹੇ। ਹੁਣ ਮੈਂ ਇਸ ਯੋਗ ਹਾਂ ਕਿ ਰਾਜ ਕਾਜ ਨੂੰ ਸੰਭਾਲ ਸਕਾਂ, ਸੋ ਤੁਸਾਂ ਨੂੰ ਆਪਣੇ ਆਪ ਹੀ ਪਿੱਛੇ ਹਟ ਜਾਣਾ ਚਾਹੀਦਾ ਹੈ ਅਤੇ ਮੱਕਾ ਜਾ ਕੇ ਜ਼ਿੰਦਗੀ ਦੇ ਬਾਕੀ ਦਿਨ ਅਬਾਦਤ ਵਿਚ ਗੁਜ਼ਾਰਨੇ ਚਾਹੀਦੇ ਹਨ।' ਬੈਰਮ ਖ਼ਾਨ ਕੁਝ ਦੇਰ ਅੜਿਆ ਪਰ ਫਿਰ ਫ਼ਰਿਸ਼ਤਾ ਦੇ ਕਹਿਣ ਅਨੁਸਾਰ ਗਲ ਵਿਚ ਪੱਲੂ ਪਾ ਕੇ ਮੁਆਫ਼ੀ ਮੰਗੀ। ਅਕਬਰ ਨੇ ਆਪੂੰ ਉਠਾ ਕੇ ਸੱਜੇ ਪਾਸੇ ਬਿਠਾਇਆ ਅਤੇ ਮੱਕਾ ਜਾਣ ਦਾ ਸਾਰਾ ਖ਼ਰਚ ਦਿੱਤਾ। ਪਰ ਰਾਹ ਵਿਚ ਹੀ ਕਿਸੇ ਦੁਸ਼ਮਣ ਨੇ ਜਾਨੋਂ ਮਾਰ ਦਿੱਤਾ। ਅਕਬਰ ਦੀ ਉਮਰ ਉਸ ਸਮੇਂ ੧੮ ਸਾਲ ਦੀ ਸੀ। ਫਿਰ ਪੰਜ ਸਾਲ ਹੋਰ ਉੱਠੀਆਂ ਬਗ਼ਾਵਤਾਂ ਤੇ ਉਪੱਦਰਾਂ ਨੂੰ ਮਿਟਾਉਣ ਅਤੇ ਦਬਾਉਣ ਵਿਚ ਹੀ ਲੱਗ ਗਏ।

ਅਕਬਰ ਪਹਿਲੇ ਸਾਲਾਂ ਵਿਚ ਬਹੁਤ ਹੀ ਤੰਗ ਖ਼ਿਆਲੀਆ ਸੀ। ਮਾਂ ਇਹ ਵਿਚਾਰ ਉਸ ਦੇ ਦਿਮਾਗ਼ ਵਿਚ ਭਰਦੀ ਰਹਿੰਦੀ ਸੀ ਕਿ ਜੇ ਜ਼ਰਾ ਵੀ ਸ਼ਰਾਅ ਦੇ ਉਲਟ ਹੋਇਆ ਤਾਂ ਨਰਕਾਂ ਦਾ ਭਾਗੀ ਹੋਵੇਂਗਾ। ਇਥੋਂ ਤਕ ਕਿ ਇਕ ਵਾਰੀ ਜਦ ਮੁੱਲਾਂ ਅਬਦੁਲ ਨਬੀ ਨੇ ਇਸ ਦੀ ਲੱਤ 'ਤੇ ਸੋਟੀ ਮਾਰੀ ਕਿ ਉਸ ਨੇ ਜੋਧਾ ਬਾਈ ਕੋਲੋਂ ਤਿਲਕ ਲਗਵਾਇਆ ਹੈ ਤਾਂ ਮਾਂ ਨੇ ਕਿਹਾ ਕਿ ਜਿਸ ਲੱਤ 'ਤੇ ਮੁੱਲਾਂ ਨੇ ਸੋਟੀ ਮਾਰੀ ਹੈ, ਉਹ ਜੱਨਤ ਵਿਚ ਜਾਏਗੀ। ਮੁੱਲਾਂ ਨਬੀ ਨੇ ਕਈ ਮੰਦਰ ਵੀ ਢਾਹ ਗਿਰਾਏ ਸਨ। ਜਦ ਅਕਬਰ ਨੂੰ ਮੁਬਾਰਕ ਤੇ ਫਿਰ ਉਸ ਦੇ ਪੁੱਤਰਾਂ ਅਬੁਲ-ਫਜ਼ਲ ਤੇ ਫ਼ੈਜ਼ੀ ਭਰਾਵਾਂ ਦੀ ਸੰਗਤ ਮਿਲੀ ਤਾਂ ਇਹ ਖੁੱਲ੍ਹ-ਖ਼ਿਆਲੀਆ ਹੋਇਆ। ਫਿਰ ਇਸੇ ਅਬੁਲ ਨਬੀ ਨੂੰ ਫਾਂਸੀ ਦਿੱਤੀ ਗਈ।

ਅਕਬਰ ਹੁਣ ਦਰਵੇਸ਼ਾਂ ਦੀ ਸੰਗਤ ਕਰਦਾ, ਵਿਚਾਰ ਸੁਣਦਾ ਅਤੇ ਵੀਚਾਰਾਂ ਹੁੰਦਿਆਂ ਐਸੀ ਟੂਕ ਦੇ ਜਾਂਦਾ ਜਿਸ ਤੋਂ ਪਰਗਟ ਹੁੰਦਾ ਸੀ ਕਿ ਉਹ ਨੁਕਤਾ ਸਮਝ ਰਿਹਾ ਸੀ। ਚਿਹਰਾ ਪੜ੍ਹ ਕੇ ਸੁਭਾਅ ਤੇ ਕਰਮ ਜਾਣਨ ਦੀ ਵਿੱਦਿਆ ਉਸ ਨੂੰ ਆਉਂਦੀ ਸੀ। ਅਰਬੀ ਉਸ ਹਟਾ ਦਿੱਤੀ ਸੀ। ਫ਼ਾਰਸੀ ਰਾਜ ਬੋਲੀ ਕਰਾਰ ਦਿੱਤੀ ਸੀ। ਪਹਿਲਾਂ ਕਰਮੀ (ਯਾਤਰੂ ਟੈਕਸ) ਤੇ ਫਿਰ ਜਜ਼ੀਆ ਵੀ ਹਟਾ ਦਿੱਤਾ ਸੀ। ਬਦਾਊਨੀ ਵਰਗਾ ਉਸ ਦਾ ਵਿਰੋਧੀ ਇਤਿਹਾਸਕਾਰ ਵੀ ਇਹ ਲਿਖਣ ਤੋਂ ਸੰਕੋਚ ਨਹੀਂ ਕਰਦਾ ਕਿ ਹਰ ਰੋਜ਼ ਅੰਮ੍ਰਿਤ ਵੇਲੇ ਕੋਈ ਵੀ ਉਸ ਨੂੰ ਸਿਜਦੇ ਵਿਚ ਦੇਖ ਸਕਦਾ ਸੀ। ਦਰਵੇਸ਼ਾਂ ਦੀ ਸੰਗਤਿ ਵਿਚ ਕਈ ਕਈ ਪਹਿਰ ਉਹ ਬਗ਼ੈਰ ਕੁਝ ਖਾਏ ਗੁਜ਼ਾਰ ਦੇਂਦਾ ਸੀ।

**ਪਗ ਪਿਆਦਾ ਚਲ ਆਇਆ ਗੁਰ ਪਾਸ**—੧੫੬੬ ਈ: ਵਿਚ ਲਾਹੌਰ ਤੋਂ ਵਾਪਸ ਦਿੱਲੀ ਜਾਂਦੇ ਹੋਏ ਅਕਬਰ ਗੁਰੂ ਦਰਸ਼ਨਾਂ ਨੂੰ ਗੋਇੰਦਵਾਲ ਆਇਆ। ਉਸ ਦੀ ਉਮਰ ੨੪ ਕੁ ਸਾਲ ਦੀ ਸੀ। ਗੁਰੂ ਨਾਨਕ ਦੇਵ ਜੀ ਦੀ ਮਹਿਮਾ ਤੋਂ ਉਹ ਜਾਣੂ ਸੀ[1] ਅਤੇ ਹੁਣ ਭਾਈ ਜੇਠਾ ਜੀ ਕੋਲੋਂ ਗੁਰੂ ਅਮਰ ਦਾਸ ਜੀ ਦੀ ਮਹਾਨ ਸ਼ਖਸੀਅਤ ਬਾਰੇ ਸੁਣ ਚੁੱਕਾ ਸੀ। ਅਕਬਰ ਨੇ ਰਾਜ ਦਰਬਾਰ ਵਿਚ ਇਹ ਵੀ ਕਿਹਾ ਸੀ :

*ਵੋ ਮੌਲਾ ਕੀ ਜਾਤ ਹੈ ਭੇਦ ਭਰਮ ਕਛੁ ਨਾਹ।*
*ਜੋ ਕੋਈ ਰੀਸ ਤਾ ਕੀ ਕਰੇ, ਤਾਂ ਪਰ ਬਡਾ ਗੁਨਾਹ।*[2]

ਟੋਡਰ ਮੱਲ ਨੇ ਵੀ ਅਕਬਰ ਨੂੰ ਕਿਹਾ ਸੀ ਕਿ ਗੁਰੂ ਅਮਰ ਦਾਸ ਜੀ ਨੂੰ 'ਰਵਿ ਸਮ ਜਾਨਤ ਸਬ ਹੈਂ।'[3]

ਅਕਬਰ ਲਸ਼ਕਰ ਸਮੇਤ ਜਾ ਰਿਹਾ ਸੀ। ਗੋਇੰਦਵਾਲ ਨੇੜੇ ਹੋ ਕੇ ਨੰਗੇ ਪੈਰੀਂ ਹੋ ਗਿਆ। ਕੁਝ ਮੁਸਾਹਿਬਾਂ, ਖ਼ੁਸ਼ਾਮਦੀਆਂ ਤੇ ਅਹਿਲਕਾਰਾਂ ਨੇ ਰੇਸ਼ਮੀ ਕੱਪੜਾ (ਪਾਂਵੜੇ)

---

1. ਅਕਬਰ ਕਹਿੰਦਾ ਸੀ :
 ਆਰਫ਼ ਕਾਮਲ ਵਲੀ ਅਲਾਹ।
 ਨਾਨਕ ਸਮਾਨ ਦੂਜਾ ਘਰ ਨਾਹ।
2. ਮਹਿਮਾ ਪ੍ਰਕਾਸ਼, ਸਾਖੀ ੧੨
3. ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੯੦੫

ਵਿਛਾਇਆ ਹੋਇਆ ਸੀ। ਅਕਬਰ ਨੇ ਜਦ ਕੱਪੜਾ ਵਿਛਾਇਆ ਦੇਖਿਆ ਤਾਂ ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਅਕਬਰ ਸੁਜਾਨ ਤਹਾਂ ਪਗ ਨਹੀਂ ਧਰਾ।*
*ਨਿਜ ਹਾਥ ਉਠਾਇ ਕਿਨਾਰੇ ਕਰਾ।*
*ਪਗ ਪਿਆਦਾ ਚਲ ਆਇਆ ਗੁਰ ਪਾਸ।*
*ਦੇਖਾ ਦਰਸ਼ਨ ਜੋਤ ਪ੍ਰਕਾਸ।੫।*[1]

ਸੂਰਜ ਪ੍ਰਕਾਸ਼ ਨੇ ਵੀ ਇਹ ਹੀ ਲਿਖਿਆ ਹੈ ਕਿ ਜਦ ਸ਼ਾਹ ਨੇ ਕੱਪੜਾ ਵਿਛਿਆ ਤੱਕਿਆ ਤਾਂ ਉੱਪਰ ਪੈਰ ਨਹੀਂ ਰੱਖਿਆ। ਆਪਣੇ ਹੱਥ ਨਾਲ ਲਾਂਭੇ ਕਰ ਦਿੱਤਾ। ਨਿਮ੍ਰਤਾ ਧਾਰ ਗੁਰੂ ਦੇ ਦਰਸ਼ਨਾਂ ਨੂੰ ਆਇਆ :

*ਸ਼ੁਭ ਮਤਿ ਸ਼ਾਹ ਬਿਲੋਕਨ ਕਰਯੋ।*
*ਉਪਰ ਪਾਂਵ ਨ ਤਿਸ ਕੇ ਧਰਯੋ।*
*ਨਿਜ ਕਰ ਤੇ ਉਠਾਇ ਨਿਰਵਾਰੇ।*
*ਗਮਨਯੋ ਗਨਿ ਨੰਮ੍ਰਤਾ ਧਾਰੇ।੪੫।*[2]

ਲੰਗਰ ਵਿਚ ਪ੍ਰਸ਼ਾਦ ਛਕ ਕੇ ਗੁਰੂ ਦਰਸ਼ਨਾਂ ਨੂੰ ਆਇਆ ਅਤੇ ਨੂਰਾਨੀ ਚਿਹਰਾ ਦੇਖ ਚਰਨੀਂ ਢੱਠਾ। ਝਾਲ ਨਾ ਝੱਲ ਸਕਿਆ ਅਤੇ ਪੁੱਛ ਹੀ ਬੈਠਾ ਕਿ ਆਪ ਜੀ ਕੀ ਖਾਂਦੇ ਹੋ ਕਿ ਚਿਹਰੇ 'ਤੇ ਇਤਨਾ ਜਲਾਲ ਹੈ? ਮਹਾਰਾਜ ਨੇ ਮੰਦ-ਮੰਦ ਮੁਸਕਰਾ ਕੇ ਕਿਹਾ ਕਿ ਇਹ ਖਾਣ ਨਾਲ ਨਹੀਂ, *'ਯਹ ਯਾਦਿ ਹੱਕ ਫਲ ਹੈ'*। ਅੱਲਾਹ ਦੀ ਯਾਦ ਦਾ ਇਹ ਮਿੱਠਾ ਫਲ ਹੈ। ਫਿਰ ਵੀ ਉਸ ਓਗਰੇ ਦੇ ਪ੍ਰਸ਼ਾਦ ਦੀ ਇੱਛਾ ਪ੍ਰਗਟ ਕੀਤੀ। ਛਕਦੇ ਛਕਦੇ ਛੱਤੀ ਪਦਾਰਥਾਂ ਦਾ ਸਵਾਦ ਉਸ ਨੂੰ ਆਇਆ। ਬੜੇ ਗਹੁ ਨਾਲ ਗੁਰੂ ਵਿਚਾਰਾਂ ਸੁਣਦਾ ਰਿਹਾ। ਕਨਿੰਘਮ ਦਾ ਕਥਨ ਹੈ ਕਿ ਗੁਰੂ ਜੀ ਨੇ ਸਹਿਣਸ਼ੀਲ ਅਕਬਰ ਵਿਚ ਸ਼ਰਧਾਵਾਨ ਸਰੋਤਾ ਪਾਇਆ।[3] ਅਕਬਰ ਟਿਕਟਿਕੀ ਲਗਾਏ ਗੁਰੂ ਜੀ ਵੱਲ ਦੇਖਦਾ ਹੀ ਰਿਹਾ। ਚਾਰੇ ਪਾਸੇ ਐਸਾ ਆਤਮਕ ਅਨੰਦ ਖਿਲਰਿਆ ਦੇਖ ਕੇ ਅਕਬਰ ਅਚੰਭਤ ਹੀ ਰਹਿ ਗਿਆ। ਆਗਿਆ ਲੈਣ ਤੋਂ ਪਹਿਲਾਂ ਅਕਬਰ ਨੇ ਖ਼ਾਹਿਸ਼ ਪ੍ਰਗਟ ਕੀਤੀ ਕਿ 'ਅਬ ਮੇਰਾ ਕਬੂਲ ਕਛੁ ਕੀਜੈ। ਜਾ ਤੇ ਮੋ ਕੋ ਸ਼ਾਂਤ ਪਤੀਜੈ।' ਗੁਰੂ ਜੀ ਨੇ ਫ਼ਰਮਾਇਆ : ਸਭ ਕੁਝ ਪ੍ਰਭੂ ਦਾ ਦਿੱਤਾ ਹੈ। ਅਤੁੱਟ ਭੰਡਾਰ ਹੈਨ। ਖਾਂਦਿਆਂ ਖਰਚਦਿਆਂ ਤੋਟ ਨਹੀਂ ਆਂਵਦੀ।

*"ਦਿਏ ਗੁਰੂ ਨੇ ਅਤੁਟ ਭੰਡਾਰੁ।*
*ਖਰਚਤਿ ਖਾਵਤਿ ਪਾਇ ਨਾ ਪਾਰੁ।*

ਬੰਸਾਵਲੀਨਾਮਾ ਵਾਲੇ ਦੀ ਵੀ ਗਵਾਹੀ ਹੈ :

---

1. ਮਹਿਮਾ ਪ੍ਰਕਾਸ਼, ਸਾਖੀ ੨੫, ਮਹਲਾ ਤੀਜਾ
2. ਰਾਸਿ ਪਹਿਲੀ, ਅੰਸ਼ ੬੩
3. 'ਫ਼ਾਊਂਡ ਐਨ ਅਟੈਂਟਿਵ ਲਿਸਨਰ ਇਨ ਦੀ ਟਾਲਰੈਂਟ ਅਕਬਰ'
—ਹਿਸਟਰੀ ਔਫ਼ ਦੀ ਸਿਖਸ, ਪੰਨਾ ੪੪, ਐਡੀਸ਼ਨ ੧੯੫੫

*"ਡੇਰਾ ਆਇਆ ਗੋਇੰਦਵਾਲ।*
*ਅਕਬਰ ਸੁਣਿਆ ਫ਼ਕੀਰ ਹੈ ਇਥੇ ਮਸਤ ਹਵਾਲ।*
*ਗੁਰੂ ਅਮਰਦਾਸ ਕੋ ਦੇਖਣ ਆਇਆ।*
*ਕਹਿਆ ਜੀ ਫ਼ਕੀਰ ਸਾਈਂ ਕੁਛ ਕਹੋ ਫ਼ਰਮਾਇਆ।*
*ਬਚਨ ਕੀਤਾ ਚਾਹ ਕਿਛ ਨਹੀਂ ਹਮਾਰੇ।*

(ਚਰਣ ਤੀਜਾ)

ਅਕਬਰ ਨੇ ਬਹੁਤ ਹੀ ਜ਼ੋਰ ਲਗਾਇਆ। ੧੨ ਪਿੰਡਾਂ ਦੇ ਪਟੇ ਲਿਖਵਾ ਗੁਰੂ ਦੇ ਚਰਨਾਂ ਤੇ ਚੜ੍ਹਾਏ। ਉਹ ਪਟੇ ਸਿੱਖ ਇਤਿਹਾਸ ਕਹਿੰਦਾ ਹੈ, ਇਕ ਆਲੇ ਵਿਚ ਹੀ ਪਏ ਰਹੇ। ਗੁਰੂ ਜੀ ਨੇ ਕਦੇ ਨਹੀਂ ਵਰਤੇ :

*"ਕੀਨੋ ਨਹਿ ਕਬੂਲ ਗੁਰ,*
*ਜਦਯਮਿ ਤਦਯਮਿ ਸ਼ਾਹਿ ਦੈ ਗਯੋ।"*[1]

'ਸਦਾ ਮਿਹਰ ਦੀ ਨਜ਼ਰ ਰੱਖਣੀ' ਇਹ ਯਾਚਨਾ ਕਰਦੇ ਹੋਏ ਅਕਬਰ ਨੇ ਆਗਿਆ ਲਈ। ਇਤਨਾ ਪ੍ਰਭਾਵ ਪਿਆ ਸੀ ਅਕਬਰ 'ਤੇ ਕਿ ਬੂਟੇ ਸ਼ਾਹ ਕਹਿੰਦਾ ਹੈ ਕਿ ਅਕਬਰ ਹਰ ਵਿਸਾਖੀ ਨੂੰ ਇਕ ਲੱਖ ਵੀਹ ਹਜ਼ਾਰ ਰੁਪਿਆ ਗੋਇੰਦਵਾਲ ਅਰਦਾਸ ਕਰਨ ਲਈ ਭੇਜਦਾ ਸੀ।[2]

● ● ●

1. ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੬੦੬
2. ਤਾਰੀਖ਼ੇ ਪੰਜਾਬ, ਪੰਨਾ ੧੩੧

## ੧੦

# ਥਾਪਣਾ ਮੰਜੀਆਂ ਦੀ ਅਤੇ ਕੁਝ ਹੋਰ ਪ੍ਰਸਿੱਧ ਸਿੱਖ

**ਮੰਜੀਆਂ ਦੀ ਥਾਪਣਾ**—ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜਿਵੇਂ ਬਾਦਸ਼ਾਹ ਅਕਬਰ ਨੇ ਆਪਣੇ ਸਾਰੇ ਦੁਸ਼ਮਣਾਂ ਨੂੰ ਮਾਰ ਹਟਾ ਕੇ ਰਾਜ ਪ੍ਰਬੰਧ ਨੂੰ ਮਜ਼ਬੂਤ ਤੇ ਚੰਗਾ ਚਲਾਣ ਲਈ ੨੨ ਸੂਬੇ ਬਣਾਏ, ਤਿਵੇਂ ਗੁਰੂ ਅਮਰ ਦਾਸ ਜੀ ਨੇ ਸਿੱਖੀ ਨੂੰ ਪੱਕਿਆਂ, ਦ੍ਰਿੜ੍ਹ ਕਰਾਉਣ ਤੇ ਧਰਮ ਚਲਾਉਣ ਲਈ ਬਾਈ ਮੰਜੀਆਂ ਥਾਪੀਆਂ।

*ਜੈਸੇ ਅਕਬਰ ਸ਼ਾਹਿ ਬਾਈ ਸੂਬੇ ਕੀਨ ਆਹਿ,*
*ਰਯਤ ਬਚਾਯੋ ਚਾਹਿ ਅਰਿ ਗਨ ਘਾਇਕੈ।*
*ਤੈਸੇ ਬਾਈ ਸਿਖਨ ਕੋ ਮੰਜੀਆਂ ਬਖਸ਼,*
*ਕੀਨੀ ਗੁਰਸਿੱਖੀ ਬਿਰਧਾਵਾਨ ਉਪਾਇਕੈ।*[1]

ਇਕ ਹੋਰ ਉਦਾਹਰਨ ਦੇਂਦੇ ਭਾਈ ਸਾਹਿਬ ਕਹਿੰਦੇ ਹਨ ਕਿ ਜਿਵੇਂ ਕੋਈ ਧਨੀ ਵਪਾਰੀ ਆਪਣਾ ਵਪਾਰ ਵਧ ਜਾਣ 'ਤੇ ਥਾਂ-ਥਾਂ ਕੋਠੀਆਂ ਬਣਾਂਦਾ ਤੇ ਗੁਮਾਸ਼ਤੇ ਨਿਯਤ ਕਰਦਾ ਹੈ, ਤਿਵੇਂ ਹੀ ਗੁਰੂ ਜੀ ਨੇ ਨਾਮ ਧਨ ਦਾ ਖ਼ਜ਼ਾਨਾ ਵੰਡਣ ਲਈ ਅਤੇ ਨਾਮ ਦੇ ਵਪਾਰ ਲਈ ਧਰਮ ਵਿਚ ਪੱਕੇ ਭਗਤ ਜਨਾਂ ਨੂੰ ਨਿਯਤ ਕੀਤਾ।

*ਜੈਸੇ ਕੋਊ ਧਨੀ ਘਨੀ ਕੋਠੀਆਂ ਰਚਾਇ ਨਿਜ,*
*ਬਨਜ ਬਚਾਵਤਿ ਗੁਮਾਸ਼ਤੇ ਬਿਠਾਇਕੈ।*
*ਤੈਸੇ ਗੁਰਿ ਧਰਮ ਧੁਰੀਣ ਕੀਨ ਚੀਨ ਚਿਤ*
*ਦੀਨ ਹਰਿ ਭਗਤਿ ਮੈ ਜਗਤ ਲਗਾਇਕੈ। ੫੩।*

ਮਹਿਮਾ ਪ੍ਰਕਾਸ਼ ਵਾਰਤਕ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਸਿੱਖਾਂ ਨੇ ਗੁਰੂ ਅਮਰ ਦਾਸ ਜੀ ਨੂੰ ਕਿਹਾ :

'ਸੱਚੇ ਪਾਤਸ਼ਾਹ! ਬਾਦਸ਼ਾਹਾਂ ਦੇ ਬਾਈ ਸੂਬੇ, ਬਵੰਜਾ ਬਾਵਨੀਆਂ, ਸੱਤਰ ਖ਼ਾਨ,

1. ਜਿਲਦ ਪਹਿਲੀ, ਪੰਨਾ ੬੧੦

ਬਹੱਤਰ (੭੨) ਉਮਰਾਵ ਹੋਤੇ ਹੈਂ।' ਇਹ ਸੰਕੇਤ ਸੀ ਕਿ ਸੱਚੇ ਪਾਤਸ਼ਾਹ ਵੀ ਸਿੱਖੀ ਦੇ ਪ੍ਰਚਾਰ ਲਈ ਕੋਈ ਐਸਾ ਹੀ ਉਪਰਾਲਾ ਕਰਨ। ਸੋ ੨੨ ਮੰਜੀਆਂ ਥਾਪੀਆਂ ਗਈਆਂ। ੫੨ ਪੀੜ੍ਹੇ ਬਣਾਏ ਗਏ ਤੇ ੭੨ ਸਿੱਖਾਂ ਨੇ ਦਿਨ-ਰਾਤ ਇਕ ਕਰਕੇ ਸਿੱਖੀ ਦ੍ਰਿੜ੍ਹ ਕਰਾਈ। ਸੂਰਜ ਪ੍ਰਕਾਸ਼ ਦੀ ਵੀ ਇਹ ਹੀ ਗਵਾਹੀ ਹੈ :

*ਦ੍ਵੈਵਿੰਸ਼ਤ ਦਿਲੀ ਉਮਰਾਇਵ।*
*ਤਿਤੇ ਸਿੱਖ ਮੰਜੀ ਸੁ ਬਨਾਇਵ।*

ਇਹ ਮੰਜੀਆਂ ਇਕ ਪ੍ਰਕਾਰ ਦੇ ਕੇਂਦਰ ਹੁੰਦੇ ਸਨ ਜਿਥੇ ਇਲਾਕੇ ਦੀਆਂ ਸੰਗਤਾਂ ਨਾਮ ਦਾਨ ਇਸ਼ਨਾਨ ਦ੍ਰਿੜ੍ਹ ਕਰਦੀਆਂ। ਇਹ ਮੰਜੀਦਾਰ ਗੁਰੂ ਪਾਤਸ਼ਾਹ ਕੋਲੋਂ ਬਖ਼ਸ਼ਿਸ਼ ਲੈ ਕੇ ਵਰੋਸਾਏ ਹੁੰਦੇ ਸਨ। ਉਹ ਜਿਥੇ ਸਿੱਖੀ ਦੀ ਰਹੁ-ਰੀਤੀ ਸਮਝਾਂਦੇ, ਉਥੇ ਹਰ ਸਾਲ ਦੋ ਵਾਰੀ ਗੋਇੰਦਵਾਲ ਪੁੱਜ ਕੇ ਆਪਣੇ ਸ਼ੰਕੇ ਨਵਿਰਤ ਕਰਦੇ ਅਤੇ ਫਿਰ ਸੰਗਤਾਂ ਨੂੰ ਸਿੱਖੀ ਰਾਹ ਪਾਉਂਦੇ। ਇਨ੍ਹਾਂ ਮੰਜੀਆਂ ਕਾਰਨ ਕੋਈ ਭਟਕ ਦੂਰ ਨਹੀਂ ਸੀ ਜਾਂਦਾ ਅਤੇ ਨਾ ਹੀ ਕੋਈ ਸਿੱਖੀ ਸਿਧਾਂਤ ਵਿਚ ਰਲਾ ਪਾ ਸਕਦਾ ਸੀ।

ਐਥਨ ਕੇ. ਮੈਰੰਕੋ ਨੇ ਆਪਣੀ ਪੁਸਤਕ ਦੀ ਟ੍ਰਾਂਸਫ਼ਰਮੇਸ਼ਨ ਔਫ਼ ਸਿੱਖ ਸੁਸਾਇਟੀ ਵਿਚ ਠੀਕ ਲਿਖਿਆ ਹੈ ਕਿ ਮੰਜੀਆਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੇ ਪ੍ਰਚਾਰ ਲਈ ਥਾਪੀਆਂ ਗਈਆਂ ਸਨ। ਇਹ ਮੰਜੀਆਂ ਸਿੱਖਾਂ ਦੇ ਸਤਿਸੰਗ ਦੇ ਅਸਥਾਨ ਬਣ ਗਏ ਅਤੇ ਸਮਾਂ ਪਾ ਕੇ ਉਨ੍ਹਾਂ ਥਾਵੀਂ ਗੁਰਦੁਆਰੇ ਉਸਰ ਗਏ।[1] ਮੈਰੰਕੋ ਦਾ ਇਹ ਵਿਚਾਰ ਵੀ ਹੈ ਕਿ ਇਹ ਕਾਰਜ ਗੁਰੂ ਅੰਗਦ ਦੇਵ ਜੀ ਵੇਲੇ ਹੀ ਆਰੰਭ ਹੋ ਗਿਆ ਸੀ।

ਤਵਾਰੀਖ਼ ਗੁਰੂ ਖ਼ਾਲਸਾ ਵਿਚ ਵੀ ਇਸੇ ਭਾਵ ਦੀ ਇਕ ਟੂਕ ਦਿੱਤੀ ਹੈ ਕਿ ਜਿਹੜੇ ਅਜ਼ਮਤਾਂ ਦੇ ਖ਼ਜ਼ਾਨੇ ਗੁਰੂ ਨਾਨਕ ਸਾਹਿਬ ਜੀ ਨੇ ਗੁਰੂ ਅੰਗਦ ਜੀ ਨੇ ਸੰਗ੍ਰਹਿ ਕੀਤੇ ਸਨ ਅਤੇ ਬੜੇ ਗੋਝ ਰੱਖੇ ਹੋਏ ਸਨ, ਉਹ ਕਰਾਮਾਤਾਂ ਇਨ੍ਹਾਂ ਗੁਰੂ ਸਾਹਿਬਾਂ (ਗੁਰੂ ਅਮਰ ਦਾਸ ਜੀ) ਨੇ ੨੨ ਅਸਥਾਨਾਂ ਪਰ ੨੨ ਮੰਜੀਆਂ ਅਰਥਾਤ ਸੰਗਤਾਂ ਕਾਇਮ ਕਰਕੇ ਸੰਸਾਰੀ ਲੋਕਾਂ ਦੀ ਮਨੋ-ਕਾਮਨਾ ਪੂਰੀ ਕਰਨ ਲਈ ਉਨ੍ਹਾਂ ਸ਼ਕਤੀਆਂ ਦੇ ੨੨ ਸਦਾ ਬਰਤ ਲੰਗਰ ਲਗਾ ਦਿੱਤੇ ਸੀ ਕਿ ਜਿਥੇ ਜਿਸ ਨੂੰ ਲੋੜ ਪਵੇ ਉਥੇ ਹੀ ਪੂਰਨ ਹੋ ਜਾਵੇ। ਗੋਕਲ ਚੰਦ ਨਾਰੰਗ ਨੇ ਵੀ ਇਸੇ ਪਾਸੇ ਦੀ ਹਾਮੀ ਭਰੀ ਹੈ ਕਿ ਇਨ੍ਹਾਂ ਮੰਜੀਆਂ ਸਥਾਪਣ ਕਰਨ ਦੇ ਉੱਦਮ ਨੇ ਸਿੱਖ ਧਰਮ ਦੇ ਮੰਦਰ ਦੀਆਂ ਨੀਂਹਾਂ ਬਹੁਤ ਪੱਕੀਆਂ ਕਰ ਦਿੱਤੀਆਂ ਅਤੇ ਸਾਰੇ ਦੇਸ਼ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਇਸ ਪ੍ਰਥਾ ਨੇ ਸਹਾਇਤਾ ਕੀਤੀ।' ਮੰਜੀਦਾਰ ਆਚਰਨ ਦੀ ਮੂਰਤ, ਭਗਤੀ ਭਾਵ ਵਿਚ ਰੰਗਿਆ ਤੇ ਸੇਵਾ ਸਿਮਰਨ ਵਿਚ ਨਿਪੁੰਨ ਤੇ ਗੋਇੰਦਵਾਲ ਤੋਂ ਬਖ਼ਸ਼ਿਸ਼ ਲੈ ਕੇ ਆਇਆ ਹੁੰਦਾ ਸੀ। ਹੋਰ ਉਪਦੇਸ਼ਾਂ ਨਾਲ ਵੱਡਾ ਉਪਦੇਸ਼ ਮਹਾਰਾਜ ਜੀ ਇਹ ਹੀ ਦੇਂਦੇ ਸਨ ਕਿ *'ਜਤ ਰਖੀਂ'*। ਭਾਈ ਹਿੰਦਾਲ ਜੀ ਨੂੰ ਮੰਜੀ ਸੌਂਪਣ ਵੇਲੇ ਇਹ ਹੀ ਫ਼ਰਮਾਇਆ ਸੀ ਕਿ 'ਜਤ ਰਖੀਂ'। ਗੱਲ ਕੀ ਹਰ ਮੰਜੀ ਦਾ ਜ਼ਿੰਮੇਵਾਰ ਅਨਿਨ ਸਿੱਖ ਅਤਿ ਉੱਚੇ ਆਚਰਨ ਦਾ ਮਾਲਕ ਹੁੰਦਾ ਸੀ। ਭਾਈ

---

1. These manjis became meeting places for Sikhs and later on temples (Gurdwaras) sprang up in their places. ਪੰਨਾ ੨੫।

ਕਾਹਨ ਸਿੰਘ ਜੀ ਦਾ ਵਿਚਾਰ ਵੀ ਇਹ ਹੈ ਕਿ ਗੁਰੂ ਅਮਰ ਦਾਸ ਜੀ ਨੇ ੨੨ ਧਰਮ ਪ੍ਰਚਾਰਕ ਮਹੰਤ ਭਾਰਤ ਵਿਚ ਥਾਪੇ ਸਨ।[1] ਆਪਣੇ ਸਿੱਖਾਂ ਵਿਚੋਂ ੨੨ ਉੱਤਮ ਪ੍ਰਚਾਰਕ ਚੁਣ ਕੇ ਉਨ੍ਹਾਂ ਨੂੰ ਮੰਜੀਆਂ (ਉਪਦੇਸ਼ਕ ਗੱਦੀਆਂ) ਬਖ਼ਸ਼ੀਆਂ। ਸਿੱਖ ਸਮਾਜ ਵਿਚ ਮਾਨਯੋਗ ਠਹਿਰਾਇਆ। ਕਵੀ ਗੁਲਾਬ ਸਿੰਘ ਨੇ ਗੁਰ ਪ੍ਰਨਾਲੀ ਗੁਰੂ ਅਮਰ ਦਾਸ ਵਿਚ ਜਿਥੇ ਗੁਰੂ ਪਾਤਸ਼ਾਹਾਂ ਦੀਆਂ ਰਹਿਮਤਾਂ ਵਿਚ 'ਆਹਰ ਕੀਆ ਹੈ ਫਿਰ ਬਾਉਲੀ ਬਨਾਵਨੇ ਕਾ' ਲਿਖਿਆ ਉਥੇ ਵੱਡਾ ਕਾਰਜ 'ਮੰਜੀਆਂ ਬਾਈ ਸੰਜੀਵਾਦਿਕਾਂ ਕੋ ਬਖਸ਼ੀਆਂ' ਦਾ ਉਚੇਚਾ ਜ਼ਿਕਰ ਕੀਤਾ।

ਹੁਣ ਇਹੋ ਦੱਸਣਾ ਰਹਿ ਗਿਆ ਕਿ ਉਹ ਪਹਿਲੀਆਂ ੨੨ ਮਹਾਨ ਵਿਅਕਤੀਆਂ ਕਿਹੜੀਆਂ ਸਨ ਜਿਨ੍ਹਾਂ ਨੂੰ ਇਤਨੀ ਵੱਡੀ ਜ਼ਿੰਮੇਵਾਰੀ ਸੌਂਪੀ ਗਈ। ਕਈ ਸੂਚੀਆਂ ਮਿਲਦੀਆਂ ਹਨ। ਮਹਿਮਾ ਪ੍ਰਕਾਸ਼ ਗੁਰੂ ਅਮਰ ਦੇਵ ਜੀ ਨੇ ਆਪਣੀ ਸੂਚੀ ਦਿੱਤੀ ਹੈ। ਮਹਾਨ ਕੋਸ਼ ਵਿਚ ਦਰਜ ਸੂਚੀ ਵੀ ਪ੍ਰਮਾਣੀਕ ਕਰਕੇ ਮੰਨੀ ਜਾਂਦੀ ਰਹੀ ਹੈ। ਗਿਆਨੀ ਠਾਕੁਰ ਸਿੰਘ ਜੀ ਨੇ ਗੁਰਦੁਆਰਾ ਦਰਸ਼ਨ ਵਿਚ ਵੀ ਅਲੱਗ ਹੀ ਸੂਚੀ ਦਿੱਤੀ ਹੈ। ਕਨ੍ਹਈਆ ਲਾਲ ਨੇ ਤਾਰੀਖ਼ੇ-ਪੰਜਾਬ ਵਿਚ ਕੁਝ ਉੱਘੀਆਂ ਮੰਜੀਆਂ ਦਾ ਵਰਣਨ ਕੀਤਾ ਹੈ। ਪਰ ਮੇਰੀ ਜਾਚੇ ਗੋਇੰਦਵਾਲ ਵਿਖੇ ਗੁਰਦੁਆਰਾ ਹਵੇਲੀ ਸਾਹਿਬ, ਜੋ ਸੁਨਹਿਰੀ ਪੱਤਰੇ ਵਾਲੀ ਸੂਚੀ ਹੈ, ਉਹ ਹੀ ਪ੍ਰਮਾਣੀਕ ਹੈ। ਇਹ ਠੀਕ ਹੈ ਕਿ ਇਕ ਜਾਂ ਦੋ ਮੰਜੀਆਂ ਦੇ ਉਪਦੇਸ਼ਕਾਂ ਦੇ ਥਹੁ ਪਤੇ ਨਹੀਂ ਮਿਲਦੇ ਪਰ ਮੇਰਾ ਵਿਸ਼ਵਾਸ ਹੈ ਕਿ ਜ਼ਰਾ ਕੁ ਭਾਲ ਕੀਤਿਆਂ ਪਤਾ ਲੱਗ ਜਾਵੇਗਾ। ਜਿਵੇਂ ਇਕ 'ਮਲ ਜੀ ਸੇਵਾ' ਪੜ੍ਹਿਆ ਜਾਂਦਾ ਹੈ ਪਰ ਗੁਰੂ ਅਮਰ ਦਾਸ ਜੀ ਦੇ ਸਿੱਖਾਂ ਦੀ ਸੂਚੀ ਜੋ ਭਾਈ ਗੁਰਦਾਸ ਜੀ ਨੇ ਲਿਖੀ ਹੈ, ਉਸ ਵਿਚ ਪਹਿਲੇ ਸਿੱਖ ਦਾ ਨਾਂ ਹੀ ਭਾਈ ਪ੍ਰਿਥਾ ਮਲ 'ਸੇਵਾ ਹਿਤਕਾਰੀ' ਲਿਖਿਆ ਹੈ, ਮਾਈ ਭਾਗੋ ਹੋਰ ਕੋਈ ਨਹੀਂ ਹੋ ਸਕਦੀ, ਉਹ ਹੀ ਭਾਗ ਭਰੀ ਹੈ ਜੋ ਗੁਰੂ ਹਰਿਗੋਬਿੰਦ ਜੀ ਤੱਕ ਕਸ਼ਮੀਰ ਵਿਚ ਪ੍ਰਚਾਰ ਕਰਦੀ ਰਹੀ ਭਾਵੇਂ ਅੱਖਾਂ ਦੀ ਜੋਤ ਭਾਗੋ ਜੀ ਦੀ ਚਲੀ ਗਈ ਸੀ ਉਸ ਦੇ ਪਿਆਰ ਖਿੱਚੇ ਛੇਵੇਂ ਪਾਤਸ਼ਾਹ ਸ੍ਰੀਨਗਰ ਗਏ ਸਨ। ਮਹਿਮਾ ਪ੍ਰਕਾਸ਼ ਅਨੁਸਾਰ : ਸ੍ਰੀ ਮੁੱਖ ਸਤਿਗੁਰ ਜੀ ਨੇ ਕਿਹਾ ਸੀ : 'ਹੇ ਮਾਈ ਤੈ ਪ੍ਰਣ ਕੀਨਾ। ਤਾ ਤੇ ਮੁਹਿ ਆਵਨਿ ਭਇਆ ਮੈਂ ਭਾਉ ਭਗਤ ਅਧੀਨਾ।'[2]

ਪਹਿਲੀ ਮੰਜੀ ਭਾਈ ਮਾਣਕ ਚੰਦ 'ਜੀਵੜੇ' ਨੂੰ ੧੫੫੮ ਈ: ਵਿਚ ਬਖ਼ਸ਼ੀ ਸੀ ਤੇ ਆਉਂਦੇ ੧੬ ਸਾਲਾਂ ਵਿਚ ਇਨ੍ਹਾਂ ਦੇ ਜ਼ਿੰਮੇਵਾਰ ਬਦਲਦੇ ਚਲਦੇ ਰਹੇ। ਕਿਸੇ ਇਕ ਮੰਜੀਦਾਰ ਦੇ ਚਲਾਣਾ ਕਰ ਜਾਣ 'ਤੇ ਗੁਰੂ ਜੀ ਆਪ ਹੀ ਹੋਰ ਮੰਜੀਦਾਰ ਨਿਯੁਕਤ ਕਰਦੇ ਸਨ। ਸੋ ਇਹ ਕੋਈ ਪੀੜ੍ਹੀ-ਦਰ-ਪੀੜ੍ਹੀ ਨਹੀਂ ਸੀ। ਇਹ ਹੀ ਕਾਰਨ ਹੈ ਕਿ ਕਈ ਸੂਚੀਆਂ ਹੁਣ ਮਿਲਦੀਆਂ ਹਨ। ਜਿਵੇਂ ਭਾਈ ਪਾਰੋ ਜੁਲਕਾ ਦੇ ਚੜ੍ਹਾਈ ਕਰ ਜਾਣ ਤੇ ਉਸ ਦੇ ਪੁੱਤਰ ਨੂੰ ਨ ਦੇ ਕੇ ਭਾਈ ਲਾਲੂ ਜੀ ਨੂੰ ਦਿੱਤੀ। ਮਾਈ ਭਾਗੋ (ਕਸ਼ਮੀਰ) ਸਤਾਰ੍ਹਵੀਂ ਸਦੀ ਦੇ ਦੂਜੇ ਦਹਾਕੇ ਤਕ ਰਹੀ। ਅਲਾਹ ਯਾਰ ਖ਼ਾਨ ਲਾਹੌਰ ਵਿਚ ਪ੍ਰਚਾਰ

1. ਪੰਨਾ ੭੫੦, ਮਹਾਨ ਕੋਸ਼
2. ਸਾਖੀ ੬, ਪਾਤਸ਼ਾਹੀ ਛੇਵੀਂ

ਕਰਦਾ ਰਿਹਾ। ਇਹ ਉਹ ਹੀ ਪਠਾਣ ਸੀ ਜਿਸ ਭਾਈ ਪਾਰੋ ਜੁਲਕਾ ਦਾ ਸਿਦਕ ਦੇਖ ਸਿੱਖੀ ਧਾਰੀ ਸੀ। ਜੀਤ ਬੰਗਾਲੀ ਬਾਰੇ ਵੀ ਇਹ ਹੀ ਅਨੁਮਾਨ ਲੱਗਦਾ ਹੈ ਕਿ ਜਿਵੇਂ 'ਧੀਰੋ ਉਂਜੈਨੀ' ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਕੀਤਾ ਹੈ ਤਿਵੇਂ ਇਹ ਕੋਈ ਬੰਗਾਲ ਦਾ ਪ੍ਰਸਿੱਧ ਸਿੱਖ ਹੋਵੇਗਾ ਜਿਸ ਨੇ ਬੰਗਾਲ ਵਿਖੇ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਉਸ ਦੇ ਪ੍ਰਚਾਰ ਦਾ ਸਦਕਾ ਹੀ "ਢਾਕਾ ਗੁਰੂ ਕਾ ਕੋਠਾ" ਕਹਿਲਾਇਆ।

ਸੁਨਹਿਰੀ ਪੱਤਰੇ ਵਾਲੀ ਸੂਚੀ ਦੇ ਬਾਈ ਮੰਜੀਆਂ ਦੇ ਜ਼ਿੰਮੇਵਾਰਾਂ ਦਾ ਵੇਰਵਾ :

1. **ਭਾਈ ਪਾਰੋ ਜੁਲਕਾ**[1]—ਇਹ ਵੀ ਪਰਮਹੰਸ ਕਹਿਲਾਏ। ਸਿਦਕੀ ਇਤਨੇ ਸਨ ਕਿ ਝੱਖੜ ਹੋਵੇ ਜਾਂ ਬਾਰਸ਼, ਤੂਫਾਨ ਹੋਵੇ ਜਾਂ ਹੜ੍ਹ, ਦਰਸ਼ਨ ਕਰਨ ਘੋੜੇ 'ਤੇ ਚੜ੍ਹ ਪਿੰਡੋਂ ਗੋਇੰਦਵਾਲ ਆਉਂਦੇ। ਪ੍ਰਚਾਰ ਖੇਤਰ ਦੁਆਬਾ ਸੀ।

2. **ਭਾਈ ਲਾਲੂ**—ਭਾਈ ਪਾਰੋ ਜੁਲਕਾ ਦੀ ਸੰਗਤ ਕਰਕੇ ਸਿੱਖ ਬਣੇ, ਰਿਧੀਆਂ ਸਿਧੀਆਂ ਗੁਰੂ ਚਰਨਾਂ ਤੋਂ ਪਾਈਆਂ। ਸਮੁੰਦਰੀ ਇਲਾਕੇ ਸਿੰਧ ਤਕ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਸੰਭਾਲੀ।

3. **ਭਾਈ ਮੇਹੇਸ਼ਾ ਧੀਰ**—ਸ਼ਾਹੂਕਾਰ ਸਨ ਅਤੇ ਨਿਸ਼ਕਾਮ ਸੇਵਾ ਕਰਦੇ ਰਹੇ। ਬਖ਼ਸ਼ਿਸ਼ ਲੈ ਕੇ ਮਾਲਵਾ ਵਿਚ ਪ੍ਰਚਾਰ ਜ਼ਿੰਮੇਵਾਰੀ ਸੰਭਾਲੀ।

4. **ਭਾਈ ਮਾਈ ਦਾਸ ਵੈਰਾਗੀ**—ਨਰੋਲੀ ਪਿੰਡ (ਮਾਝਾ) ਦੇ ਰਹਿਣ ਵਾਲੇ ਸਨ। ਬੜੇ ਸੰਜਮੀ ਤੇ ਵੈਸ਼ਨਵ. ਸਨ। ਭਾਈ ਮਾਣਕ ਚੰਦ ਜੀ ਦੀ ਸੰਗਤ ਨਾਲ ਆਤਮ ਗਿਆਨ ਮਿਲਿਆ ਸੀ। ਮਾਝੇ ਵਿਚ ਸਿੱਖੀ ਪ੍ਰਚਾਰ ਦੀ ਜ਼ਿੰਮੇਵਾਰੀ ਮਿਲੀ।

5. **ਭਾਈ ਮਾਣਕ ਦਾਸ ਜੀਵੜਾ**—ਇਨ੍ਹਾਂ ਹੀ ਬਾਉਲੀ ਸਾਹਿਬ ਦਾ ਕੜ ਗੈਂਤੀ ਨਾਲ ਤੋੜਿਆ ਸੀ। ਜਲ ਛਲ ਨਾਲ ਭਰ ਜਾਣ ਕਰਕੇ ਡੁੱਬ ਗਏ ਸਨ ਪਰ ਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਜੀਵੜਾ ਹੋਏ। ਮੰਜੀ ਦੀ ਜ਼ਿੰਮੇਵਾਰੀ ਮਿਲੀ ਤੇ ਦੂਰ ਦੁਰਾਡੇ ਪ੍ਰਚਾਰ ਕਰਨ ਜਾਂਦੇ ਰਹੇ।

6. **ਭਾਈ ਸਾਵਣ ਮੱਲ**—ਗੁਰੂ ਅਮਰ ਦਾਸ ਜੀ ਦੇ ਭਤੀਜੇ ਸਨ। ਪਹਾੜਾਂ ਵਿਚ ਪ੍ਰਚਾਰ ਦੀ ਜ਼ਿੰਮੇਵਾਰੀ ਮਿਲੀ।

7. **(ਭਾਈ ਪ੍ਰਿਥਾ) ਮਲ ਜੀ ਸੇਵਾ (ਹਿਤਕਾਰੀ)**—ਇਸ ਨੂੰ ਜਾਤ ਦਾ ਅਭਿਮਾਨ ਸੀ ਕਿ ਉਹ ਵੀ ਭੱਲਾ ਜਾਤ ਦਾ ਹੈ। ਗੁਰੂ ਜੀ ਨੇ ਜਦ ਕਿਹਾ ਕਿ ਗੁਰੂ ਦੀ ਜਾਤ ਕੋਈ ਨਹੀਂ ਹੁੰਦੀ ਤਾਂ ਸੋਝੀ ਮਿਲੀ। ਫ਼ਿਰੋਜ਼ਪੁਰ ਦੇ ਇਲਾਕੇ ਵਿਚ ਪ੍ਰਚਾਰ ਕਰਦੇ ਰਹੇ।

8. **ਭਾਈ ਹਿੰਦਾਲ ਜੀ**—ਲੰਗਰ ਦੀ ਸੇਵਾ ਕਰਦੇ ਸਨ। ਭਗਤੀ ਬੁੱਧ ਦਾ ਪ੍ਰਕਾਸ਼ ਮੱਥਾ ਟੇਕਣ ਵੇਲੇ ਦੱਸਿਆ। ਗੁਰੂ ਜੀ ਨੇ ਪ੍ਰਸੰਨ ਹੋ ਕੇ ਮੰਜੀ ਦੀ ਜ਼ਿੰਮੇਵਾਰੀ ਬਖ਼ਸ਼ੀ। ਜੰਡਿਆਲਾ ਦੇ ਇਲਾਕੇ ਪ੍ਰਚਾਰ ਕਰਦੇ ਰਹੇ।

9. **ਸੱਚ ਨਿਸੱਚ**—ਗੋਇੰਦਵਾਲ ਵਿਖੇ ਲੰਗਰ ਵਿਚ ਨਿਰਇਛਤ ਸੇਵਾ ਕਰਦੇ ਸਨ।

---

1. ਲਗਭਗ ਇਨ੍ਹਾਂ ਸਾਰਿਆਂ ਦੀ ਕਰਨੀ ਤੇ ਸੇਵਾ ਦਾ ਜ਼ਿਕਰ ਪਿਛਲੇ ਅਧਿਆਇ ਵਿਚ ਆ ਚੁੱਕਾ ਹੈ। ਇਥੇ ਸਿਰਫ਼ ਸੰਕੇਤ ਮਾਤਰ ਹੀ ਦਰਜ ਕਰ ਰਿਹਾ ਹਾਂ ਤਾਂ ਕਿ ਮਹੱਤਤਾ ਜਾਣੀ ਰਵ੍ਹੇ।

ਹਰੀਪੁਰ ਦੀ ਰਾਣੀ ਦਾ ਵਿਆਹ ਇਸ ਨਾਲ ਕੀਤਾ ਤੇ ਅੰਬਾਲਾ ਦੇ ਇਲਾਕੇ ਪ੍ਰਚਾਰ ਕਰਨ ਲਈ ਭੇਜਿਆ।

10. **ਭਾਈ ਗੰਗੂ ਸ਼ਾਹ**—ਮਾਯਾ ਦੇ ਮੱਦ ਵਿਚ ਇਸ ਨੇ ਗੁਰੂ ਜੀ ਦੀ ਹੁੰਡੀ ਇਕ ਗ਼ਰੀਬ ਨੂੰ ਇਹ ਕਹਿ ਕੇ ਨਹੀਂ ਸੀ ਤਾਰੀ ਕਿ ਗੁਰੂ ਦੇ ਖਾਤੇ ਵਿਚ ਕੁਝ ਨਹੀਂ। ਦਰ ਦਰ ਦੀਆਂ ਠੋਕਰਾਂ ਖਾਂਦਾ ਗੋਇੰਦਵਾਲ ਆਇਆ। ਸੇਵਾ ਕਰਕੇ ਮੈਲ ਧੋਤੀ। ਮੰਜੀ ਦੀ ਜ਼ਿੰਮੇਵਾਰੀ ਮਿਲੀ। ਲਾਹੌਰ ਦੇ ਇਲਾਕੇ ਪ੍ਰਚਾਰ ਕਰਦੇ ਰਹੇ।

11. **ਭਾਈ ਸਾਧਾਰਨ ਲੁਹਾਰ**—ਇਨ੍ਹਾਂ ਨੇ ਬਾਉਲੀ ਸਾਹਿਬ ਬਣਨ ਵੇਲੇ ਸਾਰਾ ਲੁਹਾਰਾ ਕਾਰਜ ਮਨ ਚਿਤ ਕਰਕੇ ਕੀਤਾ ਸੀ। ਬਕਾਲਾ ਵਿਖੇ ਪ੍ਰਚਾਰ ਨੂੰ ਸੰਭਾਲਿਆ।

12. **ਮਥੋ ਮੁਰਾਰੀ**—ਇਹ ਉਹ ਕਰਮਾਂ ਵਾਲੀ ਜੋੜੀ ਸੀ ਜਿਸ ਨੂੰ ਗੁਰੂ ਜੀ ਨੇ ਆਪਣੀ ਹੱਥੀਂ ਵਿਆਹ ਕੇ 'ਬੇਟਾ ਤੇ ਪੁੱਤਰੀ' ਕਿਹਾ ਸੀ। ਇਹ ਜੋੜੀ ਚੂਨੀਆਂ ਤਹਿਸੀਲ (ਲਾਹੌਰ) ਵਿਚ ਪਰਚਾਰ ਕਰਦੀ ਰਹੀ। ਮੰਜੀ ਦੀ ਜ਼ਿੰਮੇਵਾਰੀ ਦੋਵਾਂ ਨੂੰ ਹੀ ਬਖ਼ਸ਼ੀ ਸੀ।

13. **ਖੇਡਾ ਸੋਇਨੀ**—ਇਹ ਦੁਰਗਾ ਭਗਤ ਬ੍ਰਾਹਮਣ ਸੀ। ਗੁਰੂ ਘਰ ਦੁਰਗਾ ਨੂੰ ਝਾੜੂ ਦੇਂਦੇ ਦੇਖ ਸ਼ਰਨ ਆਇਆ। ਖੇਮਕਰਨ ਵਿਚ ਮੰਜੀ ਦੀ ਜ਼ਿੰਮੇਵਾਰੀ ਲੈ ਸਿੱਖੀ ਪ੍ਰਚਾਰ ਕਰਦੇ ਰਹੇ।

14.-15. **ਭਾਈ ਫਿਰਿਆ ਅਤੇ ਕਟਾਰਾ**—ਇਨ੍ਹਾਂ ਦੇ ਸਿਦਕ ਨੂੰ ਦੇਖ ਕੇ ਗੁਰੂ ਜੀ ਨੇ ਇਨ੍ਹਾਂ ਨੂੰ ਧਰਮਸਾਲ ਥਾਪਣ ਤੇ ਗੋਰਖ ਦੇ ਪੁਜਾਰੀਆਂ ਨੂੰ ਮੰਤਰਾਂ ਜੰਤਰਾਂ ਤੋਂ ਹਟਾ ਕੇ ਸ਼ਬਦ ਦੇ ਲੜ ਲਗਾਉਣ ਦਾ ਹੁਕਮ ਦੇ ਕੇ ਮੰਜੀ ਸੌਂਪੀ ਸੀ। ਇਹ ਮੰਜੀ ਦੀ ਜ਼ਿੰਮੇਵਾਰੀ ਦੋਵਾਂ ਨੂੰ ਹੀ ਸੌਂਪੀ ਸੀ। ਕਸ਼ਮੀਰ ਦੇ ਪਹਾੜੀ ਇਲਾਕੇ ਤੇ ਫਿਰ ਦੂਰ-ਦੂਰ ਤਕ ਪ੍ਰਚਾਰ ਕਰਨ ਜਾਂਦੇ ਰਹੇ। ਮੀਰਪੁਰ (ਕਸ਼ਮੀਰ) ਵਿਚ ਸਮਾਏ।[1]

16. **ਭਾਈ ਸਾਈਂ ਦਾਸ ਗੁਸਾਈਂ**—ਲਾਹੌਰ ਦਾ ਨਿਵਾਸੀ ਸੀ। ਗੁਰੂ ਅਮਰ ਦਾਸ ਜੀ ਨੇ ਇਨ੍ਹਾਂ ਨੂੰ ਰਾਵੀ ਪਾਰ ਸਿੱਖੀ ਦੇ ਪ੍ਰਚਾਰ ਲਈ ਭੇਜਿਆ। ਗੁਰੂ ਅਰਜਨ ਸਾਹਿਬ ਤਕ ਸੇਵਾ ਨਿਭਾਂਦੇ ਰਹੇ।[2]

17. **ਦਿਤੇ ਕੇ ਭਲੇ**—ਇਹ ਭਲਾ ਜਾਤੀ ਦਾ ਬਾਸਰਕੇ ਦਾ ਵਸਨੀਕ ਸਿੱਖ ਸੀ। ਗੁਰੂ ਦਾਤ ਪਾ ਕੇ ਮਾਝੇ ਵਿਚ ਪ੍ਰਚਾਰ ਕਰਦਾ ਰਿਹਾ।

18. **ਮਾਈ ਸੇਵਾਂ**—ਇਸ ਮਾਈ ਨੇ ਬਾਉਲੀ ਸਾਹਿਬ ਇਤਨੇ ਲਗਨ ਨਾਲ ਸੇਵਾ ਕੀਤੀ ਕਿ ਗੁਰੂ ਜੀ ਦੀ ਅਸੀਸ ਦੀ ਪਾਤਰ ਬਣੀ। ਐਸੀ ਸਿਮਰਨ ਸ਼ਕਤੀ ਪ੍ਰਾਪਤੀ ਕਰ ਗਈ ਇਥੋਂ ਗੋਇੰਦਵਾਲ ਬੈਠਿਆਂ ਹੀ ਆਪਣੇ ਨਿੱਕੇ ਜਿਹੇ ਬੱਚੇ ਨੂੰ ਲੋਰੀ ਦੇਂਦੀ। ਕਾਬਲ ਵਿਚ ਸਿੱਖੀ ਦੇ ਪ੍ਰਚਾਰ ਲਈ ਮੰਜੀ ਦੀ ਜ਼ਿੰਮੇਵਾਰੀ ਮਿਲੀ।

19. **ਦੁਰਗੋ ਪੰਡਤ**—ਇਹ ਪੰਡਤ ਰੇਖਾਵਾਂ ਪੜ੍ਹਨ ਦਾ ਮਾਹਿਰ ਸੀ ਇਸੇ ਨੇ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਪਦਮ ਰੇਖ ਦੇਖ ਸੱਚੇ ਪਾਤਸ਼ਾਹ ਹੋਣ ਦੀ ਭਵਿਸ਼

1. ਸ੍ਰੀ ਗੁਰਦੁਆਰਾ ਦਰਸ਼ਨ, ਕ੍ਰਿਤ ਗਿਆਨੀ ਠਾਕਰ ਸਿੰਘ, ਪੰਨਾ ੪੮੯
2. ਮਹਾਨ ਕੋਸ਼, ਪੰਨਾ ੧੩੧

ਬਾਣੀ ਕੀਤੀ ਸੀ। ਗੁਰੂ ਪਦਵੀ ਪਾਉਣ ਉਪਰੰਤ ਤੀਰਥ ਯਾਤਰਾ ਸਮੇਂ ਇਹ ਗੁਰੂ ਦਰਬਾਰ ਹਾਜ਼ਰ ਹੋਇਆ ਸੀ ਤੇ 'ਦੀਨ ਦੁਨੀ' ਦੋਵਾਂ ਦਾ ਸੁਖ ਪ੍ਰਾਪਤ ਕੀਤਾ ਸੀ। ਇਨ੍ਹਾਂ ਨੂੰ ਹਰਿਦੁਆਰ ਮੰਜੀ ਦੀ ਜ਼ਿੰਮੇਵਾਰੀ ਸੌਂਪੀ।

20. **ਜੀਤ ਬੰਗਾਲੀ**—ਬੰਗਾਲ ਦੇ ਰਹਿਣ ਵਾਲਾ ਇਕ ਸਿੱਖ ਸੀ। ਜਿਸ ਨੇ ਬਖ਼ਸ਼ਿਸ਼ ਪਾ ਬੰਗਾਲ ਆਸਾਮ ਸਿੱਖੀ ਦ੍ਰਿੜ੍ਹਾਈ।

21. **ਬੀਬੀ ਭਾਗੋ**—ਅਨਿੰਨ ਭਗਤੀ ਵਿਚ ਗੜੂੰਦ ਬੀਬੀ ਸੀ। ਕਸ਼ਮੀਰ ਵਿਚ ਸਿੱਖੀ ਫੈਲਾਣ ਦੀ ਜ਼ਿੰਮੇਵਾਰੀ ਇਸ ਨੂੰ ਸੌਂਪੀ ਗਈ।

22. **ਭਾਈ ਬਲੂ**—ਗੁਰੂ ਅਮਰਦਾਸ ਜੀ ਦਾ ਅਨਿੰਨ ਸੇਵਕ ਸਿੱਖ ਸੀ। ਗੁਰੂ ਪਾਤਸ਼ਾਹ ਦੇ ਗੁਰਗੱਦੀ ਬੈਠਣ ਤੋਂ ਜੋਤੀ ਜੋਤ ਸਮਾਉਣ ਤੱਕ ਸੇਵਾ ਨਿਭਾਂਦੇ ਰਹੇ। ਗੁਰੂ ਸ਼ਰਨ ਵਿਚ ਆਉਣ ਤੋਂ ਪਹਿਲਾਂ ਨਾਈ ਸਨ। ਇਨ੍ਹਾਂ ਨੂੰ ਗੋਇੰਦਵਾਲ ਵਿਖੇ ਹੀ ਮੰਜੀ ਦੀ ਸੇਵਾ ਸੌਂਪੀ ਗਈ ਤੇ ਸਿੱਖਾਂ ਨੂੰ ਉਪਦੇਸ਼ ਦ੍ਰਿੜ੍ਹ ਕਰਾਂਦੇ। ਜਿਧਰੇ ਕਿਧਰੇ ਕੋਈ ਸਿੱਖ ਆਦਰਸ਼ ਤੋਂ ਭਟਕਦਾ ਦੇਖਦੇ, ਇਹ ਹੀ ਜਾ ਕੇ ਸਮਝਾਂਦੇ।

ਇਨ੍ਹਾਂ ਤੋਂ ਇਲਾਵਾ ਜਿਨ੍ਹਾਂ ਨੂੰ ਮੰਜੀ ਦੀ ਜ਼ਿੰਮੇਵਾਰੀ ਸਮਾਂ ਪਾ ਕੇ ਸੌਂਪੀ ਗਈ ਉਹ ਭਾਈ ਦਰਬਾਰੀ, ਭਾਈ ਬੂਆ, ਭਾਈ ਅਲਾਹ ਯਾਰ, ਭਾਈ ਰਾਜਾ ਰਾਮ, ਭਾਈ ਰੰਗ ਦਾਸ, ਭਾਈ ਕੇਦਾਰੀ, ਭਾਈ ਖਾਨੂ ਛੁਰਾ, ਭਾਈ ਭਿਖਾ ਭੱਟ, ਭਾਈ ਰੰਗ ਸ਼ਾਹ ਵੀ ਹਨ।

ਇਨ੍ਹਾਂ ਮੰਜੀਆਂ ਦੀ ਥਾਪਣਾ ਕਾਰਨ ਸਿੱਖਾਂ ਦੀ ਆਪਣੀ ਜਥੇਬੰਦੀ ਬਣ ਗਈ। ਪੰਥ ਦੀ ਸਾਜਣਾ ਵੱਲ ਇਹ ਇਕ ਮਹਾਨ ਕਦਮ ਸੀ।

**ਭਾਈ ਦਰਬਾਰੀ ਜੀ**—ਨਗਰ ਮਜੀਠਾ ਵਿਚ ਭਾਈ ਦਰਬਾਰੀ ਰਹਿੰਦੇ ਸਨ। ਗੁਸਾਈਆਂ ਦੀ ਸੇਵਾ ਪੂਜਾ ਅਤੇ ਕਰਮ ਕਾਂਡੀ ਜੀਵਨ ਸੀ। ਗੁਰੂ ਅਮਰ ਦਾਸ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਸੱਚੀ ਭਗਤ ਦਾ ਰਾਹ ਮਿਲਿਆ। ਕਰਮ ਕਾਂਡ ਦਾ ਜੀਵਨ ਵਿਸਾਰ ਭਗਤੀ ਭਾਵ ਤੇ ਗੁਰ ਸੇਵਾ ਵਿਚ ਗੁਜ਼ਾਰਨ ਲੱਗੇ। ਗੁਰੂ ਜੀ ਨੇ ਪੁੱਗਿਆ ਦੇਖ ਸਤਿਨਾਮ ਦਾ ਉਪਦੇਸ਼ ਦ੍ਰਿੜ੍ਹ ਕਰਾਉਣ ਲਈ ਮਜੀਠੇ ਦੇ ਇਲਾਕੇ ਵਿਚ ਭੇਜਿਆ। ਆਪ ਜੀ ਦਾ ਅਕਾਲ ਚਲਾਣਾ ਵੀ ਮਜੀਠਾ ਵਿਖੇ ਹੀ ਹੋਇਆ।

**ਭਾਈ ਬੂਆ**—ਮਹਾਨਕੋਸ਼[1] ਦੇ ਲਿਖੇ ਅਨੁਸਾਰ ਭਾਈ ਬੂਆ ਜੀ ਹਰਿਗੋਬਿੰਦਪੁਰ ਦੇ ਰਹਿਣ ਵਾਲੇ ਸਨ। ਗੁਰੂ ਅਮਰ ਦਾਸ ਜੀ ਪਾਸ ਗੋਇੰਦਵਾਲ ਆ ਕੇ ਹਉਮੈ ਨਿਵਾਰ ਸੇਵਾ ਕਰਦੇ ਰਹੇ। ਇਹ ਵਿਦਵਾਨ ਸਨ ਅਤੇ ਕਥਾ ਬੜੀ ਰੌਚਕ ਕਰਦੇ ਸਨ। ਗੁਰੂ ਜੀ ਨੇ ਇਨ੍ਹਾਂ ਨੂੰ ਵੀ ਪਰਮਹੰਸ ਦਾ ਮਾਣ ਬਖ਼ਸ਼ਿਆ ਸੀ।

**ਭਾਈ ਰਾਜਾ ਰਾਮ ਜੀ**—ਗਿਆਨੀ ਠਾਕੁਰ ਸਿੰਘ ਜੀ ਦੇ ਕਥਨ ਅਨੁਸਾਰ ਇਹ ਸਾਰਸੁਤ ਜਾਤ ਦੇ ਬ੍ਰਾਹਮਣ ਸਨ। ਵੇਦ ਵਕਤਾ ਅਤੇ ਸ਼ਾਸਤਰ ਗਿਆਤਾ ਸਨ। ਪੁਰਾਣਕ ਕਥਾ ਬਹੁਤ ਸੁਰੀਲੀ ਆਵਾਜ਼ ਵਿਚ ਸੁਣਾਂਦੇ ਸਨ। ਗੁਰੂ ਦੇ ਲੰਗਰ ਵਿਚ

---

1. ਪੰਨਾ ੬੬੨

ਇਕ ਸਮਾਨ ਸਭ ਦਾ ਖਾਣਾ ਸੁਣ ਗੁਰੂ ਅਮਰ ਦਾਸ ਜੀ ਨਾਲ ਚਰਚਾ ਕਰਨ ਉੱਠ ਆਇਆ।

ਸੰਗਤ ਵਿਚ ਹਉਮੈ ਕਰ ਬੋਲ ਉਠਿਆ : 'ਆਪ ਸਭ ਨੂੰ ਇਕ ਥਾਵੇਂ ਪ੍ਰਸ਼ਾਦ ਛਕਾ ਕੇ ਸ਼ਾਸਤਰ ਵਿਰੁੱਧ ਕਰਮ ਕਰ ਰਹੇ ਹੋ। ਇਸ ਤਰ੍ਹਾਂ ਧਰਮ ਨਸ਼ਟ ਹੋ ਜਾਏਗਾ।'

ਗੁਰੂ ਜੀ ਨੇ ਸਹਿਜ ਵਿਚ ਹੀ ਬਚਨ ਕਹੇ : 'ਸਾਡੀ ਜਾਤ ਪਾਤ ਕੇਵਲ ਨਾਮ ਹੈ। ਗੁਰੂ ਨਾਨਕ ਜੀ ਨੇ 'ਸਭ ਮਹਿ ਜੋਤ ਜਾਤਾ ਤੂ ਸੋਈ' ਦਾ ਪ੍ਰਚਾਰ ਕਰਕੇ ਮਨੁੱਖ ਮਾਤਰ ਨਾਲ ਪਿਆਰ ਕਰਨਾ ਸਿਖਾਲਿਆ ਸੀ।' ਇਹ ਬਚਨ ਸੁਣ ਰਾਜਾ ਰਾਮ ਜੀ ਚਰਨੀਂ ਢੱਠੇ ਤੇ ਜਾਤ ਵਿੱਦਿਆ ਦਾ ਹੰਕਾਰ ਤਜ ਪਿੰਡ ਪਿੰਡ ਫਿਰ ਸਤਿਨਾਮ ਦਾ ਜਾਪ ਜਪਾਉਣ ਲੱਗੇ। ਇਸੇ ਹੀ ਵੰਸ਼ ਦੇ ਬ੍ਰਾਹਮਣ ਅੰਮ੍ਰਿਤ ਛਕ ਕੇ ਦੁਆਬੇ ਵਿਚ ਪ੍ਰਚਾਰ ਕਰਦੇ ਰਹੇ। ਪਿੰਡ ਸੰਧਮਾਂ ਜ਼ਿਲ੍ਹਾ ਜਲੰਧਰ ਵਿਚ ਹੁਣ ਵੀ ਉਨ੍ਹਾਂ ਦੀ ਔਲਾਦ ਹੈ।

**ਭਾਈ ਰੰਗ ਸ਼ਾਹ ਜੀ**—ਜ਼ਿਲ੍ਹਾ ਜਲੰਧਰ ਦੇ ਪਿੰਡ ਮਲੂ ਪੋਤਾ ਦੇ ਰਹਿਣ ਵਾਲੇ ਇਕ ਵਾਮ ਮਾਰਗੀ ਧਨੀ ਪੁਰਸ਼ ਸਨ। ਜ਼ਿੰਦਗੀ ਵਿਭਚਾਰੀ ਤੇ ਦੁਰਾਚਾਰੀ ਸੀ। ਆਚਾਰ ਨੂੰ ਤੁਛ ਕਹਿੰਦੇ। ਗੁਰੂ ਅਮਰ ਦਾਸ ਜੀ ਦੇ ਦਰਸ਼ਨ ਹੋਏ ਅਤੇ ਜੀਵਨ ਜੁਗਤ ਤੇ ਜੀਵਨ ਦੇ ਮਨੋਰਥ ਦੀ ਸੂਝ ਮਿਲੀ। ਹੁਣ ਸ੍ਵਾਸ ਸ੍ਵਾਸ ਨਾਮ ਜਪਣ ਲਗੇ। ਦੁਆਬੇ ਵਿਚ ਹੀ ਗੁਰੂ ਅਮਰ ਦਾਸ ਜੀ ਨੇ ਪ੍ਰਚਾਰ ਹਿਤ ਲਗਾਇਆ। ਆਪਣੇ ਨਗਰ ਹੀ ਸਮਾਏ। ਸ੍ਰੀ ਗੁਰੂ ਦੁਆਰੇ ਦੇ ਲੇਖਕ ਨੇ ਲਿਖਿਆ ਹੈ ਕਿ ਇਸ ਦੀ ਵੰਸ਼ ਹੁਣ ਤਕ ਸ਼ਹਿਰ ਬੰਗਾ ਵਿਖੇ ਹੈ। ਭਾਈ ਕਿਸ਼ਨ ਸਿੰਘ ਜੀ ਦਾ ਉਨ੍ਹਾਂ ਨੇ ਜ਼ਿਕਰ ਕੀਤਾ ਹੈ।

**ਭਾਈ ਕੇਦਾਰੀ ਜੀ**—ਬਟਾਲਾ ਸ਼ਹਿਰ ਦੇ ਰਹਿਣ ਵਾਲੇ ਸਨ। ਰਾਤ ਦਿਨ ਹੀ ਵਿਕਾਰਾਂ ਵਿਚ ਪਏ ਰਹਿੰਦੇ। ਧਨ ਪਦਾਰਥਾਂ ਦਾ ਬਹੁਤ ਗੁਮਾਨ ਸੀ। ਗੁਰੂ ਅਮਰ ਦਾਸ ਜੀ ਦੇ ਦਰਸ਼ਨ ਜਦ ਗੋਇੰਦਵਾਲ ਕੀਤੇ ਅਤੇ ਉਨ੍ਹਾਂ ਦੇ ਮੁੱਖ ਤੋਂ ਅਨੰਦ ਸਾਹਿਬ ਦੀ ਇਹ ਤੁਕ,

*"ਏ ਸਰੀਰਾ ਮੇਰਿਆ,*
*ਇਸ ਜਗ ਮੈਂ ਆਇ ਕੈ*
*ਕਿਆ ਤੁਧ ਕਰਮ ਕਮਾਇਆ।*
*ਕਿਆ ਕਰਮ ਕਮਾਇਆ ਤੁਧੁ ਸਰੀਰਾ,*
*ਜਾ ਤੂ ਜਗ ਮੈ ਆਇਆ।"*

ਜਦ ਸੁਣੀ ਤਾਂ ਸੁੱਤਾ ਮਨ ਜਾਗ ਪਿਆ ਅਤੇ ਜੀਵਨ ਰਾਹ ਪਾ ਹੋਰਨਾਂ ਨੂੰ ਵੀ ਰਾਹੇ ਪਾਂਦੇ ਰਹੇ। ਇਨ੍ਹਾਂ ਨੇ ਦੂਰ ਦੁਰਾਡੇ ਜਾ ਕੇ ਪ੍ਰਚਾਰ ਕੀਤਾ। ਅਕਾਲ ਚਲਾਣਾ ਬਟਾਲੇ ਵਿਖੇ ਹੀ ਹੋਇਆ।

ਇਸੇ ਤਰ੍ਹਾਂ ਅਨੇਕਾਂ ਸਿੱਖ ਉਪਦੇਸ਼ ਦਾਨ ਦੇਂਦੇ ਰਹੇ ਅਤੇ ਜੀਵਨ ਸੰਵਾਰਦੇ ਰਹੇ।

● ● ●

੧੧

# ਜਿਸ ਦੀ ਵਸਤੁ ਤਿਸੈ ਘਰਿ ਆਵੈ

**ਇਕ ਜ਼ਰੂਰੀ ਵਿਚਾਰ**—ਇਸ ਤੋਂ ਪਹਿਲਾਂ ਕਿ ਵਰਣਨ ਕੀਤਾ ਜਾਏ ਕਿ ਗੁਰ-ਗੱਦੀ ਦੀ ਜ਼ਿੰਮੇਵਾਰੀ (ਗੁਰੂ) ਰਾਮ ਦਾਸ ਜੀ ਨੂੰ ਕਿਵੇਂ ਸੌਂਪੀ ਗਈ, ਇਹ ਦੱਸਣਾ ਜ਼ਰੂਰੀ ਹੈ ਕਿ ਗੁਰ-ਗੱਦੀ ਕਿਸੇ ਨੂੰ ਵਰ-ਰੂਪ ਜਾਂ ਕਿਸੇ ਦੇ ਹੱਠ ਜਾਂ ਜ਼ੋਰ ਦੇਣ ਤੇ ਨਹੀਂ ਦਿੱਤੀ ਗਈ। ਇਹ ਉਸੇ ਤਰ੍ਹਾਂ ਬਖ਼ਸ਼ੀ ਗਈ ਜਿਵੇਂ ਪਹਿਲਾਂ ਸੇਵਾ, ਸਿਮਰਨ, ਨਿਮ੍ਰਤਾ ਜਾਂ ਦੈਵੀ ਗੁਣ ਪਰਖ ਕੇ ਬਖ਼ਸ਼ੀ ਜਾਂਦੀ ਸੀ। *'ਦਾਤਿ ਜੋਤ ਖਸਮੈ ਵਡਿਆਈ' ਹੈ ਨਾ ਕਿ ਕਿਸੇ ਦੀ ਜ਼ਿੱਦ ਦਾ ਸਿੱਟਾ।* ਭਾਈ ਗੁਰਦਾਸ ਜੀ ਨੇ ਇਸ ਖ਼ਿਆਲ ਨੂੰ ਆਪਣੀ ਪਹਿਲੀ ਵਾਰ ਦੀ ੪੭ਵੀਂ ਪਉੜੀ ਦੀ ਪਹਿਲੀ ਤੁਕ ਵਿਚ 'ਦਿਚੈ ਪੂਰਬ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ' ਲਿਖਿਆ ਹੈ। ਭਾਵ ਇਹ ਪਹਿਲਾਂ ਤੋਂ ਹੀ ਲਿਖਿਆ ਹੋਇਆ ਸੀ ਅਤੇ ਉਸੇ ਨੂੰ ਮਿਲੇਗੀ ਜਿਸ ਦੇ ਘਰ ਦੀ ਚੀਜ਼ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ ਸੀ। 'ਇਹ (ਗੁਰ ਜ਼ਿੰਮੇਵਾਰੀ) ਪ੍ਰਮੇਸ਼ਰ ਕੀ ਹੁੰਡੀ ਹੈ। ਸੇਵਕ ਨੂੰ ਤਾਰਨੀ ਹੈ ਅਤੇ ਸੇਵਕ ਮੈਂ ਡਿੱਠਾ ਭਾਈ ਲਹਿਣਾ, ਇਸੇ ਤਰ੍ਹਾਂ ਪ੍ਰਮੇਸ਼ਰ ਕੀ ਹੁੰਡੀ ਹੁਣ ਭਾਈ ਜੇਠਾ ਸੇਵਕ ਨੂੰ ਤਾਰੀ ਗਈ। ਬੜੇ ਭਾਵਪੂਰਤ ਸ਼ਬਦ ਹਨ, ਬੰਸਾਵਲੀਨਾਮੇ ਦੇ ਕਿ :

*"ਸਾਕ ਨ ਜਾਤਾ ਹਿਰਦੇ ਰੱਖਿਆ ਸੇਵਕੀ ਭਾਉ,*
*ਚਚਲਾਈ ਚੜ੍ਹਾਈ ਨ ਖੇਡਣ ਹਸਣ ਨਾ ਚਾਉ।*
*ਪ੍ਰੀਤ ਚਰਨਾਂ ਦੀ ਸੇਵਕੀ ਰਖੀ।*
*ਬਿਨਾ ਸਤਿਗੁਰ ਹੋਰ ਨ ਦੇਖਨ ਅਖੀ।*
*ਬਰਸ ਅਠਾਈ ਸੇਵਕੀ ਕੀਤੀ ਸੁਹਰੇ ਨਾ ਜਾਤੇ।*[1]

ਭੱਟ ਨੱਲ ਨੇ 'ਰਾਜੁ ਜੋਗੁ ਤਖ਼ਤ ਦੀਅਨੁ ਗੁਰ ਰਾਮਦਾਸ' ਦੇ ਸਵੱਈਏ ਵਿਚ ਪ੍ਰਥਮ ਗੁਰੂ ਨਾਨਕ ਦੇਵ ਜੀ ਤੋਂ ਕਿਵੇਂ ਇਹ ਬਖ਼ਸ਼ਿਸ਼ਾਂ ਹੁੰਦੀਆਂ ਰਹੀਆਂ, ਦਾ ਕੁਝ ਕੁ ਵੇਰਵਾ ਦਿੱਤਾ ਹੈ ਜੋ ਸਪੱਸ਼ਟ ਕਰਦਾ ਹੈ ਕਿ ਇਹ 'ਦਾਤ ਇਲਾਹੀ' ਸੀ ਕਿਸੇ ਵਰ ਜਾਂ ਜ਼ਿੱਦ ਦਾ ਸਿੱਟਾ ਨਹੀਂ ਸੀ। ਉਹ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਚੰਦਰਮਾ ਪ੍ਰਗਟ ਹੋਏ। ਮਨੁੱਖਾਂ ਨੂੰ ਰਾਹ ਦਿਖਾਲਣ ਲਈ ਚਾਨਣ ਕੀਤਾ। ਸਾਰਾ ਸੰਸਾਰ ਹੀ ਖੇੜੇ ਵਿਚ

1. ਬ੍ਰਿਤਾਂਤ ਗੁਰੂ ਰਾਮਦਾਸ

ਆਇਆ।

ਫਿਰ ਗੁਰੂ ਅੰਗਦ ਦੇਵ ਜੀ ਨੂੰ ਹਰੀ ਦੀ ਅਕਥ ਕਥਾ ਦਾ ਗਿਆਨ ਰੂਪ ਖ਼ਜ਼ਾਨਾ ਬਖ਼ਸ਼ਿਆ। ਗੁਰੂ ਅੰਗਦ ਦੇਵ ਜੀ ਨੇ ਪੰਜਾਂ 'ਤੇ ਕਾਬੂ ਪਾ ਲਿਆ ਸੀ ਤੇ ਉਹ ਨਿਰਭੈ ਵਿਚਰਦੇ ਰਹੇ।

ਫਿਰ ਗੁਰੂ ਅੰਗਦ ਦੇਵ ਜੀ ਦੀ ਛੁਹ ਨਾਲ ਸ੍ਰੀ ਸਤਿਗੁਰ ਗੁਰੂ ਅਮਰ ਦਾਸ ਜੀ ਪ੍ਰਗਟ ਹੋਏ। ਉਨ੍ਹਾਂ ਨੇ ਕਲਿਜੁਗ ਵਿਚ ਵਿਚਾਰ ਅਤੇ ਪਤਿ ਸੇਤੀ ਜੀਵਨ ਗੁਜ਼ਾਰਨ ਦੀ ਜਾਚ ਸਿਖਾਈ। ਆਪ ਦੇ ਚਰਨ ਕੰਵਲਾਂ ਦੀ ਪ੍ਰੀਤੀ ਦਾ ਸਦਕਾ ਪਾਪਾਂ 'ਤੇ ਕਾਬੂ ਪਾਉਣ ਦੀ ਜਾਚ ਕਲਿਜੁਗੀ ਜੀਵਾਂ ਨੂੰ ਆ ਗਈ।

ਜਦੋਂ ਉਨ੍ਹਾਂ ਦਾ ਮਨ (ਗੁਰੂ) ਰਾਮਦਾਸ ਜੀ ਦੀ ਕਰਨੀ ਤੇ ਪਤੀਜ ਗਿਆ ਤਦੋਂ ਉਹ (ਗੁਰੂ) ਰਾਮਦਾਸ ਜੀ ਤੇ ਤੁਠੇ ਤੇ ਰਾਜ ਜੋਗ ਵਾਲਾ ਤਖ਼ਤ ਬਖ਼ਸ਼ਿਆ। ਹਵਾਲੇ ਵਾਲੀਆਂ ਸਵੱਈਏ ਦੀਆਂ ਤੁਕਾਂ ਹਨ :

*ਗੁਰ ਅਮਰ ਗੁਰੂ ਸ੍ਰੀ ਸਤਿ,*
*ਕਲਿਜੁਗ ਰਾਖੀ ਪਤਿ।*
*ਅਘਨ ਦੇਖਤ ਗਤੁ,*
*ਚਰਨ ਕਮਲ ਜਾਸ।*
*ਸਭ ਬਿਧਿ ਮਾਨਿ੍ਓ ਮਨ,*
*ਤਬ ਹੀ ਭਯਉ ਪ੍ਰਸੰਨ,*
*ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।੪।*

ਇਹ ਸਭ ਬਿਧਿ ਮਨ ਕਿਵੇਂ ਮੰਨਿਆ, ਇਸ ਦਾ ਵਿਸਥਾਰ ਪੜ੍ਹ ਕੇ ਕੁਝ ਕੁ ਥਹੁ ਪਤਾ ਲੱਗ ਜਾਏਗਾ।

**ਬਾਬਾ ਮੋਹਨ ਜੀ**—ਬਾਬਾ ਮੋਹਨ ਜੀ ਦਾ ਜਨਮ ਬਾਸਰਕੇ ਵਿਖੇ ਹੀ ਹੋਇਆ ਸੀ। ਗੁਰੂ ਅੰਗਦ ਦੇਵ ਜੀ ਦੀ ਆਗਿਆ ਅਨੁਸਾਰ ਗੁਰੂ ਅਮਰ ਦਾਸ ਜੀ ਆਪਣਾ ਸਾਰਾ ਪਰਵਾਰ ਗੋਇੰਦਵਾਲ ਹੀ ਲੈ ਆਏ ਸਨ।

ਬਾਬਾ ਮੋਹਨ ਜੀ ਦਾ ਸੁਭਾਅ ਆਰੰਭ ਤੋਂ ਹੀ ਅਵਿਧੂਤ ਵਾਲਾ ਸੀ। 'ਦੇਹਿ ਸੁਧਿ ਨਹਿ' ਵਾਲੀ ਅਵਸਥਾ ਸੀ। ਮਹਾਰਾਜ ਜੀ ਵੀ ਉਸ ਨੂੰ 'ਮਸਤਾਨਾ' ਕਰਕੇ ਪੁਕਾਰਦੇ ਸਨ। ਆਮ ਤੌਰ 'ਤੇ ਉਹ ਇਕਾਂਤ ਵਿਚ ਹੀ ਬੈਠੇ ਰਹਿੰਦੇ ਸਨ। ਨਾ ਸੇਵਾ ਤੇ ਨਾ ਹੀ ਕਿਸੇ ਹੋਰ ਕਾਰਜ ਵਿਚ ਹਿੱਸਾ ਲੈਂਦੇ। 'ਰਹੈ ਇਕੰਤ ਕੋਠਰੀ ਬੈਠਯੋ' ਦਾ ਜ਼ਿਕਰ ਸੂਰਜ ਪ੍ਰਕਾਸ਼ ਨੇ ਕੀਤਾ ਹੈ। ਇਥੋਂ ਤਕ ਕਿ ਦਰਵਾਜ਼ੇ ਵੀ ਬੰਦ ਕਰ ਲੈਂਦੇ। ਗ੍ਰਹਸਤੀ ਸਨ ਪਰ ਜ਼ਿੰਮੇਵਾਰੀ ਚੁਕਣ ਤੋਂ ਸੰਕੋਚ ਕਰਦੇ ਸਨ। ਸਾਡੇ ਇਤਿਹਾਸ ਨੇ ਇਹ ਵੀ ਲਿਖਿਆ ਹੈ ਕਿ ਮਾਤਾ ਮਨਸਾ ਦੇਵੀ ਜੀ ਨੇ ਗੁਰੂ ਅਮਰ ਦਾਸ ਜੀ ਪਾਸ ਇਕ ਵਾਰੀ ਬੇਨਤੀ ਵੀ ਕੀਤੀ ਸੀ ਕਿ ਮੋਹਨ ਨੂੰ ਸਮਝਾਇਆ ਜਾਏ। ਇਹ ਵੀ ਕਿਹਾ ਸੀ ਕਿ ਜੇ ਮੋਹਨ ਜੀ ਦੇ ਇਸ ਸੁਭਾਅ ਨੂੰ ਤੁਸੀਂ ਜਾਣਦੇ ਸੀ ਤਾਂ ਵਿਆਹ ਕਿਉਂ ਕੀਤਾ :

*"ਜੇ ਪ੍ਰਭ ਜਾਨਤ ਥੇ ਇਹੀ ਸੁਭਾਉ।*
*ਤੌ ਕਾਹੇ ਕੋ ਕੀਨਾ ਬਿਆਹੁ।"*

(ਮਹਿਮਾ ਪ੍ਰਕਾਸ਼, ਸਾਖੀ ੧੮)

ਬੜੀ ਮੁਸ਼ਕਿਲ ਨਾਲ ਉਨ੍ਹਾਂ ਨੂੰ ਕੋਠਰੀ ਦੀ ਬੰਦ ਜ਼ਿੰਦਗੀ ਛੱਡਣ 'ਤੇ ਮਨਾਇਆ ਗਿਆ ਸੀ। ਪੁੱਤ ਸੰਸ ਰਾਮ ਉਨ੍ਹਾਂ ਦੇ ਘਰ ਹੋਇਆ ਜਿਸ ਪੋਥੀਆਂ ਗੁਟਕੇ ਲਿਖਣ ਦੀ ਜ਼ਿੰਮੇਵਾਰੀ ਸੰਭਾਲੀ ਸੀ। ਸੋ ਬਾਬਾ ਮੋਹਨ ਜੀ ਇਹ ਇਤਨੀ ਵੱਡੀ ਜ਼ਿੰਮੇਵਾਰੀ ਚੁੱਕਣ ਦੇ ਨਾ ਜੋਗ ਸਨ ਅਤੇ ਨਾ ਹੀ ਗੁਰੂ ਜੀ ਸਮਝਦੇ ਸਨ।

**ਬਾਬਾ ਮੋਹਰੀ ਜੀ**—ਬਾਬਾ ਮੋਹਰੀ ਜੀ ਗੁਰੂ ਅਮਰ ਦਾਸ ਜੀ ਦੇ ਦੂਜੇ ਛੋਟੇ ਪੁੱਤਰ ਸਨ। ਜਦ ਗੁਰੂ ਅਮਰ ਦਾਸ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਸੰਭਾਲ ਗੋਇੰਦਵਾਲ ਦੀ ਉਸਾਰੀ ਆਰੰਭ ਦਿੱਤੀ ਸੀ ਤਾਂ ਇਨ੍ਹਾਂ ਨੇ ਦੇਖ-ਰੇਖ ਦਾ ਕਾਰਜ ਆਪਣੇ ਜ਼ਿੰਮੇ ਲੈ ਲਿਆ ਸੀ। ਗੋਲਕ ਗਿਣਨ ਤੇ ਬਾਹਰੋਂ ਆਈ ਰਸਦ ਦੀ ਸੰਭਾਲ ਖ਼ਰਚ ਵਿਚ ਇਤਨੇ ਗ਼ਲਤਾਨ ਰਹਿੰਦੇ ਕਿ ਮਨ ਉੱਧਰ ਹੀ ਲੱਗਾ ਰਹਿੰਦਾ। ਗੁਰੂ ਜੀ ਪਾਸ ਤਾਂ ਕੁਝ ਰੱਖਦੇ ਨਹੀਂ ਸਨ ਤੇ ਨਾ ਹੀ ਜੋੜ ਰੱਖਣ ਦੀ ਆਗਿਆ ਸੀ ਇਸ ਲਈ ਕਈ ਵਾਰੀ ਚਰਚਾ ਵੀ ਕਰਦੇ ਕਿ ਇਸ ਤਰ੍ਹਾਂ ਕਿਵੇਂ ਚਲ ਸਕਦਾ ਹੈ। ਇਕ ਵਾਰੀ ਤਾਂ ਉਨ੍ਹਾਂ ਆਪਣੇ ਸੰਗੀ ਸਾਥੀਆਂ ਨੂੰ ਕਹਿ ਹੀ ਦਿੱਤਾ ਕਿ 'ਸਤਿਗੁਰ ਕੋ ਮਾਇਆ ਨਹੀਂ ਭਾਵੈ। ਹਮ ਕਿਉਂ ਕਰ ਦੇਖੋ ਕੋ ਦਿਖਲਾਵੈ।' ਇਹ ਵੀ ਆਖਿਆ ਕਿ 'ਕਬੀ ਲਾਖ ਟਕਾ ਨੈਨ ਨਹੀਂ ਪੇਖਾ।'

ਗੁਰੂ ਜੀ ਨੇ ਜਦ ਇਹ ਸੁਣਿਆ ਤਾਂ ਇਕ ਵੱਡਾ ਢੇਰ ਪੈਸਿਆਂ ਦਾ ਜੋ ਚੜ੍ਹਾਵੇ ਦੇ ਰੂਪ ਵਿਚ ਆਇਆ ਸੀ, ਮੋਹਰੀ ਜੀ ਨੂੰ ਬੁਲਾ ਕੇ ਗਿਣਨ 'ਤੇ ਲਗਾ ਦਿੱਤਾ। ਉਨ੍ਹਾਂ ਨੇ ਜਦ ਗਿਣ ਦਿੱਤਾ ਤਾਂ ਆਪਣੇ ਹੱਥਾਂ ਵੱਲ ਡਿੱਠਾ, ਉਹ ਕਾਲੇ ਸਿਆਹ ਹੋ ਗਏ ਸਨ। ਉਸ ਸਮੇਂ ਗੁਰੂ ਜੀ ਨੇ ਕਿਹਾ :

*ਹੇ ਸੁਤ! ਹਾਥ ਕਾਲੈ ਭਏ,*
*ਦੇਖੋ ਧਨ ਕੀ ਰੀਤ।*
*ਜਿਹ ਛੂਹਤ ਹਾਥ ਕਾਲੇ ਭਏ,*
*ਗ੍ਰਿਹ ਸੰਚਤ ਮਹਾ ਅਨੀਤ।'*

ਧਨ ਦਾ ਚਿਤਵਨਾ ਠੀਕ ਨਹੀਂ। ਹਰੀ ਭਗਤ ਹੀ ਹਿਰਦੇ ਵਿਚ ਰੱਖਣੀ ਤੇ ਇਕੱਠੀ ਕਰਨੀ ਸੋਭਦੀ ਹੈ। ਮੋਹਰੀ ਜੀ ਬਾਰੇ ਇਸੇ ਲਈ ਭਾਈ ਗੁਰਦਾਸ ਜੀ ਨੇ ਸੰਕੇਤ ਦਿੱਤਾ ਸੀ ਕਿ "ਚਉਬਾਰਾ ਮੋਹਰੀ ਮਨਾਇਆ।" ਪਰ ਗੁਰੂ ਅਮਰ ਦਾਸ ਜੀ ਦੇ ਹੁਕਮ ਕਰਨ ਤੇ ਮੋਹਰੀ ਜੀ ਨੇ ਗੁਰੂ ਰਾਮ ਦਾਸ ਜੀ ਨੂੰ ਨਮਸਕਾਰ ਕਰ ਦਿੱਤੀ ਸੀ। ਇੰਜ ਲੱਗਦਾ ਹੈ ਕਿ ਕੁਝ ਚਿਰ ਹੀ ਅੜੇ ਸਨ।

**ਭਾਈ ਰਾਮਾ ਜੀ**—ਬੀਬੀ ਦਾਨੀ ਜਾਂ ਨਿਧਾਨੀ ਜੀ ਗੁਰੂ ਅਮਰ ਦਾਸ ਜੀ ਦੀ ਸਭ ਤੋਂ ਵੱਡੀ ਲੜਕੀ ਸੀ। ਉਨ੍ਹਾਂ ਦੇ ਪਤੀ ਦਾ ਨਾਮ ਭਾਈ ਰਾਮਾ ਜੀ ਸੀ। ਸੂਰਜ ਪ੍ਰਕਾਸ਼

ਨੇ ਟੂਕ ਦਿੱਤੀ ਹੈ :

*ਇਕ ਕੋ ਪਤਿ ਰਾਮਾ ਤਿਸ ਨਾਮਾ।*
*ਰਾਮ ਦਾਸ ਦੂਸਰ ਅਭਿ ਰਾਮਾ।*[1]

ਮਹਿਮਾ ਪ੍ਰਕਾਸ਼ ਨੇ ਲਿਖਿਆ ਹੈ ਕਿ :

*ਰਾਮਾ ਵੀ ਭਗਤ ਸਦਾ ਗੁਰ ਕਰੇ।*
*ਸੋਏ ਸਾਸ ਨਾਮ ਉਚਰੇ।*
*ਗੁਰ ਤੀਰਥ ਨਿਤ ਕਾਰ ਕਮਾਵੈ।*

ਆਲਸ ਜ਼ਰਾ ਨਹੀਂ ਸੀ। ਪਰ ਇਕ ਪੁੱਛ ਦੇ ਉੱਤਰ ਵਿਚ ਗੁਰੂ ਅਮਰ ਦਾਸ ਜੀ ਨੇ ਕਿਹਾ ਸੀ ਕਿ ਰਾਮਾ ਜੀ ਦੀ ਸੇਵਾ ਗਣਤ ਵਾਲੀ ਤੇ ਨੇਮੀ ਪੁਰਖ ਵਾਂਗ ਹੈ ਪਰ ਜੇਠਾ ਜੀ ਦੀ ਪ੍ਰੇਮੀ ਵਾਲੀ ਤੇ ਅਲੇਖੇ ਵਾਲੀ ਹੈ। ਥੜ੍ਹੇ ਬਣਾਉਣ ਵੇਲੇ ਰਾਮਾ ਜੀ ਨੇ ਕਹਿ ਹੀ ਦਿੱਤਾ ਸੀ ਕਿ 'ਯਹ ਸੀਧੀ ਥੜੀ, ਟੇਢੀ ਨਹੀਂ ਆਹ।' ਨਾਲ ਇਹ ਵੀ ਕਹਿ ਦਿੱਤਾ ਕਿ ਤੁਸੀਂ ਹੁਣ ਬਿਰਧ ਹੋ ਗਏ ਹੋ। ਆਪ ਕਹਿ ਕੇ ਫਿਰ ਭੁੱਲ ਜਾਂਦੇ ਹੋ ਇਸ ਵਿਚ ਮੇਰਾ ਦੋਸ਼ ਨਹੀਂ ਹੈ। ਇਸ ਤੋਂ ਚੰਗੀ ਹੋਰ ਨਹੀਂ ਬਣ ਸਕਦੀ।

*ਆਪ ਕਹਹੁ ਜਿਮਿ ਬਿਸਰੈ ਫੇਰ।*
*ਇਸ ਮਹਿ ਦੋਸ਼ ਅਹੈ ਕਯਾ ਮੇਰ।"*[2]

ਉਸ ਸਮੇਂ ਜਦ ਭਾਈ ਜੇਠਾ ਜੀ ਨੂੰ ਤੀਜੀ ਵਾਰ ਥੜ੍ਹਾ ਢਾਹੁਣ ਲਈ ਕਿਹਾ ਤਾਂ ਆਪ ਜੀ ਨੇ ਕਿਹਾ ਸੀ : ਅਸੀਂ ਅੰਜਾਨ ਮੂਰਖ ਹਾਂ। ਆਪ ਜੀ ਖ਼ਿਮਾ ਬਖ਼ਸ਼ੋ ਅਤੇ ਕ੍ਰਿਪਾ ਕਰਕੇ ਬਿਰਦ ਦੀ ਲਾਜ ਰੱਖਦੇ ਮਤਿ ਬਖ਼ਸ਼ੋ। ਇਹ ਸੁਣ ਕੇ ਗੁਰੂ ਅਮਰ ਦਾਸ ਜੀ ਨੇ ਕਹਿ ਦਿੱਤਾ ਸੀ :

*ਇਸ ਕੀ ਸੇਵਾ ਮੋ ਮਨ ਭਾਵਨਿ,*
*ਆਪਾ ਕਬਹੁ ਨ ਕਰਹਿ ਜਨਾਵਨਿ।*
*ਨਿਸ ਦਿਨ ਪ੍ਰੇਮ ਭਗਤਿ ਮਹਿ ਪਾਵਨ। ੫੦।*[3]

ਸੰਗਤ ਦਾ ਸੰਸਾ ਮੁੱਕ ਗਿਆ ਸੀ ਅਤੇ ਹੁਣ ਕਿਸੇ ਨੂੰ ਭੁਲੇਖਾ ਨਹੀਂ ਸੀ ਰਿਹਾ ਕਿ ਇਹ ਗੁਰ-ਗੱਦੀ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਹੀ ਮਿਲਣੀ ਹੈ।

**ਇਤਿਹਾਸਕ ਉਕਾਈਆਂ**—ਬੀਬੀ ਭਾਨੀ ਜੀ ਦੀ ਸੇਵਾ ਦੇ ਸਿਰਲੇਖ ਹੇਠਾਂ ਤ੍ਵਾਰੀਖ ਗੁਰੂ ਖ਼ਾਲਸਾ[4] ਨੇ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਮਿਲਣ ਬਾਰੇ ਐਸਾ ਲਿਖਿਆ ਹੈ :

"ਜਦ ਸੰਮਤ ੧੬੦੩ ਬਿਕਰਮੀ ਨੂੰ ਗੋਇੰਦਵਾਲ ਵਸਿਆ ਤੇ ਗੁਰੂ ਅੰਗਦ ਜੀ

---

1. ਰਾਸ ਪਹਿਲੀ, ਅੰਸ਼ ੫੬੧
2. ਰਾਸ ੧, ੫੧
3. ਰਾਸ ੬, ਅੰਸ਼ ੫੧
4. ਪੰਨਾ ੩੪੦, ਹਿੱਸਾ ਪਹਿਲਾ

ਦੇ ਹੁਕਮ ਅਨੁਸਾਰ ਗੁਰੂ ਅਮਰ ਦਾਸ ਜੀ ਨੇ ਆਪਣੇ ਕੁਟੰਬ ਨੂੰ ਉਥੇ ਵਸਾਇਆ ਤਾਂ ਗੁਰੂ ਰਾਮ ਦਾਸ ਜੀ ਨੂੰ ਵੀ ਗੋਇੰਦਵਾਲ ਆਪਣੇ ਪਾਸ ਬੁਲਾ ਲਿਆ। ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਨੇ ਗੁਰੂ ਅਮਰ ਦਾਸ ਜੀ ਨੂੰ ਸਾਖਯਾਤ ਈਸ਼ਵਰ ਰੂਪ ਸਮਝ ਕੇ ਅਜਿਹੀ ਸੇਵਾ ਫੜੀ ਜੋ ਦੂਸਰਾ ਕੋਈ ਇਹਨਾਂ ਜਿਹਾ ਨ ਹੋ ਸਕਿਆ। ਬੀਬੀ ਜੀ ਹਮੇਸ਼ਾ ਡੇਢ ਪਹਿਰ ਰਾਤ ਰਹਿੰਦੀ ਤੋਂ ਜਾਗ ਕੇ ਸਰਦੀਆਂ ਦੀ ਬਹਾਰੇ ਉਹ ਜਲ ਜਿਹੜਾ ਭਾਈ ਬਲੂ ਨਿਤ ਪ੍ਰਤੀ ਬਿਆਸ ਵਿਚੋਂ ਲਿਆਇਆ ਕਰਦਾ ਸੀ, ਗਰਮ ਕਰਕੇ ਇਸ਼ਨਾਨ ਕਰਾਉਂਦੀ ਤੇ ਅੰਗੀਠੀ ਆਦਿਕ ਦੀ ਸੇਵਾ ਕਰਦੀ। ਏਸੇ ਤਰ੍ਹਾਂ ਗਰਮੀਆਂ ਨੂੰ ਪੱਖੇ ਆਦਿਕ ਦੀ ਸੇਵਾ ਕਰਦੀ ਰਹਿੰਦੀ। ਜਦ ਗੁਰੂ ਜੀ ਪੌਸ਼ਾਕੀ ਪਹਿਨ ਕੇ ਇਕਾਂਤ ਆਸਨ ਪਰ ਬੈਠ ਕੇ ਪ੍ਰਮਾਤਮਾ ਵਿਖੇ ਬ੍ਰਿਤੀ ਜੋੜ ਲੈਂਦੇ ਤਾਂ ਇਹ ਪਾਸ ਚੁਪਚਾਪ ਬੈਠੀ ਰਹਿੰਦੀ। ਦਿਨ ਚੜ੍ਹੇ ਜਦ ਗੁਰੂ ਜੀ ਦੀਵਾਨ ਵਿਖੇ ਬੈਠਦੇ ਤਾਂ ਇਹ ਲੰਗਰ ਦੀ ਸੇਵਾ ਕਰਦੀ।

"ਇਕ ਦਿਨ ਇਸ਼ਨਾਨ ਦੇ ਸਮੇਂ ਚੌਕੀ ਦਾ ਪਾਵਾ ਟੁੱਟ ਗਿਆ ਤਾਂ ਬੀਬੀ ਜੀ ਨੇ ਆਪਣਾ ਪੈਰ ਉਸ ਵੇਲੇ (ਗੁਰੂ ਜੀ ਤੋਂ ਬੇ-ਮਲੂਮ) ਪਾਵੇ ਦੀ ਥਾਂ ਰੱਖ ਦਿੱਤਾ। ਯਦਪਿ ਉਥੋਂ ਇਕ ਮੇਖ ਵੀ ਪੈਰ ਵਿਚ ਐਸੀ ਗਈ ਕਿ ਲਹੂ ਚਲ ਪਿਆ, ਪਰੰਤੂ ਪੈਰ ਨ ਹਟਾਇਆ। ਜਦ ਗੁਰੂ ਜੀ ਇਸ਼ਨਾਨ ਕਰਕੇ ਉਤਰੇ ਤਾਂ ਲਾਲ ਰੰਗ ਦਾ ਪਾਣੀ ਵਗਦਾ ਵੇਖ ਕੇ ਜਾਂ ਨਿਰਨੇ ਕੀਤਾ ਤਦ ਬੀਬੀ ਜੀ ਦੇ ਪੈਰ ਵਿਚੋਂ ਕਿੱਲ ਕੱਢਿਆ। ਇਹ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ, 'ਬੀਬੀ! ਤੇਰੀ ਸੇਵਾ ਥਾਂਇ ਪਈ ਹੈ, ਕੁਛ ਮੰਗ 'ਤਾਂ ਬੀਬੀ ਜੀ ਨੇ ਹੱਥ ਜੋੜ ਕੇ ਆਖਿਆ, ਜੇ ਤੁਠੇ ਹੋ ਤਾਂ ਮੇਰੇ ਪਤੀ ਨੂੰ ਐਸੀ ਗੁਰਿਆਈ ਬਖ਼ਸ਼ੋ ਜੋ ਫੇਰ ਮੇਰੀ ਕੁਲ ਵਿਚ ਹੀ ਰਹੇ।

ਗੁਰੂ ਜੀ ਥੋੜ੍ਹੀ ਚਿਰ ਚੁਪ ਕਰਕੇ ਬੋਲੇ, "ਬੀਬੀ ਏਹ ਮੇਵਾ ਸੇਵਾ ਦਾ ਹੈ ਤੇ ਸੋਭਦਾ ਵੀ ਸੇਵਕ ਨੂੰ ਹੀ ਹੈ, ਦਾਵੇਦਾਰ ਨੂੰ ਨਹੀਂ ਸੋਭਦਾ। *ਇਹ ਕਿਸੇ ਦੀ ਦਾਦੇ ਹਾਲੀ ਨਹੀਂ।* ਜੇ ਮਲਕੀਅਤ ਸਮਝੀ ਜਾਊ ਤਾ ਰਹੂ ਨਹੀਂ, ਅਤੇ ਨਾ ਹੀ ਸੁਖ ਦੇਊ। ਝਗੜੇ ਕਲੇਸ਼ ਕਰਨੇ ਪੈਣਗੇ। ਭਾਵੇਂ *ਗੁਰੂ ਜੀ ਦੀ ਮਰਜ਼ੀ ਮੌਰੂਸੀ ਵਿਰਸਾ ਕਰਨ* ਦੀ ਨਹੀਂ ਸੀ ਪਰ ਬੀਬੀ ਭਾਨੀ ਜੀ ਨੇ ਤ੍ਰਿਆ ਹੱਠ ਨਾ ਛੱਡਿਆ। ਜਿਸ ਦਾ ਫਲ ਦਸਵੇਂ ਗੁਰੂ ਜੀ ਤੱਕ ਜੋ ਛੇ ਗੁਰੂ ਹੋਏ ਉਹ ਕਲੇਸ਼ਾਂ ਵਿਚ ਹੀ ਉਮਰ ਕੱਟਦੇ ਰਹੇ ਤੇ ਅੰਤ ਨੂੰ ਸੋਢੀਆਂ ਦੇ ਘਰ ਗੁਰਿਆਈ ਵੀ ਨਾ ਰਹੀ। ਜਿਸ ਤਰ੍ਹਾਂ ਏਸ ਪੰਥ ਕੇ ਕਾਇਦੇ (ਅਸੂਲ) ਹੋਰਨਾਂ ਮਜ਼ਬਾਂ ਤੋਂ ਚੰਗੇ ਹਨ ਉਸੇ ਤਰ੍ਹਾਂ ਜੇ ਕਦੇ ਇਕ ਮਾਲਕ ਵੀ ਬਣਿਆ ਰਹਿੰਦਾ ਤਾਂ ਭਰੋਸਾ ਪੱਕਾ ਸੀ ਕਿ ਸਾਰੇ ਹਿੰਦੁਸਤਾਨ ਚੱਲ ਕੇ ਸਾਰੇ ਮੁਲਕਾਂ ਵਿਚ ਏਹੋ ਮਜ਼ਬ ਫੈਲ ਜਾਂਦਾ ਪਰ ਇਕ ਦੇ ਨਾ ਹੋਣੇ ਕਰ ਘਰ ਘਰ ਗੁਰੂ ਬਣ ਬੈਠੇ।

"ਗੁਰੂ ਅਮਰ ਦਾਸ ਜੀ ਤਾਂ ਪਹਿਲਾਂ ਹੀ ਗੁਰੂ ਰਾਮਦਾਸ ਜੀ ਨੂੰ ਸੱਚਾ ਸਿਦਕੀ ਸੇਵਕ ਗੁਰਿਆਈ ਦੇ ਲਾਇਕ ਸਮਝੀ ਬੈਠੇ ਸਨ, ਫੇਰ ਤਾਂ ਬੀਬੀ ਜੀ ਨੂੰ ਬਚਨ ਦੇਣ ਕਰ ਜ਼ਰੂਰੀ ਗੱਦੀ ਦੇਣੀ ਤੇ ਕ੍ਰਿਪਾ ਦ੍ਰਿਸ਼ਟੀ ਰੱਖਣੀ ਪਈ।"

ਇਹ ਸਭ ਉਕਾਈ ਖਾ ਕੇ ਲਿਖਿਆ ਲਗਦਾ ਹੈ। ਜੇ ਲਿਖੀ ਇਹ ਵਾਰਤਾ ਮੰਨ ਲਈਏ ਤਾਂ ਇੰਜ ਪਿਆ ਲੱਗੇਗਾ ਕਿ ਗੁਰੂ ਅਮਰ ਦਾਸ ਜੀ ਦਾ ਚਿੱਤ ਨਹੀਂ ਸੀ ਕਿ ਗੁਰ-ਗੱਦੀ ਦੀ ਜ਼ਿੰਮੇਵਾਰੀ (ਗੁਰੂ) ਰਾਮਦਾਸ ਜੀ ਨੂੰ ਦੇਣ ਪਰ ਬੀਬੀ ਦੇ ਤ੍ਰਿਆ ਹੱਠ ਅੱਗੇ ਪਿਤਾ ਨੂੰ ਝੁਕਣਾ ਪਿਆ। ਗੁਰ-ਗੱਦੀ ਸਦਾ ਕਿਸੇ ਸੇਵਕ ਨੂੰ ਮਿਲਦੀ ਹੈ ਤੇ ਜੇ ਸੇਵਕ ਘਰ ਵਿਚ ਹੀ ਮਿਲ ਜਾਏ ਤਾਂ ਬਾਹਰੋਂ ਢੂੰਡਣ ਦੀ ਕੀ ਲੋੜ ਹੈ? ਫਿਰ ਇਹ ਗਵਾਹੀ ਮਿਲਦੀ ਹੈ ਕਿ ਗੁਰੂ ਅਮਰ ਦਾਸ ਜੀ ਨੇ ਇਹ ਗੁਰ-ਗੱਦੀ ਤਾਂ ਭਾਈ ਪਾਰੋ ਪਰਮ ਹੰਸ ਨੂੰ ਵੀ ਦੇਣ ਦਾ ਸੰਕਲਪ ਕੀਤਾ ਸੀ ਪਰ ਉਨ੍ਹਾਂ ਸਿੱਖ ਹੀ ਬਣਨ ਤੇ ਰਹਿਣ ਦੀ ਬੇਨਤੀ ਕੀਤੀ। ਫਿਰ ਗੁਰੂ ਹਰਿਗੋਬਿੰਦ ਜੀ ਨੇ ਭਾਈ ਗੋਪਾਲ ਨਾਂ ਦੇ ਇਕ ਸਿੱਖ ਨੂੰ ਗੁਰਿਆਈ ਦੇਣ ਦਾ ਮਨ ਬਣਾ ਲਿਆ ਜਦ ਉਸ ਸ਼ੁੱਧ ਜਪੁਜੀ ਦਾ ਪਾਠ ਸੁਣਾਇਆ ਪਰ ਇਹ ਵੱਖਰੀ ਗੱਲ ਹੈ ਕਿ ਉਸ ਦਾ ਮਨ ਗੁਰੂ ਜੀ ਦੇ ਇਕ ਘੋੜੇ 'ਤੇ ਹੀ ਰੁਕਿਆ ਰਿਹਾ। ਫਿਰ ਡਿੱਠਾ ਜਾਏ ਤਾਂ ਇਸ ਸਾਖੀ ਵਿਚ ਹੀ ਉਕਾਈਆਂ ਹਨ। ਗੁਰੂ ਅਮਰ ਦਾਸ ਜੀ ਪਾਵਾ ਟੁੱਟਣ ਕਰਕੇ ਡਿੱਗੇ ਕਿਉਂ ਨਹੀਂ? ਉਨ੍ਹਾਂ ਨੂੰ ਪਤਾ ਕਿਉਂ ਨਾ ਲੱਗਾ? ਜੇ ਦਿਲ ਨਹੀਂ ਸੀ ਤਾਂ ਫਿਰ ਜ਼ੋਰ ਕਿਸ ਗੱਲ ਦਾ ਸੀ? ਉਨ੍ਹਾਂ ਨੇ ਤਾਂ ਪੁੱਤਰਾਂ ਨੂੰ ਵੀ ਠੁਕਰਾ ਦਿੱਤਾ ਸੀ। ਜੇ ਸੇਵਾ ਤੋਂ ਖੁਸ਼ ਹੋ ਕੇ ਦਿੱਤੀ ਤਾਂ ਫਿਰ ਹੱਠ ਦੀ ਗੱਲ ਕਿਥੋਂ ਆ ਗਈ।

ਗੱਲ ਅਸਲ ਇਹ ਹੈ ਕਿ ਬੀਬੀ ਭਾਨੀ ਜੀ ਗੁਰੂ ਅਮਰ ਦਾਸ ਜੀ ਨੂੰ ਪਿਤਾ ਜਾਣ ਨਹੀਂ, ਗੁਰੂ ਜਾਣ ਤਨੋ ਮਨੋ ਸੇਵਾ ਕਰ ਰਹੇ ਸਨ। ਸਾਦਾ ਸਰਲ ਉਨ੍ਹਾਂ ਦਾ ਜੀਵਨ ਸੀ ਤੇ ਵਿਹਾਰ ਸੁੱਚਾ ਤੇ ਸੁਚੱਜਾ। ਬੀਬੀ ਭਾਨੀ ਦੇ ਪਤੀ (ਗੁਰੂ) ਰਾਮ ਦਾਸ ਜੀ ਨੇ ਸਹੁਰੇ ਜਵਾਈ ਵਾਲਾ ਰਿਸ਼ਤਾ ਨਾ ਜਾਣ ਇਤਨੀ ਘਾਲ ਘਾਲੀ ਕਿ ਉਨ੍ਹਾਂ ਆਪਾ ਹੀ ਸਤਿਗੁਰ ਦੇ ਚਰਨਾਂ ਵਿਚ ਲੀਨ ਕਰ ਲਿਆ। ਗਿਆਨੀ ਜੀ ਦੇ ਆਪਣੇ ਹੀ ਕਥਨ ਅਨੁਸਾਰ 'ਛੇ ਵਰ੍ਹੇ ਮੁੰਡਾਸਾ ਸਿਰ ਤੋਂ ਨਹੀਂ ਲਾਹਿਆ।[1] ਜਿਸ ਤਰ੍ਹਾਂ ਭਾਈ ਲਹਿਣਾ ਜੀ ਨੇ ਘਾਲ ਘਾਲੀ ਤੇ ਗੁਰਿਆਈ ਪਾਈ, ਜਿਵੇਂ ਗੁਰੂ ਅਮਰਦਾਸ ਜੀ ਨੇ ਅਮਰ ਪਦਵੀ ਪ੍ਰਾਪਤ ਕੀਤੀ ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਲੋਕ-ਲਾਜ ਤਜ ਸੇਵਾ ਕੀਤੀ ਤੇ ਰਜ਼ਾ ਵਿਚ ਰਹਿੰਦੇ ਗੁਰੂ ਅਮਰ ਦਾਸ ਜੀ ਦੇ ਹਰ ਹੁਕਮ ਅੱਗੇ ਸਿਰ ਝੁਕਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਵਾਰੀ ਫ਼ਰਮਾਇਆ ਵੀ ਸੀ ਕਿ *'ਸਾਕ ਨਹੀਂ ਕੋਈ ਰਾਮ ਦਾਸ ਜੈਸਾ ਹੋਇਆ।'* ਬਹੁਤ ਪਹਿਲਾਂ ਹੀ ਗੁਰੂ ਅਮਰ ਦਾਸ ਜੀ ਨੇ ਲਾਹੌਰ ਤੋਂ ਆਏ ਭਾਈ ਜੇਠਾ ਜੀ ਦੇ ਸ਼ਰੀਕੇ ਨੂੰ ਕਹਿ ਦਿੱਤਾ ਸੀ ਕਿ ਜੇਠਾ ਜੀ ਦਾ ਕੋਈ ਸ਼ਰੀਕ ਹੋ ਹੀ ਨਹੀਂ ਸਕਦਾ। ਜੇਕਰ ਉਹ ਉਨ੍ਹਾਂ ਦੀ ਕੁਲ ਵਿਚ ਜਨਮ ਨ ਲੈਂਦੇ ਤਾਂ ਉਨ੍ਹਾਂ ਭਟਕਦੇ ਹੀ ਰਹਿਣਾ ਸੀ। ਫਿਰ ਪਰਖ ਪ੍ਰੀਖਿਆ ਵੇਲੇ ਵੀ ਫ਼ਰਮਾਇਆ ਸੀ :

*ਯਹ ਪੂਰਨ ਪੁਰਖ ਭਗਤ ਤਨੁ ਧਰਾ।*
*ਇਨ ਪੀਛੇ ਚਾਹੇ ਜਗ ਤਰਾ*[2] *॥ ੨੯॥*

---

1. ਤ੍ਵਾਰੀਖ ਗੁਰੂ ਖ਼ਾਲਸਾ, ਪੰਨਾ ੩੪੨
2. ਮਹਿਮਾ ਪ੍ਰਕਾਸ਼, ਸਾਖੀ ੧੫

ਕਿਸੇ ਵਰ ਨਾਲ ਗੁਰੂ ਰਾਮਦਾਸ ਜੀ ਨੂੰ ਗੁਰ-ਗੱਦੀ ਨਹੀਂ ਮਿਲੀ ਤੇ ਕਿਸੇ ਸਰਾਪ ਨਾਲ ਗੁਰੂ ਪਾਤਸ਼ਾਹਾਂ ਨੂੰ ਤਸੀਹੇ ਨਹੀਂ ਆਏ। ਸਿੱਖ ਧਰਮ ਦੀ ਵਧਦੀ ਉੱਨਤ ਤਾਕਤ ਹਕੂਮਤ ਨੂੰ ਇਕ ਅੱਖ ਨਹੀਂ ਸੀ ਸੁਖਾਂਦੀ। ਸਰਕਾਰ ਨੇ ਦੁੱਖ ਦਿੱਤੇ। ਗੁਰੂ ਪਾਤਸ਼ਾਹਾਂ ਨੇ ਹੱਸ ਕੇ ਝੱਲੇ।

ਇਕ ਪ੍ਰਸ਼ਨ ਦਾ ਜਵਾਬ ਦੇਣਾ ਰਹਿੰਦਾ ਹੈ ਕਿ 'ਗੁਰ-ਗੱਦੀ ਘਰ ਵਿਚ ਹੀ ਕਿਉਂ ਰਹੀ।' ਇਹ ਘੁੰਡੀ ਵੀ ਆਪੇ ਹੀ ਖੁੱਲ੍ਹ ਜਾਏਗੀ ਜੇ ਰਤਾ ਕੁ ਇਤਿਹਾਸ ਦੇ ਅਗਲੇ ਪਿਛਲੇ ਪੰਨਿਆਂ 'ਤੇ ਨਜ਼ਰ ਪਾਈ ਜਾਏ। ਕਾਰਨ ਇਹ ਸੀ ਕਿ ਜਦ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਲਈ ਤਾਂ ਉਨ੍ਹਾਂ ਦੀ ਉਮਰ ੨੯ ਕੁ ਸਾਲ ਸੀ। ਇਸ ਤੋਂ ਪਹਿਲਾਂ ਉਹ ਦੇਵੀ ਪੂਜ ਸਨ। ਸੱਤ ਸਾਲ ਗੁਰੂ ਨਾਨਕ ਦੇਵ ਜੀ ਪਾਸ ਕਰਤਾਰਪੁਰ ਰਹਿ ਕੇ ਘਾਲ ਘਾਲੀ। ਪੁੱਤਰ ਖਡੂਰ ਸਾਹਿਬ ਹੋਰ ਵਾਤਾਵਰਨ ਵਿਚ ਪਲ ਰਹੇ ਸਨ। ਗੁਰੂ ਅੰਗਦ ਦੇਵ ਜੀ ਦੇ ਗੁਰੂ ਬਣ ਜਾਣ 'ਤੇ ਉਹ ਵੀ ਗੁਰ-ਸੰਤਾਨ ਹੋਣ ਕਾਰਨ ਸਤਿਕਾਰੇ ਜਾਣ ਲੱਗੇ। ਹੋਛੇ ਮਨ ਹੰਕਾਰ ਵਿਚ ਛੇਤੀ ਆ ਜਾਂਦੇ ਹਨ। ਉਹ ਗੁਰੂ ਪਿਤਾ ਕੋਲ ਰਹਿ ਕੇ ਵੀ ਜੀਵਨ ਜਾਚ ਨਾ ਸਿੱਖ ਸਕੇ। ਪੁੱਤਰ-ਪੁਣੇ ਦੇ ਮਾਣ ਵਿਚ ਹੀ ਰਹੇ। (ਭਾਈ) ਅਮਰ ਦਾਸ ਜੀ ਦਰ ਪ੍ਵਾਨ ਹੋ ਗਏ। (ਗੁਰੂ) ਅਮਰ ਦਾਸ ਜੀ ੬੧ ਸਾਲ ਦੀ ਉਮਰ ਵਿਚ ਗੁਰੂ ਅੰਗਦ ਦੇਵ ਜੀ ਪਾਸ ਖਡੂਰ ਆਏ ਸਨ। ਬਾਬਾ ਮੋਹਨ ਜੀ ਤੇ ਮੋਹਰੀ ਜੀ ਸਿਆਣੀ ਉਮਰ ਦੇ ਹੋ ਗਏ ਸਨ। ੧੨ ਸਾਲ ਦੀ ਕਠਿਨ ਘਾਲ ਉਪਰੰਤ ਜਦ ਗੁਰੂ ਥਾਪੇ ਗਏ ਤਾਂ ਬੇਟੇ ਵੀ ਸਤਿਕਾਰੇ ਜਾਣ ਲੱਗੇ। ਪੁੱਤਰ-ਪੁਣੇ ਦਾ ਮਾਣ ਨਾ ਛੱਡਿਆ। ਸੇਵਾ ਸਿਮਰਨ ਦਾ ਰਾਹ ਛੱਡ ਆਪਣੇ ਹੀ ਰਾਹ ਪਏ ਰਹੇ। ਭਾਈ ਜੇਠਾ ਜੀ ਨੇ ਗੁਰ ਆਗਿਆ ਵਿਚ ਸਾਰਾ ਸਮਾਂ ਗੁਜ਼ਾਰਿਆ। ਸੱਤ ਸਾਲ ਦੀ ਆਯੂ ਵਿਚ ਹੀ (ਗੁਰੂ) ਰਾਮਦਾਸ ਜੀ ਗੁਰ-ਵਾਤਾਵਰਨ ਵਿਚ ਆ ਗਏ ਸਨ।

ਗੁਰੂ ਰਾਮ ਦਾਸ ਜੀ ਪਹਿਲੇ ਗੁਰੂ ਸਨ ਜਿਨ੍ਹਾਂ ਦੇ ਤਿੰਨੇ ਹੀ ਬੇਟੇ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਗੁਰੂ ਗੋਦ ਵਿਚ ਪਲ ਰਹੇ ਸਨ। ਗੁਰੂ ਅਮਰ ਦਾਸ ਜੀ ਨੇ ਗੁਰੂ ਅਰਜਨ ਦੀ ਨੁਹਾਰ ਤੇ ਕੌਤਕ ਦੇਖ ਕੇ ਹੀ ਫ਼ਰਮਾ ਦਿੱਤਾ ਸੀ ਕਿ 'ਇਹ ਵੱਡਾ ਪੁਰਖ ਹੈ ਭਾਰੀ'। ਫਿਰ ਇਕ ਵਾਰੀ ਜਦ ਨਿੱਕੇ ਜਿਹੇ ਗੁਰੂ ਅਰਜਨ ਜੀ ਰਿੜ੍ਹਦੇ ਉਨ੍ਹਾਂ ਦੇ ਥਾਲ ਤਕ ਵਾਰ-ਵਾਰ ਆ ਕੇ ਓਗਰਾ ਖਿਲੇਰ ਦਿੰਦੇ ਤਾਂ ਆਪ ਜੀ ਨੇ ਭਵਿਸ਼ਬਾਣੀ ਕਰ ਕੇ ਕਿਹਾ ਸੀ : 'ਠਹਰ ਓਇ ਥਾਲ ਦੇ ਮਾਲਕਾ'। 'ਟਿਕਾ ਉਸ ਨੂੰ ਦਿੱਤਾ ਹੈ ਨਾਨੇ' ਗੁਰੂ ਰਾਮਦਾਸ ਜੀ ਨੇ ਫ਼ਰਮਾਇਆ ਸੀ। ਬੀਬੀ ਭਾਨੀ ਜੀ ਨੇ ਆਪੂੰ ਗੁਰੂ ਅਰਜਨ ਦੇਵ ਜੀ ਨੂੰ ਕਿਹਾ ਸੀ ਕਿ ਇਹ ਗੁਰ-ਗੱਦੀ ਮਿਲੇਗੀ ਸੇਵਕ ਨੂੰ। ਪ੍ਰਿਥੀ ਚੰਦ ਹੰਕਾਰੀ ਹੋ ਗਿਆ। ਪਿਤਾ ਦੇ ਹੁਕਮ 'ਤੇ ਨਹੀਂ ਟੁਰਦਾ। ਮਹਾਂ ਦੇਵ ਨੂੰ ਲੱਥੀ ਚੜ੍ਹੀ ਦੀ ਨਹੀਂ ਹੈ। ਬੇਟਾ! ਇਹ ਕਦੇ ਨਹੀਂ ਭੁੱਲਣਾ ਕਿ ਗੁਰ-ਗੱਦੀ ਦੀ ਜ਼ਿੰਮੇਵਾਰੀ ਗੁਰੂ ਨਾਨਕ ਦੇਵ ਜੀ ਨੇ ਦਾਸ ਨੂੰ ਹੀ ਦਿੱਤੀ। ਪੁੱਤਰਾਂ ਵੱਲ ਤੱਕਿਆ ਤਕ ਨਹੀਂ। ਤਿਵੇਂ ਹੀ ਗੁਰੂ ਅੰਗਦ ਦੇਵ ਜੀ ਨੇ ਪਿਤਾ (ਗੁਰੂ ਅਮਰਦਾਸ) ਜੀ ਨੂੰ ਦਿੱਤੀ। ਫਿਰ ਉਨ੍ਹਾਂ ਨੇ ਪਤੀ ਨੂੰ ਸੇਵਾ ਦਾ ਪੰਜ ਦੇਖ ਕੇ ਹੀ ਦਿੱਤੀ। ਮੇਰੀ ਇਕ ਹੀ ਖਾਹਿਸ਼

ਹੈ ਕਿ ਉਨ੍ਹਾਂ ਜਿਹੀ ਹੀ ਘਾਲ ਤੁਸੀਂ ਘਾਲੋ ਤਾਂ ਕਿ ਇਹ ਗੁਰਿਆਈ ਹੁਣ ਤੁਹਾਨੂੰ ਮਿਲੇ :

*"ਹੇ ਸੁਤ! ਸ੍ਰੀ ਨਾਨਕ ਜੀ ਆਦਿ।*
*ਦਈ ਦਾਸ ਕਹੁ ਕਿਯ ਅਹਿਲਾਦ।*
*ਤਿਮ ਸ੍ਰੀ ਅੰਗਦ ਅਰੁ ਪਿਤ ਮੇਰੇ।*
*ਦੇਤਿ ਭਏ ਪਿਖਿ ਸੇਵ ਘਨੇਰੇ।*
*ਤਿਨ ਕੇ ਸਮ ਤੁਮ ਘਾਲਹੁ ਘਾਲ।"*[1]

ਬੇਟਾ ਇਹ ਵੀ ਨਾ ਭੁੱਲਣਾ ਕਿ ਗੁਰੂ ਵਿਚ ਮੋਹ ਨਹੀਂ ਹੈ। ਉਨ੍ਹਾਂ ਲਈ ਪੁੱਤ, ਧੀ ਰਿਸ਼ਤਾ ਕੁਝ ਨਹੀਂ। ਉਹ ਰੀਝਦੇ ਹਨ ਸੇਵਕ ਦੀ ਸੇਵਾ 'ਤੇ।

*"ਨਹਿ ਗੁਰਨਿ ਕੈ ਮੋਹ ਕਦਾਈ।*
*ਰੀਝਹਿ ਸੇਵਕ ਦੇ ਬਡਿਆਈ"। ੧੮।*

ਬੱਸ ਭੱਟ ਕਲ੍ਯਸਹਾਰ ਨੇ ਜੋ ਲਿਖਿਆ ਹੈ ਉਹ ਹੀ ਠੀਕ ਤੇ ਜਚਦਾ ਹੈ। ਭੱਟ ਜੀ ਲਿਖਦੇ ਹਨ ਕਿ ਗੁਰੂ ਰਾਮਦਾਸ ਨੇ ਸ਼ਰਧਾ ਨੂੰ ਸੇਜ ਬਣਾਇਆ, ਹਿਰਦੇ ਦਾ ਟਿਕਾਉ ਸ਼ਾਮਿਆਨਾ, ਸੰਤੋਖ ਕਨਾਤ ਅਤੇ ਨਿੱਤ ਦਾ ਮਿੱਠਾ ਸੁਭਾਉ ਸੰਜੋਅ। ਗੁਰੂ ਰਾਮਦਾਸ ਜੀ ਨੇ ਸ਼ਬਦ ਦੀ ਬਰਕਤਿ ਨਾਲ ਨਾਮ ਕਮਾਇਆ ਅਤੇ ਤਖ਼ਤ 'ਤੇ ਬੈਠੇ :

*"ਸੇਜਾ ਸਧਾ, ਸਹਜੁ ਛਾਵਾਣੁ,*
*ਸੰਤੋਖ ਸਰਾਇਚਉ, ਸਦਾ ਸੀਲ,*
*ਸੰਨਾਹੁ ਸੋਹੈ।"*

• • •

---

1. ਰਾਸ ਦੂਜੀ, ਅੰਸ਼ ੧੬

## ੧੨

# ਜੋਤੀ-ਜੋਤਿ ਜਗਾਇ ਜੁਹਾਰਾ

**ਅੰਮ੍ਰਿਤਸਰ ਸਿਫ਼ਤੀ ਦਾ ਘਰੁ**—ਗੁਰੂ ਅਮਰ ਦਾਸ ਜੀ ਜਿਨ੍ਹਾਂ ਬਖ਼ਸ਼ਿਸ਼ਾਂ ਦੇ ਮਹਾਨ ਖ਼ਜ਼ਾਨੇ ਖੋਲ੍ਹੇ ਸਨ, ਇਕ ਬਖ਼ਸ਼ਿਸ਼, ਸ੍ਰੀ ਅੰਮ੍ਰਿਤਸਰ ਦੀ ਉਸਾਰੀ ਦੀ ਥਾਂ ਦੱਸਣੀ ਤੇ ਉਸਾਰੀ ਦਾ ਹੁਕਮ ਸੀ।

ਉਨ੍ਹਾਂ ਆਪੂੰ ਨਾਲ ਜਾ ਕੇ ਉਹ ਥਾਂ ਦੱਸੀ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ। ਆਪ ਜੀ ਨੇ ਮੋਟਾ-ਮੋਟਾ ਨਕਸ਼ਾ ਵੀ ਖਿੱਚ ਦਿੱਤਾ ਸੀ। ਉਨ੍ਹਾਂ ਦਾ ਹੀ ਬਚਨ ਸੀ ਕਿ ਲਾਹੌਰ ਦੇ ਟਾਕਰੇ ਦਾ ਇਹ ਸ਼ਹਿਰ ਹੋਵੇ ਪਰ ਆਮ ਸ਼ਹਿਰਾਂ ਵਰਗਾ ਨਾ ਹੋਵੇ। ਅੰਮ੍ਰਿਤਸਰ ਦੀ ਵਸੋਂ ਸ਼ਹਿਰ ਦੀ ਤੜਕ ਭੜਕ ਵਿਚ ਵਾਹਿਗੁਰੂ ਨਾ ਵਿਸਾਰੇ। ਐਸਾ ਪ੍ਰਬੰਧ ਕੀਤਾ ਜਾਏ ਕਿ ਸਿਫ਼ਤੀ ਦਾ ਘਰ ਬਣੇ।

*'ਲਾਹੌਰ ਸਹਰ ਅੰਮ੍ਰਿਤਸਰ ਸਿਫ਼ਤੀ ਦਾ ਘਰੁ।'*

ਭਾਈ ਮਨੀ ਸਿੰਘ ਜੀ ਦੇ ਲਿਖੇ ਅਨੁਸਾਰ ਤੀਜੇ ਪਾਤਸ਼ਾਹ ਨੇ ਹੁਕਮ ਕੀਤਾ ਸੀ :

*ਪੁਰਖਾ! ਕੋਈ ਤੀਰਥ ਮਦਰ ਦੇਸ਼ ਵਿਚ*
*ਕਰੀਏ ਜੋ ਤਰਲੋਕੀ ਦੇ ਸਭਨਾ ਦੇ ਫਲ*
*ਹੋਵਸਿ। ਜਿਸ ਦੇ ਇਸ਼ਨਾਨ ਕਰਨ ਤੇ ਫਲ ਤੇ।*

ਸੂਰਜ ਪ੍ਰਕਾਸ਼ ਦੀ ਵੀ ਗਵਾਹੀ ਹੈ :

*ਗ੍ਰਾਮ ਤੁੰਗ ਤੇ ਅਹੈ ਉਚੇਰੇ।*
*ਗਿਲਾਵਲੀ ਤੇ ਲਖਹੁ ਪਰੇਰੇ।*
*ਹੈ ਸੁਲਤਾਨ ਪਿੰਡ ਜਿਸ ਨਾਮੁ।*
*ਤਿਸ ਤੇ ਪਸ਼ਚਮ ਦਿਸ਼ ਅਭਿਰਾਮੁ।*
*ਤਹਾ ਜਾਇ ਕਰਿ ਗ੍ਰਾਮ ਬਸਾਵਹੁ।*
*ਸੁੰਦਰ ਆਪਣੇ ਸਦਨ ਬਨਾਵਹੁ।*

ਇਹ ਯਾਦ ਰਹੇ ਕਿ ਅੰਮ੍ਰਿਤਸਰ ਤੁੰਗ ਪਿੰਡ ਦੇ ਜ਼ਿਮੀਂਦਾਰਾਂ ਕੋਲੋਂ ਥਾਂ ਖ਼ਰੀਦ ਉਸਾਰਿਆ। ਇਹ ਕਹਿਣਾ ਤੇ ਲਿਖਣਾ ਨਿਰਮੂਲ ਹੈ ਕਿ ਅਕਬਰ ਵਲੋਂ ਬੀਬੀ ਭਾਨੀ ਦੇ

ਨਾਂ ਲਗਾਈ ਜ਼ਮੀਨ 'ਤੇ ਇਹ ਸ਼ਹਿਰ ਉਸਰਿਆ ਸੀ। ਮਹਿਮਾ ਪ੍ਰਕਾਸ਼ ਨੇ ਠੀਕ ਲਿਖਿਆ ਹੈ ਕਿ ਗੁਰੂ ਰਾਮਦਾਸ ਜੀ ਤਾਂ ਕੇਵਲ ਪ੍ਰਗਟ ਕਰ ਰਹੇ ਸਨ। ਹੁਕਮ ਗੁਰੂ ਅਮਰ ਦਾਸ ਜੀ ਦਾ ਸੀ। ਬੰਸਾਵਲੀਨਾਮੇ ਦੇ ਸ਼ਬਦ ਤਾਂ ਬਹੁਤ ਹੀ ਭਾਵ-ਪੂਰਤ ਹਨ ਕਿ ਇਸ ਸਰੋਵਰ ਦਾ ਨਾਂ ਹੀ ਪਹਿਲਾਂ ਅਮਰਸਰ ਸੀ ਪਰ ਸ਼ਹਿਰ ਬਣ ਜਾਣ ਨਾਲ ਅੰਮ੍ਰਿਤਸਰ ਪੱਕ ਗਿਆ :

*"ਦੁਇ ਨਾਮ ਤੀਰਥ ਦੇ ਪਏ ਸੰਸਾਰ।*
*ਕੋਈ ਕਹੈ ਰਾਮੰਦਾਸ ਸਰ।*
*ਕੋਈ ਕਹੈ ਅਮਰਸਰ ਉਚਾਰ।"*

ਸਿੱਖਾਂ ਦੀ ਭਗਤ ਮਾਲਾ ਵਿਚ ਵੀ ਗੁਰੂ ਅਮਰਦਾਸ ਜੀ ਦੇ ਬਚਨ ਲਿਖੇ ਹਨ ਜਿਹੜੇ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਦੀ ਮਹਿਮਾ ਦਰਸਾਉਣ ਲਈ ਦੁਹਰਾਏ ਸਨ। ਗੁਰੂ ਅਰਜਨ ਦੇਵ ਜੀ ਦੇ ਬਚਨ ਹਨ :

"ਤੀਜੇ ਪਾਤਸ਼ਾਹ ਨੇ ਗੁਰੂ ਰਾਮਦਾਸ ਜੀ ਨੂੰ ਬਚਨ ਕੀਤਾ ਸੀ : *ਪੁਰਖਾ ਕਲਿਜੁਗ ਦੇ ਜੀਆਂ ਦੀਆਂ ਆਰਜਾਵਾਂ ਛੋਟੀਆਂ ਹੋਣਗੀਆਂ ਅਤੇ ਬੁੱਧਾਂ ਮੋਟੀਆਂ। ਸੋ ਐਸਾ ਤੀਰਥ ਬਣਾਇਆ ਜਾਏ ਜਿਥੇ ਉਨ੍ਹਾਂ ਨੂੰ ਥੋੜ੍ਹੇ ਚਿਰ ਵਿਚ ਹੀ ਜੀਵਨ ਰਾਹ ਬਿਬੇਕ ਬੁੱਧੀ ਮਿਲੇ।* ਸੋ ਅੰਮ੍ਰਿਤਸਰ ਇਸ ਕਾਰਨ ਸਾਜਿਆ ਹੈ।" ਅੰਮ੍ਰਿਤਸਰ ਨੂੰ ਨਿਰੰਕਾਰ ਦੀ ਪੁਰੀ ਤੇ ਨਾਮ ਦਾ ਤੀਰਥ ਵੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ।

**ਗੁਰਮੁਖਿ ਸਭ ਪਵਿਤ ਹੈ ਧੰਨ ਸੰਪੈ ਮਾਇਆ**—ਇਹ ਠੀਕ ਹੈ 'ਮਾਇਆ ਨਾਗਨੀ ਜਗਤ ਰਹੀ ਲਿਪਟਾਇ' ਦੇ ਸੁਭਾਅ ਵਾਲੀ ਹੈ ਪਰ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਵਰਤਣ ਤੇ ਕਾਬੂ ਪਾਉਣ ਦੀ ਜਾਚ ਵੀ ਸਿੱਖ ਨੂੰ ਸਿਖਾ ਦਿੱਤੀ ਹੈ। ਕਿਰਤ ਕਰੋ, ਨਾਮ ਜਪੋ, ਵੰਡ ਛਕੋ, ਉਨ੍ਹਾਂ ਦੇ ਉਪਦੇਸ਼ਾਂ ਦਾ ਧੁਰਾ ਸੀ। ਨਾਮ ਨੂੰ ਵਿਚਕਾਰ ਰੱਖਿਆ ਤੇ ਕਿਰਤ ਕਮਾਈ ਨੂੰ ਵੰਡਣ ਨਾਲ ਮਾਇਆ ਕਾਬੂ ਨਹੀਂ ਪਾ ਸਕਦੀ।

ਹੁਣ ਗੁਰੂ ਅਮਰ ਦਾਸ ਜੀ ਨੇ ਵਿਸ਼ੇਸ਼ ਹੁਕਮ ਇਸ ਮਾਇਆ ਸਬੰਧੀ ਕੀਤੇ ਸਨ। ਉਨ੍ਹਾਂ ਗੁਰੂ ਰਾਮਦਾਸ ਜੀ ਨੂੰ ਕਿਹਾ ਸੀ ਕਿ ਇਹ ਮਾਇਆ ਗੁਰੂ ਨਾਨਕ ਦੇ ਤੇਜ ਕਰ ਬਾਰਾਂ-ਬਾਰਾਂ ਕੋਹ ਦੂਰ ਰਹੀ। ਫਿਰ ਉਨ੍ਹਾਂ ਜਦ ਸਿੱਖਾਂ ਨੂੰ ਇਸ 'ਤੇ ਕਾਬੂ ਪਾਉਣ ਦਾ ਵੱਲ ਸਿਖਾਇਆ ਤਾਂ ਕੁਝ ਨੇੜੇ ਹੋਈ। ਹੁਣ ਦਰਵਾਜ਼ੇ 'ਤੇ ਖੜ੍ਹੀ ਹੈ। ਸਿੱਖਾਂ ਨੇ ਇਸ ਦੇ ਸੁਭਾਅ ਨੂੰ ਚੰਗੀ ਤਰ੍ਹਾਂ ਜਾਣ ਲਿਆ ਹੈ ਅਤੇ ਤੁਹਾਡੇ ਸਮੇਂ ਬੇਸ਼ੱਕ ਪਾਸ ਰਵ੍ਹੇਗੀ ਪਰ ਸਿੱਖਾਂ ਨੂੰ ਅਲੋਪ ਰਹਿਣ ਦਾ ਢੰਗ ਆ ਜਾਏਗਾ। ਇਸ ਦੀ ਮੈਲ ਸਿੱਖਾਂ ਨੂੰ ਨਹੀਂ ਲੱਗ ਸਕੇਗੀ :

*"ਅਬ ਤੁਮਰੇ ਘਰ ਬਿਖੈ ਪ੍ਰਵੇਸ਼ੀ।*
*ਬਿਘਨ ਕਲੇਸ਼ ਬਿਖੈ ਬਿਸ਼ੇਸ਼ੀ।*
*ਤਊ ਅਲੇਪ ਰਹਹਿ ਇਸ ਮਾਹੀ।*
*ਇਸ ਕੇ ਦੋਸ਼ ਸਕਹਿ ਛ੍ਵੈ ਨਾਹੀ।੬੧।"*[1]

ਇਹ ਵੀ ਗੁਰੂ ਅਮਰ ਦਾਸ ਜੀ ਦੀ ਹੀ ਬਖ਼ਸ਼ਿਸ਼ ਸੀ ਕਿ ਉਨ੍ਹਾਂ ਮਾਇਆ ਦਾ ਸਹੀ

---

1. ਸੂਰਜ ਪ੍ਰਕਾਸ਼, ਰਾਸਿ ੧, ਅੰਸ਼ ੬੧।

ਸਰੂਪ ਦਿਖਾ ਕੇ ਸਿੱਖਾਂ ਦੀ ਦਾਸੀ ਦੇ ਤੌਰ ਤੇ ਬਣਾ ਦਿੱਤਾ।

**ਆਪਨੀ ਉਮਰ ਦੀਨੀ**—ਤਿੰਨ ਸਤੰਬਰ, ੧੫੭੪ (ਸੰਮਤ ੧੬੩੧, ਭਾਦੋਂ ਦੀ ਪੂਰਨਮਾਸ਼ੀ) ਦੀ ਸਵੇਰ ਨੂੰ ਸਾਹਿਬ ਗੁਰੂ ਅਮਰ ਦਾਸ ਜੀ ਆਪਣੇ ਨਿੱਤ ਕਰਮ ਤੋਂ ਵਿਹਲੇ ਹੋ ਕੇ ਜਦ ਚੁਬਾਰਾ ਸਾਹਿਬ ਤੋਂ ਵਿਹੜੇ ਵਿਚ ਆਏ ਤਾਂ ਨਨਾਣ ਭਰਜਾਈ (ਬੀਬੀ ਭਾਨੀ ਅਤੇ ਮੋਹਰੀ ਜੀ ਦੇ ਘਰੋਂ ਬੀਬੀ ਆਤਮਾ ਦੇਵੀ) ਦੋਵੇਂ ਹੀ ਗੁਰੂ ਜੀ ਦੀ ਉਡੀਕ ਪਈਆਂ ਕਰਦੀਆਂ ਸਨ ਕਿ ਅਚਨਚੇਤ ਮਹਾਰਾਜ ਨੇ ਉੱਚੀ ਆਵਾਜ਼ ਵਿਚ ਬਚਨ ਕੀਤਾ : ਧੀਏ ਭਾਨੀਏ, ਸਾਈਂ ਦੀ ਰਜ਼ਾ ਵਰਤੇ ਰਾਮਦਾਸ ਗੁਜ਼ਰ ਜਾਏ, ਸਚੁ ਆਖ ਬੇਟੀ ਤੂੰ ਕੀ ਕਰੇਂ। ਇਹ ਸੁਣਦੇ ਸਾਰ ਬੀਬੀ ਜੀ ਨੇ ਉਸ ਸਮੇਂ ਸੁਹਾਗ ਦੀ ਜੋ ਨਿਸ਼ਾਨੀ ਨੱਥ ਸੀ 'ਲਾਹਿ ਪੈਰਾਂ 'ਤੇ ਧਰੀ'। ਕੁਝ ਪਲ ਬਾਅਦ ਗੁਰੂ ਅਮਰ ਦਾਸ ਜੀ ਨੇ ਕਿਹਾ : ਬੇਟੀਏ ਪਾਈ ਰੱਖ ਤਾਂ ਬੀਬੀ ਨੇ ਕਿਹਾ : ਲੁਹਾਈ ਵੀ ਆਪ ਜੇ, ਹੁਣ ਪਵਾਓ ਵੀ ਆਪ। ਉਸੇ ਸਮੇਂ ਮਹਾਰਾਜ ਨੇ ਕਿਹਾ : ਨੱਥ ਪਾਓ, ਰੱਖੇਗਾ ਸਾਈਂ ਸ਼ਰਮ। ਬੰਸਾਵਲੀਨਾਮੇ ਦੇ ਲਿਖੇ ਅਨੁਸਾਰ :

*ਨਕ ਭਾਨੀ ਦੇ ਆਪ ਨੱਥ ਪਵਾਈ।*
*ਅਪਨੀ ਉਮਰ ਵਿਚੋਂ ਰਾਮਦਾਸ ਨੂੰ ਉਮਰ ਦਿਵਾਈ। ੨੩।*
*ਰਾਮਦਾਸ ਦੀ ਅਵਸਥਾ ਪੂਰੀ ਸੀ ਹੋਈ।*
*ਆਪਨੀ ਉਮਰ ਵਿਚੋਂ ਦੇ ਕੇ ਉਮਰ ਵਧਾਈ ਸੋਈ।*[1]

ਇਹ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਹੀ ਹੈ। ਉਨ੍ਹਾਂ ਹੀ ਜੋਤੀ ਜੋਤ ਸਮਾਉਣ ਤੇ ਹੋਰ ਜੋਤ ਜਗਾਉਣ ਦੀ ਨਿਰਾਲੀ ਰੀਤ ਚਲਾਈ ਸੀ। ਦੀਵੇ ਨਾਲ ਦੀਵਾ ਰੌਸ਼ਨ ਹੁੰਦਾ ਹੈ ਪਰ ਉਹ ਆਪ ਵੀ ਪੂਰਨ ਰਹਿੰਦਾ ਹੈ ਅਤੇ ਅੱਗੋਂ ਵੀ ਪੂਰਨ ਕਰ ਜਾਂਦਾ ਹੈ।

ਸੂਰਜ ਪ੍ਰਕਾਸ਼[2] ਦੇ ਲਿਖੇ ਅਨੁਸਾਰ ਛੇ ਵਰ੍ਹੇ, ਗਿਆਰਾਂ ਮਹੀਨੇ ਤੇ ਅਠਾਰਾਂ ਦਿਨ ਆਪਣੀ ਆਯੂ ਵਿਚੋਂ ਗੁਰੂ ਰਾਮ ਦਾਸ ਜੀ ਨੂੰ ਬਖ਼ਸ਼ੇ। ਇਹ ਨਿਰਾਲੀ ਖੇਡ ਸੀ। ਜੋਤ ਜੁਗਤ, ਸਰੂਪ ਵਿਚ ਰਤਾ ਵੀ ਭੇਦ ਨਹੀਂ ਸੀ ਰਿਹਾ।

**ਜੋਤੀ ਜੋਤਿ ਜਗਾਇ ਜੁਹਾਰਾ**—ਉਸੇ ਸਮੇਂ ਆਪ ਜੀ ਬਾਉਲੀ ਸਾਹਿਬ ਵਲ ਚੱਲ ਪਏ। ਗੁਰੂ ਰਾਮ ਦਾਸ ਜੀ ਕਾਰ ਕੱਢਣ ਦੀ ਸੇਵਾ ਵਿਚ ਜੁੱਟੇ ਹੋਏ ਸਨ। ਸਿਰ 'ਤੇ ਟੋਕਰੀ ਚੁੱਕੀ ਹੋਈ ਸੀ। ਬਾਬਾ ਬੁੱਢਾ ਜੀ ਨੂੰ ਕਿਹਾ ਕਿ ਇਹ ਟੋਕਰੀ ਹੁਣ ਸਿਰ ਤੋਂ ਉਤਾਰ ਕੇ ਗੁਰਗੱਦੀ ਦੀ ਜ਼ਿੰਮੇਵਾਰੀ ਬਖ਼ਸ਼ੋ। ਕਹਿੰਦੇ ਹਨ ਕਿ ਉਪਰੋਂ ਹੇਠਾਂ ਜਾਂਦਿਆਂ ਚੌਥੀ ਪਉੜੀ[3] ਬਾਉਲੀ ਸਾਹਿਬ ਇਹ ਵਾਰਤਾ ਹੋਈ ਸੀ। 'ਜਿਨ ਸਿਰਿਆ ਤਿਨੈ ਸਵਾਰਿਆ' ਦਾ ਪੂਰਾ ਪ੍ਰਮਾਣ ਉਥੇ ਹੀ ਮਿਲਿਆ। ਸੱਚਮੁਚ ਪੂਰੀ ਹੋਈ ਕਰਾਮਾਤ। ਸੇਵਾ ਨੂੰ ਉਸੇ ਤਰ੍ਹਾਂ ਫਲ ਲੱਗਾ ਜਿਵੇਂ ਪਹਿਲਾਂ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰ ਦਾਸ ਜੀ ਦੀ ਘਾਲ ਨੂੰ ਲੱਗਾ ਸੀ।

ਗੁਰੂ ਅਮਰ ਦਾਸ ਜੀ ਨੇ ਉਜਲੇ ਬਸਤ੍ਰ ਮੰਗਵਾ ਕੇ ਗੁਰੂ ਰਾਮਦਾਸ ਜੀ ਨੂੰ ਪੁਆਏ। ਪਹਿਲਾਂ ਆਪ ਪਰਦੱਖਣਾ ਕੀਤੀ। ਬਾਬਾ ਬੁੱਢਾ ਜੀ ਨੇ ਗੁਰ-ਗੱਦੀ ਦੇਣ ਦੀ ਮਰਯਾਦਾ

---

1. ਚਰਣ ਤੀਜਾ

2. ਰਾਸ ੧, ਅੰਸ਼ ੬੧

3. ਯਾਦਗਾਰੀ ਥੜਾ ਸਾਹਿਬ ਬਣਾਇਆ ਹੋਇਆ ਹੈ।

ਨਿਬਾਹੀ। ਸ਼ਬਦ ਦੀ ਥਾਪਣਾ ਦਿੱਤੀ। ਪੰਜ ਪੈਸੇ ਨਰੇਲ ਰੱਖ ਗੁਰੂ ਅਮਰਦਾਸ ਜੀ ਨੇ ਮੱਥਾ ਟੇਕਿਆ। ਭਾਈ ਗੁਰਦਾਸ ਜੀ ਨੇ ਵਾਰ ੨੪ਵੀਂ ਦੀ ੧੪ਵੀਂ ਪਉੜੀ ਵਿਚ ਬੜੀ ਢੁਕਵੀਂ ਤੁਕ ਦਿੱਤੀ ਹੈ ਕਿ ਗੁਰੂ ਅਮਰ ਦਾਸ ਜੀ ਨੇ ਗੁਰੂ ਰਾਮਦਾਸ ਦੀ ਆਪਣੀ ਜੋਤ ਤੋਂ ਜੋਤ ਜਗਾ ਕੇ ਜੁਹਾਰਾ, ਨਮਸਕਾਰ ਕੀਤਾ :

*'ਗੁਰੂ ਅਮਰਹੁ ਗੁਰੂ ਰਾਮਦਾਸ,*
*ਜੋਤੀ ਜੋਤਿ ਜਗਾਇ ਜੁਹਾਰਾ।*

ਗੁਰੂ ਰਾਮ ਦਾਸ ਜੀ ਵੀ ਪਿਤਾ (ਗੁਰੂ ਅਮਰਦਾਸ ਜੀ) ਦਾਦੇ ਗੁਰੂ ਅੰਗਦ ਦੇਵ ਜੀ) ਪੜਦਾਦੇ (ਗੁਰੂ ਨਾਨਕ ਜੀ) ਵਰਗੇ ਹੀ ਪੁੱਗੇ ਹੋਏ ਹਨ ਅਤੇ ਮਾਇਆ ਵਿਚ ਘੂਕ ਸੁੱਤੀ ਲੋਕਾਈ ਨੂੰ ਗੁਰਮਤਿ ਦੀ ਹਾਕ ਮਾਰ ਕੇ ਜਗਾਉਣ ਆਏ ਹਨ। ਜ਼ਰਾ ਨਹੀਂ ਝਿਜਕਦੇ। ਕਿਸੇ ਨੂੰ ਨੀਂਦ ਤੋਂ ਜਗਾਈਏ ਤਾਂ ਉਹ ਮਾੜਾ ਕੌੜਾ ਸਮਝਦਾ ਹੈ, ਪਰ ਇਹ ਜਗਾ ਕੇ ਹੀ ਰਹਿੰਦੇ ਹਨ :

*ਪੀਉ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ।*
*ਗੁਰਮਤਿ ਜਾਗ ਜਗਾਇਦਾ, ਕਲਿਜੁਗ ਅੰਦਰ ਕੌੜਾ ਸੋਤਾ।*[1]

**ਮੋਹਰੀ ਪੁਤ ਸਨਮੁਖ ਹੋਇਆ**—ਬਾਹਰ ਹੀ ਦੀਵਾਨ ਲੱਗ ਗਿਆ। ਸੰਗਤਾਂ ਨੂੰ ਖ਼ਬਰਾਂ ਪੁੱਜ ਗਈਆਂ। ਗੁਰੂ ਅਮਰ ਦਾਸ ਜੀ ਨੇ ਸਾਰੇ ਪਰਵਾਰ ਨੂੰ ਵੀ ਸੱਦ ਘੱਲਿਆ। ਖਡੂਰ ਸਾਹਿਬ ਤੋਂ ਦਾਤੂ ਜੀ ਅਤੇ ਦਾਸੂ ਜੀ ਵੀ ਆ ਗਏ। ਭਰੇ ਦਰਬਾਰ ਵਿਚ ਸਤਿਗੁਰ ਜੀ ਨੇ ਦੱਸਿਆ ਕਿ ਉਨ੍ਹਾਂ ਦਾ ਅੰਤ ਸਮਾਂ ਆ ਗਿਆ ਹੈ ਅਤੇ ਪ੍ਰਭੂ ਵਲੋਂ ਹੁਕਮ ਹੋ ਗਿਆ ਹੈ। ਗੁਰੂ ਰਾਮਦਾਸ ਮੇਰਾ ਰੂਪ ਹਨ। ਇਨ੍ਹਾਂ ਉੱਪਰ ਹੀ ਮੇਰੀ ਖੁਸ਼ੀ ਹੈ। ਧੁਰੋਂ ਅਕਾਲ ਪੁਰਖ ਦਾ ਵੀ ਇਹੀ ਹੁਕਮ ਲਿਖਿਆ ਆਇਆ ਸੀ। 'ਧੁਰਿ ਲਿਖਿਆ ਲੇਖੁ ਰਜਾਇ ਜੀਉ।' ਰੌਸ਼ਨੀ ਤੇ ਸਿੱਖਿਆ ਦਾਤਾ ਗੁਰੂ ਰਾਮਦਾਸ ਜੀ ਅੱਗੇ ਹੀ ਸਿਰ ਝੁਕਾਉਣਾ। ਇਨ੍ਹਾਂ ਨਿਮਰ ਹੋ ਕੇ ਘਾਲ ਘਾਲੀ ਹੈ। ਇਹ ਸੁਣਦੇ ਸਾਰ 'ਗੁਰਸਿੱਖਾਂ ਮੰਨਿ ਲਈ ਰਜਾਇ ਜੀਉ।' ਪਰ ਜਦ ਮੋਹਨ ਜੀ ਨੂੰ ਸਿਰ ਝੁਕਾਉਣ ਲਈ ਕਿਹਾ ਤਾਂ ਉਹ ਅੱਗੋਂ ਬੋਲ ਉੱਠੇ ਕਿ 'ਇਨ੍ਹਾਂ ਅੱਗੇ ਉਹ ਨਹੀਂ ਨਿਵਣਗੇ। ਉਸ ਦੀ ਵਸਤੂ ਤੁਸੀਂ ਇਸ ਨੂੰ ਦੇਣ ਲੱਗੇ ਹੋ। ਇਹ ਸਾਡੀ ਮਾਲਕੀ ਹੈ। ਇਹ ਕਉਨ ਹੈ ਹੱਕ ਲੈਣ ਵਾਲਾ।' ਐਸੀ ਸੱਟ ਵੱਜੀ ਕਿ ਮੋਹਨ ਜੀ ਕਮਲਿਆਂ ਵਾਂਗ ਹੀ ਬੋਲਦੇ ਗਏ ਅਤੇ ਉੱਠ ਕੇ ਚਲੇ ਗਏ। ਜਦ ਮੋਹਰੀ ਜੀ ਨੂੰ ਮੱਥਾ ਟੇਕਣ ਦਾ ਹੁਕਮ ਹੋਇਆ ਤਾਂ ਉਨ੍ਹਾਂ ਢਿੱਲ ਨ ਲਗਾਈ ਤੇ ਮੱਥਾ ਟੇਕਿਆ। ਸੁੰਦਰ ਜੀ ਨੇ ਰਾਮਕਲੀ ਸਦ ਵਿਚ ਹੀ ਗਵਾਹੀ ਦਿੱਤੀ ਹੈ ਕਿ

*"ਮੋਹਰੀ ਪੁਤੁ ਸਨਮੁਖੁ ਹੋਇਆ,*
*ਰਾਮਦਾਸੈ ਪੈਰੀ ਪਾਇ ਜੀਉ।"*

ਗੁਰੂ ਅਮਰ ਦਾਸ ਜੀ ਇਤਨੇ ਪ੍ਰਸੰਨ ਹੋਏ ਕਿ ਮੋਹਰੀ ਨੂੰ ਵੀ ਧੰਨ ਕਿਹਾ ਅਤੇ ਫ਼ਰਮਾਇਆ ਕਿ 'ਸੰਤ ਦੀਆਂ ਇਕੀਹ ਕੁਲਾਂ ਤਰਦੀਆਂ ਹਨ। ਤੇਰੀਆਂ ਬਤਾਲੀ

---

1. ਵਾਰ ੨੪ਵੀਂ, ਪਉੜੀ ੧੫

ਉਧਰਣਗੀਆਂ।' ਸਿੱਖੀ ਦਾ ਮਹਾਨ ਪਦ ਤੁਹਾਨੂੰ ਪ੍ਰਾਪਤ ਹੋਇਆ ਹੈ :

*"ਤੂ ਪਰਮ ਪੁਨੀਤ ਸਿੱਖ ਮਮ ਭਇਆ।*
*ਸਿੱਖੀ ਪਦ ਤੋ ਕੋ ਮੈ ਦੀਆ।"*[1]

ਕਨ੍ਹਈਆ ਲਾਲ ਤਾਰੀਖ਼ੇ ਪੰਜਾਬ ਵਿਚ ਵੀ ਲਿਖਦੇ ਹਨ ਕਿ "ਦੋਹਾਂ ਸਪੁੱਤਰਾਂ ਵਿਚੋਂ ਮੋਹਰੀ ਜੀ ਨੇ ਆਪਣੇ ਪਿਤਾ ਦੀ ਹੱਦੋਂ ਵੱਧ ਆਗਿਆਕਾਰੀ ਤੇ ਤਾਬਿਆਕਾਰੀ ਕੀਤੀ। ਗੁਰੂ ਅਮਰ ਦਾਸ ਜੀ ਨੇ ਉਸ ਲਈ ਸ਼ੁੱਭ ਕਾਮਨਾ ਕੀਤੀ ਅਤੇ ਸਿੱਖੀ ਦੀ ਦਾਤ ਬਖ਼ਸ਼ੀ ਅਤੇ ਉਸ ਦੀਆਂ ਇੱਕੀ ਪੀੜ੍ਹੀਆਂ ਲਈ ਮੁਕਤੀ ਦਾ ਵਰ ਦਿੱਤਾ।"

**ਅੰਤੇ ਸਤਿਗੁਰੁ ਬੋਲਿਆ**—ਸੰਗਤਾਂ ਦੀਆਂ ਵਹੀਰਾਂ ਚਲੀਆਂ ਆ ਰਹੀਆਂ ਸਨ। ਮਹਾਰਾਜ ਨੇ ਜੋ ਅੰਤਮ ਬਚਨ ਕੀਤੇ ਸਾਡੀ ਖ਼ੁਸ਼ਕਿਸਮਤੀ ਨੂੰ ਉਨ੍ਹਾਂ ਦੇ ਹੀ ਪੋਤਰੇ ਬਾਬਾ ਸੁੰਦਰ ਜੀ ਨੇ ਲਿਖ ਲਏ ਤੇ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿਚ 'ਸੱਦ' ਦੇ ਸਿਰਲੇਖ ਹੇਠਾਂ ਦਰਜ ਕਰ ਦਿੱਤੇ। ਆਪ ਜੀ ਨੇ ਫ਼ਰਮਾਇਆ : ਇਹ ਸਭ ਹੁਕਮ ਦੀ ਖੇਡ ਵਿਚ ਹੋ ਰਿਹਾ ਹੈ। ਪ੍ਰਭੂ ਦਾ ਭਾਣਾ ਹੈ। ਉਸ ਦਾ ਸੱਦਾ ਆਉਣ 'ਤੇ ਕੋਈ ਨਹੀਂ ਰਹਿ ਸਕਦਾ। ਅਕਾਲ ਪੁਰਖ ਅੱਗੇ ਇਹ ਹੀ ਅਰਦਾਸ ਹੈ ਕਿ ਉਹ ਪੈਜ ਰੱਖੇ। ਅਸਲ ਵਿਚ ਉਹ ਹੀ ਪੁਰਖ ਕਹਿਲਾਣ ਦਾ ਹੱਕਦਾਰ ਹੈ, ਉਹ ਹੀ ਭਗਤ ਹੈ, ਉਹ ਹੀ ਸਤਿਗੁਰ ਪੂਰਾ ਹੈ ਜਿਸ ਨੂੰ ਰੱਬ ਦਾ ਭਾਣਾ ਮਿੱਠਾ ਲੱਗਦਾ ਹੈ। ਜਿਸ ਨੂੰ ਭਾਣਾ ਮਿੱਠਾ ਲੱਗਦਾ ਹੈ, ਉਸ ਅੰਦਰ ਅਨੰਦ ਦੇ ਵਾਜੇ ਵੱਜਦੇ ਹਨ। ਅਕਾਲ ਪੁਰਖ ਆਪੂੰ ਗਲ ਲਗਾਉਂਦਾ ਹੈ।

*"ਭਗਤੁ ਸਤਿਗੁਰੁ ਪੁਰਖੁ ਸੋਈ,*
*ਜਿਸੁ ਹਰਿ ਪ੍ਰਭ ਭਾਣਾ ਭਾਵਏ।*
*ਆਨੰਦ ਅਨਹਦ ਵਜਹਿ ਵਾਜੇ,*
*ਹਰਿ ਆਪਿ ਗਲਿ ਮੇਲਾਵਏ।"*

"ਪਹਿਲੀ ਗੱਲ, ਇਹ ਮੈਨੂੰ ਮੂਲੋਂ ਹੀ ਚੰਗਾ ਨਹੀਂ ਲਗਦਾ ਕਿ ਕੋਈ ਪਿੱਛੋਂ ਰੋਵੇ। ਤੁਹਾਨੂੰ ਤਾਂ ਸਗੋਂ ਪ੍ਰਸੰਨ ਹੋਣਾ ਚਾਹੀਦਾ ਹੈ ਕਿ ਪੂਰੀ ਪੈਜ ਨਾਲ ਗੁਰੂ ਪਿਤਾ-ਮਿਤ ਵਾਹਿਗੁਰੂ ਦੇ ਘਰ ਜਾ ਰਿਹਾ ਹੈ। ਜ਼ਰਾ ਵਿਚਾਰ ਕੇ ਦੇਖਣਾ, ਇਹ ਤਾਂ ਸਗੋਂ ਸਿਰਪਾਉ ਮਿਲ ਰਿਹਾ ਹੈ। ਸਿਰਪਾਉ ਮਿਲਣ 'ਤੇ ਪ੍ਰਸੰਨ ਹੋਣਾ ਚਾਹੀਦਾ ਹੈ ਕਿ ਸੋਗੀ :

*"ਮਤ ਮੈ ਪਿਛੈ ਕੋਈ ਰੋਵਸੀ,*
*ਸੋ ਮੈ ਮੂਲਿ ਨ ਭਾਇਆ।*
*ਮਿਤੁ ਪੈਝੈ, ਮਿਤੁ ਬਿਗਸੈ,*
*ਜਿਸੁ ਮਿਤ ਕੀ ਪੈਜ ਭਾਵਏ।*
*ਤੁਸੀਂ ਵੀਚਾਰਿ ਦੇਖਹੁ ਪੁਤ ਭਾਈ,*
*ਹਰਿ ਸਤਿਗੁਰੂ ਪੈਨਾਵਏ।"*

"ਪਿੱਛੋਂ ਨਿਰੋਲ ਕੀਰਤਨ ਕਰਨਾ। ਹਰੀ ਦੀ ਹੀ ਕਥਾ ਕਰਨੀ। ਕੋਈ ਪਿੰਡ ਨਾ ਭਰਨਾ।

---

1. ਸਾਖੀ ੩੨, ਪਾਤਸ਼ਾਹੀ ਤੀਜੀ

ਪਤਲ ਨਾ ਤਾਰਣਾ। ਦੀਵਾ ਨਾ ਬਾਲਣਾ। ਫੁੱਲ ਨ ਚੁਗਣੇ। ਮੈਨੂੰ ਵੱਡਾ ਵੀ ਨਾ ਕਰਨਾ। ਵੱਡਾ ਕਰਨਾ ਕੇਵਲ ਇਹ ਹੀ ਹੈ ਕਿ ਕੀਰਤਨ ਕਰਦੇ ਰਹਿਣਾ।" ਸਭ ਤੋਂ ਵੱਡੀ ਗਵਾਹੀ ਹੈ ਕਿ ਜੋ ਗੁਰੂ ਅਮਰ ਦਾਸ ਜੀ ਨੇ ਫ਼ਰਮਾਇਆ, ਗੁਰਸਿੱਖਾਂ ਨੇ ਪ੍ਰਸੰਨਤਾ ਨਾਲ ਮੰਨ ਲਿਆ। ਸਿਰ ਝੁਕਾਅ ਦਿੱਤਾ :

*ਸਤਿਗੁਰ ਪੁਰਖੁ ਜਿ ਬੋਲਿਆ,*
*ਗੁਰ-ਸਿੱਖਾਂ ਮੰਨਿ ਲਈ ਰਜਾਇ ਜੀਉ।*

ਸੂਰਜ ਪ੍ਰਕਾਸ਼ ਨੇ ਲਿਖਿਆ ਹੈ ਕਿ ਬਾਬਾ ਮੋਹਰੀ ਜੀ ਨੇ ਗੁਰੂ ਪਿਤਾ ਕੋਲੋਂ ਪੁੱਛਿਆ ਕਿ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਉਪਰੰਤ ਕੋਈ ਸ਼ਾਸਤਰੀ ਜਾਂ ਸੰਸਾਰੀ ਕਰਮ ਕੀਤਾ ਜਾਇ ਜਾਂ ਨਾ ਤਾਂ ਗੁਰੂ ਅਮਰਦਾਸ ਜੀ ਨੇ ਫ਼ਰਮਾਇਆ ਕਿ ਕਰਮ ਸਭ ਫ਼ਜ਼ੂਲ ਹਨ। ਕੇਵਲ ਭਗਤੀ ਕਰਮ ਹੀ ਪ੍ਰਵਾਨ ਹੈ। ਬਗ਼ੈਰ ਭਗਤੀ ਤੋਂ ਕੀਤੇ ਕਰਮ ਅਧਰਮ ਹਨ :

*"ਬਿਨ ਹਰਿ ਭਗਤਿ ਕਰਹਿ ਗਨ ਕਰਮ।*
*ਸੋ ਸਗਰੇ ਹੁਏ ਜਾਹਿ ਅਧਰਮ।*[1]

ਆਪ ਜੀ ਨੇ ਸਭ ਹਾਜ਼ਰ ਸੰਗਤਾਂ ਨੂੰ ਪ੍ਰਸ਼ਾਦ ਛਕਣ ਦਾ ਹੁਕਮ ਦਿੱਤਾ ਅਤੇ ਫਿਰ ਦੀਵਾਨ ਵਿਚ ਹਾਜ਼ਰੀ ਭਰਨ ਲਈ ਕਿਹਾ।

**ਜੋਤੀ ਜੋਤ ਸਮਾਉਣ**—ਸੰਗਤਾਂ ਦਾ ਭਾਰੀ ਇਕੱਠ ਹੋ ਗਿਆ। ਆਪ ਜੀ ਨੇ ਇਕ ਉੱਜਲ ਸਫੈਦ ਚਾਦਰ ਆਪਣੇ ਨੂਰਾਨੀ ਚਿਹਰੇ 'ਤੇ ਕਰ ਲਈ ਅਤੇ ਦੇਖਦੇ ਹੀ ਦੇਖਦੇ ਜੋਤੀ ਜੋਤ ਸਮਾ ਗਏ। ਜਦ ਆਪ ਜੀ ਨੇ ਸੱਚ ਖੰਡ ਪਯਾਨਾ ਕੀਤਾ ਤਾਂ ਸਭ ਇਹ ਕੌਤਕ ਦੇਖ ਅਸਚਰਜ ਹੋਏ ਕਿ ਸੂਰਜ ਦਾ ਤੇਜ ਮੰਦ ਪੈ ਗਿਆ। ਇਕ ਹੋਰ ਹੀ ਪ੍ਰਕਾਰ ਦਾ ਤੇਜ ਗੋਇੰਦਵਾਲ ਗਿਰਦ ਛਾ ਗਿਆ।

*"ਸੂਰਜ ਤੇਜ ਮੰਦ ਪਰਿ ਗਇਉ।*
*ਅਨਿਕ ਪ੍ਰਕਾਸ਼ ਅਪਰ ਬਿਧਿ ਭਇਉ।*[2]

ਸਾਰਾ ਵਾਤਾਵਰਨ ਸੁਗੰਧਿਤ ਹੋ ਗਿਆ ਅਤੇ ਇੰਜ ਪ੍ਰਤੀਤ ਹੋਵੇ ਕਿ ਮਧੁਰ ਮਧੁਰ ਸੰਗੀਤ ਨਾਲ ਚਲ ਰਿਹਾ ਹੈ। ਸਾਰੇ ਹੀ ਧੰਨ ਗੁਰੂ, ਧੰਨ ਗੁਰੂ ਆਖ ਰਹੇ ਸਨ।

ਚਿਤਾ ਚੰਦਨ ਨਾਲ ਸਵਾਰ ਬਿਆਸਾ ਕਿਨਾਰੇ ਤਿਆਰ ਕੀਤੀ ਗਈ। ਮਹਾਰਾਜ ਦੇ ਪਾਵਨ ਸਰੀਰ ਨੂੰ ਅਰਥੀ ਵਿਚ ਰੱਖ ਗੁਰੂ ਰਾਮਦਾਸ ਜੀ, ਬਾਬਾ ਮੋਹਰੀ ਜੀ, ਭਾਈ ਬੁੱਢਾ ਜੀ ਤੇ ਭਾਈ ਬਲੂ ਆਪਣੇ ਮੋਢਿਆਂ ਤੇ ਚੁੱਕ ਕੇ ਚਿਤਾ ਵਾਲੀ ਥਾਂ 'ਤੇ ਲਿਆਏ। ਬਾਬਾ ਮੋਹਰੀ ਜੀ ਨੇ ਅਗਨ ਭੇਟ ਕੀਤਾ ਅਤੇ ਸਾਰੀ ਸੰਗਤ ਸਿਮਰਨ ਕਰਦੀ ਗੁਣ ਗਾਉਂਦੀ ਅਤੇ ਉਨ੍ਹਾਂ ਦੇ ਪਰਉਪਕਾਰਾਂ ਨੂੰ ਯਾਦ ਕਰਦੀ ਵਾਪਸ ਮੁੜੀ।

● ● ●

---

1. ਰਾਸਿ ੧, ਅੰਸ਼ ੬੮
2. ਰਾਸਿ ੧, ਅੰਸ਼ ੬੮

## ੧੩

# ਤੇਰੀ ਉਪਮਾ ਤੋਹਿ ਬਨਿ ਆਵੈ

**ਸਮੁੱਚੇ ਜੀਵਨ ਤੇ ਇਕ ਝਾਤ**—ਗੁਰੂ ਅਮਰ ਦਾਸ ਜੀ ਦੀ ਸ਼ਖਸੀਅਤ, ਪਰਉਪਕਾਰ, ਬਖ਼ਸ਼ਿਸ਼ਾਂ, ਰਹਿਮਤਾਂ ਅਤੇ ਧਰਮ ਚਲਾਵਣ ਲਈ ਕੀਤੇ ਕਰਮਾਂ ਦਾ ਪਾਰ ਪਾਉਣਾ ਕਿਸੇ ਜੀਵ ਦੇ ਵੱਸ ਨਹੀਂ ਹੈ। ਭੱਟ ਭੱਲ ਨੇ ਠੀਕ ਆਖਿਆ ਹੈ ਕਿ ਕੋਈ ਧਿਆਨ ਜਾਂ ਜੰਤਰ ਦੁਆਰਾ ਸ਼ਾਇਦ ਬੱਦਲਾਂ ਦੀਆਂ ਕਣੀਆਂ ਗਿਣ ਸਕੇ, ਧਰਤੀ ਦੀ ਬਨਾਸਪਤੀ ਦਾ ਲੇਖਾ ਲਗਾ ਲਵੇ, ਸੂਰਜ ਦੀਆਂ ਕਿਰਨਾਂ ਮਿਣ ਲਵੇ, ਸਮੁੰਦਰ ਦਾ ਪੇਟ ਮਾਪ ਲਵੇ, ਗੰਗਾ ਦੀਆਂ ਲਹਿਰਾਂ ਦਾ ਹਿਸਾਬ ਲਗਾ ਲਵੇ ਪਰ ਗੁਰੂ ਅਮਰ ਦਾਸ ਜੀ ਦੇ ਗੁਣ ਕੋਈ ਗਿਣ ਨਹੀਂ ਸਕਦਾ ਕਿਉਂਕਿ ਆਪਣੇ ਵਰਗੇ ਉਹ ਆਪ ਹੀ ਹਨ।

*"ਤੇਰੀ ਉਪਮਾ ਤੋਹਿ ਬਨਿ ਆਵੈ।"*

ਫਿਰ ਵੀ ਸਮਕਾਲੀ ਸਿੱਖਾਂ, ਸ਼ਰਧਾਲੂ ਭੱਟਾਂ ਭਗਤਾਂ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਭਾਈ ਗੁਰਦਾਸ ਜੀ ਦੂਜੇ ਅਤੇ ਪਿੱਛੋਂ ਦੇ ਵਿਦਵਾਨਾਂ, ਸਾਖੀਕਾਰਾਂ, ਇਤਿਹਾਸਕਾਰਾਂ ਨੇ ਜੋ ਅਨੁਭਵ ਕਰਕੇ ਪੇਖਿਆ, ਸੁਣਿਆ ਅਤੇ ਲਿਖਿਆ ਉਸ ਦਾ ਵਰਨਣ ਕਰਨ ਨਾਲ ਮਹਾਰਾਜ ਜੀ ਦੀ ਸ਼ਖਸੀਅਤ ਦਾ ਰਤਾ ਕੁ ਝਲਕਾਰਾ ਸ਼ਾਇਦ ਅਸੀਂ ਮਾਣ ਸਕੀਏ।

ਗੁਰੂ ਅਮਰ ਦਾਸ ਜੀ ਦੀ ਉਚਾਰੀ ਆਪਣੀ ਬਾਣੀ ਪੜ੍ਹ ਪਹਿਲਾਂ ਸਿੱਧਾ ਪ੍ਰਭਾਵ ਇਹ ਪੈਂਦਾ ਹੈ ਕਿ ਉਹ ਸਰਲ ਜੀਵਨ ਦੇ ਮਾਲਕ ਸਨ। ਸਿੱਧੀ, ਸੁੱਚੀ, ਸਾਫ਼, ਸਪੱਸ਼ਟ ਤੇ ਸਰਲ ਵਿਚਾਰ ਦੇ ਕੇ ਹਿਰਦੇ ਵਿਚ ਸਮੋ ਦਿੰਦੇ ਅਤੇ ਗੁੰਝਲ ਕੋਈ ਪਾਉਂਦੇ ਨਹੀਂ ਸਨ। ਅਨੰਦ ਸਾਹਿਬ ਉਨ੍ਹਾਂ ਦੀ ਐਸੀ ਬਾਣੀ ਹੈ ਜੋ ਪ੍ਰਤੱਖ਼ ਪਈ ਕਰਦੀ ਹੈ ਜਿਸ ਅਨੰਦ ਨੂੰ ਲੈਣ ਲਈ ਦੁਨੀਆ ਭਟਕ ਰਹੀ ਹੈ ਉਸ ਨੂੰ ਉਨ੍ਹਾਂ 'ਸਹਜ ਸੇਤੀ' ਪਾਇਆ ਸੀ ਅਤੇ ਉਨ੍ਹਾਂ ਦੇ ਜੀਵਨ ਵਿਚ ਸੰਗੀਤ ਤੇ ਕੀਰਤਨ ਦੀ ਝੜੀ ਲੱਗੀ ਰਹਿੰਦੀ ਸੀ। ਰਾਗਾਂ ਦੇ ਉਹ ਮਾਹਿਰ ਸਨ। ਹਰ ਰਾਗ ਦੀ ਅੰਦਰਲੀ ਟੁਨਕਾਰ ਉਨ੍ਹਾਂ ਸੁਣ ਲਈ ਸੀ ਅਤੇ ਉਸ ਦਾ ਵਰਨਣ ਵੀ ਉਸੇ ਵਜਦ ਵਿਚ ਕਰਦੇ ਸਨ। ਸਿਰੀ ਰਾਗ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਵੀ ਪਹਿਲੀ ਥਾਂ ਦਿੱਤੀ ਹੈ ਅਤੇ ਆਪ ਜੀ ਦਾ ਫ਼ੁਰਮਾਨ ਸੀ :

*'ਰਾਗਾਂ ਵਿਚ ਸ੍ਰੀ ਰਾਗ ਹੈ ਜੇ ਸਚਿ ਧਰੇ ਪਿਆਰੁ।'*

ਗਉੜੀ ਕਿਉਂਕਿ ਆਪਣੇ ਸੁਭਾਅ ਕਾਰਨ ਮਿੱਠੀ ਤੇ ਗੰਭੀਰ ਹੈ ਇਸ ਲਈ ਹੁਕਮ ਹੀ ਇਹ ਕੀਤਾ :

*"ਗਉੜੀ ਰਾਗ ਸੁਲਖਣੀ ਜੇ ਖਸਮੈ ਚਿਤਿ ਕਰੇਇ।*
*ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ।"*

ਗੁਜਰੀ ਰਾਗ ਵਿਚ ਜਾਂ ਗਵਾਲਿਆਂ ਦਾ, ਜਾਂ ਰਾਧਾ ਦੀ ਤੜਪ ਦਾ ਜਾਂ ਮਿਲਾਪ ਲਈ ਉਮੜਦੀ ਆਤਮਾ ਦਾ ਵਰਣਨ ਹੁੰਦਾ ਹੈ, ਇਸ ਲਈ ਲਿਖਿਆ ਵੀ ਇਹ :

*ਗੂਜਰੀ ਜਾਤਿ ਗਵਾਰ ਜਾ ਸਹੁ ਪਾਏ ਆਪਣਾ।*
*ਗੁਰ ਕੈ ਸ਼ਬਦਿ ਵੀਚਾਰਿ ਅਨਦਿਨੁ ਹਰਿ ਜਪ ਜਪਣਾ।*

ਬਿਲਾਵਲ ਰਾਗ ਦਾ ਰੂਪ ਅਨੰਦ ਵਾਲਾ ਹੈ। ਚਿੱਟੇ ਕੱਪੜੇ 'ਤੇ ਕੇਸਰ ਛਿੜਕਿਆ ਵਰਗਾ ਹੁੰਦਾ ਹੈ। ਆਪ ਜੀ ਨੇ ਫ਼ਰਮਾਇਆ :

*'ਬਿਲਾਵਲ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮ।'*
*ਅਤੇ 'ਸਦਾ ਬਿਲਾਵਲ ਅਨੰਦ ਹੈ ਜੇ ਚਲਹਿ ਸਤਿਗੁਰ ਭਾਇ।'*

ਰਾਮਕਲੀ 'ਰਾਗ ਮਨਿ ਵਸਿਆ ਸੋਇ', 'ਤਿਨ ਬਸੰਤ ਜੋ ਹਰਿ ਗੁਣ ਗਾਇ', '*ਮਲਾਰੁ* ਸੀਤਲ ਰਾਗ ਹੈ, ਹਰਿ ਧਿਆਇਐ ਸ਼ਾਂਤ ਹੋਇ', 'ਸ਼ਬਦ ਰਤੇ ਵਡਹੰਸ ਹੈ', 'ਧਨਾਸਰੀ' ਧਨਵੰਤੀ ਜਾਣੀਐ ਭਾਈ, ਜਾਂ ਸਤਿਗੁਰ ਕੀ ਕਾਰ ਕਮਾਇ', ਹੋਰ ਰਾਗਾਂ ਬਾਰੇ ਹੁਕਮ ਕਰਕੇ ਸੰਗੀਤ ਦੇ ਪ੍ਰਭੂ ਪੱਖ ਨੂੰ ਹੀ ਉਜਾਗਰ ਕੀਤਾ। ਜੋ ਰਾਗ ਐਸ਼ ਦਾ ਵਸੀਲਾ ਸੀ, ਆਪ ਜੀ ਨੇ ਪ੍ਰਭੂ ਪਾਉਣ ਦਾ ਰਾਹ ਦੱਸਿਆ। ਪੱਟੀ ਦੀ ਬਾਣੀ ਵਿਚ ਪਾਂਧੇ ਨੂੰ ਜੋ ਉਪਦੇਸ਼ ਦਿੱਤੇ ਉਹ ਦਰਸਾ ਰਹੇ ਹਨ ਕਿ ਉਹ ਵਿਚਾਰਵਾਨਾਂ, ਵਿਦਵਾਨਾਂ ਤੇ ਵਿਆਖਿਆਕਾਰਾਂ ਕੋਲੋਂ ਕੀ ਆਸਾਂ ਰੱਖਦੇ ਹਨ।

ਉਨ੍ਹਾਂ ਦੇ ਜੀਵਨ ਵਾਂਗ ਹੀ ਉਨ੍ਹਾਂ ਦੀ ਬਾਣੀ ਇਤਨੀ ਸਰਲ ਹੈ ਕਿ ਸਿੱਧੀ ਹਿਰਦੇ ਹੀ ਉਤਰਦੀ ਜਾਂਦੀ ਹੈ। ਬਚਨਾਂ ਨੂੰ ਯਾਦ ਰੱਖਣ ਤੇ ਧਾਰਨ ਲਈ ਕੋਈ ਉਚੇਚ ਜਾਂ ਜਤਨ ਨਹੀਂ ਕਰਨਾ ਪੈਂਦਾ। ਉਦਾਹਰਨ ਵਜੋਂ : *ਏਕ ਜੋਤਿ ਦੋਇ ਮੂਰਤੀ*, ਅੰਮ੍ਰਿਤਸਰੁ ਸਿਫ਼ਤੀ ਦਾ ਘਰੁ, ਜਗਤ ਜਲੰਦਾ ਰੱਖ ਲੈ, ਆਪੇ ਦਾਤਿ ਕਰੇ ਦਾਤਾਰੁ, ਐਸਾ ਕੰਮ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ, ਇਹ ਜਗ ਵਾੜੀ, ਮੇਰਾ ਪ੍ਰਭ ਮਾਲੀ, ਇਹ ਧਨ ਕਰਤੇ ਕਾ ਖੇਲ ਹੈ ਕਦੇ ਆਵੈ ਕਦੇ ਜਾਇ, ਮਾਇਆ ਕੀ ਸੋਭਾ ਚਾਰ ਦਿਹਾੜੇ, ਸਚ ਪੁਰਾਣਾ ਨ ਥੀਐ, ਨਾਮ ਨ ਮੈਲਾ ਹੋਇ, *ਸਭਨਾਂ ਕਾ ਮਾਂ ਪਿਉ ਆਪ ਹੈ*, ਸਾਹਿਬ ਲੇਖਾ ਮੰਗਸੀ, ਦੁਨੀਆ ਦੇਖ ਨ ਭੂਲ, *ਸੰਪੈ ਕਾਰਣਿ ਚਾਕਰ ਚੋਰ*, ਹਉਮੈ ਨਾਵੈ ਨਾਲਿ ਵਿਰੋਧੁ ਹੈ, ਹਰਿ ਜੀਉ ਅਹੰਕਾਰ ਨ ਭਾਵਈ, ਵੇਦ ਕੂਕ ਸੁਣਾਵਹਿ, ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ, ਜਿਥੈ ਕਿਥੈ ਸਿਰਜਣਹਾਰ, ਜਿਸ ਹੀ ਕੀ ਸਿਰਕਾਰ ਹੈ, ਤਿਸ ਹੀ ਕਾ ਸਭ ਕੋਇ, ਜੋ ਆਇਆ ਸੋ ਸਭੁ ਕੋ ਜਾਸੀ, ਜੋ ਦਿਲ ਸਾਧੈ, ਸੋਈ ਹਾਜੀ, ਦੇਵਣ ਵਾਲੇ ਕੈ ਹਥਿ ਦਾਤਿ ਹੈ, ਗੁਰੂ ਦੁਆਰੈ ਪਾਇ, ਪਰਾਈ ਅਮਾਣ ਕਿਉਂ ਰਖੀਐ, ਦਿਤੀ ਹੀ ਸੁਖੁ ਹੋਇ, *ਪਰਥਾਇ ਸਾਖੀ ਮਹਾਂ ਪੁਰਖ ਬੋਲਦੇ, ਸਾਂਝੀ*

*ਸਗਲ ਜਹਾਨੈ*, ਭਗਤਾ ਤੇ ਸੈਸਾਰੀਆ ਜੋੜ ਕਦੇ ਨਾ ਆਇਆ, ਮਹਾਂ ਪੁਰਖਾ ਕਾ ਬੋਲਣਾ, ਹੋਵੈ ਕਿਤੇ ਪਰਥਾਇ, *ਮਨ ਤੂ ਜੋਤਿ ਸਰੂਪ ਹੈ, ਆਪਣਾ ਮੂਲ ਪਛਾਣ*, ਹਲਤਿ ਨ ਸੋਭਾ, ਪਲਤਿ ਨ ਢੋਈ, ਰੰਗ ਕੁਸੰਭਾ ਦੇਖ ਨ ਭੁਲ : ਮਨਮੁਖ ਝੂਠੋ ਝੂਠ ਕਮਾਵੈ : ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ : ਮਾਇਆ ਧਾਰੀ ਅਤਿ ਅੰਨ੍ਹਾ ਬੋਲਾ, ਸਬਦੁ ਨ ਸੁਣਈ ਬਹੁ ਰੋਲ ਘਚੋਲਾ, ਮਦ ਮਾਤਾ, ਹੋਛੀ ਬਾਤਾ, *ਮਿਠਾ ਸੋ ਜੋ ਭਾਵਦਾ, ਸਜਣ ਸੋ ਜਿ ਰਾਸ*, ਰਾਮ ਜਨਾ ਕੇ ਰਾਮ ਭਰੋਸਾ, ਲੋਭੀ ਕਾ ਵੇਸਾਹੁ ਨ ਕੀਜੈ, ਜੇਕਾ ਪਾਰ ਵਸਾਏ, ਵਿਣ ਚਾਖੇ ਸਾਦ ਕਿਸੈ ਨ ਆਇਆ, ਮਾਇਆ ਵਿਚ ਸਹਜ ਨ ਉਪਜੈ, ਗੁਰਬਾਣੀ ਇਸ ਜਗਿ ਮਹਿ ਚਾਨਣੁ; ਸ਼ਬਦ ਰਤੇ ਸੇ ਨਿਰਮਲੇ; ਗੁਰ ਕੇ ਸਬਦਿ ਮਨੁ ਜੀਤਿਆ; ਨਾਚ ਰੇ ਮਨ ਗੁਰ ਕੈ ਆਗੈ; ਮਨਿ ਮੈਲੇ ਸਭੁ ਕਿਛੁ ਮੈਲਾ; ਥਾਲ ਵਿਚ ਤ੍ਰੈ ਵਸਤੂ ਪਈਓ; ਮਾਇਆ ਵੇਖਿ ਨਾ ਭੁਲ ਤੂੰ ਮਨਮੁਖ ਮੂਰਖਾ; ਹਰਿ ਮੰਦਰੁ ਇਹ ਸਰੀਰ ਹੈ; ਗੁਰਮੁਖਿ ਬੁਢੇ ਕਦੇ ਨਾਹੀ, ਜਿਨਾ ਅੰਤਰਿ ਸੁਰਤਿ ਗਿਆਨ; *ਇਕਾ ਬਾਣੀ, ਇਕ ਗੁਰੁ, ਇਕੋ ਸਬਦੁ ਵੀਚਾਰੁ*;ਐਸੀਆਂ ਤੁਕਾਂ ਹਨ ਜੋ ਬਿਨਾਂ ਤਰੱਦਦ ਦੇ ਮੂੰਹ ਚੜ੍ਹ ਜਾਂਦੀਆਂ ਹਨ।

ਗੁਰੂ ਰਾਮਦਾਸ ਜੀ ਦੀ ਬਾਣੀ ਦੇ ਇਤਿਹਾਸਕ ਬਚਨ ਵੀ ਉਨ੍ਹਾਂ ਦੀ ਸ਼ਖਸੀਅਤ ਦਾ ਖਿੱਚਵਾਂ ਪ੍ਰਭਾਵ ਦ੍ਰਿੜ੍ਹਾਂਦੇ ਹਨ। ਤੁਖਾਰੀ ਰਾਗ ਦੇ ਸ਼ਬਦ ਵਿਚ ਗੁਰੂ ਰਾਮਦਾਸ ਜੀ ਨਿੱਜੀ ਗਵਾਹੀ ਦੇਂਦੇ ਹਨ ਕਿ ਜਦ ਗੁਰੂ ਅਮਰ ਦਾਸ ਜੀ ਹਰਿਦੁਆਰ ਪੁਜੇ ਤਾਂ ਸਾਰੀ ਲੋਕਾਈ ਹੀ ਗੁਰੂ ਦਾ ਦਰਸ਼ਨ ਕਰਕੇ ਖਿੱਚੀ ਆਈ। *'ਸਭ ਮੋਹੀ ਦੇਖਿ ਦਰਸਨ ਗੁਰ'* ਫਿਰ ਲੋਕਾਈ ਹੀ ਨਹੀਂ, ਨਗਰ ਦੇ ਮੁਖੀ ਸਜਣ 'ਮਹਾ ਜਨਾ' ਵੀ ਆ ਕੇ ਸਿਰ ਨਿਵਾਇਆ। ਐਸਾ ਕੁਝ ਪ੍ਰਭਾਵ ਸੀ ਗੁਰੂ ਜੀ ਦੀ ਪਾਵਨ ਸ਼ਖਸੀਅਤ ਦਾ ਕਿ *'ਸਭ ਦੁਨੀਆ ਭਾਗ ਸਤਿਗੁਰ ਪਿਛੈ ਪਈ।'* ਸਭ ਸੰਪਰਦਾਵਾਂ ਦੇ ਮੁਖੀਆਂ ਨੇ ਵੀ ਆਪਣੇ ਵਿਚਾਰ ਉਨ੍ਹਾਂ ਦੇ ਚਰਨਾਂ ਵਿਚ ਬੈਠ ਕੇ ਸ਼ੁੱਧ ਕੀਤੇ। ਗੁਰੂ ਅਮਰ ਦਾਸ ਜੀ ਦੀ ਬੇਪ੍ਰਵਾਹੀ ਦਾ ਜ਼ਿਕਰ ਆਪ ਜੀ ਨੇ ਗਉੜੀ ਕੀ ਵਾਰ ਵਿਚ ਕਈ ਥਾਂ ਕੀਤਾ ਹੈ ਪਰ ਇਹ ਸ਼ਬਦ ਬੜੇ ਭਾਵ-ਪੂਰਤ ਹਨ ਕਿ ਤੀਜੀ ਪੀੜ੍ਹੀ ਵੀਚਾਰਿਆ ਕਿਆ ਹੱਥ ਇਨ੍ਹਾਂ ਵੀਚਾਰੇ : ਚੁਗਲ ਖੋਰ, ਨਿੰਦਕ, ਦੋਖੀਆਂ ਦੇ ਹੱਥ ਕੁਝ ਨਹੀਂ, ਗੁਰੂ ਬੇਪ੍ਰਵਾਹ ਹੈ।

ਗੁਰੂ ਦਰ ਦੇ ਢਾਡੀਆਂ ਸੱਤਾ ਤੇ ਬਲਵੰਡ ਜੀ ਨੇ ਵੀ ਦਰਸ਼ਨ ਕਰਕੇ ਹੀ ਲਿਖਿਆ ਕਿ ਗੁਰੂ ਅਮਰ ਦਾਸ ਜੀ ਦੇ ਚਿਹਰੇ ਤੇ ਉਹ ਹੀ ਟਿਕਾਉ, ਨੂਰ ਹੈ ਜੋ ਗੁਰੂ ਨਾਨਕ ਤੇ ਗੁਰੂ ਅੰਗਦ ਦੇਵ ਜੀ ਦੇ ਮੁੱਖ 'ਤੇ ਸੀ। *'ਸੋ ਟਿਕਾ'* ਦਾ ਸ਼ਬਦ ਸੱਤਾ ਜੀ ਨੇ ਵਰਤਿਆ ਹੈ।

ਉਨ੍ਹਾਂ ਇਹ ਵੀ ਦੱਸਿਆ ਹੈ ਕਿ ਜਗਤ ਨੂੰ ਆਤਮਕ ਸੁਖ ਦਾ ਖ਼ਜ਼ਾਨਾ ਬਖ਼ਸ਼ਣ ਲਈ ਗੁਰੂ ਜੀ ਬੜੀ ਘਾਲ ਕਰਦੇ ਰਹੇ। ਮਨ ਨਾਗ ਦਾ ਨੇਤ੍ਰਾ, ਆਤਮਕ ਬਲ ਨੂੰ ਨੇਹਣੀ, ਉੱਚੀ ਪ੍ਰਭੂ ਵਿਚ ਟਿਕੀ ਸੁਰਤਿ ਨੂੰ ਮਧਾਣ ਬਣਾ ਕੇ ਸਰੀਰ ਰੂਪੀ ਸਮੁੰਦਰ ਨੂੰ ਰਿੜਕਿਆ ਤੇ ਖ਼ਜ਼ਾਨਾ ਸੰਗਤਾਂ ਦੇ ਹਵਾਲੇ ਕਰ ਦਿੱਤਾ :

*"ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ।*
*ਜਿਨਿ ਸਮੁੰਦੁ ਵਿਰੋਲਿਆ, ਕਰਿ ਮੇਰੁ ਮਧਾਣੁ।*
*ਚਉਦਹ ਰਤਨ ਨਿਕਾਲਿਅਨੁ ਕੀਤੋਨ ਚਾਨਾਣ।"*

ਗੁਰੂ ਅਮਰ ਦਾਸ ਸਦਾ ਸਹਿਜ ਵਿਚ ਰਹਿੰਦੇ ਹਨ। ਕਾਮਾਦਿਕ ਉਨ੍ਹਾਂ ਦੇ ਕਾਬੂ ਵਿਚ ਹਨ। ਸੱਚ ਦੀ ਬਾਣੀ ਉਨ੍ਹਾਂ ਦੀ ਜ਼ਬਾਨ 'ਤੇ ਹੈ ਅਤੇ ਐਸੇ ਬਚਨ ਬੋਲਦੇ ਹਨ ਕਿ ਅਗਿਆਨ ਦਾ ਅੰਧੇਰ ਦੂਰ ਹੋ ਜਾਂਦਾ ਹੈ ਅਤੇ ਸੂਰਜ ਚੜ੍ਹ ਜਾਂਦਾ ਹੈ।

ਇਧਰ ਸ਼ਬਦਾਂ ਦੇ ਬਾਣ ਨਾਲ ਵਿੰਨ੍ਹਦੇ ਹਨ, ਉੱਧਰ ਲੰਗਰ ਖੁੱਲ੍ਹਾ ਹੈ ਜਿਥੇ ਰਸਾਦਿਕ ਭੋਜਨ ਹਰ ਸਮੇਂ ਤਿਆਰ ਮਿਲਦੇ ਹਨ। 'ਨਿਤ ਰਸੋਈ ਤੇਰੀਐ, ਘਿਉ ਮੈਦਾ ਖਾਣੁ।'

ਕਿਤਨੇ ਹੀ ਝੱਖੜ ਝੁੱਲੇ, ਦੋਖੀਆਂ ਕਿਤਨੇ ਤੂਫ਼ਾਨ ਉਠਾਏ, ਵਿਰੋਧੀਆਂ ਕਿਤਨੇ ਹੀ ਹੀਲੇ ਕੀਤੇ ਪਰ ਗੁਰੂ ਜੀ ਪਰਬਤੁ ਮੇਰਾਣੁ ਵਾਂਗ ਅਡੋਲ ਰਹੇ।

*"ਝਖੜ ਵਾਉ ਨ ਡੋਲਈ, ਪਰਬਤੁ ਮੇਰਾਣੁ।"*

ਆਪ ਜੀ ਦੇ ਹੀ ਪੋਤਰੇ ਬਾਬਾ ਸੁੰਦਰ ਜੀ ਨੇ ਜਿਥੇ ਸੱਚੇ ਪਾਤਸ਼ਾਹ ਦੇ ਅੰਤਮ ਬਚਨ ਲਿਖ ਪਰਉਪਕਾਰ ਕੀਤਾ ਉਥੇ ਉਨ੍ਹਾਂ ਦੀ ਪ੍ਰਭਤਾ ਬਾਰੇ ਵੀ ਪਹਿਲੀ ਪਉੜੀ ਵਿਚ ਵਰਣਨ ਕੀਤਾ। ਉਹ ਦੱਸਦੇ ਹਨ ਕਿ ਗੁਰੂ ਅਮਰ ਦਾਸ ਜੀ ਸਾਰੀ ਹਯਾਤੀ ਸਤਿਗੁਰ ਦੇ ਸ਼ਬਦ ਰਾਹੀਂ ਅਕਾਲ ਪੁਰਖ ਵਿਚ ਹੀ ਲੀਨ ਰਹੇ। ਉਨ੍ਹਾਂ ਵਾਹਿਗੁਰੂ ਸਮ ਹੋਰ ਕਿਸੇ ਨੂੰ ਨ ਜਾਣਿਆ।

*"ਗੁਰ ਸਬਦਿ ਸਮਾਵਏ, ਅਵਰੁ ਨ ਜਾਣੈ ਕੋਇ ਜੀਉ"*

ਜਿਸ ਉੱਚੀ ਅਵਸਥਾ ਵਿਚ ਉਹ ਵਿਚਰ ਰਹੇ ਹਨ ਉਹ ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਦੀ ਕ੍ਰਿਪਾ ਸਦਕਾ ਹੀ ਹੈ।

*"ਪਰਸਾਦਿ ਨਾਨਕ ਗੁਰੂ ਅੰਗਦ, ਪਰਮ ਪਦਵੀ ਪਾਵਹੇ।"*

ਰੱਬੀ ਭਟਾਂ ਨੇ ਮਹਾਨ ਸ਼ਖਸੀਅਤ ਸਬੰਧੀ ਜੋ ਬਚਨ ਲਿਖੇ ਉਹ ਗੁਰੂ ਜੀ ਦੇ ਜੀਵਨ ਦੇ ਹਰ ਪਹਿਲੂ 'ਤੇ ਖੂਬ ਚਾਨਣਾ ਪਾਉਂਦੇ ਹਨ।

ਭਟਾਂ ਦੇ ਆਗੂ ਕਲ੍ਹਸਹਾਰ ਜੀ ਲਿਖਦੇ ਹਨ ਕਿ ਆਪ ਜੀ ਦੀ ਬੁੱਧੀ ਸੁੱਚੀ ਤੇ ਉੱਚੀ ਹੈ ਅਤੇ ਸੋਭਾ ਇਤਨੀ ਪਸਰ ਗਈ ਹੈ ਕਿ ਚਾਰੇ ਪਾਸੇ ਉੱਤਰ, ਪੂਰਬ, ਪੱਛਮ ਤੇ ਦੱਖਣ ਜੈ ਜੈ ਕਾਰ ਹੋ ਰਹੀ ਹੈ। "ਸੁਬੁਧੀ ਕੀਰਤਿ, ਜਨ ਅਮਰਦਾਸ ਬਿਧੁਰੀਐ।"

ਗੁਰੂ ਜੀ ਕਿਸੇ ਮੰਤਰ, ਜੰਤਰ ਜਾਂ ਹੋਰ ਕਰਮ ਦੁਆਰਾ ਸੰਗਤਾਂ ਨੂੰ ਨਹੀਂ ਤਾਰ ਰਹੇ, ਉਹ ਤਾਂ ਕੇਵਲ ਨਾਮ ਦਾਨ ਦਿੰਦੇ ਹਨ। ਹਿਰਦੇ ਸ਼ਰਧਾ ਉਪਜਾ ਦਿੰਦੇ ਹਨ ਅਤੇ ਸੁੱਕੇ ਹਰੇ ਹੋ ਜਾਂਦੇ ਹਨ। ਖੇੜਾ ਤੇ ਬਸੰਤ ਛਾ ਜਾਂਦੀ ਹੈ :

*"ਤਿਤੁ ਨਾਮਿ ਗੁਰੂ ਗੰਭੀਰ ਗਰੂਅ ਮਤਿ,*
*ਸਤ ਕਰਿ ਸੰਗਤਿ ਉਧਰੀਆ। ੪।"*

ਗੁਰੂ ਅਮਰ ਦਾਸ ਜੀ ਸੱਚ ਪ੍ਰਗਟਾਉਣ ਵਾਲੇ ਸੂਰਮੇ ਹਨ। ਸ਼ੀਲਵੰਤ ਹਨ। ਸ਼ਾਂਤ ਸੁਭਾਉ ਹਨ। ਮਤ ਬਹੁਤ ਹੀ ਡੂੰਘੀ ਹੈ। ਨਿਰਵੈਰ ਹਨ। ਧੀਰਜਵਾਨ ਹਨ। ਸੰਗਤਾਂ ਦੇ ਦੀਵਾਨ ਹਰ ਸਮੇਂ ਹੀ ਲੱਗੇ ਰਹਿੰਦੇ ਹਨ। ਗੋਇੰਦਵਾਲ ਜਾਈਏ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਚਾਰੇ ਪਾਸੇ ਸ਼ਾਂਤੀ ਛਾਈ ਹੈ ਜਿਵੇਂ ਉਨ੍ਹਾਂ ਚਿੱਟਾ ਝੰਡਾ ਲਹਿਰਾ ਰੱਖਿਆ ਹੋਵੇ। ਲੋਕੀਂ ਸਵਰਗ ਦੇ ਰਾਹ ਪੈ ਰਹੇ ਹਨ।

*"ਸਤਿ ਸੂਰਉ, ਸੀਲ ਬਲਵੰਤ, ਸਤ ਭਾਇ,*

*ਸੰਗਤਿ ਸਘਨ, ਗੁਰਅ ਮਤਿ ਨਿਰਵੈਰਿ ਲੀਣਾ।*
*ਜਿਸ ਧੀਰਜੁ ਧੁਰਿ, ਧਵਲੁ ਧੁਜਾ ਸੇਤ ਬੈਕੁੰਠ ਬੀਣਾ।੭।*

ਜੋ ਵੀ ਗੁਰੂ ਸ਼ਰਨ ਆਇਆ ਉਸ ਦੀ ਮੁਥਾਜੀ ਮੁੱਕੀ। ਬੇਪ੍ਰਵਾਹ ਹੋਇਆ। ਨਿਰਭਉ ਬਣਿਆ।[1] ਓਹ ਆਪ ਵੀ ਇਕ ਦੇ ਪੁਜਾਰੀ ਹਨ ਤੇ ਸਭ ਨੂੰ ਇਕ ਦੇ ਹੀ ਲੜ ਲਗਾਉਂਦੇ ਹਨ।

ਭੱਟ ਜਾਲਪ ਜੀ ਕਹਿੰਦੇ ਹਨ ਕਿ ਗੋਇੰਦਵਾਲ, ਗੁਰੂ ਅਮਰ ਦਾਸ ਜੀ ਪਾਸ ਗਿਆਂ, ਇੰਜ ਲੱਗਦਾ ਹੈ ਕਿ ਮੰਜ਼ਲ ਮਿਲ ਗਈ ਹੈ। ਪੈਂਡਾ ਮੁੱਕ ਗਿਆ ਹੈ। ਭਟਕਣਾ ਨਹੀਂ ਰਹੀ। ਉਨ੍ਹਾਂ *'ਪਉ ਮੁਕਿਹਿ'* ਦਾ ਸ਼ਬਦ ਵਰਤਿਆ ਹੈ।

ਕੀਰਤ ਜੀ ਜਿਥੇ ਗੁਰੂ ਅਮਰ ਦਾਸ ਜੀ ਨੂੰ ਪ੍ਰਭੂ ਦੀ ਭਗਤੀ ਨਾਲ ਭਰੇ ਭਰੇ ਭਰਪੂਰ ਕਹਿੰਦੇ ਹਨ ਉਥੇ ਉਨ੍ਹਾਂ ਦਾ ਦਰਿਆ ਵਾਂਗ ਸਖੀ ਦਿਲ ਤੇ ਫਿਰ ਵੀ ਗੰਭੀਰ ਰਹਿਣਾ ਲਿਖਦੇ ਹਨ। 'ਗਉਹਰੁ, ਦਰਿਆਉ' ਦੇ ਸ਼ਬਦ ਉਨ੍ਹਾਂ ਲਿਖੇ ਹਨ।

ਭਿਖਾ ਜੀ ਉਹ ਸੱਜਣ ਸਨ ਜੋ ਥਾਂ-ਥਾਂ, ਫਿਰ ਫਿਰ, ਭਟਕ ਭਟਕ ਗੁਰੂ ਸ਼ਰਨ ਆਏ ਸਨ ਅਤੇ ਫਿਰ ਆਪਣਾ ਅਨੁਭਵ ਲਿਖਿਆ ਸੀ ਕਿ ਗੁਰੂ ਅਮਰ ਦਾਸ ਜੀ ਹੀ ਇਕ ਐਸਾ ਡਿੱਠਾ ਹੈ ਜਿਥੇ ਕਹਤੀਅਹਿ ਕਹਤੀਅਹਿ ਨਹੀਂ ਅਮਲੀ ਜੀਵਨ ਦੀ ਧਾਰਾ ਵਹਿ ਰਹੀ ਹੈ। ਗੁਰੂ ਜੀ ਦਾ ਮਨ ਅਨੰਤ ਟਿਕਾਉ ਵਿਚ ਹੈ, ਨਿਰੰਕਾਰ ਦੇ ਦੇਸ਼ ਵਸਿ ਰਹੇ ਹਨ ਅਤੇ ਜੋ ਵੀ ਉਨ੍ਹਾਂ ਪਾਸ ਆਉਂਦਾ ਹੈ ਖਿੜਾਉ ਲੈ ਕੇ ਜਾਂਦਾ ਹੈ।

ਭੱਟ ਸੱਲ ਨੇ ਵੀ ਗਵਾਹੀ ਦਿੱਤੀ ਹੈ ਕਿ ਉਨ੍ਹਾਂ ਦੀ ਸਮਾਧੀ ਸਦਾ ਲੱਗੀ ਰਹਿੰਦੀ ਹੈ। ਇੰਜ ਜਾਣੋਂ ਕਿ ਉਨ੍ਹਾਂ ਸਮਾਧੀ ਦਾ ਸੰਜੋਆ ਪਾਇਆ ਹੋਇਆ ਹੈ। ਤੀਰ ਸ਼ੀਲ ਸੰਤੋਖ ਦਾ ਹੱਥ ਹੈ[2] ਅਤੇ ਮਨ ਅਟਲ ਨਿਰਭਉ ਹੈ। ਆਪ ਨੇ ਐਸਾ ਸ਼ਬਦ ਦਾਂ ਨੇਜ਼ਾ ਗੱਡਿਆ ਹੋਇਆ ਹੈ ਕਿ ਕਾਮਾਦਿਕ ਵੈਰੀ ਨੇੜੇ ਨਹੀਂ ਆਉਂਦੇ। 'ਸਬਦਿ ਗੁਰ ਨੇਜਾ ਗਡਿਓ।' ਸ਼ਬਦ ਹੀ ਵਰਤਾ ਰਹੇ ਹਨ। ਆਪ ਵੀ ਸਦਾ ਵਾਹਿਗੁਰੂ ਧੰਨ ਹੈ, ਵਾਹਿਗੁਰੂ ਧੰਨ ਹੈ ਕਹਿੰਦੇ ਹਨ ਤੇ ਸੰਗਤ ਵੀ ਇਹ ਹੀ ਜਪਦੀ ਸੁਖ ਪਾਂਦੀ ਹੈ। ਸੱਚੀ ਗੱਲ ਭੱਟ ਨਲ੍ਹ ਵਾਲੀ ਹੀ ਲੱਗਦੀ ਹੈ ਕਿ ਗੋਇੰਦਵਾਲ ਵਾਹਿਗੁਰੂ ਦੀ ਨਗਰੀ ਹੈ, ਜਿਥੇ ਨਾ ਦੁੱਖ, ਨਾ ਭੁੱਖ, ਨ ਤਰੇਹ, ਨਾ ਸਾੜਾ ਤੇ ਨਾ ਜਮ ਤੇ ਨਾ ਕਾਲ ਵਿਆਪਦਾ, ਤੇ ਸਤਾਂਦਾ ਹੈ। *"ਗੋਇੰਦਵਾਲ ਗੋਬਿੰਦਪੁਰੀ ਸਮ ਹੈ।"*

ਭਾਈ ਗੁਰਦਾਸ ਜੀ ਜੋ ਰਿਸ਼ਤੇ ਵਿਚ ਭਾਵੇਂ ਗੁਰੂ ਅਮਰ ਦਾਸ ਜੀ ਦੇ ਭਤੀਜੇ ਸਨ ਪਰ ਸਿੱਖੀ ਮਾਰਗ ਦੇ ਢੂੰਡਾਊ, ਗੁਰੂ ਦਰ ਦੇ ਸੇਵਕ, ਨਿਮਰ ਸਿੱਖ ਅਤੇ ਵਿਦਵਾਨ ਸਨ। ਉਨ੍ਹਾਂ ਕਈ ਪਉੜੀਆਂ ਗੁਰੂ ਅਮਰ ਦਾਸ ਜੀ ਦੇ ਪ੍ਰਥਾਇ ਲਿਖੀਆਂ। ਉਨ੍ਹਾਂ ਦੀ ਲਿਖੀ ਹਰ ਤੁਕ ਵਿਆਖਿਆ ਦੀ ਮੁਥਾਜ ਹੈ। ਬੜੇ ਗੂੜ੍ਹੇ ਭੇਦ ਉਨ੍ਹਾਂ ਖੋਲ੍ਹੇ ਹਨ।

ਵਾਰ ਪਹਿਲੀ ਦੀ ੪੬ਵੀਂ ਪਉੜੀ ਵਿਚ ਲਿਖਦੇ ਹਨ ਕਿ ਗੋਇੰਦਵਾਲ ਵਿਖੇ ਅਚਰਜ ਖੇਲ ਹੋ ਰਿਹਾ ਹੈ, ਜੋ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਅਸਚਰਜ ਖੇਡ ਹੀ ਸੀ ਕਿ

---

1. ਅਭੈ ਪਟੁ ਰਿਪ ਮਧਿ ਤਿਹ। (ਪੰਨਾ ੧੩੯੪, ਗੁਰੂ ਗ੍ਰੰਥ ਸਾਹਿਬ)

ਸਿੱਖ ਰੀਤਾਂ, ਰਸਮਾਂ, ਕਰਮਾਂ, ਪੂਜਾ, ਅਰਚਾ ਤੋਂ ਉੱਚੇ ਹੋ ਕੇ ਸੇਵਾ ਸਿਮਰਨ ਰਾਹੀਂ ਪ੍ਰਭੂ ਦੀਦਾਰ ਪਾ ਰਹੇ ਸਨ :

*"ਫੇਰਿ ਵਸਾਇਆ ਗੋਇੰਦਵਾਲ, ਅਚਰਜੁ ਖੇਲੁ ਨ ਲਖਿਆ ਜਾਈ।"*

ਇਸ ਅਸਚਰਜ ਖੇਲ ਦੀ ਕੁਝ ਕੁ ਵਿਆਖਿਆ ਵਾਰ ੨੪ਵੀਂ ਦੀ ੧੦ਵੀਂ ਤੇ ੧੧ਵੀਂ ਪਉੜੀ ਵਿਚ ਭਾਈ ਜੀ ਨੇ ਆਪੂੰ ਹੀ ਕੀਤੀ।

ਇਹ ਖੇਲ 'ਸ਼ਬਦਿ ਸੁਰਤਿ' ਦਾ ਹੈ। ਅੰਮ੍ਰਿਤ ਵੇਲੇ 'ਤੇ ਜ਼ੋਰ ਦਿੰਦੇ ਹਨ। ਸਾਧ ਸੰਗਤਿ ਦੀ ਮਹਿਮਾ ਦਾ ਹੈ ਅਤੇ ਸ਼ਬਦ ਦ੍ਰਿੜ੍ਹ ਕਰਾਉਣ ਦਾ ਹੈ। ਮੂਰਤੀ ਪੂਜਾ, ਸ਼ੱਖਸੀ ਪੂਜਾ, ਨਿਜ ਭਗਤੀ, ਦਿਖਾਵੇ, ਪਖੰਡ ਤੇ ਕਰਮ ਕਾਂਡ ਨੂੰ ਇਸ ਵਿਚ ਕੋਈ ਥਾਂ ਨਹੀਂ :

*"ਗੁਰ ਮੂਰਤਿ ਗੁਰ ਸ਼ਬਦ ਹੈ, ਸਾਧਿ ਸੰਗਤਿ ਮਿਲ ਅੰਮ੍ਰਿਤ ਵੇਲਾ।"*

ਦੇਵੀ ਦੇਵਤੇ ਇੰਜ ਦੂੜਾ ਦਿੱਤੇ ਹਨ, ਜਿਵੇਂ ਸ਼ੇਰ ਨੂੰ ਦੇਖ ਕੇ ਮਿਰਗ ਭੱਜਦੇ ਹਨ। ਉਨ੍ਹਾਂ ਹੁਕਮ ਰਜਾਈ ਚਲਣ ਹੀ ਸਿਖਾਲਿਆ ਹੈ।

ਸ਼ਬਦ ਦਾ ਖ਼ਜ਼ਾਨਾ ਉਨ੍ਹਾਂ ਖੋਲ੍ਹਿਆ ਹੈ ਤੇ ਫਿਰ ਖੁੱਲ੍ਹੀ ਹੱਥੀਂ ਵਰਤਾਇਆ।

*"ਖੋਲ ਖਜ਼ਾਨਾ ਸ਼ਬਦ ਦਾ ਸਾਧ ਸੰਗਤਿ ਸਚ ਮੇਲਿ ਮਿਲਾਇਆ।"*

ਚਾਰ ਵਰਣਾਂ ਦਾ ਭੇਦ ਹੀ ਮਿਟਾ ਦਿੱਤਾ। ਇਕ ਥਾਂ ਸਭ ਬੈਠ ਉਪਦੇਸ਼ ਸੁਣਦੇ ਅਤੇ ਲੰਗਰ ਪਾਉਂਦੇ ਹਨ। ਕੁੱਲ ਦੇ ਅਭਿਮਾਨੀ ਧਰਮ ਵਿਚ ਜੋ ਦੁਨੀਆ ਫਸੀ ਹੋਈ ਸੀ, ਉਸ 'ਚੋਂ ਗੁਰੂ ਜੀ ਨੇ ਕੱਢ ਲਿਆ, ਦੁਰਮਤਿ ਦੂਰ ਕਰ ਕੇ ਕੇਵਲ ਇਕ ਦਾ ਬਣਾਇਆ। ਇਕ ਨਾਲ ਜੋੜਿਆ। ਮਾਇਆ ਵਿਚ ਉਦਾਸ ਕਿਵੇਂ ਰਹਿਣਾ ਹੈ ਇਸ ਦੀ ਜਾਚ ਦੱਸੀ :

*"ਕੁਲਾ ਧਰਮ ਗੁਰਸਿੱਖ ਸਭੁ,*
*ਮਾਇਆ ਵਿਚ ਉਦਾਸ ਰਹਾਇਆ। ੧੨। ੨੪।*

ਜ਼ਿੰਦਗੀ ਸਮਤੋਲ ਕਰ ਦਿੱਤੀ। ਨਾਮ ਦਾਨ ਇਸ਼ਨਾਨ ਦ੍ਰਿੜ੍ਹਾ ਕੇ ਜੀਵਨ ਪੱਧਰਾ ਕਰ ਦਿੱਤਾ। ਸਤ, ਸੰਤੋਖ ਵਿਚਾਰ ਤੇ ਨਾਮ ਦੇ ਕੇ ਜੀਵਨ ਵਿਚ ਟਿਕਾਉ ਭਰ ਦਿੱਤਾ। ਸਾਰੀ ਜ਼ਿੰਦਗੀ ਗੁਰੂ ਜੀ ਭਲਿਆਈ ਤੇ ਪਕਿਆਈ ਕਰਦੇ ਰਹੇ। ਜੋ ਜੀਅ ਆਂਦਾ ਰਾਜ਼ੀ ਜਾਂਦਾ। ਗੁਰੂ ਜੀ ਦੀ ਉਪਮਾ ਕਰ ਕੇ ਜਾਂਦਾ। "ਭਲਾ ਭਲਾ ਭਲਿਆਈਅਹੁ।" ਇਤਨੇ ਉੱਚੇ ਵੱਡੇ, ਪੁੱਗੇ, ਪੁੱਜੇ ਹੋਣ ਦੇ ਬਾਵਜੂਦ ਨਿਮ੍ਰਤਾ ਵਿਚ ਹੀ ਰਹਿੰਦੇ :

*"ਆਪੇ ਆਪਿ ਨ ਆਪੁ ਜਣਾਇਆ।" ੧੩।*

ਆਪੇ ਆਪ ਹੋ ਕੇ ਵੀ ਨਹੀਂ ਜਣਾਇਆ।

ਪਉੜੀ ਨੌਂਵੀਂ ਵਾਰ ੨੪ਵੀਂ ਵਿਚ ਲਿਖਦੇ ਹਨ ਕਿ ਹੁਕਮ ਮੰਨਣ ਤੇ ਟੁਰਨ ਦੀ ਜਾਚ ਗੁਰੂ ਅਮਰਦਾਸ ਜੀ ਨੇ ਹੀ ਸਿਖਾਈ ਹੈ :

*"ਸੱਚ ਅਮਰੁ ਅਮਰਿ ਵਰਤਾਇਆ।"*

ਐਸੀ ਨਿਸ਼ਕਾਮ ਸੇਵਾ ਤੇ ਅਟੁੱਟ ਭਗਤੀ ਗੁਰੂ ਅਮਰ ਦਾਸ ਜੀ ਨੇ ਕੀਤੀ ਕਿ ਉਹ ਗੁਰੂ ਅੰਗਦ ਦੇਵ ਜੀ ਨੂੰ ਭਾ ਗਏ। ਆਪੂੰ ਪਹਿਲਾਂ ਜਿਸ ਰਾਹ 'ਤੇ ਟੁਰ ਪਰਮ ਪਦਵੀ ਪਾਈ

ਸੀ, ਹੁਣ ਜਗਤ ਨੂੰ ਵੀ ਉਸੇ 'ਤੇ ਤੋਰ ਰਹੇ ਹਨ। *"ਪੈਰੀ ਪੈ ਜਗ ਪੈਰੀ ਪਾਇਆ।"* ਹੁਣ ਐਸਾ ਗੁਰਮਤਿ ਦਾ ਸਿੱਧਾ ਸੁਖਾਲਾ ਰਾਹ ਸਾਜ ਦਿੱਤਾ ਨੇ ਕਿ ਸਭ ਜਗ ਹੀ ਉਸ 'ਤੇ ਟੁਰਨ ਲੱਗ ਪਿਆ ਹੈ। "ਰਹਰਾਸਿ ਰਹਿਰਾਸੀ ਹੈ।" ਆਪ ਦੀ ਮਹਿਮਾ ਦਾ ਹੁਣ ਕੋਈ ਹੱਦ-ਬੰਨਾ ਨਹੀਂ ਰਿਹਾ। ਸਾਰੇ ਪਾਸੇ ਹੀ ਸੋਭਾ ਪਸਰ ਗਈ ਹੈ :

*"ਮਹਿਮਾ ਮਿਤੀ ਮਿਰਜਾਦ ਲੰਘਿ,*
*ਪਰਮਿਤਿ ਪਾਰਾਵਾਰ ਨਾ ਪਾਇਆ।"* ੯।

ਭਾਈ ਗੁਰਦਾਸ ਜੀ (ਦੂਜੇ) ਨੇ ਵਾਰ ਰਾਮਕਲੀ ਪਾਤਸ਼ਾਹੀ ਦਸਵੀਂ ਦੀ ਪਉੜੀ ੨੧ਵੀਂ ਵਿਚ ਬੜਾ ਭਾਵ-ਪੂਰਤ ਸੰਕੇਤ ਦਿੱਤਾ ਹੈ ਕਿ ਗੁਰੂ ਅਮਰ ਦਾਸ ਜੀ ਨੇ ਇਹ ਮਹਾਨ ਪਦਵੀ ਜਲ ਦੀ ਸੇਵਾ ਕਰ ਕੇ ਹੀ ਪਾਈ ਹੈ :

*"ਜਲ ਭਰਿਉ ਸਤਿਗੁਰ ਕੇ ਦੁਆਰੇ। ਤਬ ਇਹ ਪਾਇਉ ਮਹਲ ਅਪਾਰੇ।"*

ਉਨ੍ਹਾਂ ਐਸਾ ਰਾਹ ਦਰਸਾ ਦਿੱਤਾ ਹੈ ਕਿ ਹਿਰਦੇ ਵਿਚ ਪ੍ਰਭੂ ਪ੍ਰਗਟ ਹੋ ਜਾਂਦਾ ਹੈ। ਬਾਹਰ ਭਟਕਣ ਜਾਂ ਭੱਜਣ ਦੀ ਲੋੜ ਮੁਕਾ ਦਿੱਤੀ ਹੈ। 'ਘਟ ਮਹਿ ਨਿਰਖੇ ਹਰਿ ਭਗਵਾਨਾ।'

ਭਾਈ ਨੰਦ ਲਾਲ ਜੀ ਵੀ ਇਕ ਪਰਕਾਰ ਦੇ ਸਮਕਾਲੀ ਹੀ ਹਨ। ਗੁਰੂ ਨਾਨਕ ਦੀ ਜੋਤ ਹੀ ਦਸਾਂ ਵਿਚ ਵਿਚਰ ਰਹੀ ਸੀ। ਜਿਸ ਗੁਰੂ ਗੋਬਿੰਦ ਸਿੰਘ ਜੀ ਡਿੱਠਾ, ਉਸ ਸਾਰੇ ਹੀ ਦੇਖ ਲਏ। ਭਾਈ ਕੇਸਰ ਸਿੰਘ ਛਿਬਰ ਦੇ ਇਹ ਸ਼ਬਦ ਸਦਾ ਹੀ ਯਾਦ ਰੱਖਣੇ ਚਾਹੀਦੇ ਹਨ :

*ਏਹ ਦਸ ਜਾਮੇ ਬਾਬੇ ਹੀ ਹੈ ਧਾਰੇ।*
*ਯਹਿ ਦਸੇ ਮਹਲ ਨਹੀਂ ਬਾਬੇ ਤੇ ਨਿਆਰੇ।*
*ਦਸੇ ਸਾਹਿਬ ਇਕ ਬਾਬਾ ਕਰ ਜਾਨੋ।*
*ਮਾਨਸ ਰੂਪ ਨ ਦਸਾਂ ਕੇ ਮਾਨੋ।* ੪੯।
*ਮਾਨਸ ਜਾਮੇ ਮੋ ਬਾਬਾ ਹੈ ਆਇਆ।*
*ਪਰੁ ਸੰਤਾ ਇਸ ਨੂੰ ਮਾਨਸੁ ਕਰ ਨਹੀ ਠਹਿਰਾਇਆ।*
*ਹੈ ਆਦਿ ਆਨਾਦ ਤੇ ਪਰੇ।*
*ਕਲਜੁਗਿ ਮੈ ਦਸ ਜਾਮੇ ਹੈ ਬਾਬੇ ਸਾਹਿਬ ਜੀ ਧਰੇ"*। ੫।[1]

ਇਹ ਕਦੇ ਨਹੀਂ ਭੁੱਲਣਾ ਕਿ ਗੁਰੂ ਇਕ ਹੀ ਹੈ। ਜਾਮੇ ਦਸ ਹਨ। ਫਿਰ ਦਸ ਦਾ ਹਿੰਦਸਾ 'ਸੰਪੂਰਨ' ਹਿੰਦਸਾ ਹੈ। ਭਾਵ ਉਸ ਤੋਂ ਬਾਹਰ ਕੁਝ ਨਹੀਂ।

ਸੋ ਭਾਈ ਨੰਦ ਲਾਲ ਜੀ ਇਕ ਪ੍ਰਕਾਰ ਦੇ ਸਮਕਾਲੀ ਹੀ ਹਨ। ਉਹ ਗੰਜਨਾਮਾ ਵਿਚ ਤੀਜੀ ਪਾਤਸ਼ਾਹੀ ਦੇ ਸਿਰਲੇਖ ਹੇਠਾਂ ਲਿਖਦੇ ਹਨ :

ਤੀਜੀ ਪਾਤਸ਼ਾਹੀ ਸੱਚ ਦੇ ਪਾਲਣਹਾਰ ਹਨ। ਸਖ਼ਾਵਤ ਤੇ ਬਖ਼ਸ਼ਿਸ਼ ਵਿਚ ਕੋਈ ਸੁਲਤਾਨ ਬਾਦਸ਼ਾਹ ਵੀ ਉਨ੍ਹਾਂ ਦੇ ਤੁਲ ਨਹੀਂ ਹੈ, ਮੌਤ ਦਾ ਡਾਢਾ ਫ਼ਰਿਸ਼ਤਾ ਵੀ ਉਨ੍ਹਾਂ ਦੇ ਹੀ ਅਧੀਨ ਹੈ। (ਇਹ ਗੋਇੰਦਵਾਲ ਵਿਖੇ ਗੁਰਿਆਈ ਸਮੇਂ ਕਿਸੇ ਦੀ ਮ੍ਰਿਤੂ ਨਾ ਹੋਣ ਵੱਲ ਇਸ਼ਾਰਾ ਕਰ ਰਹੇ ਹਨ)।

---

1. ਚਰਣ ਪਹਿਲਾ

ਸਮੇਂ ਦੇ ਬਾਦਸ਼ਾਹ ਉਨ੍ਹਾਂ ਦੇ ਅਧੀਨ ਹੋ ਕੇ ਚਲਦੇ ਹਨ। ਖ਼ੁਸ਼ੀ ਤੇ ਖੇੜਾ ਉਨ੍ਹਾਂ ਪਾਸ ਹੈ।"

ਫਿਰ ਅ-ਮ-ਰ-ਦਾ-ਸ[1] ਦੇ ਨਾਂ ਦੇ ਫ਼ਾਰਸੀ ਦੇ ਹਰ ਅੱਖਰ ਨੂੰ ਲੈ ਕੇ ਸੁਭਾਅ, ਕਰਮ, ਕਰਤੱਵ ਤੇ ਪ੍ਰਭਾ ਬਾਰੇ ਲਿਖਦੇ ਹਨ।

"ਉਨ੍ਹਾਂ ਦੇ ਪਾਵਨ ਨਾਮ ਦਾ *'ਅਲਿਫ਼'* ਹਰ ਭਟਕ ਰਹੇ ਬੰਦੇ ਲਈ ਸੁੱਖ ਆਰਾਮ ਬਖ਼ਸ਼ਣ ਵਾਲਾ ਹੈ।"

"ਮੁਬਾਰਕ *'ਮੀਮ'* ਹਰ ਆਤੁਰ ਤੇ ਲਾਚਾਰ ਨੂੰ ਸੁੱਖ ਬਖ਼ਸ਼ਣ ਵਾਲੀ ਹੈ।"

ਐਸਾ ਬਚਨ ਬੋਲ ਵਰ ਦੇਂਦੇ ਹਨ ਕਿ ਮੁਥਾਜੀ ਮੁੱਕ ਜਾਂਦੀ ਹੈ।

"ਉਨ੍ਹਾਂ ਦੇ ਚੰਗੇ ਭਾਗਾਂ ਵਾਲੀ *'ਰੇ'* ਅਮਰ ਮੁੱਖੜੇ ਦੀ ਸੋਭਾ ਅਤੇ ਰੌਣਕ ਹੈ।"

"ਨੇਕ ਬਖਤ *"ਦਾਲ"* ਹਰ ਨਿਆਸਰੇ ਦਾ ਆਸਰਾ ਹੈ।"

"ਉਨ੍ਹਾਂ ਦੇ ਨਾਮ ਦਾ ਦੂਜਾ *'ਅਲਿਫ਼'* ਪਾਪ ਖੰਡਨ ਅਤੇ ਦੋਸ਼ੀਆਂ ਤੇ ਦੋਖੀਆਂ ਦੀ ਪਨਾਹ ਹੈ।"

"ਅਤੇ ਅੰਤਲਾ *'ਸੀਨ'* ਕਰਤਾਰ ਦਾ ਪਰਛਾਵਾਂ ਹੈ। ਉਹ ਅਕਾਲ ਰੂਪ ਹਨ।"

ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਬੈਠਿਆਂ, ਦੀਵਾਨ ਵਿਚ ਬੈਠਿਆਂ, ਦੇਖ ਇੰਜ ਲੱਗਦਾ ਹੈ ਕਿ ਉਨ੍ਹਾਂ ਸੱਚ ਦੇ ਆਸਣ 'ਤੇ ਚੌਂਕੜਾ ਮਾਰਿਆ ਹੋਇਆ ਹੈ :

*"ਬ-ਸਦਰਿ ਹਕੀਕਤ ਮੁਰਬੱਅ ਨਸ਼ੀਂ।"*

ਜਦ ਉਹ ਬੋਲਦੇ ਤਾਂ ਨੂਰ ਡੁੱਲ੍ਹਦਾ ਹੈ ਅਤੇ ਜੀਵਨ ਜਗਮਗਾ ਜਾਂਦਾ ਹੈ।

*"ਜਹਾਂ ਰੌਸ਼ਨ ਅਜ਼ ਨਰਿ ਅਰਸ਼ਾਦਿ ਊ।"*

ਬਸ ਇਹ ਹੀ ਕਹਿਣਾ ਬਣਦਾ ਹੈ ਕਿ ਉਨ੍ਹਾਂ ਦੀ ਵਡਿਆਈ ਤੇ ਮਿਹਰ ਗਿਣਤੀ ਤੋਂ ਬਾਹਰ ਹੈ :

*"ਫ਼ਜ਼ਾਲੋ ਕਰਾਮਾਸ਼ ਫ਼ਜ਼ੂੰ ਅਜ਼ ਸ਼ੁਮਾਰ ॥ ੬੭ ॥*

ਟੋਡਰ ਮੱਲ ਨੇ ਗੁਰੂ ਅਮਰ ਦਾਸ ਜੀ ਦੇ ਦਰਸ਼ਨ ਕਰ ਕੇ ਅਕਬਰ ਨੂੰ ਕਿਹਾ ਸੀ :

'ਰਵਿ ਸਮ ਜਾਨਤ ਸਬਿ ਹੈ।' ਅਕਬਰ ਵੀ ਦਰਸ਼ਨ ਕਰ ਕੇ ਅਤੇ ਕੁਦਰਤੀ ਨੂਰ ਵਰ੍ਹਦਾ ਦੇਖ ਹੈਰਾਨ ਹੋਇਆ ਸੀ। ਉਸ ਦੀ ਪੁੱਛ 'ਤੇ ਕਿ ਇਤਨਾ ਨੂਰਾਨੀ ਮੁੱਖੜਾ ਕਿਸ ਕਾਰਨ ਹੈ ਤਾਂ ਮਹਾਰਾਜ ਨੇ ਫ਼ਰਮਾਇਆ ਸੀ : ਯਹਿ ਯਾਦਿ ਹਕ ਫਲ ਹੈ। ਕਵੀ ਸੌਂਧਾ ਸਿੰਘ[2] ਨੇ ਗੁਰ-ਬੰਸਾਵਲੀ ਵਿਚ ਗੁਰੂ ਅਮਰ ਦਾਸ ਜੀ ਨੂੰ 'ਭਗਤਿ ਜੋਗ ਕੀ ਖ਼ਾਨ' ਕਹਿ ਕੇ ਮਹਿਮਾ ਗਾਈ ਹੈ।

ਕਨ੍ਹਈਆ ਲਾਲ ਨੇ ਤਾਰੀਖ਼-ਇ-ਪੰਜਾਬ ਵਿਚ ਲਿਖਿਆ ਕਿ ਗੁਰੂ ਅਮਰ ਦਾਸ ਜੀ ਨੇ ਗੋਇੰਦਵਾਲ ਆਬਾਦ ਕਰ ਕੇ ਮਿਹਰਾਂ ਤੇ ਬਖ਼ਸ਼ਿਸ਼ਾਂ ਦਾ ਸੋਮਾ ਹੀ ਜਾਰੀ ਕਰ ਦਿੱਤਾ ਸੀ। ਸਾਰੇ ਜਗਤ ਵਿਚ ਥਾਂ-ਥਾਂ ਜੀਵਨ ਰਾਹ ਦ੍ਰਿੜ੍ਹਾਉਣ ਲਈ ਜੋ ੨੨ ਮੰਜੀਆਂ ਅਸਥਾਪਣ ਕੀਤੀਆਂ ਉਨ੍ਹਾਂ ਨੇ ਭਗਤੀ ਦ੍ਰਿੜ੍ਹ ਕਰਵਾਈ। ਗੁਰੂ ਦਾ ਲੰਗਰ ਹਰ ਪ੍ਰਾਣੀ, ਹਰ ਜਾਤ ਲਈ ਹਰ ਸਮੇਂ ਜਾਰੀ ਰਹਿੰਦਾ ਸੀ। ਗੁਰੂ ਜੀ ਦਾ ਆਪਣਾ ਅਹਾਰ ਬਹੁਤ ਹੀ ਸਾਦਾ

---

1. ਅਮਰ ਦਾਸ

2. ੧੯ਵੀਂ ਸਦੀ ਦਾ ਇਕ ਵਿਦਵਾਨ ਕਵੀ

ਸੀ।ਸੰਗਤਾਂ ਨੂੰ ਤਾਂ ਉਹ ਹਰ ਪਰਕਾਰ ਦਾ ਭੋਜਨ ਛਕਾਂਦੇ ਸਨ ਪਰ ਆਪ *ਜੌਆਂ ਦਾ ਅਲੂਣਾ ਦਲੀਆ* ਹੀ ਖਾਂਦੇ ਸਨ।

'ਮਾਤਾ ਪ੍ਰੀਤ ਕਰੇ ਪੁੱਤ ਖਾਇ' ਦੇ ਦ੍ਰਿਸ਼ਟਾਂਤ ਦੀ ਪ੍ਰਤੱਖ ਵਿਆਖਿਆ ਸੰਗਤਾਂ ਨੇ ਉਸ ਸਮੇਂ ਦੇਖੀ ਸੀ ਜਦ ਕੁਰਲੇ ਕਰਦੇ ਆਪਣੇ ਓਗਰੇ ਵਿਚੋਂ ਹੀ ਲੰਗਰ ਵਿਚ ਵਰਤਾਏ ਭੋਜਨ ਦੇ ਕਣ ਦਰਸਾ ਦਿੱਤੇ ਸਨ।ਭਾਵ ਇਹ ਸੀ ਕਿ ਮਹਾਰਾਜ ਸੰਗਤਾਂ ਨੂੰ ਛਕਾ ਕੇ ਬਹੁਤ ਹੀ ਖ਼ੁਸ਼ ਹੁੰਦੇ ਸਨ।

ਆਪ ਜੀ ਦੀ ਮਿੱਠੇ ਬੋਲ ਹਰ ਇਕ ਦਾ ਹਿਰਦਾ ਵਿੰਨ੍ਹਦੇ ਸਨ।

ਸੂਰਜ ਪ੍ਰਕਾਸ਼ ਨੇ ਮੁਖੜੇ ਨੂੰ ਅਨੰਦਦਾਇਕ, ਪ੍ਰਕਾਸ਼ ਮਈ ਲਿਖਿਆ ਹੈ ਅਤੇ ਪ੍ਰਭਾਵ ਇਹ ਪੈਂਦਾ ਹੈ ਕਿ ਦਰਸ਼ਨ ਕਰਦਿਆਂ ਹੀ ਡਰ ਭੈ ਨੱਸ ਜਾਂਦੇ ਹਨ।

*ਚੰਦ੍ਰਮਾ ਉਜਾਸ ਕੇ ਸਮਾਨ ਗਹਿ ਭਾਸ ਕੇ,*
*ਬਦਨ ਸੁਖ-ਰਾਸ-ਕੇ ਸੁਹਾਯੋ ਤ੍ਰਾਸ ਨਾਸ ਕੇ।*[1]

ਤਵਾਰੀਖ਼ ਗੁਰੂ ਖ਼ਾਲਸਾ ਦਾ ਲੇਖਕ ਗੁਰੂ ਜੀ ਨੂੰ ਪ੍ਰਸੰਨ ਮੁੱਖ ਤੇ ਉਦਾਰ ਚਿਤ ਲਿਖ ਕੇ ਸਤਿਕਾਰ ਦੇਂਦਾ ਹੈ।ਆਪ ਜੀ ਡੇਢ ਪਹਿਰ ਰਾਤ ਰਹਿੰਦੀ ਜਾਗਦੇ ਤੇ ਬ੍ਰਹਮ ਦੇ ਧਿਆਨ ਵਿਚ ਜੁੜ ਜਾਂਦੇ।ਸਫ਼ੈਦ ਬਸਤ੍ਰ ਪਾ ਕੇ ਸਿੰਘਾਸਨ ਤੇ ਬੈਠਦੇ ਅਤੇ ਕੀਰਤਨ ਸੁਣਦੇ ਤੇ ਫਿਰ ਉਪਦੇਸ਼ ਦਿੰਦੇ।ਉਦਾਰ ਤੇ ਤਿਆਗੀ ਐਸੇ ਸਨ ਕਿ ਜੋ ਰੋਜ਼ ਦੀ ਆਮਦਨ ਹੁੰਦੀ ਸਭ ਰਾਤ ਨੂੰ ਮੁਕਾ ਬਿਰਾਜਦੇ।[2] ਸੀ.ਐਚ.ਪੇਨ ਗੁਰੂ ਅਮਰ ਦਾਸ ਜੀ ਨੂੰ ਇਕ ਉਤਸ਼ਾਹੀ ਉਪਦੇਸ਼ਕ[3] (ਜ਼ੈਲਸ ਪ੍ਰੀਚਰ) ਕਹਿੰਦਾ ਹੈ ਅਤੇ ਲਤੀਫ਼ ਉਨ੍ਹਾਂ ਨੂੰ ਇਖ਼ਲਾਕੀ ਜੁਰਅੱਤ (ਮਾਰਲ ਕੱਰੇਜ) ਦੇ ਮਾਲਕ ਦੇ ਰੂਪ ਵਿਚ ਦੇਖਦਾ ਹੈ।ਉਨ੍ਹਾਂ ਦੀ ਬਾਣੀ ਨੂੰ ਉਹ ਸਰਲ ਸ਼ੈਲੀ ਤੇ ਨਿਰਮਲ ਵਿਚਾਰ (ਸਿੰਪਲਿਸਿਟੀ ਔਫ਼ ਡਿਕਸ਼ਨ ਐਂਡ ਪਿਉਰਿਟੀ ਔਫ਼ ਆਈਡੀਆ)[4] ਨਾਲ ਭਰਪੂਰ ਦੇਖਦਾ ਹੈ ਜੋ ਸਿੱਧੀ ਹਿਰਦੇ ਵਿਚ ਉਤਰ ਜਾਂਦੀ ਹੈ ਜਿਵੇਂ ਉਨ੍ਹਾਂ ਸਤੀ ਦੀ ਰੀਤੀ ਵਿਰੁੱਧ ਬੋਲਿਆ ਤੇ ਵਿਧਵਾ ਵਿਆਹ ਦੀ ਪ੍ਰੇਰਨਾ ਦਿੱਤੀ, ਉਹ ਦਲੇਰੀ ਭਰਿਆ ਕਰਮ ਹੀ ਸੀ।

ਬਸ ਅੰਤ ਵਿਚ ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ ਇਹ ਹੀ ਕਹਿਣਾ ਹੈਂ ਕਿ ਗੁਰੂ ਅਮਰ ਦਾਸ ਜੀ ਜਿਸ 'ਤੇ ਪ੍ਰਸੰਨ ਹੋਣ ਉਸ ਨੂੰ ਮੁਕਤੀ ਦਾ ਬੂਹਾ ਸਿਰਫ਼ ਇਤਨਾ ਕਹਿ ਕੇ ਦਰਸਾ ਦੇਂਦੇ ਹਨ ਕਿ ਭਾਈ ਬਾਹਰ ਨਾ ਭਟਕ ਚਿਤ ਵਿਚ ਸਿਮਰਨ ਕਰ।ਐਸਾ ਸੁਖਾਲਾ ਰਾਹ ਦੱਸਣ ਵਾਲੇ ਗੁਰੂ ਦੀ ਜੈ ਹੋਵੇ, ਜੈ ਹੋਵੇ :

*"ਦਰ ਦੇਤਿ ਬਤਾਇ ਸੁ ਮੁਕਤਿ ਕੋ ਹੋਹਿ ਪ੍ਰਸੀਦਤ ਚਿਤ ਸਿਮਰ।*
*ਮਰ ਜਨਮਨ ਕੋ ਸੰਕਟ ਕਰਤਿ, ਜੈ ਜੈ ਜੈ ਸ੍ਰੀ ਗੁਰੂ ਅਮਰ।"*

● ● ●

---

1. ਰਾਸ ਪਹਿਲੀ, ਅੰਸ ੫੩
2. ਤ੍ਵਾਰੀਖ਼ ਗੁਰ ਖਾਲਸਾ, ਪੰਨਾ ੩੧੮
3. ਹਿਸਟਰੀ ਔਫ਼ ਦੀ ਸਿੱਖਸ, ਪੰਨਾ ੩੧
4. ਹਿਸਟਰੀ ਔਫ਼ ਦੀ ਪੰਜਾਬ, ਪੰਨਾ ੨੫੧